**Reo-Bankowned Properties**

From San Jose to Sacramento

JASSI GILL *Broker/Owner*

Ph:510-304-9292

**Refinance Now**

@ZERO COST

Call Sukhi Gill:510-207-9067

CA DRE Lic.#01180969



*Jassi Gill*

CA DRE# 00966763





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ

**$25 2500 Minutes**

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ

Limited Time Offer. Restrications & Additional Fees Apply.

800-914-1013 408-659-9400



FARMERS INSURANCE

*Auto *Home *Life
*Business *Work Comp



Gurcharan S. Mann
License # 0C70672

Do You Drive with
Uber - Curb – Lyft - SideCar
Need Insurance?
We have Special Coverage for You!!

**Call: 510-797-7989**

Duabba Insurance Agency
2450 Peralta Blvd, Suite 203
Fremont CA 94536



Sixteenth Year of Publication | *ਕੈਲੀਫੋਰਨੀਆ ਐਡੀਸ਼ਨ* | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 16, Issue 28, July 11, 2015 | 20451 N Plum Grove Rd., Palatine, IL 60074 | Ph:847-359-0746, Fax:847-705-9388


# ਸਰਕਾਰੀ ਸ਼ਹਿ 'ਤੇ ਹੀ ਹੋਇਆ ਸੀ ਸਿੱਖਾਂ ਦਾ ਕਤਲੇਆਮ

## ਸੰਜੈ ਸੂਰੀ ਦੀ ਨਵੀਂ ਕਿਤਾਬ ਵਿਚ ਅਹਿਮ ਖੁਲਾਸੇ

**ਨਵੀਂ ਦਿੱਲੀ (ਗੁਰਵਿੰਦਰ ਸਿੰਘ ਵਿਰਕ):** ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ 31 ਅਕਤੂਬਰ 1984 ਨੂੰ ਦਿੱਲੀ ਵਿਚ ਗਿਣੇ-ਮਿਥੇ ਢੰਗ ਨਾਲ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ। ਇਸ ਨੂੰ ਰੋਕਣ ਲਈ ਅੱਗੇ ਆਏ ਪੁਲਿਸ ਅਫਸਰਾਂ ਨੂੰ ਜਾਂ ਤਾਂ ਛੁੱਟੀ 'ਤੇ ਭੇਜ ਦਿੱਤਾ ਜਾਂ ਫਿਰ ਝਾੜ-ਝੰਬ ਕੇ ਬਿਠਾ ਦਿੱਤਾ ਗਿਆ। ਵੱਢ-ਟੁੱਕ ਕਰਨ ਵਾਲੇ ਲੋਕਾਂ ਨੂੰ ਰਾਜੀਵ ਗਾਂਧੀ ਸਰਕਾਰ ਦੀ ਹਮਾਇਤ ਹਾਸਲ ਸੀ। ਰਾਜੀਵ ਗਾਂਧੀ ਨੂੰ 31 ਅਕਤੂਬਰ ਨੂੰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾ ਦਿੱਤੀ ਗਈ ਸੀ ਪਰ ਉਨ੍ਹਾਂ ਵੱਲੋਂ ਬੁਰਛਾਗਰਦਾਂ ਖ਼ਿਲਾਫ਼ ਸਖ਼ਤ ਕਾਰਵਾਈ ਦੇ ਹੁਕਮ ਦੋ ਨਵੰਬਰ ਦੀ ਸ਼ਾਮ ਨੂੰ ਸਾਢੇ 5 ਵਜੇ ਆਏ ਪਰ ਉਸ ਸਮੇਂ ਤੱਕ ਜ਼ਿਆਦਾਤਰ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਚੁੱਕਾ ਸੀ।

ਇਹ ਖੁਲਾਸੇ ਪੱਤਰਕਾਰ ਅਤੇ ਲੇਖਕ ਸੰਜੈ ਸੂਰੀ ਨੇ ਆਪਣੀ ਕਿਤਾਬ '1984- ਦਿ ਐਂਟੀ ਸਿੱਖ ਵਾਇਲੈਂਸ ਐਂਡ ਆਫਟਰ (1984-ਸਿੱਖ ਵਿਰੋਧੀ ਹਿੰਸਾ ਤੇ ਬਾਅਦ) ਵਿਚ ਕੀਤੇ ਹਨ। ਕਿਤਾਬ ਵਿਚ ਉਨ੍ਹਾਂ ਨੇ ਪੁਲਿਸ ਅਫਸਰਾਂ ਦਾ ਜ਼ਿਕਰ ਕੀਤਾ ਹੈ ਜੋ ਸਿੱਖਾਂ ਦੀ ਰੱਖਿਆ ਲਈ ਅੱਗੇ ਆਏ




ਸਨ। ਤਤਕਾਲੀ ਵਧੀਕ ਡਿਪਟੀ ਕਮਿਸ਼ਨਰ ਮੈਕਸਵੈਲ ਪਰੇਰਾ ਨੇ ਪਹਿਲੀ ਨਵੰਬਰ ਨੂੰ ਸੀਸਗੰਜ ਗੁਰਦੁਆਰੇ ਦੇ ਬਾਹਰ ਦੰਗਈਆਂ ਨੂੰ ਰੋਕਣ ਲਈ ਗੋਲੀ ਦੇ ਹੁਕਮ ਦਿੱਤੇ ਸਨ। ਉਸ ਘਟਨਾ ਵਿਚ ਇਕ ਬੰਦਾ ਮਾਰਿਆ ਗਿਆ ਸੀ ਤੇ ਬੁਰਛਾਗਰਦਾਂ ਦੇ ਭੱਜ ਜਾਣ ਕਰ ਕੇ ਇਤਿਹਾਸਕ ਗੁਰਦੁਆਰਾ ਬਚ ਗਿਆ ਸੀ। ਇਸ ਤੋਂ ਬਾਅਦ ਜੋ ਕੁਝ ਵਾਪਰਿਆ, ਉਸ ਨੇ ਸ੍ਰੀ ਪਰੇਰਾ ਨੂੰ ਝੰਬ ਕੇ ਰੱਖ ਦਿੱਤਾ। ਸ੍ਰੀ ਪਰੇਰਾ ਨੇ ਘਟਨਾ ਤੋਂ ਬਾਅਦ ਤੁਰਤ ਕੰਟਰੋਲ ਰੂਮ ਨੂੰ ਗੋਲੀ ਚੱਲਣ ਅਤੇ ਇਕ ਬੰਦੇ ਦੇ ਮਰਨ ਦੀ ਜਾਣਕਾਰੀ ਦਿੱਤੀ ਪਰ ਅੱਗਿਓਂ ਕੋਈ ਜਵਾਬ ਨਾ ਮਿਲਿਆ ਤੇ ਕੰਟਰੋਲ ਰੂਮ ਵਿਚ ਖਾਮੋਸ਼ੀ ਛਾਈ ਰਹੀ।

### ...ਤੇ 15 ਮਿੰਟਾਂ 'ਚ ਹੀ ਹੋ ਗਿਆ ਸੀ ਸਭ ਸ਼ਾਂਤ

ਰਾਜੀਵ ਗਾਂਧੀ ਨੇ 31 ਅਕਤੂਬਰ ਨੂੰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਪਿੱਛੋਂ ਇਹ ਵੱਢ-ਟੁੱਕ ਰੋਕਣ ਲਈ ਹੁਕਮ ਜਾਰੀ ਨਹੀਂ ਕੀਤਾ ਤੇ ਕਾਤਲਾਂ ਨੂੰ ਖੁੱਲ੍ਹ ਖੇਡਣ ਲਈ ਦੋ ਦਿਨ ਦਾ ਸਮਾਂ ਦਿੱਤਾ ਗਿਆ। ਜਦ ਦੋ ਅਕਤੂਬਰ ਨੂੰ ਕਾਰਵਾਈ ਦੇ ਹੁਕਮ ਆਏ ਤਾਂ ਸਿਰਫ 15 ਮਿੰਟਾਂ ਵਿਚ ਹੀ ਸਥਿਤੀ ਕਾਬੂ ਹੇਠ ਆ ਗਈ। ਇਹ ਵੀ ਖੁਲਾਸਾ ਹੋਇਆ ਹੈ ਕਿ ਜ਼ਿਆਦਾਤਰ ਪੁਲਿਸ ਅਫਸਰ ਇਸ ਕਤਲੇਆਮ ਨੂੰ ਰੋਕਣ ਲਈ ਤਤਪਰ ਸਨ ਪਰ ਉਹ ਸਰਕਾਰੀ ਹੁਕਮ ਹੀ ਉਡੀਕਦੇ ਰਹਿ ਗਏ।

ਤਤਕਾਲੀ ਮੱਧ-ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਮੋਦ ਕੰਠ ਮੁਤਾਬਕ ਹਿੰਸਾ ਨਾਲ ਨਜਿੱਠਣ ਲਈ ਉਨ੍ਹਾਂ ਨੂੰ ਪੁਲਿਸ ਹੈਡਕੁਆਰਟਰ ਤੋਂ ਕੋਈ ਨਿਰਦੇਸ਼ ਨਹੀਂ ਮਿਲੇ। ਕਿਤਾਬ ਅਨੁਸਾਰ ਸ੍ਰੀ ਕੰਠ ਨੇ ਆਪਣੇ ਜ਼ਿਲ੍ਹੇ ਵਿਚ ਬੁਰਛਾਗਰਦਾਂ ਨਾਲ ਨਜਿੱਠਣ ਲਈ ਸਖ਼ਤ ਕਾਰਵਾਈ ਦੇ ਹੁਕਮ ਦਿੱਤੇ ਸਨ, ਪਰ ਬਾਅਦ ਵਿਚ ਪੁਲਿਸ ਹੈਡਕੁਆਰਟਰ ਉਤੇ ਹੋਈ ਬੈਠਕ ਦੌਰਾਨ ਉਨ੍ਹਾਂ ਦੇ ਇਸ ਕਦਮ ਲਈ ਝਾੜ-ਝੰਬ ਵੀ ਹੋਈ। ਬੈਠਕ ਵਿਚ ਉਨ੍ਹਾਂ ਨੂੰ ਸਪਸ਼ਟ ਕਿਹਾ ਗਿਆ ਕਿ ਉਨ੍ਹਾਂ ਐਵੇਂ ਹੀ ਕਾਹਲੀ ਵਿਚ ਇਹ ਕਦਮ ਚੁੱਕ ਲਿਆ ਹੈ। ਕਿਤਾਬ ਵਿਚ ਦਿੱਲੀ ਆਰਮਡ ਪੁਲਿਸ ਦੇ ਇੰਸਪੈਕਟਰ ਨਾਲ ਵਾਪਰੀ ਘਟਨਾ ਦਾ ਵੀ ਜ਼ਿਕਰ ਕੀਤਾ ਗਿਆ ਹੈ। ਤਤਕਾਲੀ ਡਿਪਟੀ ਕਮਿਸ਼ਨਰ ਸ਼ਮਸ਼ੇਰ ਦਿਓਲ ਨੂੰ ਦਿੱਲੀ ਆਰਮਡ ਪੁਲਿਸ ਦੀ ਜ਼ਿੰਮੇਵਾਰੀ ਵੀ ਸੌਂਪੀ ਸੀ। ਉਸ ਨੇ ਪੂਰਬੀ ਦਿੱਲੀ ਵਿਚ ਨੰਦ ਨਗਰੀ ਵਿਖੇ ਹਮਲਾਵਰਾਂ ਨੂੰ ਖਿੰਡਾਉਣ ਲਈ ਹਵਾਈ ਫਾਇਰ ਕੀਤੇ ਸਨ ਜਿਸ ਨੇ ਉਸ ਲਈ ਮੁਸ਼ਕਿਲ ਖੜ੍ਹੀ ਕਰ ਦਿੱਤੀ। ਉਹ ਤੁਰੰਤ ਛੁੱਟੀ ਉਤੇ ਚਲਾ ਗਿਆ, ਪਰ ਜਾਣ ਤੋਂ ਪਹਿਲਾਂ ਉਸ ਨੇ ਦਿੱਲੀ ਛਾਉਣੀ ਦੀ ਫ਼ੌਜੀ ਯੂਨਿਟ ਵਿਚੋਂ ਤਿੰਨ ਕਾਰਤੂਸ ਖ਼ਰੀਦੇ। ਸ੍ਰੀ ਦਿਓਲ ਮੁਤਾਬਕ

*(ਬਾਕੀ ਸਫਾ 6 'ਤੇ)*

## ਐਮਨੈਸਟੀ ਇੰਟਰਨੈਸ਼ਨਲ ਨੇ ਘੇਰੀ ਭਾਰਤੀ ਫੌਜ

**ਨਵੀਂ ਦਿੱਲੀ:** ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੇ ਕੌਮੀ ਸੰਸਥਾ ਐਮਨੈਸਟੀ ਇੰਟਰਨੈਸ਼ਨਲ ਨੇ ਜੰਮੂ ਕਸ਼ਮੀਰ ਵਿਚ ਫੌਜ ਵੱਲੋਂ ਕੀਤੀਆਂ ਜ਼ਿਆਦਤੀਆਂ ਬਾਰੇ ਵਿਸਥਾਰਤ ਰਿਪੋਰਟ ਜਾਰੀ ਕਰਦਿਆਂ ਮੰਗ ਕੀਤੀ ਹੈ ਕਿ

AMNESTY INTERNATIONAL

ਜੰਮੂ ਕਸ਼ਮੀਰ ਵਿਚੋਂ ਆਰਮਡ ਫੋਰਸਜ਼ ਸਪੈਸ਼ਲ ਪਾਵਰਜ਼ ਐਕਟ (ਅਫ਼ਸਪਾ) ਤੁਰੰਤ ਖਤਮ ਕੀਤਾ ਜਾਵੇ। ਆਪਣੀ 77 ਸਫਿਆਂ ਦੀ ਰਿਪੋਰਟ ਵਿਚ ਐਮਨੈਸਟੀ ਇੰਟਰਨੈਸ਼ਨਲ ਨੇ ਦੋਸ਼ ਲਗਾਇਆ ਹੈ ਕਿ ਜੰਮੂ ਕਸ਼ਮੀਰ ਵਿਚ ਭਾਰਤੀ ਫੌਜ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰ ਰਹੀ ਹੈ। ਯਾਦ ਰਹੇ ਕਿ ਅਫਸਪਾ ਤਹਿਤ ਫੌਜ ਕਿਸੇ ਵੀ ਬੰਦੇ ਨੂੰ ਸਿਰਫ ਸ਼ੱਕ ਦੇ ਆਧਾਰ 'ਤੇ ਗੋਲੀ ਮਾਰ ਸਕਦੀ ਹੈ ਅਤੇ ਇਸ ਸਬੰਧੀ ਫੌਜ ਤੋਂ ਕੋਈ ਪੁੱਛ-ਪੜਤਾਲ ਨਹੀਂ ਕੀਤੀ ਜਾ ਸਕਦੀ। ਚੇਤੇ ਰਹੇ ਕਿ ਜੰਮੂ ਕਸ਼ਮੀਰ ਵਿਚ ਸਿਰਫ ਇਕ ਅੱਧ ਕੇਸ ਨੂੰ ਛੱਡ ਕੇ ਅਜਿਹੇ ਕਿਸੇ ਵੀ ਮਾਮਲੇ ਵਿਚ ਫੌਜ ਬਾਰੇ ਕੋਈ ਜਾਂਚ-ਪੜਤਾਲ ਨਹੀਂ ਕੀਤੀ ਗਈ। ਇਸ ਰਿਪੋਰਟ ਨਾਲ ਜੰਮੂ ਕਸ਼ਮੀਰ ਵਿਚ ਸੱਤਾਧਾਰੀ ਪੀ.ਡੀ.ਪੀ. ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਵਿਵਾਦ ਸ਼ੁਰੂ ਹੋ ਗਿਆ ਹੈ ਕਿਉਂਕਿ ਪੀ.ਡੀ.ਪੀ. ਸੂਬੇ ਵਿਚੋਂ ਅਫ਼ਸਪਾ ਖਤਮ ਕਰਨ ਲਈ ਕਹਿ ਰਹੀ ਹੈ ਜਦ ਕਿ ਭਾਰਤੀ ਜਨਤਾ ਪਾਰਟੀ ਇਸ ਦੀ ਹਮਾਇਤ ਕਰ ਰਹੀ ਹੈ।


We Do Real Estate in Bay Area & Central Valley

We do loans anywhere in California



Cell: 408-816-0408
Tel: 209-918-6464
Fax: 866-594-4680
email:
realtoramanhundal@gmail.com

AMAN S. HUNDAL
Broker/Realtor/MBA
BRE# 01839828
NMLS# 162808

Alltime REALTY & MORTGAGE

16 Corning Ave, Ste. 230, Milpitas, CA 92035
3819 Northern Oak Dr., Ceres, CA 95307

CDPE, SFR *LAR 2010, 2011, 2012 Masters Club
Masters Emerald Award 2010, 2011





Raja SWEETS & CATERING
AUTHORIZED CATERER FOR MAJOR 5-STAR HOTELS

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Faluda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine
Raja Indian Cuisine & Bar

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com



Law Office of
Manpreet S. Gahra

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Criminal Defense (DUI, simple battery, domestic violence, immigration post-conviction relief)



Manpreet S. Gahra
*Attorny At Law*

Berkeley Office
2161 Shattuck Ave., 304, Berkeley
Ph:510-841-4582 Fax:510-217-6847

Sacramento Office
Call For Appointment
Ph:916-924-1617
Email: manpreet@gahralaw.com

# ਜਗਜੀਤ ਸਿੰਘ ਆਨੰਦ ਨੂੰ ਭਾਵਭਿੰਨੀ ਸ਼ਰਧਾਂਜਲੀ

**ਮਾਡੈਸਟੋ-ਸੀਰੀਜ਼ (ਬਿਊਰੋ):** ਮਰਹੂਮ ਕਾਮਰੇਡ ਜਗਜੀਤ ਸਿੰਘ ਆਨੰਦ ਨਮਿਤ ਸਥਾਨਕ ਸਨ ਲਾਈਟ ਰੈਸਟੋਰੈਂਟ ਹਾਲ ਵਿਚ ਕਰਵਾਏ ਗਏ ਇਕ ਸ਼ਰਧਾਂਜਲੀ ਸਮਾਗਮ ਦੌਰਾਨ ਹਾਜ਼ਰੀਨ ਨੇ ਇਕ ਮਿੰਟ ਦਾ ਮੌਨ ਧਾਰ ਕੇ ਜਗਜੀਤ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ।



*ਸਮਾਗਮ ਵਿਚ ਹਾਜ਼ਰ ਪਤਵੰਤੇ*

ਸੁਰਿੰਦਰ ਸਿੰਘ ਮੰਡਾਲੀ ਨੇ ਸਟੇਜ ਦੀ ਕਰਵਾਈ ਜਸਵੰਤ ਸਿੰਘ ਮਾਨ, ਸੁਰਜੀਤ ਸਿੰਘ ਅਟਵਾਲ ਅਤੇ ਬੀਬੀ ਗਿਆਨ ਕੌਰ 'ਤੇ ਆਧਾਰਤ ਤਿੰਨ ਮੈਂਬਰੀ ਪ੍ਰਧਾਨਗੀ ਮੰਡਲ ਬਣਾ ਕੇ ਸ਼ੁਰੂ ਕੀਤੀ।

ਇਸ ਮੌਕੇ ਚਰਨ ਸਿੰਘ ਜੱਜ ਨੇ ਕਿਹਾ ਕਿ ਕਾਮਰੇਡ ਆਨੰਦ ਬੌਧਿਕਤਾ ਦਾ ਮੁਜੱਸਮਾ, ਰਾਜਨੀਤੀ, ਸਾਹਿਤ ਅਤੇ ਪੱਤਰਕਾਰੀ ਦੀ ਤ੍ਰਿਵੈਣੀ ਸੀ ਅਤੇ ਉਹ ਲੰਮੇ ਪੈਂਡਿਆਂ ਦਾ ਪਾਂਧੀ, ਕਾਲੇ ਦੌਰ ਦੇ ਸਮਿਆਂ ਵਿਚ ਇਕ ਚਿੰਤਕ ਬੇਬਾਕ ਸੰਪਾਦਕ ਪ੍ਰਾਪਤੀਆਂ ਭਰਪੂਰ ਜ਼ਿੰਦਗੀ ਦਾ ਜਸ਼ਨ ਮਨਾਉਂਦਾ ਹੋਇਆ ਸਾਡੇ ਤੋਂ ਵਿਦਾ ਹੋ ਗਿਆ। ਸ. ਜੱਜ ਨੇ ਕਿਹਾ ਕਿ ਸ. ਆਨੰਦ ਆਪਣੀ ਵੱਡ ਆਕਾਰੀ ਅਲੋਕਾਰ ਸ਼ਖਸੀਅਤ ਰੁਚੀਆਂ ਤੇ ਜੀਵਨ ਸਰਗਰਮੀ ਦੀ ਤਰਤੀਬ ਸਦਕਾ ਪਾਰਲੀਮੈਂਟ ਦੇ ਮੈਂਬਰ ਵਜੋਂ ਸਦਨ ਦੇ ਅੰਦਰ ਅਤੇ ਬਾਹਰ, ਵਿਭਿੰਨ ਖੇਤਰਾਂ ਵਿਚ ਕੰਮ ਕਰਕੇ ਅਜਿਹਾ ਬੁਲੰਦ ਆਪਾ ਸਿਰਜ ਲਿਆ ਕਿ ਉਸ ਜਿਹੀ ਬਹੁਬਿਧ ਪ੍ਰਤਿਭਾ ਵਾਲਾ ਉਹ ਇਕੱਲਾ ਅਨੋਖਾ ਹੋ ਨਿਬੜਿਆ।

ਸਮਾਗਮ ਨੂੰ ਸੰਬੋਧਨ ਕਰਦਿਆਂ ਗੁਰਦੀਪ ਸਿੰਘ ਅਣਖੀ ਨੇ ਕਿਹਾ ਕਿ ਕਾਮਰੇਡ ਆਨੰਦ ਉਮਰ ਭਰ ਮਾਰਕਸੀ ਲੈਨਿਨੀ ਵਿਚਾਰਧਾਰਾ ਨੂੰ ਕੱਟੜਤਾ ਦੀ ਹੱਦ ਤੱਕ ਪ੍ਰਣਾਇਆ ਸਿਰੜੀ, ਸਿਦਕੀ, ਸਰਗਰਮ ਸਿਆਸੀ ਸੰਗਰਾਮੀਆ ਰਿਹਾ। ਡਾ. ਅਰਜਨ ਸਿੰਘ ਨੇ ਮਰਹੂਮ ਆਨੰਦ ਨੂੰ ਸ਼ਬਦਾਂ ਦਾ ਜਾਦੂਗਰ ਦੱਸਦਿਆਂ ਕਿਹਾ ਕਿ ਸਾਡਾ ਜੀਵਨ ਵਾਸਤਵ ਵਿਚ ਆਪਣੇ ਯਥਾਰਥ ਨੂੰ ਜਾਣ ਲੈਣ ਤੇ ਆਪਣੇ ਆਪ ਨੂੰ ਪਾ ਲੈਣ ਦੀ ਯਾਤਰਾ ਹੈ।

ਹਰਭਜਨ ਸਿੰਘ ਬਾਸੀ, ਸਰਪੰਚ ਮਹਿੰਗਾ ਸਿੰਘ, ਕਰਨਲ ਹਰਦੇਵ ਸਿੰਘ, ਬਲਬੀਰ ਸਿੰਘ ਜੌਹਲ, ਨਰਿੰਦਰ ਸੂਜੋਂ, ਜਸਵੰਤ ਸਿੰਘ ਮਾਨ, ਮਾਸਟਰ ਲਛਮਣ ਸਿੰਘ, ਮਲਕੀਅਤ ਸਿੰਘ ਖੋਟੇ, ਚਰਨ ਸਿੰਘ ਗੁਰਮ ਅਤੇ ਮਾਸਟਰ ਸੁਰਜੀਤ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸ. ਆਨੰਦ ਨੇ ਜੀਵਨ ਭਰ ਅਡੋਲ ਰਹਿੰਦਿਆਂ ਆਪਣੇ ਅਸੂਲਾਂ 'ਤੇ ਪਹਿਰਾ ਦਿੱਤਾ।

ਇਹ ਸਮਾਗਮ ਇੰਡੋ ਅਮੈਰਿਕਨ ਕਚਲਰਲ ਐਂਡ ਸਪੋਰਟਸ ਐਸੋਸੀਏਸ਼ਨ ਬੇ ਏਰੀਆ, ਇੰਡੋ ਅਮੈਰਿਕਨ ਹੈਰੀਟੇਜ ਫੋਰਮ (ਫਰਿਜ਼ਨੋ), ਦੇਸ਼ ਭਗਤ ਮੈਮੋਰੀਅਲ ਫੋਰਮ, ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰਿਕਾ ਅਤੇ ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਸਾਂਝੇ ਤੌਰ 'ਤੇ ਬੀਬੀ ਗਿਆਨ ਕੌਰ ਅਤੇ ਬੀਬੀ ਗੁਰਮੇਲ ਕੌਰ ਦੀ ਅਗਵਾਈ ਵਿਚ ਕਰਵਾਇਆ ਗਿਆ।

# ਹੁਣ 'ਪੰਥ ਨੂੰ ਖ਼ਤਰੇ' ਦਾ ਪੱਤਾ ਨਹੀਂ ਚੱਲੇਗਾ: ਕੈਪਟਨ

**ਚੰਡੀਗੜ੍ਹ:** ਕਾਂਗਰਸੀ ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੰਥਕ ਏਜੰਡੇ 'ਤੇ ਧਾਰੀ ਚੁੱਪ 'ਤੇ ਕਿਹਾ ਕਿ ਸ੍ਰੀ ਬਾਦਲ ਲੋਕਾਂ ਦਾ ਧਿਆਨ ਵਾਰ ਵਾਰ ਲਾਂਭੇ ਕਰਨ ਵਿਚ ਸਫਲ ਨਹੀਂ ਹੋਣਗੇ।

ਕੈਪਟਨ ਅਮਰਿੰਦਰ ਸਿੰਘ ਨੇ ਇੱਥੇ ਸ. ਬਾਦਲ ਨੂੰ ਕਿਹਾ, "ਇਸ ਮੁੱਦੇ 'ਤੇ ਤੁਹਾਡੀ ਥਾਂ ਕੋਈ ਹੋਰ ਆਗੂ ਜਵਾਬ ਦੇਵੇ, ਇਹ ਠੀਕ ਗੱਲ ਨਹੀਂ ਹੈ। ਤੁਹਾਨੂੰ ਇਸ ਗੱਲ ਦਾ ਵੱਡਾ ਮੁਗਾਲਤਾ ਹੈ ਕਿ ਤੁਸੀਂ ਹਰ ਵਾਰ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਲਾਂਭੇ ਕਰਨ ਵਿਚ ਸਫਲ ਹੋ ਜਾਵੋਗੇ। ਤੁਸੀਂ ਕੁਝ ਲੋਕਾਂ ਨੂੰ ਕੁਝ ਵਾਰੀ ਮੂਰਖ ਬਣਾ ਸਕਦੇ ਹੋ ਪਰ ਸਾਰੇ ਲੋਕਾਂ ਨੂੰ ਹਰ ਵਾਰ ਮੂਰਖ ਨਹੀਂ ਬਣਾਇਆ ਜਾ ਸਕਦਾ।" ਉਨ੍ਹਾਂ ਕਿਹਾ ਕਿ ਉਹ ਦਿਨ ਦੂਰ ਨਹੀਂ ਹਨ ਜਦੋਂ ਸ. ਬਾਦਲ 'ਸਿੱਖ ਪੰਥ ਨੂੰ ਖ਼ਤਰੇ' ਦੀ ਦੁਹਾਈ ਦੇਣ ਲੱਗ ਪੈਣਗੇ। ਸੂਬੇ ਦੇ ਲੋਕ ਭਲੀਭਾਂਤ ਜਾਣਦੇ ਹਨ ਕਿ ਸ. ਬਾਦਲ ਨਸ਼ੀਲੇ ਪਦਾਰਥਾਂ, ਬੇਰੁਜ਼ਗਾਰੀ, ਅਮਨ ਕਾਨੂੰਨ ਦੀ ਵਿਗੜਦੀ ਹਾਲਤ ਤੇ ਮੰਦਹਾਲੀ ਦੀ ਦਲਦਲ ਵਿਚ ਧਸਦੀ ਜਾ ਰਹੀ ਆਰਥਿਕਤਾ ਵਰਗੇ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਲਾਂਭੇ ਕਰਨ ਦੀ ਤਾਕ ਵਿਚ ਹਨ ਪਰ ਇਸ ਵਾਰ ਉਹ ਇਸ ਵਿਚ ਸਫ਼ਲ ਨਹੀਂ ਹੋ ਸਕਣਗੇ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545



The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ



ਜਗਦੇਵ ਸਿੰਘ

ਫੋਨ: 510-689-4625

JAGDEV SINGH
*Realtor*
CalBre #01423409
42820 Albrae, St.,
Fremont, CA 94538

# ਗੁਰਦੁਆਰਾ ਸਾਹਿਬ ਦੇ ਹਿਸਾਬ-ਕਿਤਾਬ ਦਾ ਆਡਿਟ!

## ਸੁਧਾਰ ਕਮੇਟੀ ਅਤੇ ਉਸ ਦੇ ਹਮਾਇਤੀਆਂ ਨੂੰ ਸਾਡਾ ਚੈਲੰਜ

ਸਤਿਕਾਰਯੋਗ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਤੁਹਾਡੇ ਨਾਂ ਲਿਖੀ ਮੇਰੀ ਦੂਜੀ ਲਿਖਤ ਦੇ ਪ੍ਰਤੀਕ੍ਰਮ ਵਿਚ ਦੀਵਾਲੀਏ (ਬੈਂਕਰਪਟ) ਹੋਏ ਅਖਬਾਰ 'ਅੰਮ੍ਰਿਤਸਰ ਟਾਈਮਜ਼' ਦੇ ਮਾਲਕ ਜਸਜੀਤ ਸਿੰਘ (ਚੇਲਾ) ਨੇ ਪ੍ਰਕਾਸ਼ਿਤ ਕੀਤੀ ਆਪਣੀ ਇਕ ਲਿਖਤ ਵਿਚ ਕਿਹਾ ਹੈ ਕਿ ਜੇ ਮੈਂ (ਭੁਪਿੰਦਰ ਸਿੰਘ ਢਿੱਲੋਂ) ਗੁਰਦੁਆਰਾ ਸਾਹਿਬ ਦੇ ਪਹਿਲੇ ਪੜਾਅ ਦਾ ਆਡਿਟ ਕਰਵਾ ਲਵਾਂ ਤਾਂ ਉਹ ਮੁਆਫੀ ਮੰਗ ਲਵੇਗਾ। ਮੈਨੂੰ ਉਸ ਪਾਸੋਂ ਕਿਸੇ ਮੁਆਫੀ ਦੀ ਲੋੜ ਨਹੀਂ, ਆਪਣੇ ਅਖਬਾਰ 'ਅੰਮ੍ਰਿਤਸਰ ਟਾਈਮਜ਼' ਅਤੇ ਆਪਣੇ ਆਪ ਨੂੰ ਕਿਸੇ ਦੇਣਦਾਰੀ ਤੋਂ ਬਚਾਉਣ ਲਈ ਉਸ ਵਲੋਂ ਕੀਤੀ ਗਈ ਬੈਂਕਰਪਸੀ ਪਹਿਲਾਂ ਹੀ ਉਸ ਦੇ ਝੂਠਾਂ ਅਤੇ ਭੰਡੀ ਪ੍ਰਚਾਰ ਦਾ ਪੋਲ ਚੰਗੀ ਤਰ੍ਹਾਂ ਖੋਲ੍ਹ ਚੁਕੀ ਹੈ। ਪ੍ਰੰਤੂ ਸਾਧ ਸੰਗਤ ਦੀ ਜਾਣਕਾਰੀ ਲਈ ਸਿੱਖ ਗੁਰਦੁਆਰਾ ਸੈਨ ਹੋਜ਼ੇ ਦੇ ਹਿਸਾਬ-ਕਿਤਾਬ ਬਾਰੇ ਕੁਝ ਤੱਥ ਜ਼ਰੂਰ ਦੱਸਣੇ ਚਾਹਾਂਗਾ:



### ਪਹਿਲਾ ਤੱਥ

ਗੁਰਦੁਆਰਾ ਸਾਹਿਬ ਦੇ ਹਿਸਾਬ-ਕਿਤਾਬ ਦਾ ਇਕ ਸਾਦਾ ਆਡਿਟ ਤਾਂ ਇਸ ਦੀ ਸਥਾਪਨਾ ਤੋਂ ਹੀ ਗੁਰਦੁਆਰਾ ਸਾਹਿਬ ਵਲੋਂ ਅਪਨਾਏ ਗਏ ਵੱਖ ਵੱਖ ਲੇਖਾਕਾਰਾਂ ਅਤੇ 2002 ਤੋਂ 2008 ਤੱਕ ਤੋਂ ਬਿਲ ਬੈਂਸ ਸੀ ਪੀ ਏ ਪਾਸੋਂ ਹਰ ਸਾਲ ਕਰਵਾਇਆ ਜਾਂਦਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਲੇਖੇ-ਜੋਖੇ ਨੂੰ ਸਾਫ ਸੁਥਰਾ ਰੱਖਣ ਲਈ ਸੰਗਤ ਅਤੇ ਪ੍ਰਬੰਧਕ ਕਮੇਟੀ ਦੀਆਂ ਨਜ਼ਰਾਂ ਵਿਚ ਇਹ ਇਕ ਘੱਟ ਲਾਗਤ ਵਾਲਾ ਚੰਗਾ ਤੇ ਤਸੱਲੀਬਖਸ਼ ਤਰੀਕਾ ਸੀ। ਸੰਨ 1999 ਤੋਂ 2014 ਤੱਕ ਦੇ ਸਮੇਂ ਦੀਆਂ ਗੁਰਦੁਆਰਾ ਸਾਹਿਬ ਦੀਆਂ ਆਡਿਟ ਰਿਪੋਰਟਾਂ ਹੇਠਾਂ ਦਿੱਤੇ ਲਿੰਕ ਨੂੰ ਕਲਿਕ ਕਰ ਕੇ ਦੇਖੀਆਂ ਜਾ ਸਕਦੀਆਂ ਹਨ:

www.sanjosegurdwara.org/financials.html

### ਦੂਜਾ ਤੱਥ

ਮੌਜੂਦਾ ਪ੍ਰਬੰਧਕ ਕਮੇਟੀ ਨੇ 31 ਅਗਸਤ 2008 ਨੂੰ ਚਾਰਜ ਸੰਭਾਲਿਆ ਸੀ। ਪਹਿਲੀ ਜਨਵਰੀ 2009 ਤੋਂ ਲੈ ਕੇ ਗੁਰਦੁਆਰਾ ਸਾਹਿਬ ਦੇ ਵਹੀ-ਖਾਤੇ ਦਾ ਆਡਿਟ ਹਰ ਸਾਲ ਗੈਰ ਮੁਨਾਫਾ ਅਦਾਰਿਆਂ ਦਾ ਹਿਸਾਬ-ਕਿਤਾਬ ਆਡਿਟ ਕਰਨ ਵਿਚ ਮਾਹਿਰ ਇਕ ਸੁਤੰਤਰ ਅਕਾਊਂਟਿੰਗ ਫਰਮ ਵਲੋਂ ਕੀਤਾ ਜਾਂਦਾ ਹੈ। ਇਹ ਸਾਲਾਨਾ ਆਡਿਟ ਰਿਪੋਰਟਾਂ ਗੁਰਦੁਆਰਾ ਸਾਹਿਬ ਦੀ ਵੈਬਸਾਈਟ www.sanjosegurdwara.org ਉਤੇ ਪਾਈਆਂ ਜਾਂਦੀਆਂ ਹਨ ਜਿਥੋਂ ਸੰਗਤਾਂ ਕਦੀ ਵੀ ਚੈਕ ਕਰ ਸਕਦੀਆਂ ਹਨ। ਜੇ ਤੁਹਾਨੂੰ ਫਿਰ ਵੀ ਕੋਈ ਸੁਆਲ ਹੋਵੇ ਤਾਂ ਤੁਸੀਂ 'ਰਿਪਲਾਈ' 'ਤੇ ਕਲਿਕ ਕਰ ਕੇ ਜੁਆਬ ਲਈ ਸਾਨੂੰ ਈ-ਮੇਲ ਕਰ ਸਕਦੇ ਹੋ। ਇਹ ਆਡਿਟ ਰਿਪੋਰਟਾਂ ਸਾਡੇ ਬੈਂਕਾਂ ਨੇ ਵੀ ਤਸੱਲੀਬਖਸ਼ ਮੰਨੀਆਂ ਹਨ, ਜਿਨ੍ਹਾਂ ਨੇ ਸਾਨੂੰ ਬਿਲਡਿੰਗ ਵਾਸਤੇ ਵੱਡੇ ਲੋਨ ਦਿੱਤੇ ਹਨ।

### ਤੀਜਾ ਤੱਥ

ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਦੇ ਦੇ ਪਹਿਲੇ ਪੜਾਅ (ਸੰਨ 2000 ਤੋਂ 2004) ਦੌਰਾਨ ਤਰਲੋਚਨ ਸਿੰਘ ਨਾਹਲ ਅਤੇ ਸੁਧਾਰ ਕਮੇਟੀ ਦੇ ਹਮਾਇਤੀਆਂ ਦੇ ਮੌਜੂਦਾ ਦੋਸਤ ਹੀ ਪ੍ਰਬੰਧਕ ਕਮੇਟੀ ਉਪਰ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਵਜੋਂ ਕਾਬਜ ਸਨ। ਇਹ ਸਨ, ਬਲਵੰਤ ਸਿੰਘ ਚਾਹਲ, ਬਲਬੀਰ ਸਿੰਘ ਢਿੱਲੋਂ ਅਤੇ ਜਸਵੰਤ ਸਿੰਘ ਹੋਠੀ। ਗੁਰਦੁਆਰਾ ਸਾਹਿਬ ਦੇ ਵਹੀ-ਖਾਤੇ ਨੂੰ ਉਨ੍ਹਾਂ ਆਪ ਸਹੀ ਮੰਨਿਆ ਅਤੇ 31 ਅਗਸਤ 2008 ਤੱਕ ਉਨ੍ਹਾਂ ਕਦੀ ਵੀ ਕਿਸੇ ਤੀਜੀ ਧਿਰ ਤੋਂ ਹਿਸਾਬ-ਕਿਤਾਬ ਆਡਿਟ ਕਰਾਉਣ ਦੀ ਪਹਿਲਕਦਮੀ ਨਹੀਂ ਕੀਤੀ।

ਜਦੋਂ ਪ੍ਰਬੰਧਕ ਕਮੇਟੀ ਦੇ ਬਹੁਤੇ ਮੈਂਬਰ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਦੂਜੇ ਪੜਾਅ ਦੀ ਉਸਾਰੀ ਨੂੰ ਧੀਮਾ ਕਰਨ ਲਈ ਉਨ੍ਹਾਂ ਦੇ ਅੜਿੱਕਾ-ਪਾਊ ਵਤੀਰੇ ਤੋਂ ਤੰਗ ਪੈ ਗਏ ਤਾਂ 31 ਅਗਸਤ 2008 ਨੂੰ ਉਨ੍ਹਾਂ ਇਨ੍ਹਾਂ ਨੂੰ ਕਾਰਜਕਾਰੀ ਅਹੁਦਿਆਂ ਤੋਂ ਵੱਖ ਕਰ ਦਿੱਤਾ। ਇਸ ਪਿਛੋਂ ਹੀ ਇਨ੍ਹਾਂ ਨੇ ਕਿਸੇ ਤੀਜੀ ਧਿਰ ਤੋਂ ਹਿਸਾਬ-ਕਿਤਾਬ ਆਡਿਟ ਕਰਾਉਣ ਲਈ ਰੌਲਾ ਪਾਉਣਾ ਸ਼ੁਰੂ ਕੀਤਾ। ਹਕੀਕਤ ਤਾਂ ਇਹ ਹੈ ਕਿ ਇਨ੍ਹਾਂ ਨੇ 1992 ਤੋਂ ਲੈ ਕੇ ਹਿਸਾਬ-ਕਿਤਾਬ ਆਡਿਟ ਕਰਵਾਉਣ ਦੀ ਮੰਗ ਕੀਤੀ, ਉਦੋਂ ਜਦੋਂ ਪ੍ਰਬੰਧਕ ਕਮੇਟੀ ਦੇ ਅਹਿਮ ਕਰਜਕਾਰੀ ਅਹੁਦਿਆਂ 'ਤੇ ਇਹ ਖੁਦ ਬਿਰਾਜਮਾਨ ਸਨ।

ਦੀਵਾਲੀਆ (ਬੈਂਕਰਪਟ) ਹੋਏ ਅੰਮ੍ਰਿਤਸਰ ਟਾਈਮਜ਼ ਦਾ ਮਾਲਕ ਜਸਜੀਤ ਸਿੰਘ (ਚੇਲਾ) ਰੇਡੀਓ ਟਾਕ ਸ਼ੋਆਂ ਅਤੇ ਅਖਬਾਰਾਂ ਵਿਚ ਹਿਸਾਬ-ਕਿਤਾਬ ਆਡਿਟ ਕਰਾਉਣ ਦੀ ਅਕਸਰ ਮੰਗ ਕਰਦਾ ਰਿਹਾ ਹੈ, ਹਾਲਾਂਕਿ 2009 ਤੋਂ ਲੈ ਕੇ ਇਕ ਸੁਤੰਤਰ ਆਡਿਟਰ ਦੀਆਂ ਰਿਪੋਰਟਾਂ ਵੀ ਗੁਰਦੁਆਰਾ ਸਾਹਿਬ ਦੀ ਵੈਬਸਾਈਟ ਉਤੇ ਪਾਈਆਂ ਗਈਆਂ ਹੋਈਆਂ ਹਨ।

### ਚੌਥਾ ਤੱਥ

ਕਰੀਬ 2010 ਵਿਚ ਜਸਵੰਤ ਸਿੰਘ ਹੋਠੀ ਅਤੇ ਬਲਬੀਰ ਸਿੰਘ ਢਿੱਲੋਂ (ਸੁਧਾਰ ਕਮੇਟੀ ਦੇ ਹਮਾਇਤੀਆਂ) ਦੇ ਇਕ ਸੁਪੋਰਟਰ ਜੰਗ ਸਿੰਘ ਬਦੇਸ਼ਾ ਨੇ ਮੰਗ ਕੀਤੀ ਕਿ ਗੁਰਦੁਆਰਾ ਸਾਹਿਬ ਦੇ ਹਿਸਾਬ-ਕਿਤਾਬ ਦਾ ਆਡਿਟ 'ਪ੍ਰਾਈਸ ਵਾਟਰਜ਼ ਐਂਡ ਕੂਪਰ' (ਪੀ ਡਬਲਿਊ ਸੀ) ਜਿਹੀ ਕਿਸੇ ਜਾਣੀ-ਪਛਾਣੀ ਅਕਾਊਂਟਿੰਗ ਫਰਮ ਪਾਸੋਂ ਕਰਵਾਇਆ ਜਾਵੇ, ਅਤੇ ਇਹ ਫੋਕੀ ਫੜ੍ਹ ਵੀ ਕੱਢ ਮਾਰੀ ਕਿ ਇਸ ਖਾਤਰ ਲੋੜੀਂਦਾ ਪੈਸਾ ਉਹ ਆਪਣੇ ਸਰੋਤਾਂ ਰਾਹੀਂ ਇਕੱਠਾ ਕਰੇਗਾ। ਮੈਂ ਇਕ ਈ-ਮੇਲ ਦੇ ਜੁਆਬ ਵਿਚ ਉਸ ਦੀ ਇਹ ਪੇਸ਼ਕਸ਼ ਪ੍ਰਵਾਨ ਕਰ ਲਈ ਅਤੇ ਉਸ ਨੂੰ ਬੇਨਤੀ ਕੀਤੀ ਕਿ ਉਹ ਅਜਿਹੇ ਆਡਿਟ ਲਈ ਤਿੰਨ ਬਿਡ ਲੈ ਕੇ ਆਵੇ ਤੇ ਇਸ ਤੋਂ ਪਹਿਲਾਂ ਕਿ ਗੁਰਦੁਆਰਾ ਸਾਹਿਬ ਵਲੋਂ ਕਿਸੇ ਆਡਿਟਿੰਗ ਫਰਮ ਨੂੰ ਆਡਿਟ ਦਾ ਕੰਮ ਸੌਂਪਿਆ ਜਾਵੇ, ਉਹ ਗੁਰਦੁਆਰਾ ਸਾਹਿਬ ਦੇ ਹਿਸਾਬ-ਕਿਤਾਬ ਦੇ ਅਜਿਹੇ ਆਡਿਟ ਲਈ ਲੋੜੀਂਦਾ ਪੈਸਾ ਦੇਣਾ ਅਰੰਭ ਕਰੇ। ਉਸ ਨੇ ਕਦੀ ਦੁੱਕੀ ਵੀ ਇਸ ਖਾਤਰ ਇਕੱਠੀ ਕਰਕੇ ਗੁਰਦੁਆਰਾ ਸਾਹਿਬ ਨੂੰ ਨਹੀਂ ਦਿੱਤੀ। ਨਾ ਹੀ ਉਹ ਕਦੀ ਕੋਈ ਬਿਡ ਹੀ ਲੈ ਕੇ ਬਹੁੜਿਆ। ਉਸ ਪਿਛੋਂ ਆਡਿਟ ਬਾਰੇ ਮੈਂ ਉਸ ਦੇ ਮੂੰਹੋਂ ਕੋਈ ਗੱਲ ਨਹੀਂ ਸੁਣੀ।

ਸੰਗਤ ਨੂੰ ਦੱਸ ਦਈਏ ਕਿ ਪੀ ਡਬਲਿਊ ਸੀ ਜਿਹੀਆਂ ਕੰਪਨੀਆਂ ਦੇ ਮਾਹਿਰ ਸੈਂਕੜੇ ਡਾਲਰ ਪ੍ਰਤੀ ਘੰਟਾ ਫੀਸ ਚਾਰਜ ਕਰਦੇ ਹਨ ਅਤੇ ਉਨ੍ਹਾਂ ਤੋਂ ਆਡਿਟ ਕਰਾਏ ਜਾਣ ਨਾਲ ਗੁਰਦੁਆਰਾ ਸਾਹਿਬ ਉਪਰ ਹਜ਼ਾਰਾਂ ਡਾਲਰਾਂ ਦਾ ਬੋਝ ਪੈਣਾ ਸੀ।

ਇਹ ਜਾਣਦਿਆਂ ਕਿ ਗੁਰਦੁਆਰਾ ਸਾਹਿਬ ਦੇ ਹਿਸਾਬ-ਕਿਤਾਬ ਵਿਚ ਕਿਧਰੇ ਕੋਈ ਕਮੀ-ਬੇਸ਼ੀ ਨਹੀਂ ਹੈ, ਪ੍ਰਬੰਧਕ ਕਮੇਟੀ ਨੇ ਸਾਡੀ ਵਿਰੋਧੀ ਧਿਰ ਦੇ ਹਮਦਰਦਾਂ ਵਿਚੋਂ ਤਿੰਨ ਮੈਂਬਰਾਂ ਨੂੰ ਲੈ ਕੇ ਇਕ ਕਮੇਟੀ ਹਿਸਾਬ ਆਡਿਟ ਕਰਨ ਲਈ ਬਣਾਈ। ਇਸ ਕਮੇਟੀ ਨੇ ਕਈ ਮਹੀਨੇ ਲਾਏ ਅਤੇ ਹਿਸਾਬ-ਕਿਤਾਬ ਵਿਚ ਕਿਧਰੇ ਕੋਈ ਨੁਕਸ ਨਹੀਂ ਲੱਭ ਸਕੀ। ਇੰਜ ਇਸ ਨੇ ਕੋਈ ਰਿਪੋਰਟ ਦਾਖਲ ਨਹੀਂ ਕੀਤੀ।

### ਤਰਲੋਚਨ ਸਿੰਘ ਨਾਹਲ ਅਤੇ ਉਸ ਦੀ ਸੁਧਾਰ ਕਮੇਟੀ ਨੂੰ ਸਾਡਾ ਚੈਲੰਜ

ਤਰਲੋਚਨ ਸਿੰਘ ਨਾਹਲ ਅਤੇ ਉਸ ਦੀ ਸੁਧਾਰ ਕਮੇਟੀ, ਜੋ ਕਿ ਆਡਿਟ ਦਾ ਮੁੱਦਾ ਮੁੜ ਮੁੜ ਉਠਾਉਣ ਲਈ ਜਸਜੀਤ ਸਿੰਘ (ਚੇਲਾ) ਨੂੰ ਵਰਤ ਰਹੇ ਹਨ, ਨੂੰ ਵੀ ਸਾਡਾ ਉਹੋ ਹੀ ਚੈਲੰਜ ਹੈ ਜੋ ਕਦੀ ਅਸਾਂ ਜੰਗ ਸਿੰਘ ਬਦੇਸ਼ਾ ਨੂੰ ਦਿੱਤਾ ਸੀ। ਸੰਨ 1992 ਤੋਂ ਲੈ ਕੇ ਹਿਸਾਬ-ਕਿਤਾਬ ਆਡਿਟ ਕਰਾਉਣ ਲਈ ਪੈਸਾ ਇਕੱਠਾ ਕਰੋ ਅਤੇ ਇਸ ਨੂੰ ਇਕ ਐਸਕਰੋ ਫੰਡ ਵਿਚ ਜਮ੍ਹਾ ਕਰਵਾ ਦਿਓ ਜਿਸ ਵਿਚੋਂ ਆਡਿਟ ਕੰਪਨੀ ਦਾ ਖਰਚਾ ਅਦਾ ਕੀਤਾ ਜਾ ਸਕੇ। ਕੋਈ ਨਾਮੀ ਅਕਾਊਂਟਿੰਗ ਫਰਮ ਲੱਭੋ ਅਤੇ ਆਡਿਟ ਲਈ ਅਸੀਂ ਤੁਹਾਡੇ ਨਾਲ ਪੂਰਾ ਸਹਿਯੋਗ ਕਰਾਂਗੇ।

### ਸੰਗਤ ਨਾਲ ਮੇਰਾ ਵਾਅਦਾ

ਸਤਿਕਾਰਯੋਗ ਸਾਧ ਸੰਗਤ ਜੀਓ, ਗੁਰਦੁਆਰਾ ਸਾਹਿਬ ਦੀ ਸਥਾਪਨਾ ਤੋਂ ਲੈ ਕੇ, ਜਦੋਂ ਦੀਵਾਨ ਇਕ ਕਮਿਊਨਿਟੀ ਸੈਂਟਰ ਵਿਚ ਲੱਗਿਆ ਕਰਦੇ ਸਨ, ਮੌਜੂਦਾ ਸ਼ਾਨਦਾਰ ਬਿਲਡਿੰਗ ਬਣਨ ਤੱਕ ਮੈਂ ਸਿੱਖ ਭਾਈਚਾਰੇ ਅਤੇ ਗੁਰਦੁਆਰਾ ਸਾਹਿਬ ਦੀ ਤਰੱਕੀ ਲਈ ਵਾਹਿਗੁਰੂ ਵਲੋਂ ਬਖਸ਼ੀ ਸਮਰੱਥਾ ਨਾਲ ਸਿਰਤੋੜ ਯਤਨ ਕੀਤੇ ਹਨ। ਇਸ ਕਾਰਜ ਵਿਚ ਅਣਗਿਣਤ ਘੰਟੇ ਖਰਚ ਕਰਨ ਤੋਂ ਇਲਾਵਾ ਮੇਰੇ ਪਰਿਵਾਰ ਅਤੇ ਪ੍ਰਬੰਧਕ ਕਮੇਟੀ ਦੇ ਮੇਰੇ ਸਾਥੀ ਮੈਂਬਰਾਂ ਦੇ ਪਰਿਵਾਰਾਂ ਨੇ ਇਸ ਪ੍ਰਾਜੈਕਟ ਖਾਤਰ ਗੁਰੂ ਵਲੋਂ ਬਖਸ਼ੀ ਗਈ ਮਾਇਆ ਵਿਚੋਂ ਲੱਖਾਂ ਡਾਲਰ ਭੇਟ ਕੀਤੇ ਹਨ।

ਮੈਂ ਤੁਹਾਨੂੰ ਭਰੋਸਾ ਦਿੰਦਾ ਹਾਂ ਕਿ ਮੈਂ ਜਾਂ ਮੇਰੇ ਪਰਿਵਾਰ ਨੇ ਗੁਰਦੁਆਰਾ ਸਾਹਿਬ ਤੋਂ ਕਦੀ ਕੋਈ ਮਾਲੀ ਲਾਭ ਨਹੀਂ ਉਠਾਇਆ। ਸਾਡੇ ਲਈ ਇਵਜ਼ਾਨਾ ਸੰਗਤ ਤੇ ਗੁਰੂ ਦੀ ਸੇਵਾ ਹੀ ਹੈ।



**ਸੰਗਤ ਦਾ ਸੇਵਾਦਾਰ,**
**ਭੁਪਿੰਦਰ ਸਿੰਘ ਢਿੱਲੋਂ**
**ਜਨਰਲ ਸਕੱਤਰ,**
**ਸਿੱਖ ਗੁਰਦੁਆਰਾ ਸੈਨ ਹੋਜ਼ੇ।**

Paid Advt.

# ਅਕਾਲੀ-ਭਾਜਪਾ ਗੱਠਜੋੜ ਲਈ ਹਊਆ ਬਣਨ ਲੱਗੇ ਕੈਪਟਨ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਰਟੀ ਵਿਚ ਆਪਣੇ ਮੁੱਖ ਵਿਰੋਧੀ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵਿਰੁੱਧ ਛੇੜੀ ਮੁਹਿੰਮ ਦੀ ਮੁਹਾਰ ਅਕਾਲੀ-ਭਾਜਪਾ ਗੱਠਜੋੜ ਵੱਲ ਮੋੜ ਦਿੱਤੀ ਹੈ। ਕੈਪਟਨ ਵੱਲੋਂ 'ਮਿਸ਼ਨ 2017' ਤਹਿਤ ਸੂਬੇ ਭਰ ਕੀਤੀਆਂ ਜਾ ਰਹੀਆਂ ਰੈਲੀਆਂ ਵਿਚ ਅਕਾਲੀ ਦਲ ਨੂੰ ਖੂਬ ਭੰਡਿਆ ਜਾ ਰਿਹਾ ਹੈ ਤੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਵੀ ਚੁੱਕੇ ਜਾ ਰਹੇ ਹਨ। ਕੈਪਟਨ ਦੀ ਇਸ ਮੁਹਿੰਮ ਨੇ ਅਕਾਲੀ ਦਲ, ਖਾਸ ਕਰਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੋਚੀਂ ਪਾ ਦਿੱਤਾ ਹੈ।

ਸ. ਬਾਦਲ ਨੇ ਟਕਸਾਲੀ ਆਗੂਆਂ ਤੇ ਚਿੰਤਕਾਂ ਨਾਲ ਬੈਠਕਾਂ ਕਰਕੇ ਕੈਪਟਨ ਦੀ ਕਾਟ ਬਣਨ ਲਈ ਮੁਹਿੰਮ ਛੇੜ ਦਿੱਤੀ ਹੈ। ਇਸ ਮੁਹਿੰਮ ਤਹਿਤ ਅਖ਼ਬਾਰੀ ਬਿਆਨਬਾਜ਼ੀ ਤੇ ਟੀ.ਵੀ. ਚੈਨਲਾਂ ਉਤੇ ਵਿਚਾਰ ਚਰਚਾ ਕਰਵਾਈ ਜਾ ਰਹੀ ਹੈ ਤੇ ਨਾਲ ਹੀ ਜ਼ਿਲ੍ਹਾ ਜਥੇਦਾਰਾਂ ਨਾਲ ਰਾਬਤਾ ਕਾਇਮ ਕਰਕੇ ਵਿਕਾਸ ਪ੍ਰੋਜੈਕਟ ਨੇਪਰੇ ਚਾੜ੍ਹਨ ਦੀਆਂ ਸਕੀਮਾਂ ਬਣ ਰਹੀਆਂ ਹਨ। ਵੱਡੇ ਬਾਦਲ ਨੂੰ ਹੁਣ ਦੋਹਰੀ ਚਿੰਤਾ ਖਾ ਰਹੀ ਹੈ ਕਿ ਬੀ.ਜੇ.ਪੀ. ਨਾਲ ਗਠਜੋੜ ਕਿਵੇਂ ਚੱਲਦਾ ਰਹੇ ਤੇ ਕੈਪਟਨ ਦੀ ਹਨੇਰੀ ਨੂੰ ਕਿਵੇਂ ਰੋਕਿਆ ਜਾਵੇ।



ਭਾਜਪਾ ਨੇ ਵੀ ਪੰਜਾਬ ਅੰਦਰ ਦਲਿਤ ਤੇ ਹਿੰਦੂ ਕਾਰਡ ਵੱਖਰੇ ਢੰਗ ਨਾਲ ਖੇਡਣ ਦਾ ਮਨ ਬਣਾਇਆ ਹੈ। ਭਾਜਪਾ ਦੀ ਵੱਡੀ ਮੁਸ਼ਕਲ ਇਹ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਾਂ ਸੁਖਬੀਰ ਸਿੰਘ ਬਾਦਲ ਦੇ ਕੱਦ ਤੇ ਸਿਆਸੀ ਰੁਤਬੇ ਵਾਲਾ ਆਗੂ ਉਨ੍ਹਾਂ ਕੋਲ ਨਹੀਂ ਹੈ। ਹਾਈਕਮਾਨ ਨੇ ਮੱਧ ਪ੍ਰਦੇਸ਼ ਦੇ ਮੰਤਰੀ ਪ੍ਰਭਾਤ ਝਾਅ ਨੂੰ ਪੰਜਾਬ ਮਾਮਲਿਆਂ ਦਾ ਇੰਚਾਰਜ ਨਿਯੁਕਤ ਕੀਤਾ ਹੈ ਤੇ ਦਲਿਤ ਪੱਤਾ ਪਹਿਲਾਂ ਹੀ ਇਸ ਪਾਰਟੀ ਨੇ ਹੁਸ਼ਿਆਰਪੁਰ ਐਮ.ਪੀ. ਵਿਜੇ ਸਾਂਪਲਾ ਨੂੰ ਮੋਦੀ ਸਰਕਾਰ ਵਿਚ ਕੈਬਨਿਟ ਮੰਤਰੀ ਬਣਾ ਕੇ ਖੇਡਿਆ ਹੋਇਆ ਹੈ। ਆਰ.ਐਸ.ਐਸ. ਦੀਆਂ ਨਜ਼ਰਾਂ ਵਿਚ ਰਾਜ ਸਭਾ ਐਮ.ਪੀ. ਅਵਿਨਾਸ਼ ਰਾਏ ਖੰਨਾ ਜੋ ਪਾਰਟੀ ਹਾਈਕਮਾਨ ਵਿਚ ਉਪ ਪ੍ਰਧਾਨ ਹਨ ਤੇ ਜੰਮੂ ਤੇ ਕਸ਼ਮੀਰ ਦੇ ਪਾਰਟੀ ਮਾਮਲਿਆਂ ਦੇ ਇੰਚਾਰਜ ਹਨ, ਨੂੰ ਅਕਾਲੀ ਦਲ ਦੇ ਸੁਖਬੀਰ ਬਾਦਲ ਦੇ ਮੁਕਾਬਲੇ ਬਰਾਬਰ ਦੀ ਚੋਟ ਵਾਸਤੇ ਮੈਦਾਨ ਵਿਚ ਲਿਆ ਸਕਦੇ ਹਨ।

ਸੂਤਰਾਂ ਮੁਤਾਬਕ ਭਾਵੇਂ ਹਾਈਕਮਾਨ ਦੇ ਨੇਤਾ ਅਕਾਲੀ ਦਲ ਦੇ ਪੰਥਕ ਏਜੰਡੇ ਦੇ ਵਿਰੁੱਧ ਹਨ ਪਰ ਆਰ.ਐਸ.ਐਸ. ਨੇ ਪੇਂਡੂ ਤੇ ਸ਼ਹਿਰੀ ਇਲਾਕਿਆਂ ਵਿਚ ਹਿੰਦੂਤਵ ਦੀਆਂ ਜੜ੍ਹਾਂ ਪੱਕੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ।

## ਕੈਪਟਨ ਦੀ ਮੁਹਿੰਮ ਤੋਂ ਬਾਦਲ ਔਖੇ

**ਅੰਮ੍ਰਿਤਸਰ:** ਕੈਪਟਨ ਅਮਰਿੰਦਰ ਸਿੰਘ ਦੀ ਜਨ ਸੰਪਰਕ ਮੁਹਿੰਮ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਾਫੀ ਔਖੇ ਲੱਗਦੇ ਹਨ। ਬਾਦਲ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਸਵਾਲ ਕੀਤਾ ਹੈ ਕਿ ਉਹ ਪੰਜਾਬ ਦੇ ਇਕ ਵੀ ਪਿੰਡ ਦਾ ਨਾਂ ਦੱਸਣ ਜਿਥੇ ਉਹ ਆਪਣੇ ਕਾਰਜਕਾਲ ਦੌਰਾਨ ਲੋਕਾਂ ਦੀਆਂ ਦੁੱਖ-ਤਕਲੀਫਾਂ ਸੁਣਨ ਗਏ ਹੋਣ। ਆਮ ਤੌਰ ਉਤੇ ਕੈਪਟਨ ਬਾਰੇ ਕੋਈ ਵੀ ਟਿੱਪਣੀ ਕਰਨ ਤੋਂ ਟਲਣ ਵਾਲੇ ਬਾਦਲ ਪਿਛਲੇ ਦਿਨਾਂ ਤੋਂ ਸਿੱਧੇ ਨਿਸ਼ਾਨੇ ਸਾਧ ਰਹੇ ਹਨ। ਬਾਦਲ ਨੇ ਕਿਹਾ ਕਿ ਕੈਪਟਨ ਆਪਣੇ ਸੱਤਾਕਾਲ ਦੌਰਾਨ ਮੁੱਖ ਮੰਤਰੀ ਦੀ ਥਾਂ ਇਕ ਰਾਜੇ ਵਾਂਗ ਲੋਕਾਂ ਉਤੇ ਰਾਜ ਕਰਦੇ ਰਹੇ ਸਨ ਜਦਕਿ ਉਹ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਦੇ ਤੌਰ ਉਤੇ ਲੋਕ ਸੇਵਕ ਵਜੋਂ ਨਿਮਰਤਾ ਤੇ ਸਮਰਪਤ ਭਾਵਨਾ ਨਾਲ ਪੰਜਾਬ ਦੀ ਸੇਵਾ ਲਈ ਤਤਪਰ ਹਨ।

# ਗਾਖਲ ਭਰਾ ਨਵੀਂ ਪੰਜਾਬੀ ਫਿਲਮ 11 ਦਸੰਬਰ ਨੂੰ ਰਿਲੀਜ਼ ਕਰਨਗੇ

**ਸੈਨ ਫਰਾਂਸਿਸਕੋ (ਬਿਊਰੋ):** ਹਾਲ ਹੀ ਵਿਚ 'ਸੈਕਿੰਡ ਹੈਂਡ ਹਸਬੈਂਡ' ਨਾਂ ਦੀ ਫਿਲਮ ਬਣਾ ਕੇ ਫਿਲਮ ਨਿਰਮਾਣ ਦੇ ਖੇਤਰ ਵਿਚ ਉਤਰੇ ਗਾਖਲ ਭਰਾਵਾਂ ਨੇ ਕਿਹਾ ਹੈ ਕਿ ਉਹ ਵੱਡੇ ਬਜਟ ਵਾਲੀ ਇਕ ਪੰਜਾਬੀ ਫਿਲਮ ਦਾ ਨਿਰਮਾਣ ਜਲਦ ਸ਼ੁਰੂ ਕਰ ਰਹੇ ਹਨ ਜੋ 11 ਦਸੰਬਰ ਨੂੰ ਦੁਨੀਆਂ ਭਰ ਵਿਚ ਰਿਲੀਜ਼ ਕੀਤੀ ਜਾਵੇਗੀ।





*ਇਕਬਾਲ ਸਿੰਘ ਅਤੇ ਅਮੋਲਕ ਸਿੰਘ ਗਾਖਲ*

ਗਾਖਲ ਐਂਟਰਟੇਨਮੈਂਟ ਦੇ ਮਾਲਕਾਂ ਸ. ਅਮੋਲਕ ਸਿੰਘ ਗਾਖਲ ਅਤੇ ਸ. ਇਕਬਾਲ ਸਿੰਘ ਗਾਖਲ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਉਹ ਪੰਜਾਬੀਆਂ ਅਤੇ ਸਮੁੱਚੇ ਭਾਰਤੀਆਂ ਦੇ ਧੰਨਵਾਦੀ ਹਨ ਜਿਨ੍ਹਾਂ ਨੇ ਫਿਲਮ 'ਸੈਕਿੰਡ ਹੈਂਡ ਹਸਬੈਂਡ' ਨੂੰ ਭਰਵਾਂ ਹੁੰਗਾਰਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਧਰਮਿੰਦਰ ਇਸ ਉਮਰੇ ਵੀ ਵਧੀਆ ਅਦਾਕਾਰੀ ਦਿਖਾਉਣ ਵਿਚ ਸਫਲ ਰਹੇ।

ਗਾਖਲ ਭਰਾਵਾਂ ਨੇ ਕਿਹਾ ਕਿ ਅਮਰੀਕਾ ਵਸਦੇ ਖਾਸ ਕਰ ਕੈਲੀਫੋਰਨੀਆ ਵਸਦੇ ਪੰਜਾਬੀਆਂ ਨੇ ਉਨ੍ਹਾਂ ਨੂੰ ਫਿਲਮ ਨਿਰਮਾਣ ਦੇ ਖੇਤਰ ਵਿਚ ਦਾਖਲ ਹੋਣ ਲਈ ਉਤਸ਼ਾਹ ਹੀ ਨਹੀਂ ਦਿੱਤਾ ਸਗੋਂ ਦੁਆਵਾਂ ਵੀ ਦਿੱਤੀਆਂ ਨੇ, ਜਿਸ ਦੇ ਉਹ ਹਮੇਸ਼ਾ ਕਰਜ਼ਦਾਰ ਰਹਿਣਗੇ। ਉਨ੍ਹਾਂ ਕਿਹਾ ਕਿ ਉਹ ਸਮੀਪ ਕੰਗ ਦੀ ਨਿਰਦੇਸ਼ਨਾ ਹੇਠ ਹੀ ਕੈਰੀ ਆਨ ਜੱਟਾ ਵਰਗੀ ਪੰਜਾਬੀ ਫਿਲਮ ਗਿੱਪੀ ਗਰੇਵਾਲ ਨੂੰ ਨਾਇਕ ਵਜੋਂ ਲੈ ਕੇ ਬਣਾਉਣਗੇ ਜੋ ਅਗਲੇ ਵਰ੍ਹੇ ਜੂਨ ਮਹੀਨੇ ਰਿਲੀਜ਼ ਕੀਤੀ ਜਾਵੇਗੀ।

# ਸਰਕਾਰ ਨੇ ਕਿਫਾਇਤੀ ਮੁਹਿੰਮ ਮੁਲਾਜ਼ਮਾਂ ਸਿਰ ਪਾਈ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਅਧਿਆਪਕਾਂ ਨੂੰ ਚਪੜਾਸੀਆਂ ਤੋਂ ਵੀ ਘੱਟ ਤਨਖਾਹਾਂ ਦੇ ਕੇ ਬੱਚਿਆਂ ਦਾ ਭਵਿੱਖ ਸੰਵਾਰਨ ਦਾ ਯਤਨ ਕੀਤਾ ਜਾ ਰਿਹਾ ਹੈ। ਲੱਖਾਂ ਰੁਪਏ ਖਰਚ ਕੇ ਡਿਗਰੀਆਂ ਤੇ ਡਿਪਲੋਮੇ ਹਾਸਲ ਕਰਨ ਵਾਲੇ ਮੁੰਡੇ ਕੁੜੀਆਂ ਦੇ ਠੇਕੇਦਾਰੀ ਸਿਸਟਮ ਰਾਹੀਂ ਹੋ ਰਹੇ ਵਿੱਤੀ ਸ਼ੋਸ਼ਣ ਕਾਰਨ ਅਜਿਹੇ ਮੁਲਾਜ਼ਮ ਹੁਣ ਨਹਿਰਾਂ, ਟੈਂਕੀਆਂ ਤੇ ਮਰਨ ਵਰਤਾਂ ਰਾਹੀਂ ਆਪਣੇ ਵਧੀਆ ਭਵਿੱਖ ਦੀ ਆਸ ਲਾਈ ਬੈਠੇ ਹਨ। ਬੀਤੇ ਦਿਨੀਂ ਬਠਿੰਡਾ ਵਿਚ ਈ.ਜੀ.ਐਸ./ਏ.ਆਈ.ਈ./ਐਸ.ਟੀ.ਆਰ. ਅਧਿਆਪਕਾਂ ਵੱਲੋਂ ਨਹਿਰ ਵਿਚ ਛਾਲਾਂ ਮਾਰਨ ਦੀ ਘਟਨਾ ਨੇ ਸਰਕਾਰੀ ਨੀਤੀ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਹੈ।

ਪੰਜਾਬ ਸਰਕਾਰ ਵੱਲੋਂ ਨੌਂ ਸਾਲ ਪਹਿਲਾਂ ਸੱਤ ਹਜ਼ਾਰ ਐਜੂਕੇਸ਼ਨ ਪ੍ਰੋਵਾਈਡਰ ਭਰਤੀ ਕੀਤੇ ਗਏ ਸਨ। ਸਰਕਾਰ ਇਨ੍ਹਾਂ ਬੀ.ਏ., ਬੀ.ਐੱਡ ਤੇ ਐਮ.ਐੱਡ ਅਧਿਆਪਕਾਂ ਨੂੰ 7500 ਤੋਂ ਲੈ ਕੇ 9000 ਰੁਪਏ ਤੱਕ ਪ੍ਰਤੀ ਮਹੀਨਾ ਤਨਖਾਹ ਦੇ ਰਹੀ ਹੈ, ਜੋ ਇਕ ਰੈਗੂਲਰ ਚਪੜਾਸੀ ਤੋਂ ਵੀ ਘੱਟ ਹੈ। ਇਸੇ ਤਰ੍ਹਾਂ ਸਰਕਾਰ ਨੇ ਤਕਰੀਬਨ ਢਾਈ ਸਾਲ ਪਹਿਲਾਂ 2400 ਅਧਿਆਪਕ ਭਰਤੀ ਕੀਤੇ ਸਨ, ਜਿਨ੍ਹਾਂ ਨੂੰ ਮਹਿਜ਼ 10,300 ਰੁਪਏ ਮੁੱਢਲੀ ਤਨਖਾਹ ਦਿੱਤੀ ਜਾ ਰਹੀ ਹੈ। ਪਿਛਲੇ ਅੱਠ ਸਾਲਾਂ ਤੋਂ ਨੌਕਰੀ ਕਰ ਰਹੇ 1358 ਐਨਕਲੂਸਿਵ ਐਜੂਕੇਸ਼ਨ ਵਲੰਟੀਅਰਾਂ ਨੂੰ ਮਹਿਜ਼ 4500 ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾ ਰਹੀ ਹੈ।

ਸਰਵ ਸਿੱਖਿਆ ਅਭਿਆਨ ਤੇ ਰਮਸਾ ਅਧੀਨ ਕੰਮ ਕਰਦੇ 12000 ਅਧਿਆਪਕਾਂ ਤੇ 1475 ਦਫਤਰੀ ਮੁਲਾਜ਼ਮਾਂ ਨੂੰ ਸਿਰਫ ਮੁੱਢਲੀ ਤਨਖਾਹ ਤੇ ਡੀਏ ਮੁਹੱਈਆ ਕੀਤਾ ਜਾ ਰਿਹਾ ਹੈ ਜਦਕਿ ਮਕਾਨ ਕਿਰਾਏ ਭੱਤੇ, ਮੈਡੀਕਲ ਭੱਤੇ, ਮੋਬਾਈਲ ਭੱਤੇ ਆਦਿ ਤੋਂ ਇਸ ਵਰਗ ਨੂੰ ਵਾਂਝਾ ਰੱਖਿਆ ਜਾ ਰਿਹਾ ਹੈ।

ਨੈਸ਼ਨਲ ਰੂਰਲ ਹੈਲਥ ਮਿਸ਼ਨ ਅਧੀਨ ਕੰਮ ਕਰਦੀਆਂ 5500 ਨਰਸਾਂ, ਏ.ਐਨ.ਐਮ. ਤੇ ਕੰਪਿਊਟਰ ਆਪ੍ਰੇਟਰਾਂ ਨੂੰ 8000 ਤੋਂ 10,000 ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾ ਰਹੀ ਹੈ। ਕੇਂਦਰ ਸਰਕਾਰ ਦੇ ਸਹਿਯੋਗ ਨਾਲ ਚੱਲ ਰਹੀ ਇਸ ਸਕੀਮ ਅਧੀਨ ਇਹ ਮੁਲਾਜ਼ਮ ਪਿਛਲੇ ਸੱਤ ਸਾਲਾਂ ਤੋਂ ਵਿੱਤੀ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ।

## ਸੁਵਿਧਾ ਕੇਂਦਰਾਂ ਦੇ ਮੁਲਾਜ਼ਮ ਦੁਵਿਧਾ ਵਿਚ

ਪੰਜਾਬ ਦੇ ਲੋਕਾਂ ਨੂੰ ਸੁਵਿਧਾ ਕੇਂਦਰਾਂ ਰਾਹੀਂ ਸੁਵਿਧਾ ਦੇ ਰਹੇ 1100 ਮੁਲਾਜ਼ਮ ਖੁਦ ਲੋੜੀਂਦੀਆਂ ਸੁਵਿਧਾਵਾਂ ਤੋਂ ਵਾਂਝੇ ਹਨ। ਇਨ੍ਹਾਂ ਕੇਂਦਰਾਂ ਵਿਚ ਤਾਇਨਾਤ ਕੰਪਿਊਟਰ ਅਪਰੇਟਰਾਂ ਆਦਿ ਨੂੰ ਪਿਛਲੇ 10 ਸਾਲਾਂ ਤੋਂ 10,000 ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾ ਰਹੀ ਹੈ। ਮਿਡ ਡੇਅ ਮੀਲ ਸਕੀਮ ਅਧੀਨ ਕੰਮ ਕਰਦੇ 170 ਦਫਤਰੀ ਮੁਲਾਜ਼ਮਾਂ ਤੇ 49,872 ਕੁੱਕ ਬੀਬੀਆਂ ਨਾਲ ਵੀ ਇਹੀ ਵਰਤਾਰਾ ਚੱਲ ਰਿਹਾ ਹੈ. ਐਮ.ਸੀ.ਏ., ਐਮ.ਬੀ.ਏ., ਬੀ.ਕਾਮ ਤੇ ਐਮ.ਕਾਮ ਆਦਿ ਯੋਗਤਾ ਵਾਲੇ 170 ਮੁਲਾਜ਼ਮਾਂ ਨੂੰ 9500 ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾ ਰਹੀ ਹੈ। ਇਸੇ ਤਰ੍ਹਾਂ 49,872 ਕੁੱਕ ਬੀਬੀਆਂ ਨੂੰ 1200 ਰੁਪਏ ਪ੍ਰਤੀ ਮਹੀਨਾ ਮਿਹਨਤਾਨਾ ਦਿੱਤਾ ਜਾ ਰਿਹਾ ਹੈ ਜਦਕਿ ਗੁਆਂਢੀ ਰਾਜ ਹਰਿਆਣਾ ਵਿਚ ਇਸ ਵਰਗ ਨੂੰ 2500 ਰੁਪਏ ਮਿਹਨਤਾਨਾ ਮਿਲ ਰਿਹਾ ਹੈ। ਸੂਤਰਾਂ ਅਨੁਸਾਰ ਕੁੱਕ ਬੀਬੀਆਂ ਦਾ ਮਿਹਨਤਾਨਾ ਵਧਾਉਣ ਦਾ ਕੇਸ ਵਿੱਤ ਵਿਭਾਗ ਨੂੰ ਭੇਜਿਆ ਸੀ ਪਰ ਅਧਿਕਾਰੀਆਂ ਨੇ ਮਿਹਨਤਾਨਾ ਵਧਾਉਣ ਤੋਂ ਅਸਮਰੱਥਾ ਜ਼ਾਹਰ ਕਰ ਦਿੱਤੀ।

# ਦੇਸ਼ ਵਾਸੀਆਂ ਦੀ ਨਾਂਹ ਪਿੱਛੋਂ ਵਧੀਆਂ ਗਰੀਸ ਦੀਆਂ ਮੁਸ਼ਕਿਲਾਂ

**ਏਥਨਜ਼:** ਗਰੀਸ (ਯੂਨਾਨ) ਵਿਚ ਬੇਲਆਊਟ ਪੈਕੇਜ ਨੂੰ ਠੁਕਰਾਏ ਜਾਣ ਪਿੱਛੋਂ ਭਾਵੇਂ ਜਸ਼ਨ ਮਨਾਏ ਜਾ ਰਹੇ ਹਨ ਪਰ ਇਨ੍ਹਾਂ ਜਸ਼ਨਾਂ ਤੋਂ ਅੱਗੇ ਦਾ ਰਾਸਤਾ ਕਾਫੀ ਮੁਸ਼ਕਿਲ ਨਜ਼ਰ ਆ ਰਿਹਾ ਹੈ। ਹਾਲਾਂਕਿ ਪ੍ਰਧਾਨ ਮੰਤਰੀ ਐਲਕਸਿਸ ਸਿਪਰਾਸ ਜਿਸ ਤਰ੍ਹਾਂ ਚਾਹੁੰਦੇ ਸਨ, ਉਸੇ ਤਰ੍ਹਾਂ ਹੀ ਹੋਇਆ। ਗਰੀਸ ਦੀ ਜਨਤਾ ਨੇ 60 ਫੀਸਦੀ ਤੋਂ ਵੱਧ ਵੋਟਾਂ ਨਾਲ ਬੇਲਆਊਟ ਪੈਕੇਜ ਖਾਰਜ ਕਰ ਦਿੱਤਾ।

ਯੂਰਪੀ ਨੇਤਾਵਾਂ ਨੇ ਰਾਇਸ਼ੁਮਾਰੀ ਤੋਂ ਪਹਿਲਾਂ ਵਾਰ-ਵਾਰ ਗਰੀਸ ਦੇ ਲੋਕਾਂ ਨੂੰ ਚਿਤਾਵਨੀ ਦਿੱਤੀ ਸੀ ਕਿ ਜੇ ਇਨ੍ਹਾਂ ਦਾ ਫੈਸਲਾ 'ਨਾਂਹ' ਵਿਚ ਆਇਆ ਤਾਂ ਗਰੀਸ ਨੂੰ ਯੂਰੋ ਜ਼ੋਨ ਵਿਚੋਂ ਬਾਹਰ ਜਾਣਾ ਪਵੇਗਾ, ਪਰ ਇਸ ਚਿਤਾਵਨੀ ਦੀ ਪਰਵਾਹ ਨਾ ਤਾਂ ਗਰੀਸ ਦੀ ਜਨਤਾ ਨੇ ਕੀਤੀ ਤੇ ਨਾ ਹੀ ਸਰਕਾਰ ਨੇ। ਯੂਰੋ ਜ਼ੋਨ ਤੋਂ ਬਾਹਰ ਜਾਣ ਦਾ ਮਤਲਬ ਹੈ, ਯੂਰਪੀ ਸੰਘ ਤੋਂ ਮਿਲਣ ਵਾਲੀ ਮਦਦ ਦਾ ਰਾਸਤਾ ਬੰਦ ਹੋਣਾ, ਇਸ ਲਈ ਗਰੀਸ ਨੂੰ ਯੂਰੋ ਜ਼ੋਨ ਨਾਲ ਛੇਤੀ ਤੋਂ ਛੇਤੀ ਸਮਝੌਤਾ ਕਰਨਾ ਪਵੇਗਾ। ਰਾਇਸ਼ੁਮਾਰੀ ਤੋਂ ਬਾਅਦ ਗਰੀਸ ਸਰਕਾਰ ਬੇਲਆਊਟ ਪੈਕੇਜ ਦੀ ਸ਼ਰਤ ਨਰਮ ਕਰਵਾਉਣ ਦੇ ਲਿਹਾਜ਼ ਨਾਲ ਬਿਹਤਰ ਸਥਿਤੀ ਵਿਚ ਹੋ ਸਕਦੀ ਹੈ।

ਗਰੀਸ ਦੀ ਰਾਇਸ਼ੁਮਾਰੀ ਵਿਚ 62.5 ਫ਼ੀਸਦੀ ਲੋਕਾਂ ਨੇ ਵੋਟ ਦਿੱਤੀ, ਜਿਨ੍ਹਾਂ ਵਿਚੋਂ 61.31 ਫ਼ੀਸਦੀ ਵੋਟਾਂ ਨੇ 'ਨਾਂਹ' ਤੇ 38.69 ਫ਼ੀਸਦੀ ਲੋਕਾਂ ਨੇ 'ਹਾਂ' ਦੇ ਪੱਖ ਵਿਚ ਵੋਟ ਕੀਤਾ। ਯੂਰੋ ਖੇਤਰ ਦੇ ਵਿੱਤ ਮੰਤਰੀਆਂ ਦੇ ਸਮੂਹ, ਭਾਵ ਯੂਰੋ ਗਰੁੱਪ ਦੇ ਮੁਖੀ ਜੇਰੋਨ ਦਿਜਲੇਸਬਲੋਏਮ ਨੇ ਰਾਇਸ਼ੁਮਾਰੀ ਦੇ ਨਤੀਜੇ ਨੂੰ ਗਰੀਸ ਦੇ ਭਵਿੱਖ ਲਈ ਬਹੁਤ ਅਫਸੋਸਜਨਕ ਦੱਸਿਆ। ਲੋਕਾਂ ਦੇ ਇਸ ਫੈਸਲੇ ਪਿੱਛੋਂ ਵਿੱਤ ਮੰਤਰੀ ਯਾਨਿਸ ਵਰੂਫਾਕਿਸ ਨੇ ਅਸਤੀਫ਼ਾ ਦੇ ਦਿੱਤਾ। ਰਾਇਸ਼ੁਮਾਰੀ ਨੂੰ ਗਰੀਸ ਦੇ ਪ੍ਰਧਾਨ ਮੰਤਰੀ ਸਿਪਰਾਸ ਲਈ ਵੱਡੀ ਜਿੱਤ ਵਜੋਂ ਵੇਖਿਆ ਜਾ ਰਿਹਾ ਹੈ। ਵਿੱਤ ਮੰਤਰੀ ਦੇ ਅਸਤੀਫ਼ਾ ਦੇਣ ਦਾ ਇਹ ਹੈਰਾਨ ਕਰਨ ਵਾਲਾ ਐਲਾਨ ਅਜਿਹੇ ਸਮੇਂ ਆਇਆ ਹੈ ਜਦੋਂ ਯੂਰਪੀ ਸੰਘ ਦੇ ਆਗੂ ਰਾਇਸ਼ੁਮਾਰੀ ਉਤੇ ਆਪਣੀ ਪ੍ਰਤੀਕਿਰਿਆ ਦੀ ਤਿਆਰੀ ਕਰ ਰਹੇ ਹਨ। ਗਰੀਸ ਦੇ ਜ਼ਿਆਦਾਤਰ ਵੋਟਰਾਂ ਨੇ ਇਸ ਇਤਿਹਾਸਕ ਰਾਇਸ਼ੁਮਾਰੀ ਵਿਚ ਰਾਹਤ ਪੈਕੇਜ ਤੇ ਬਚਤ ਦੇ ਕਦਮਾਂ ਵਿਰੁਧ ਜਾਂਦਿਆਂ 'ਨਾਂਹ' ਦਾ ਬਦਲ ਚੁਣਿਆ। ਇਸ ਰਾਇਸ਼ੁਮਾਰੀ ਕਾਰਨ ਗਰੀਸ ਨੂੰ ਯੂਰੋ ਖੇਤਰ ਤੋਂ ਨਿਕਲਣਾ ਪੈ ਸਕਦਾ ਹੈ। ਬੀਤੇ ਕੁਝ ਮਹੀਨਿਆਂ ਵਿਚ ਰਾਹਤ ਪੈਕੇਜ ਬਾਬਤ ਗੱਲਬਾਤ ਵਿਚ ਅਕਸਰ ਵਾਰਤਾਕਾਰਾਂ ਨਾਲ ਉਲਝਣ ਵਾਲੇ ਵਰੂਫਾਕਿਸ ਨੇ ਆਪਣੇ ਬਲਾਗ ਉਤੇ ਲਿਖਿਆ ਹੈ ਕਿ ਰਾਇਸ਼ੁਮਾਰੀ ਦੇ ਨਤੀਜਿਆਂ ਤੋਂ ਤੁਰਤ ਬਾਅਦ ਮੈਨੂੰ ਪਤਾ ਲੱਗਿਆ ਕਿ ਯੂਰੋ ਗਰੁੱਪ ਦੇ ਕੁਝ ਹਿੱਸੇਦਾਰ ਨਹੀਂ ਚਾਹੁੰਦੇ ਸਨ ਕਿ ਮੈਂ ਇਸ ਦੀਆਂ ਬੈਠਕਾਂ ਵਿਚ ਰਹਾਂ। ਉਨ੍ਹਾਂ ਦੇ ਅਸਤੀਫ਼ੇ ਮਗਰੋਂ ਯੂਰੋ ਵਿਚ ਤੇਜ਼ੀ ਵੇਖਣ ਨੂੰ ਮਿਲੀ ਤੇ ਇਹ ਉਮੀਦ ਫਿਰ ਬੱਝੀ ਹੈ ਕਿ ਈ.ਸੀ.ਬੀ. (ਯੂਰਪੀ ਕੇਂਦਰੀ ਬੈਂਕ), ਈ.ਸੀ. (ਯੂਰਪੀ ਕਮਿਸ਼ਨ) ਤੇ ਆਈ.ਐਮ.ਐਫ਼. (ਕੌਮਾਂਤਰੀ ਮੁਦਰਾ ਕੋਸ਼) ਵਰਗੇ ਕਰਜ਼ਦਾਤਾਵਾਂ ਨੂੰ ਇਕ ਵਾਰੀ ਫਿਰ ਗੱਲਬਾਤ ਦੀ ਮੇਜ਼ ਉਤੇ ਲਿਆਂਦਾ ਜਾ ਸਕੇਗਾ, ਭਾਵੇਂ ਗਰੀਸ ਦੀ ਜਨਤਾ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਖਾਰਜ ਕਰ ਦਿੱਤਾ ਹੋਵੇ। ਸੂਤਰਾਂ ਅਨੁਸਾਰ ਯੂਰਪੀ ਕਮਿਸ਼ਨ ਦੇ ਪ੍ਰਮੁੱਖ ਜਸਾਂ ਕਲਾਉਦ ਜੰਕਰ ਨੇ ਯੂਰਪੀ ਕੇਂਦਰੀ ਬੈਂਕ ਦੇ ਮੁਖੀ ਮਾਰਿਓ ਦਰਾਘੀ ਤੇ ਯੂਰੋ ਗਰੁੱਪ ਦੇ ਮੁਖੀ ਜੇਰੋਇਨ ਦਿਜਸੇਲਬਲੋਇਮ ਨਾਲ ਫ਼ੋਨ ਉਤੇ ਗੱਲ ਕੀਤੀ ਹੈ। ਇਸ ਦੌਰਾਨ ਜਰਮਨੀ ਤੇ ਫਰਾਂਸ ਦੇ ਵਿੱਤ ਮੰਤਰੀਆਂ ਦੀ ਬੈਠਕ ਵਾਰਸਾ 'ਚ ਹੋਣ ਵਾਲੀ ਹੈ, ਜਦਕਿ ਮੁੱਖ ਵਿੱਤੀ ਅਧਿਕਾਰੀਆਂ ਦੇ ਯੂਰੋ ਕਾਰਜ ਸਮੂਹ ਦੀ ਬੈਠਕ ਬ੍ਰੱਸਲਜ਼ ਵਿਖੇ ਹੋਵੇਗੀ।

ਜ਼ਿਕਰਯੋਗ ਹੈ ਕਿ ਗਰੀਸ ਉਪਰ 11 ਲੱਖ ਕਰੋੜ ਤੋਂ ਵੱਧ ਕਰਜ਼ਾ ਹੈ। ਕੌਮਾਂਤਰੀ ਰਾਹਤ ਪੈਕੇਜ ਤਹਿਤ ਇਸ ਨੂੰ ਤਕਰੀਬਨ 240 ਅਰਬ ਯੂਰੋ ਮਿਲੇ ਸਨ ਤੇ ਇਸ ਕਰਜ਼ੇ ਦਾ ਸਮਾਂ ਪਿਛਲੇ ਹਫ਼ਤੇ ਖ਼ਤਮ ਹੋ ਗਿਆ। ਇਸੇ ਦਿਨ ਗਰੀਸ, ਆਈ.ਐਮ.ਐਫ਼. ਨੂੰ ਕਰਜ਼ਾ ਚੁਕਾਉਣ ਤੋਂ ਖੁੰਝ ਗਿਆ ਸੀ ਤੇ ਇਸ ਸਥਿਤੀ ਵਿਚ ਪੈਣ ਵਾਲਾ ਉਹ ਅਜਿਹਾ ਪਹਿਲਾ ਵਿਕਸਤ ਦੇਸ਼ ਹੋ ਗਿਆ।

ਯਾਦ ਰਹੇ, 1999 ਵਿਚ ਆਏ ਭੂਚਾਲ ਪਿੱਛੋਂ ਗਰੀਸ ਮੁੜ ਨਹੀਂ ਉੱਠ ਸਕਿਆ ਜਿਸ ਵਿਚ ਦੇਸ਼ ਦਾ ਜ਼ਿਆਦਾਤਰ ਹਿੱਸਾ ਤਬਾਹ ਹੋ ਗਿਆ ਸੀ। 2001 ਵਿਚ ਗਰੀਸ ਯੂਰੋ ਜ਼ੋਨ ਨਾਲ ਜੁੜ ਗਿਆ। ਇਸ ਨੂੰ ਉਮੀਦ ਸੀ ਕਿ ਯੂਰੋ ਜ਼ੋਨ ਤੋਂ ਉਸ ਨੂੰ ਆਸਾਨੀ ਨਾਲ ਲੋਨ ਮਿਲ ਜਾਵੇਗਾ। ਇਸੇ ਉਮੀਦ ਨਾਲ 2004 ਵਿਚ ਗਰੀਸ ਨੇ ਉਲੰਪਿਕ ਖੇਡਾਂ ਵਿਚ ਬੇਹੱਦ ਪੈਸਾ ਖਰਚ ਕਰ ਦਿੱਤਾ।



*ਦਲ ਖਾਲਸਾ ਦੇ ਪ੍ਰਧਾਨ ਸ. ਹਰਚਰਨਜੀਤ ਸਿੰਘ ਧਾਮੀ, ਜੋ 19 ਜੁਲਾਈ ਤੱਕ ਅਮਰੀਕਾ ਦੌਰੇ 'ਤੇ ਆਏ ਹੋਏ ਹਨ। ਸ. ਧਾਮੀ ਨਾਲ ਸੰਪਰਕ ਫੋਨ 1-646-404-3118 ਰਾਹੀਂ ਕੀਤਾ ਜਾ ਸਕਦਾ ਹੈ।*



*ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਮੈਂਬਰ ਪਾਰਲੀਮੈਂਟ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਗੁਰਦੁਆਰਾ ਸੈਨ ਹੋਜ਼ੇ ਪਹੁੰਚੇ ਅਤੇ ਉਨ੍ਹਾਂ ਸੈਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲਖਾਨੇ ਦੇ ਅਧਿਕਾਰੀਆਂ ਨਾਲ ਪਾਸਪੋਰਟ, ਵੀਜ਼ਾ ਅਤੇ ਮੁਖਤਿਆਰਨਾਮਾ ਲੈਣ ਲਈ ਆ ਰਹੀਆਂ ਸਮੱਸਿਆਵਾਂ ਬਾਰੇ ਵੀ ਵਿਸ਼ੇਸ਼ ਮੀਟਿੰਗ ਕੀਤੀ। ਉਨ੍ਹਾਂ ਸੀਨੀਅਰ ਅਕਾਲੀ ਆਗੂ ਕੁਲਵੰਤ ਸਿੰਘ ਖਹਿਰਾ ਦੇ ਘਰ ਦੁਪਹਿਰ ਦਾ ਖਾਣਾ ਖਾਧਾ ਅਤੇ ਅਕਾਲੀ ਆਗੂਆਂ ਨਾਲ ਮੀਟਿੰਗ ਕੀਤੀ। ਸੰਸਦੀ ਸਕੱਤਰ ਅਤੇ ਵਿਧਾਇਕ ਬੀਬੀ ਮਹਿੰਦਰ ਕੌਰ ਜੋਸ਼ ਵੀ ਉਨ੍ਹਾਂ ਨਾਲ ਹਾਜ਼ਰ ਸਨ। ਤਸਵੀਰ ਵਿਚ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਪ੍ਰੋ. ਚੰਦੂਮਾਜਰਾ ਦਾ ਸਨਮਾਨ ਕਰਦੀ ਹੋਈ।*

# ਸਿੱਖ ਗੁਰਦੁਆਰਾ, ਸੈਨ ਹੋਜ਼ੇ

ਸਤਿਕਾਰਯੋਗ ਸਾਧ ਸੰਗਤ ਜੀ
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਿੱਖ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੀ ਤਾਰੀਖ ਅਦਾਲਤੀ ਹੁਕਮਾਂ ਅਧੀਨ 30 ਅਗਸਤ ਮਿਥ ਦਿੱਤੀ ਗਈ ਹੈ। ਇਹ ਚੋਣਾਂ ਅਦਾਲਤ ਵਲੋਂ ਨਿਯੁਕਤ ਕੀਤੀ ਗਈ ਇਲੈਕਸ਼ਨ ਕਮੇਟੀ ਦੀ ਨਿਗਰਾਨੀ ਹੇਠ ਹੋਣਗੀਆਂ। ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਉਮੀਦਵਾਰਾਂ ਵਲੋਂ ਨਾਮਜ਼ਦਗੀਆਂ 15 ਜੁਲਾਈ 2015 ਤੱਕ ਭਰੀਆਂ ਜਾ ਸਕਦੀਆਂ ਹਨ। ਇਲੈਕਸ਼ਨ ਕਮੇਟੀ ਵਲੋਂ ਨਾਮਜ਼ਦਗੀਆਂ ਲੈਣ ਲਈ ਨਿਰਧਾਰਤ ਦਿਨ ਅਤੇ ਸਮੇਂ ਦਾ ਵੇਰਵਾ ਇਸ ਤਰ੍ਹਾਂ ਹੈ:

8 ਜੁਲਾਈ ਬੁੱਧਵਾਰ ਸ਼ਾਮ 6 ਤੋਂ 8 ਵਜੇ ਤੱਕ
12 ਜੁਲਾਈ ਐਤਵਾਰ ਦੁਪਹਿਰ 12 ਤੋਂ 2 ਵਜੇ ਤੱਕ
15 ਜੁਲਾਈ ਬੁੱਧਵਾਰ ਸ਼ਾਮ 6 ਤੋਂ 8 ਵਜੇ ਤੱਕ



ਉਮੀਦਵਾਰਾਂ ਵਲੋਂ ਅਰਜੀਆਂ ਇਲੈਕਸ਼ਨ ਕਮੇਟੀ ਨੂੰ ਖ਼ਾਲਸਾ ਸਕੂਲ ਦੇ ਕਮਰਾ ਨੰਬਰ 166 ਵਿਚ ਖੁਦ ਹਾਜਰ ਹੋ ਕੇ ਦਿੱਤੀਆਂ ਜਾ ਸਕਦੀਆਂ ਹਨ।

ਨਾਮਜ਼ਦਗੀ ਫਾਰਮ ਗੁਰਦੁਆਰਾ ਸਾਹਿਬ ਦੀ ਵੈਬਸਾਈਟ ਤੋਂ ਜਾਂ ਇਲੈਕਸ਼ਨ ਕਮੇਟੀ ਨਾਲ ਸੰਪਰਕ ਕਰਕੇ ਪ੍ਰਾਪਤ ਕੀਤੇ ਜਾ ਸਕਦੇ ਹਨ।

ਹੋਰ ਜਾਣਕਾਰੀ ਲਈ ਇਲੈਕਸ਼ਨ ਕਮੇਟੀ ਨਾਲ ਸੰਪਰਕ ਫੋਨ ਨੰਬਰ 408-320-8265 ਰਾਹੀਂ ਜਾਂ ਈ ਮੇਲ electioncommittee@gmail.com ਰਾਹੀਂ ਕੀਤਾ ਜਾ ਸਕਦਾ ਹੈ।

Respected Sadh Sangat Ji,
Waheguru Ji Ka Khalsa
Waheguru Ji Ki Fateh

Under directions of the court order, Sunday August 30, 2015 has been declared as the election day for Prabandhak Committee of Sikh Gurdwara San Jose, CA.

These elections will be held under the supervision of the election committee appointed by the court. Election Committee is to inform the Sangat that nominations of the candidates for Prabandhak Committee will be accepted until July 15, 2015 Prospective candidates can obtain the nomination forms from the Website of the Gurdwara, information desk or by contacting the Election Committee. Completed nomination forms must be submitted in person to Election Committee at Sikh Gurdwara San Jose at Room 166 of Khalsa School as follows:

July 8th 6 to 8 pm, July 12th 12 to 2 pm
and July 15th, 2015 from 6 to 8 pm

For additional information or questions please contact Election Committee at electioncommittee@gmail.com or phone 408-320-8265

**THIS AD IS APPROVED BY ELECTION COMMITTEE**

Advt.

# ਸਿੱਖ ਗੁਰਦੁਆਰਾ ਸੈਨ ਹੋਜ਼ੇ, ਕੈਲੀਫੋਰਨੀਆ

**3636 Murillo Ave., San Jose, CA**

ੴ ਸਤਿਗੁਰ ਪ੍ਰਸਾਦਿ॥

## ਸਰਬ ਰੋਗ ਕਾ ਅਉਖਦੁ ਨਾਮੁ ਮਿਸ਼ਨ, ਚੰਡੀਗੜ੍ਹ

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥ ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥



*ਸ. ਹਰਦਿਆਲ ਸਿੰਘ ਜੀ*
*(ਸੇਵਾ ਮੁਕਤ ਆਈ ਏ ਐਸ)*

## ਰੋਗ ਨਿਵਾਰਨ ਕੈਂਪ

### 9 ਜੁਲਾਈ ਤੋਂ 12 ਜੁਲਾਈ 2015 ਤੱਕ

**ਸਮਾਂ: ਬਾਅਦ ਦੁਪਹਿਰ 2 ਵਜੇ ਤੋਂ ਰਾਤ 8 ਵਜੇ ਤੱਕ**

ਕੈਂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਅੰਦਰ ਸੰਗਤੀ ਰੂਪ ਵਿਚ ਪਾਠ ਸ੍ਰੀ ਸੁਖਮਨੀ ਸਾਹਿਬ, ਰੋਗ ਨਵਿਰਤੀ ਸ਼ਬਦ ਜਾਪ, ਨਾਮ ਜਾਪ ਅਤੇ ਗੁਰਮਤਿ ਵਿਚਾਰਾਂ ਦੇ ਨਾਲ ਨਾਲ ਰੋਗਾਂ ਦੇ ਮੂਲ ਕਾਰਨਾਂ ਉਤੇ ਵਿਚਾਰ ਵੀ ਹੁੰਦੀ ਹੈ। ਸਤਿਗੁਰੂ ਪਾਤਸ਼ਾਹ ਜੀ ਦੀ ਮਿਹਰ ਸਦਕਾ ਅਧਿਆਤਮਕ ਮਾਰਗ ਦੀ ਵਡਮੁੱਲੀ ਬਖਸ਼ਿਸ਼ ਪ੍ਰਾਪਤ ਗੁਰਮੁਖ ਸ. ਹਰਦਿਆਲ ਸਿੰਘ ਜੀ (ਸੇਵਾ ਮੁਕਤ ਆਈ ਏ ਐਸ) ਦੀ ਪ੍ਰੇਰਣਾ ਸਦਕਾ 1983 ਤੋਂ ਭਾਰਤ ਅਤੇ 1995 ਤੋਂ ਵਿਦੇਸ਼ਾਂ ਵਿਚ ਲੱਗਦੇ ਕੈਂਪਾਂ ਵਿਚ ਹਾਜ਼ਰੀ ਭਰ ਕੇ ਹੁਣ ਤੱਕ ਅਨੇਕਾਂ ਪ੍ਰਾਣੀ ਸਾਧ/ਅਸਾਧ ਰੋਗਾਂ ਤੋਂ ਰਾਹਤ ਪ੍ਰਾਪਤ ਕਰ ਚੁਕੇ ਹਨ।

ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਕੈਂਪ ਵਿਚ ਹਾਜ਼ਰੀ ਭਰ ਕੇ ਦੁੱਖਾਂ/ਰੋਗਾਂ ਤੋਂ ਰਾਹਤ ਅਤੇ ਨਾਮ/ਗੁਰਬਾਣੀ ਦੀ ਸੋਝੀ ਪ੍ਰਾਪਤ ਕਰਨ ਦੇ ਅਮੁੱਲ ਅਵਸਰ ਦਾ ਲਾਹਾ ਪ੍ਰਾਪਤ ਕਰੋ ਜੀ। ਕੈਂਪ ਵਿਚ ਸ. ਹਰਦਿਆਲ ਸਿੰਘ ਦੇ ਭਰਾ ਡਾ. ਬਲਵੰਤ ਸਿੰਘ ਕੈਨੇਡਾ ਸੇਵਾਦਾਰਾਂ ਦੀ ਟੀਮ ਵਿਚ ਸ਼ਾਮਲ ਹੋਣਗੇ।

*ਨੋਟ: ਮਿਸ਼ਨ ਵਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਦਵਾਈ ਸਬੰਧੀ ਕੋਈ ਵੀ ਫੈਸਲਾ ਵੀਰ-ਭੈਣ ਕੇਵਲ ਆਪਣੇ ਡਾਕਟਰ ਦੀ ਸਲਾਹ ਨਾਲ ਹੀ ਕਰਨ।*

**ਹੋਰ ਜਾਣਕਾਰੀ ਲਈ ਸੰਪਰਕ ਕਰੋ ਫੋਨ: 408-623-4977, 606-464-1818 ਜਾਂ 408-394-3595**

E-mail: info@gurbanihealing.com or www.gurbanihealing.com

**Punjab Times**
Established in 2000
16th Year in Publication
Published every Saturday
by A B Publication Inc.
20451 N Plum Grove Rd.
Palatine, IL 60074-2018
Ph:847-359-0746
Fax:847-705-9388
Email:punjabtimes1@gmail.com
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵਿਆਪਮ ਘੁਟਾਲੇ ਦਾ ਰਹੱਸ ਹੋਇਆ ਹੋਰ ਡੂੰਘਾ

**ਨਵੀਂ ਦਿੱਲੀ:** ਮੱਧ ਪ੍ਰਦੇਸ਼ ਦੇ ਵਿਆਪਮ ਘੁਟਾਲੇ ਦਾ ਰਹੱਸ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ। ਇਸ ਘੁਟਾਲੇ ਦੇ ਮਾਮਲੇ ਵਿਚ ਫਰਜ਼ੀ ਪ੍ਰੀਖਿਆਰਥੀਆਂ ਬਾਰੇ ਜਾਂਚ ਕਰ ਰਹੇ ਜਬਲਪੁਰ ਮੈਡੀਕਲ ਕਾਲਜ ਦੇ ਡੀਨ ਡਾ. ਅਰੁਣ ਸ਼ਰਮਾ, ਖੋਜੀ ਪੱਤਰਕਾਰ ਅਕਸ਼ੈ ਸਿੰਘ ਅਤੇ ਇਕ ਟਰੇਨੀ ਪੁਲਿਸ ਇੰਸਪੈਕਟਰ ਦੀਆਂ ਭੇਤਭਰੀ ਹਾਲਤ ਵਿਚ ਹੋਈਆਂ ਮੌਤਾਂ ਨੇ ਇਸ ਮਾਮਲੇ ਨੂੰ ਬੇਹੱਦ ਸ਼ੱਕੀ ਬਣਾ ਦਿੱਤਾ ਹੈ। ਵਧ ਰਹੇ ਵਿਰੋਧ ਨੂੰ ਦੇਖਦੇ ਹੋਏ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਮਾਮਲੇ ਦੀ ਸੀ.ਬੀ.ਆਈ ਤੋਂ ਜਾਂਚ ਕਰਵਾਉਣ ਲਈ ਹਾਈਕੋਰਟ ਵਿਚ ਪਟੀਸ਼ਨ ਪਾ ਦਿੱਤੀ ਹੈ ਪਰ ਕਾਂਗਰਸ ਨੇ ਚੌਹਾਨ ਸਰਕਾਰ ਦੇ ਫੈਸਲੇ ਨੂੰ ਅੱਖਾਂ ਪੂੰਝਣ ਵਾਲਾ ਕਰਾਰ ਦਿੰਦਿਆਂ ਮੰਗ ਕੀਤੀ ਹੈ ਕਿ ਜਦੋਂ ਤੱਕ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਸੀ.ਬੀ.ਆਈ. ਜਾਂਚ ਨਹੀਂ ਕਰਦੀ, ਉਦੋਂ ਤੱਕ ਇਸ ਦੇ ਨਿਰਪੱਖ ਹੋਣ ਦੀ ਸੰਭਾਵਨਾ ਨਹੀਂ ਹੈ।

ਘੁਟਾਲੇ ਨਾਲ ਸਬੰਧਤ ਹੁਣ ਤੱਕ ਤਕਰੀਬਨ 45 ਤੋਂ ਵੱਧ ਵਿਅਕਤੀਆਂ ਦੀਆਂ ਗੈਰ-ਕੁਦਰਤੀ ਢੰਗ ਨਾਲ ਮੌਤਾਂ ਹੋ ਚੁੱਕੀਆਂ ਹਨ ਜਿਨ੍ਹਾਂ ਵਿਚ ਮੱਧ ਪ੍ਰਦੇਸ਼ ਦੇ ਰਾਜਪਾਲ ਰਾਮ ਨਰੇਸ਼ ਯਾਦਵ ਦੇ ਬੇਟੇ ਅਤੇ ਇਕ ਹੋਰ ਡੀਨ ਵੀ ਸ਼ਾਮਲ ਹਨ। ਘੁਟਾਲੇ ਵਿਚ ਤਕਰੀਬਨ 2500 ਵਿਅਕਤੀਆਂ ਦੀ ਸ਼ਮੂਲੀਅਤ ਮੰਨੀ ਜਾ ਰਹੀ ਹੈ ਜਿਨ੍ਹਾਂ ਵਿਚੋਂ 2000 ਦੇ ਕਰੀਬ ਜੇਲ੍ਹਾਂ ਵਿਚ ਹਨ। ਕਾਂਗਰਸ ਵੱਲੋਂ ਇਸ ਘੁਟਾਲੇ ਵਿਚ ਮੱਧ ਪ੍ਰਦੇਸ਼ ਦੇ ਰਾਜਪਾਲ ਰਾਮ ਨਰੇਸ਼ ਯਾਦਵ, ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਤੇ ਉਨ੍ਹਾਂ ਦੀ ਪਤਨੀ ਸਮੇਤ ਹੋਰ ਕਈ ਸਿਆਸੀ ਤੇ ਪ੍ਰਸ਼ਾਸਕੀ ਵਿਅਕਤੀਆਂ ਦੇ ਸ਼ਾਮਲ ਹੋਣ ਦੇ ਦੋਸ਼ ਲਗਾਏ ਜਾ ਰਹੇ ਹਨ।




ਵਿਆਪਮ ਮੱਧ ਪ੍ਰਦੇਸ਼ ਸਰਕਾਰ ਦੇ ਵਿਵਸਾਇਕ ਪ੍ਰੀਖਿਆ ਮੰਡਲ ਦਾ ਨਾਂ ਹੈ ਜਿਹੜਾ ਸੂਬੇ ਦੇ ਮੈਡੀਕਲ, ਡੈਂਟਲ ਤੇ ਇੰਜਨੀਅਰਿੰਗ ਕਾਲਜਾਂ ਦੇ ਦਾਖਲਾ ਟੈਸਟਾਂ ਤੋਂ ਇਲਾਵਾ ਪੁਲਿਸ ਅਧਿਆਪਕਾਂ ਤੇ ਬੈਂਕ ਕਰਮਚਾਰੀਆਂ ਆਦਿ ਦੀ ਭਰਤੀ ਲਈ ਇਮਤਿਹਾਨ ਕਰਵਾਉਂਦਾ ਹੈ। ਵਿਆਪਮ ਵੱਲੋਂ 2008 ਤੋਂ 2013 ਤੱਕ ਤਕਰੀਬਨ 39 ਲੱਖ ਵਿਦਿਆਰਥੀਆਂ ਤੇ ਨੌਕਰੀਆਂ ਦੇ ਚਾਹਵਾਨ ਵਿਅਕਤੀਆਂ ਦਾ ਟੈਸਟ ਲਿਆ ਗਿਆ ਜਿਸ ਵਿਚ 2000 ਕਰੋੜ ਤੋਂ ਵੱਧ ਦਾ ਘੁਟਾਲਾ ਹੋਇਆ ਦੱਸਿਆ ਜਾਂਦਾ ਹੈ।

ਇਸ ਮੰਡਲ ਦੇ ਮੈਂਬਰ ਤੇ ਅਧਿਕਾਰੀ ਸਿਆਸੀ ਨੇਤਾ ਤੇ ਸੂਬੇ ਦੀ ਉੱਚ ਅਫ਼ਸਰਸ਼ਾਹੀ ਦੀ ਮਿਲੀਭੁਗਤ ਨਾਲ ਲਗਾਤਾਰ ਛੇ ਸਾਲ ਇੰਨੇ ਵੱਡੇ ਘੁਟਾਲੇ ਨੂੰ ਅੰਜਾਮ ਦਿੰਦੇ ਰਹੇ। ਇਸ ਘੁਟਾਲੇ ਦੇ ਬੇਪਰਦ ਹੋ ਜਾਣ ਨਾਲ 2007 ਤੋਂ ਲੈ ਕੇ 2013 ਤੱਕ ਦੇ ਵਿਆਪਮ ਟੈਸਟਾਂ ਰਾਹੀਂ ਵੱਖ-ਵੱਖ ਕੋਰਸਾਂ ਵਿਚ ਦਾਖਲ ਹੋਏ ਵਿਦਿਆਰਥੀਆਂ ਤੇ ਨੌਕਰੀ ਪ੍ਰਾਪਤ ਕਰ ਚੁੱਕੇ ਵਿਅਕਤੀਆਂ ਦੇ ਭਵਿੱਖ ਉਤੇ ਵੀ ਪ੍ਰਸ਼ਨ ਚਿੰਨ ਲੱਗ ਗਿਆ ਹੈ। ਇੰਨੇ ਵੱਡੇ ਸਕੈਂਡਲ ਦੀ ਜਾਂਚ ਟੀਮ ਵੱਲੋਂ ਹਾਲੇ ਤੱਕ ਕੋਈ ਵਿਸ਼ੇਸ਼ ਖੁਲਾਸਾ ਨਾ ਕਰ ਸਕਣ ਨੇ ਜਾਂਚ ਏਜੰਸੀ ਤੇ ਮੱਧ ਪ੍ਰਦੇਸ਼ ਸਰਕਾਰ ਦੀ ਭਰੋਸੇਯੋਗਤਾ ਉਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਕਾਂਗਰਸ ਸਮੇਤ ਵਿਰੋਧੀ ਪਾਰਟੀਆਂ ਸਰਕਾਰ ਉਤੇ ਜਾਂਚ ਨੂੰ ਪ੍ਰਭਾਵਿਤ ਕਰਨ ਦੇ ਦੋਸ਼ ਲਗਾ ਰਹੀਆਂ ਹਨ। ਫਰਵਰੀ ਮਹੀਨੇ ਕਾਂਗਰਸ ਵੱਲੋਂ ਇਸ ਕੇਸ ਨਾਲ ਸਬੰਧਤ ਕੁਝ ਕੰਪਿਊਟਰੀਕ੍ਰਿਤ ਜਾਣਕਾਰੀਆਂ ਜਨਤਕ ਕੀਤੀਆਂ ਗਈਆਂ ਸਨ ਜਿਨ੍ਹਾਂ ਦਾ ਮਨੋਰਥ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਤੇ ਉਨ੍ਹਾਂ ਦੀ ਪਤਨੀ, ਰਾਜਪਾਲ ਰਾਮ ਨਰੇਸ਼ ਯਾਦਵ ਤੇ ਉਮਾ ਭਾਰਤੀ ਸਮੇਤ ਕਈ ਭਾਜਪਾ ਨੇਤਾਵਾਂ ਦੀ ਵੀ ਇਸ ਘੁਟਾਲੇ ਵਿਚ ਮਿਲੀਭੁਗਤ ਨੂੰ ਜੱਗ ਜ਼ਾਹਿਰ ਕਰਨਾ ਸੀ। ਮਾਮਲੇ ਦੀ ਅਹਿਮੀਅਤ ਨੂੰ ਸਮਝਦਿਆਂ ਦਿੱਲੀ ਹਾਈਕੋਰਟ ਨੇ ਇਹ ਜਾਣਕਾਰੀਆਂ ਦੇਣ ਵਾਲੇ ਇੰਦੌਰ ਦੇ ਤਕਨੀਕੀ ਮਾਹਿਰ ਨੂੰ ਸੁਰੱਖਿਆ ਛਤਰੀ ਮੁਹੱਈਆ ਕਰਵਾਈ ਹੈ।

## ਸਰਕਾਰ ਦੀ ਬੇਰੁਖ਼ੀ ਕਾਰਨ ਖੇਤੀ ਸਕੀਮਾਂ ਲੀਹੋਂ ਲੱਥੀਆਂ

**ਚੰਡੀਗੜ੍ਹ:** ਪੰਜਾਬ ਦੀ ਖੇਤੀ ਨੂੰ ਕੇਂਦਰ ਅਤੇ ਰਾਜ ਸਰਕਾਰ ਵੱਲੋਂ ਵਿੱਤੀ ਸਹਾਰਾ ਨਾ ਦਿੱਤੇ ਜਾਣ ਕਾਰਨ ਖੇਤੀ ਵਿਭਿੰਨਤਾ ਸਮੇਤ ਹੋਰ ਖੇਤੀ ਸਕੀਮਾਂ ਲੀਹੋਂ ਲਹਿਣ ਲੱਗੀਆਂ ਹਨ। ਚਲੰਤ ਮਾਲੀ ਸਾਲ ਦੌਰਾਨ ਕੇਂਦਰ ਸਰਕਾਰ ਵੱਲੋਂ ਖੇਤੀ ਯੋਜਨਾਵਾਂ ਵਿਚ ਵੱਡਾ ਕੱਟ ਲਾਉਣ ਤੋਂ ਬਾਅਦ ਖੇਤੀ ਖੇਤਰ ਨੂੰ ਵੱਡਾ ਝਟਕਾ ਦਿੱਤਾ ਗਿਆ ਸੀ। ਇਸੇ ਦੌਰਾਨ ਰਾਜ ਸਰਕਾਰ ਵੀ ਅਜੇ ਤੱਕ ਆਪਣੇ ਹਿੱਸੇ ਦੀ ਪੂੰਜੀ ਦਾ ਪ੍ਰਬੰਧ ਕਰਨ ਵਿਚ ਕਾਮਯਾਬ ਨਹੀਂ ਹੋ ਸਕੀ। ਯਾਦ ਰਹੇ ਕਿ ਖੇਤੀ ਵਿਭਿੰਨਤਾ ਲਈ ਕੇਂਦਰ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਪਿਛਲੇ ਸਾਲ ਦੌਰਾਨ ਮਿਲੇ 500 ਕਰੋੜ ਰੁਪਏ ਦੇ ਮੁਕਾਬਲੇ 165 ਕਰੋੜ ਰੁਪਏ ਰਹਿ ਗਈ ਹੈ। ਖੇਤੀ ਵਿਭਿੰਨਤਾ ਲਈ ਵੀ 75 ਕਰੋੜ ਰੁਪਏ ਦੀ ਸਹਾਇਤਾ ਮਿਲਣੀ ਹੈ ਜਦੋਂ ਕਿ ਲੰਘੇ ਵਿੱਤੀ ਵਰ੍ਹੇ ਦੌਰਾਨ 250 ਕਰੋੜ ਰੁਪਏ ਪ੍ਰਾਪਤ ਹੋਏ ਸਨ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਕੇਂਦਰ ਸਰਕਾਰ ਵੱਲੋਂ ਕੀਤੀ ਕਟੌਤੀ ਅਤੇ ਰਾਜ ਸਰਕਾਰ ਦੀ ਬੇਰੁਖੀ ਕਾਰਨ ਖੇਤੀ ਯੋਜਨਾਵਾਂ ਖੂੰਜੇ ਲੱਗ ਗਈਆਂ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਖੇਤੀ ਸਕੀਮਾਂ ਲਈ ਰਾਜ ਸਰਕਾਰ ਦੇ ਹਿੱਸੇ ਵਾਲੀ 165 ਕਰੋੜ ਰੁਪਏ ਦੀ ਰਾਸ਼ੀ ਦਾ ਪ੍ਰਬੰਧ ਕਰਨ ਲਈ ਅਧਿਕਾਰੀਆਂ ਦੀ ਕਮੇਟੀ ਬਣਾਈ ਸੀ। ਚਲੰਤ ਵਿੱਤੀ ਸਾਲ ਦੇ ਤਿੰਨ ਮਹੀਨੇ ਲੰਘ ਗਏ ਹਨ। ਅਧਿਕਾਰੀਆਂ ਨੇ ਹਾਲੇ ਤੱਕ ਮੀਟਿੰਗ ਕਰਕੇ ਪੈਸਾ ਜੁਟਾਉਣ ਬਾਰੇ ਵਿਚਾਰ ਨਹੀਂ ਕੀਤਾ। ਕੇਂਦਰ ਸਰਕਾਰ ਵੱਲੋਂ ਕ੍ਰਿਸ਼ੀ ਵਿਕਾਸ ਯੋਜਨਾ ਅਧੀਨ ਲੰਘੇ ਸਾਲ ਦੌਰਾਨ ਸੂਬੇ ਨੂੰ 500 ਕਰੋੜ ਰੁਪਏ ਅਤੇ ਖੇਤੀ ਵਿਭਿੰਨਤਾ ਲਈ 250 ਕਰੋੜ ਰੁਪਏ ਦੀ ਰਾਸ਼ੀ ਦਿੱਤੀ ਗਈ ਸੀ।

# 'ਉਦਾਸ ਨਸਲੇਂ' ਦੇ ਲੇਖਕ ਅਬਦੁੱਲਾ ਹੁਸੈਨ ਦਾ ਦੇਹਾਂਤ

**ਲਾਹੌਰ:** 'ਉਦਾਸ ਨਸਲੇਂ' ਵਰਗਾ ਸ਼ਾਹਕਾਰ ਲਿਖਣ ਵਾਲੇ ਪਾਕਿਸਤਾਨ ਦੇ ਉਘੇ ਉਰਦੂ ਨਾਵਲਕਾਰ ਅਬਦੁੱਲਾ ਹੁਸੈਨ ਦਾ 84 ਵਰ੍ਹਿਆਂ ਦੀ ਉਮਰ 'ਚ ਦੇਹਾਂਤ ਹੋ ਗਿਆ ਹੈ। ਉਹ ਇਕ ਸਾਲ ਤੋਂ ਬਲੱਡ ਕੈਂਸਰ ਤੋਂ ਪੀੜਤ ਸਨ। ਉਨ੍ਹਾਂ ਲਾਹੌਰ 'ਚ ਆਪਣੀ ਰਿਹਾਇਸ਼ 'ਤੇ ਸ਼ਨਿਚਰਵਾਰ ਨੂੰ ਆਖਰੀ ਸਾਹ ਲਏ। ਸ੍ਰੀ ਹੁਸੈਨ ਦਾ ਅਸਲ ਨਾਮ ਮੁਹੰਮਦ ਖਾਨ ਸੀ ਅਤੇ ਉਨ੍ਹਾਂ ਦਾ ਨਾਵਲ 'ਉਦਾਸ ਨਸਲੇਂ' ਸਭ ਤੋਂ ਵੱਧ ਵਿਕਿਆ।



ਅਬਦੁੱਲਾ ਹੁਸੈਨ ਦਾ ਜਨਮ 14 ਅਗਸਤ 1931 ਨੂੰ ਗੁਜਰਾਤ (ਪੰਜਾਬ) ਵਿਚ ਹੋਇਆ ਸੀ ਅਤੇ ਉਨ੍ਹਾਂ ਜ਼ਿਮੀਂਦਾਰ ਕਾਲਜ 'ਚੋਂ ਗਰੈਜੂਏਸ਼ਨ ਕੀਤੀ ਸੀ। ਉਨ੍ਹਾਂ ਨੂੰ ਇਸ ਸਾਲ ਪ੍ਰਧਾਨ ਮੰਤਰੀ ਦੇ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ। ਮਸ਼ਹੂਰ ਉਰਦੂ ਲੇਖਕ ਨਜ਼ੀਰ ਅਹਿਮਦ ਦੇ ਲੜਕੇ ਰਿਆਜ਼ ਅਹਿਮਦ ਨੇ ਕਿਹਾ ਕਿ 'ਉਦਾਸ ਨਸਲੇਂ' ਨੂੰ ਉਨ੍ਹਾਂ ਦੇ ਅੱਬਾ ਦੇ ਪ੍ਰਕਾਸ਼ਨ ਘਰ 'ਨਯਾ ਇਦਾਰਾ' ਨੇ 1962 ਵਿਚ ਪ੍ਰਕਾਸ਼ਤ ਕੀਤਾ ਸੀ। ਉਸ ਨੇ ਦੱਸਿਆ ਕਿ ਜਦੋਂ ਨੌਜਵਾਨ ਅਬਦੁੱਲਾ ਹੁਸੈਨ ਉਨ੍ਹਾਂ ਦੇ ਅੱਬਾ ਕੋਲ ਨਾਵਲ ਛਾਪਣ ਲਈ ਲੈ ਕੇ ਆਇਆ ਤਾਂ ਉਨ੍ਹਾਂ ਇਹ ਨਾਵਲ ਅੱਗੇ ਆਪਣੇ ਦੋਸਤ ਸ਼ੇਖ ਸਲਾਹੁਦੀਨ ਨੂੰ ਸੌਂਪ ਦਿੱਤਾ ਕਿ ਉਹ ਦੇਖੇ ਕਿ ਨਾਵਲ ਛਾਪਣ ਯੋਗ ਹੈ ਕਿ ਨਹੀਂ। ਹਫ਼ਤੇ ਕੁ ਬਾਅਦ ਸ਼ੇਖ ਸਲਾਹੁਦੀਨ ਨੇ ਅੱਬਾ ਨੂੰ ਕਿਹਾ ਕਿ ਇਹ ਨਾਵਲ ਤਾਂ ਤੁਰੰਤ ਛਪਣਾ ਚਾਹੀਦਾ ਹੈ। ਲੇਖਕ ਅਸਗਰ ਨਦੀਮ ਸਈਅਦ ਨੇ ਕਿਹਾ ਕਿ ਅਬਦੁੱਲਾ ਹੁਸੈਨ ਵੱਡਾ ਨਾਵਲਕਾਰ ਸੀ ਅਤੇ ਉਸ ਦੇ ਪਹਿਲੇ ਨਾਵਲ 'ਉਦਾਸ ਨਸਲੇਂ' ਤੋਂ ਹੀ ਉਹ ਚਰਚਾ 'ਚ ਆ ਗਿਆ ਸੀ। ਸਈਅਦ ਨੇ ਕਿਹਾ ਕਿ ਫਿਲਮ 'ਵਾਪਸੀ ਕਾ ਸਫ਼ਰ' ਵੀ ਹੁਸੈਨ ਵੱਲੋਂ ਲਿਖੀ ਕਹਾਣੀ 'ਤੇ ਆਧਾਰਤ ਸੀ।

# ਸਰਕਾਰੀ ਸ਼ਹਿ 'ਤੇ ਹੀ ਹੋਇਆ ਸੀ ਸਿੱਖਾਂ ਦਾ ਕਤਲੇਆਮ

*(ਸਫਾ ਇਕ ਦੀ ਬਾਕੀ)*

ਥ੍ਰੀ-ਨਾਟ-ਥ੍ਰੀ ਰਾਈਫਲ ਵਿਚੋਂ ਤਿੰਨ ਗੋਲੀਆਂ ਦਾਗਣ ਕਰ ਕੇ ਉਸ ਨੇ ਇਨ੍ਹਾਂ ਦੀ ਪੂਰਤੀ ਲਈ ਇਹ ਗੋਲੀਆਂ ਖਰੀਦੀਆਂ ਸਨ। ਉਹ ਇਹ ਦਿਖਾਉਣਾ ਚਾਹੁੰਦਾ ਸੀ ਕਿ ਉਸ ਨੇ ਗੋਲੀਆਂ ਨਹੀਂ ਦਾਗੀਆਂ ਤੇ ਉਸ ਕੋਲ ਕਾਰਤੂਸਾਂ ਦੀ ਗਿਣਤੀ ਪੂਰੀ ਹੈ।

ਅਸਿਸਟੈਂਟ ਪੁਲਿਸ ਕਮਿਸ਼ਨਰ ਕੇਵਲ ਸਿੰਘ ਨੇ 31 ਅਕਤੂਬਰ ਦੀ ਸ਼ਾਮ ਨੂੰ ਲੁਟੇਰਿਆਂ ਖਿਲਾਫ਼ ਕਾਰਵਾਈ ਆਰੰਭ ਦਿੱਤੀ ਸੀ। ਉਸ ਨੇ ਜਦੋਂ ਦੇਖਿਆ ਕਿ ਹਾਲਾਤ ਕਾਬੂ ਤੋਂ ਬਾਹਰ ਹੋ ਰਹੇ ਹਨ ਤਾਂ ਉਸ ਨੇ ਰਾਤ 8 ਵੱਜ ਕੇ 32 ਮਿੰਟ ਉਤੇ ਫਾਇਰਿੰਗ ਦੀ ਇਜਾਜ਼ਤ ਮੰਗੀ ਪਰ ਉਸ ਨੂੰ ਕੋਈ ਇਜਾਜ਼ਤ ਨਹੀਂ ਮਿਲੀ, ਸਗੋਂ 50 ਕੁ ਮਿੰਟਾਂ ਬਾਅਦ ਰਾਤ 9 ਵੱਜ ਕੇ 22 ਮਿੰਟ ਉਤੇ ਸੁਨੇਹਾ ਮਿਲਿਆ ਕਿ ਉਸ ਨੂੰ ਡਿਊਟੀ ਤੋਂ ਹਟਾ ਦਿੱਤਾ ਗਿਆ ਹੈ।

ਸ੍ਰੀ ਸੂਰੀ ਨੇ ਕਿਹਾ ਕਿ ਉਪਰੋਂ ਦੀ ਸੰਕੇਤ ਸਾਫ਼ ਸਨ ਕਿ ਲੁਟੇਰਿਆਂ ਤੇ ਕਾਤਲਾਂ ਖਿਲਾਫ਼ ਪੁਲਿਸ ਕਾਰਵਾਈ ਦਾ ਸਵਾਗਤ ਨਹੀਂ ਕੀਤਾ ਜਾਏਗਾ।

ਕਿਤਾਬ ਵਿਚ ਦਾਅਵਾ ਕੀਤਾ ਗਿਆ ਹੈ ਕਿ ਰਾਜੀਵ ਗਾਂਧੀ ਦੇ ਉਦਾਸੀਨ ਰਵੱਈਏ ਨੇ ਵੀ ਅਖੀਰ ਵਿਚ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਸਨ। ਲੇਖਕ ਨੇ ਇੰਟਰਵਿਊ, ਰਿਕਾਰਡਾਂ ਤੇ ਆਪਣੇ ਤਜਰਬਿਆਂ ਰਾਹੀਂ ਲਿਖਿਆ ਹੈ ਕਿ ਕਾਂਗਰਸ ਪਾਰਟੀ ਦੇ ਸੀਨੀਅਰ ਆਗੂਆਂ ਨੇ ਸਿੱਖ ਕਤਲੇਆਮ ਵਿਚ ਅਹਿਮ ਭੂਮਿਕਾ ਨਿਭਾਈ ਤੇ ਚੋਟੀ ਦੀ ਲੀਡਰਸ਼ਿਪ ਨੇ ਉਨ੍ਹਾਂ ਉਤੇ ਕੋਈ ਰੋਕ ਲਾਉਣ ਲਈ ਸਰਗਰਮੀ ਨਹੀਂ ਦਿਖਾਈ।

ਸੂਰੀ ਨੇ ਲਿਖਿਆ ਹੈ ਕਿ ਰਾਜੀਵ ਗਾਂਧੀ ਨੇ ਕਈ ਭਾਸ਼ਨ ਦਿੱਤੇ ਪਰ ਦਿੱਲੀ ਦੇ ਸਿੱਖ ਫੋਕੇ ਭਾਸ਼ਨ ਸੁਣਨ ਦੀ ਬਜਾਏ ਇਨਸਾਫ਼ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਸੁਣਨਾ ਚਾਹੁੰਦੇ ਸਨ। ਰਾਜੀਵ ਗਾਂਧੀ ਨੇ ਅਜਿਹੇ ਫ਼ੈਸਲੇ ਕੀਤੇ ਜਿਨ੍ਹਾਂ ਨਾਲ ਬਾਅਦ ਵਿਚ ਇਨਸਾਫ਼ ਦੀ ਤੱਕੜੀ ਡੋਲ ਗਈ। ਪੁਲਿਸ ਅਧਿਕਾਰੀ ਵੇਦ ਮਰਵਾਹ ਵੱਲੋਂ ਕਤਲੇਆਮ ਦੀ ਕੀਤੀ ਜਾ ਰਹੀ ਜਾਂਚ ਨੂੰ ਵਿਚਾਲੇ ਹੀ ਰੋਕ ਦਿੱਤਾ ਗਿਆ।

### ਦੂਰਦਰਸ਼ਨ ਦੀ ਜ਼ਿੰਮੇਵਾਰੀ ਉਤੇ ਸਵਾਲ

ਕਿਤਾਬ ਵਿਚ ਲੇਖਕ ਤੇ ਪੱਤਰਕਾਰ ਸੰਜੇ ਸੂਰੀ ਨੇ ਦੂਰਦਰਸ਼ਨ ਵੱਲ ਵੀ ਠੋਕ-ਵਜਾ ਕੇ ਉਂਗਲ ਉਠਾਈ ਹੈ। ਕਿਤਾਬ ਵਿਚ ਵੇਰਵਿਆਂ ਸਹਿਤ ਦੱਸਿਆ ਗਿਆ ਹੈ ਕਿ ਦੂਰਦਰਸ਼ਨ ਨੇ 18 ਵਾਰ ਲੋਕਾਂ ਨੂੰ ਭੜਕਾਉਣ ਵਾਲੀ ਹਰਕਤ ਕੀਤੀ। ਇਸ ਬਾਰੇ ਪੁਣ-ਛਾਣ ਕਰਨ ਵੱਲ ਅਜੇ ਤੱਕ ਕਿਸੇ ਦਾ ਬਹੁਤਾ ਧਿਆਨ ਹੀ ਨਹੀਂ ਗਿਆ ਹੈ। ਕਿਤਾਬ ਵਿਚ ਕਿਹਾ ਗਿਆ ਹੈ ਕਿ ਤਿੰਨ ਹਜ਼ਾਰ ਤੋਂ ਵੱਧ ਕਤਲਾਂ ਲਈ ਜ਼ਿੰਮੇਵਾਰ ਤਤਕਾਲੀ ਅਧਿਕਾਰੀਆਂ ਖਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੁਰਾ
ਗੁਰਿੰਦਰ ਸਿੰਘ ਗਿੱਲ

# ਭਾਈ ਸੂਰਤ ਸਿੰਘ ਖਾਲਸਾ ਦੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਹੰਭਲਾ



**ਲੁਧਿਆਣਾ:** ਸਜ਼ਾ ਪੂਰੀ ਕਰਨ ਦੇ ਬਾਵਜੂਦ ਜੇਲ੍ਹਾਂ ਵਿਚ ਬੰਦ ਸਿੰਘਾਂ ਦੀ ਰਿਹਾਈ ਲਈ ਪਿਛਲੇ ਲੰਬੇ ਸਮੇਂ ਤੋਂ ਭੁੱਖ ਹੜਤਾਲ ਉਤੇ ਬੈਠੇ ਭਾਈ ਸੂਰਤ ਸਿੰਘ ਖ਼ਾਲਸਾ ਦੇ ਸੰਘਰਸ਼ ਨੂੰ ਤਿੱਖਾ ਕਰਨ ਲਈ ਪਿੰਡ ਹਸਨਪੁਰ ਵਿਖੇ ਵੱਡਾ ਪੰਥਕ ਇਕੱਠ ਕੀਤਾ ਗਿਆ। ਇਸ ਮੌਕੇ ਦਮਦਮੀ ਟਕਸਾਲ (ਅਜਨਾਲਾ) ਦੇ ਮੁਖੀ ਭਾਈ ਅਮਰੀਕ ਸਿੰਘ ਅਜਨਾਲਾ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਘੱਟ ਗਿਣਤੀ ਖਾਸਕਰ ਸਿੱਖਾਂ ਨੂੰ ਨੀਵਾਂ ਵਿਖਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੀ। ਬੰਦੀ ਸਿੰਘਾਂ ਦੀ ਰਿਹਾਈ ਲਈ ਭੁੱਖ ਹੜਤਾਲ ਉਤੇ ਬੈਠੇ ਭਾਈ ਸੂਰਤ ਸਿੰਘ ਖ਼ਾਲਸਾ ਜੇਕਰ ਸ਼ਹਾਦਤ ਦਾ ਜਾਮ ਪੀ ਗਏ ਤਾਂ ਇਸ ਸ਼ਹਾਦਤ ਲਈ ਸਰਕਾਰਾਂ ਦੇ ਨਾਲ-ਨਾਲ ਪੰਜਾਂ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਵੀ ਦੋਸ਼ੀ ਹੋਣਗੇ।

ਸ਼੍ਰੋਮਣੀ ਅਕਾਲੀ ਦਲ ਦਿੱਲੀ ਵੱਲੋਂ ਮਨਜੀਤ ਸਿੰਘ ਕਲਕੱਤਾ ਨੇ ਕਿਹਾ ਕਿ ਅੱਜ ਅਕਾਲੀ ਦਲ ਦੀ ਪੰਜਾਬ ਸਰਕਾਰ ਪੰਥਕ ਮੁੱਦਿਆਂ ਨੂੰ ਛਿੱਕੇ ਟੰਗ ਕੇ ਭਾਜਪਾ ਦੀ ਚਾਪਲੂਸ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਖਾਤਰ ਦਹਾਕਿਆਂ ਤੋਂ ਜੇਲ੍ਹਾਂ ਵਿਚ ਬੰਦ ਸਿੰਘਾਂ ਦੀ ਰਿਹਾਈ ਲਈ ਬਾਦਲ ਦੀ ਚੁੱਪ ਸਪੱਸ਼ਟ ਕਰਦੀ ਹੈ ਕਿ ਉਨ੍ਹਾਂ ਨੂੰ ਆਪਣੇ ਰਾਜ ਤੋਂ ਬਿਨਾਂ ਹੋਰ ਕੁਝ ਵੀ ਨਜ਼ਰ ਨਹੀਂ ਆਉਂਦਾ। ਜਥੇਦਾਰ ਵੱਸਣ ਸਿੰਘ ਜੱਫਰਵਾਲ ਸੰਬੋਧਨ ਹੁੰਦਿਆਂ ਕਿਹਾ ਕਿ ਜੇਕਰ ਭਾਈ ਖ਼ਾਲਸਾ ਸ਼ਹਾਦਤ ਦਾ ਜਾਮ ਪੀ ਗਿਆ ਤਾਂ ਸਿੱਖ ਕੌਮ ਬਾਦਲ ਨੂੰ ਮੁਆਫ਼ ਨਹੀਂ ਕਰੇਗੀ। ਜਸਪਾਲ ਸਿੰਘ ਹੇਰਾਂ ਵੱਲੋਂ ਭੁੱਖ ਹੜਤਾਲ ਉਤੇ ਬੈਠੇ ਭਾਈ ਸੂਰਤ ਸਿੰਘ ਖ਼ਾਲਸਾ ਦਾ ਸੰਦੇਸ਼ ਪੜ੍ਹ ਕੇ ਸੰਗਤ ਨੂੰ ਸੁਣਾਇਆ, ਜਿਸ ਵਿਚ ਭਾਈ ਖ਼ਾਲਸਾ ਨੇ ਸਪੱਸ਼ਟ ਕੀਤਾ ਸੀ ਕਿ ਜੇਕਰ ਪੰਜਾਬ ਪੁਲਿਸ ਵੱਲੋਂ ਉਸ ਨੂੰ ਦੁਬਾਰਾ ਚੁੱਕ ਕੇ ਹਸਪਤਾਲ ਲਿਜਾਣ ਦੀ ਗਲਤੀ ਕੀਤੀ ਤਾਂ ਉਹ ਅੰਨ੍ਹ ਤੋਂ ਬਾਅਦ ਜਲ ਵੀ ਛੱਡ ਦੇਣਗੇ।

# ਅਕਾਲੀ ਆਗੂਆਂ ਦੇ ਦਖਲ ਤੋਂ ਭਾਜਪਾ ਮੰਤਰੀ ਖ਼ਫ਼ਾ

**ਚੰਡੀਗੜ੍ਹ:** ਅਕਾਲੀ ਆਗੂਆਂ ਵੱਲੋਂ ਭਾਈਵਾਲ ਭਾਜਪਾ ਨਾਲ ਸਬੰਧਤ ਮੰਤਰੀਆਂ ਦੇ ਕੰਮਕਾਜ ਵਿਚ ਦਖਲਅੰਦਾਜ਼ੀ ਦਾ ਮਾਮਲਾ ਭਖ ਗਿਆ ਹੈ। ਪੰਜਾਬ ਦੇ ਉਦਯੋਗ ਤੇ ਵਣਜ ਮੰਤਰੀ ਨੇ ਦੋਸ਼ ਲਾਏ ਹਨ ਕਿ ਸਰਕਾਰ ਵਿਚ ਉਨ੍ਹਾਂ ਦੀ ਭਾਈਵਾਲ ਪਾਰਟੀ ਸ਼੍ਰੋਮਣੀ ਅਕਾਲੀ ਦਲ ਲਗਾਤਾਰ ਉਨ੍ਹਾਂ ਦੇ ਵਿਭਾਗ ਵਿਚ ਦਖ਼ਲ ਦੇ ਰਹੀ ਹੈ। ਸ੍ਰੀ ਮਿੱਤਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੇ ਉਸ ਅਧਿਕਾਰ ਨੂੰ ਚੁਣੌਤੀ ਦਿੱਤੀ ਹੈ, ਜਿਸ ਵਿਚ ਉਹ ਖ਼ੁਦ ਹੀ ਆਪਣੇ ਆਗੂਆਂ ਦੀ ਅਗਵਾਈ ਵਿਚ ਕਮੇਟੀਆਂ ਬਣਾ ਕੇ ਸਮੁੱਚੇ ਉਦਯੋਗ ਵਿਭਾਗ ਤੇ ਵਣਜ ਵਿਭਾਗ ਬਾਰੇ ਫੈਸਲੇ ਲੈ ਰਹੇ ਹਨ। ਸ੍ਰੀ ਮਿੱਤਲ ਨੇ ਕਿਹਾ ਹੈ ਕਿ ਸਬੰਧਤ ਵਿਭਾਗ ਦੇ ਮੰਤਰੀ ਤੋਂ ਬਿਨਾਂ ਅਕਾਲੀ ਆਗੂ ਕਿਸ ਹੈਸੀਅਤ ਵਿਚ ਫੈਸਲੇ ਲੈ ਰਹੇ ਹਨ। ਭਾਵੇਂ ਕਿ ਉਨ੍ਹਾਂ ਨੇ ਅਕਾਲੀ ਦਲ ਦੇ ਕਿਸੇ ਆਗੂ ਦਾ ਨਾਂ ਨਹੀਂ ਲਿਆ ਪਰ ਉਨ੍ਹਾਂ ਦਾ ਇਸ਼ਾਰਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਵੱਲੋਂ ਮੁੱਖ ਪਾਰਲੀਮਾਨੀ ਸਕੱਤਰ ( ਉਦਯੋਗ) ਐੱਨ ਕੇ ਸ਼ਰਮਾ ਤੇ ਮੁੱਖ ਪਾਰਲੀਮਾਨੀ ਸਕੱਤਰ (ਐਕਸਾਈਜ਼) ਸਰੂਪ ਚੰਦ ਸਿੰਗਲਾ ਦੀ ਅਗਵਾਈ ਹੇਠ ਬਣਾਈਆਂ ਕਮੇਟੀਆਂ ਵੱਲ ਸੀ।

ਪਹਿਲੀ ਕਮੇਟੀ ਸਟੀਲ ਉਦਯੋਗਪਤੀਆਂ ਦੇ ਮਾਮਲਿਆਂ ਨੂੰ ਨਜਿੱਠਣ ਲਈ ਕਾਇਮ ਕੀਤੀ ਸੀ। ਇਸ ਕਮੇਟੀ ਨੇ ਸਰਕਾਰ ਨੂੰ ਸਟੀਲ ਉੱਤੇ ਉੱਕਾ ਪੁੱਕਾ ਟੈਕਸ ਲਾਉਣ ਦੀ ਸਿਫਾਰਸ਼ ਕੀਤੀ ਸੀ ਤਾਂ ਜੋ ਸਟੀਲ ਉਦਯੋਗ ਪੈਰਾਂ ਸਿਰ ਹੋ ਸਕੇ। ਦੂਜੀ ਕਮੇਟੀ ਦੋ ਮੁੱਖ ਪਾਰਲੀਮਾਨੀ ਸਕੱਤਰਾਂ ਦੀ ਅਗਵਾਈ ਵਿਚ ਪਿਛਲੇ ਹਫ਼ਤੇ ਕਾਇਮ ਕੀਤੀ ਹੈ। ਇਹ ਕਮੇਟੀ ਸੂਬੇ ਦੇ ਪੈਟਰੋਲ ਪੰਪ ਮਾਲਕਾਂ ਦੀਆਂ ਮੰਗਾਂ ਦੇ ਨਿਪਟਾਰੇ ਲਈ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਕਿ ਮੁੱਖ ਪਾਰਲੀਮਾਨੀ ਸਕੱਤਰਾਂ, ਜਿਨ੍ਹਾਂ ਨੂੰ ਕਾਨੂੰਨ ਦੇ ਅਨੁਸਾਰ ਕਿਸੇ ਫਾਈਲ ਉੱਤੇ ਨੋਟਿੰਗ ਦੇਣ ਜਾਂ ਦਸਤਖ਼ਤ ਕਰਨ ਦੇ ਵੀ ਅਧਿਕਾਰ ਨਹੀਂ ਹਨ, ਉਹ ਹੁਣ ਮੰਤਰੀ ਤੋਂ ਬਿਨਾਂ ਹੀ ਸਰਕਾਰੀ ਨੀਤੀਆਂ ਬਣਾ ਰਹੇ ਹਨ।

# 2080 ਤਕ ਬਹੁਤ ਵਧ ਜਾਵੇਗੀ ਗਰਮੀ

**ਅਹਿਮਦਾਬਾਦ (ਬਿਊਰੋ):** ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ ਅਹਿਮਦਾਬਾਦ ਵੱਲੋਂ ਕੀਤੇ ਅਧਿਐਨ ਤੋਂ ਪਤਾ ਲੱਗਾ ਹੈ ਕਿ 2080 ਤੱਕ ਭਾਰਤ ਦੇ ਸ਼ਹਿਰਾਂ ਵਿਚ ਗਰਮੀ ਨਾਲ ਮੌਤਾਂ ਦੀ ਗਿਣਤੀ ਦੁੱਗਣੀ ਹੋ ਜਾਵੇਗੀ।

'ਸ਼ਹਿਰੀ ਭਾਰਤ ਵਿਚ ਜਲਵਾਯੂ ਤਬਦੀਲੀ ਤਹਿਤ ਗਰਮੀ ਨਾਲ ਸਬੰਧਤ ਮੌਤ ਦੇ ਮਾਮਲੇ ਵਿਚ ਅਨੁਮਾਨਿਤ ਵਾਧਾ' ਨਾਮੀ ਇਸ ਖੋਜ ਪੱਤਰ ਵਿਚ ਭਾਰਤ ਦੇ ਨੀਤੀ ਨਿਰਮਾਤਾਵਾਂ ਨੂੰ ਭਾਰਤ ਵਿਚ ਜਲਵਾਯੂ ਪਰਿਵਰਤਨ ਦੀ ਚੁਣੌਤੀ ਨੂੰ ਲੈ ਕੇ ਯੋਜਨਾ ਬਣਾਉਣ ਲਈ ਕਿਹਾ ਗਿਆ ਹੈ। ਇਸ ਸਾਲ ਗਰਮੀ ਨਾਲ ਹੋਈਆਂ 2000 ਤੋਂ ਵੱਧ ਮੌਤਾਂ ਬਾਰੇ ਕੀਤੇ ਅਧਿਐਨ ਵਿਚ ਕਿਹਾ ਗਿਆ ਹੈ ਕਿ ਭਾਰਤ ਦੇ ਸ਼ਹਿਰੀ ਇਲਾਕਿਆਂ ਵਿਚ ਗਰਮੀ ਨਾਲ ਸਬੰਧਤ ਮੌਤਾਂ ਦੇ ਮਾਮਲੇ ਵਿਚ ਦੁੱਗਣਾ ਜਾਂ ਇਸ ਤੋਂ ਵੱਧ ਦਾ ਅਨੁਮਾਨ ਹੈ। ਇਹ ਖੋਜ 52 ਸ਼ਹਿਰਾਂ ਤੋਂ ਇਕੱਠੇ ਕੀਤੇ ਅੰਕੜਿਆਂ ਉਤੇ ਆਧਾਰਤ ਹੈ। ਇਸ ਅਧਿਐਨ ਅਨੁਸਾਰ 21ਵੀਂ ਸਦੀ ਦੇ ਅਖੀਰ ਵਿਚ ਗਰਮੀ ਨਾਲ ਸਬੰਧਤ ਮੌਤ ਦੇ ਮਾਮਲੇ ਵਿਚ 71 ਤੋਂ 140% ਤੱਕ ਵਾਧੇ ਦਾ ਅਨੁਮਾਨ ਹੈ ਹਾਲਾਂਕਿ 2080 ਦੇ ਦਹਾਕੇ ਵਿਚ ਦਿੱਲੀ, ਅਹਿਮਦਾਬਾਦ, ਬੰਗਲੌਰ, ਮੁੰਬਈ ਤੇ ਕੋਲਕਾਤਾ ਦੇ ਸ਼ਹਿਰੀ ਇਲਾਕਿਆਂ ਵਿਚ ਗਰਮੀ ਨਾਲ ਮੌਤਾਂ ਵਿਚ ਵਾਧਾ ਹੋਣ ਦਾ ਅਨੁਮਾਨ ਹੈ। ਖੋਜ ਇਸ ਲਈ ਵੀ ਅਹਿਮ ਹੈ ਕਿ 2080 ਤੱਕ ਗਰਮੀ 'ਚ 3.3 ਤੋਂ 4.8 ਸੈਂਟੀਗ੍ਰੇਡ ਤੱਕ ਵਾਧਾ ਹੋ ਸਕਦਾ ਹੈ।


Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com



ਚੱਕ ਲਓ, ਚੱਕ ਲਓ!!
ਐਚ ਡੀ ਅਤੇ ਆਈ ਪੀ ਕੈਮਰਿਆਂ ਦੀਆਂ ਬਹੁਤ ਹੀ ਵਾਜਬ ਕੀਮਤਾਂ
ਪੀ ਓ ਐਸ ਅਤੇ ਕੈਸ਼ ਰਜਿਸਟਰ ਲਈ ਇੰਟਰਫੇਸ ਉਪਲਬਧ ਹੈ

Upgrade your Security Cameras to High Definition at very reasonable prices


*For a Free Demo of our new HD Cameras*
*Please Contact us*: Balbir S Sidhu
209-495-3905 (Cell)
www.dvrunlimited.com
Toll Free (888) 233-4566
DVRunlimited Inc.
Installation Available



*"Ask us about the...*
**AARP® Auto Insurance Program from The Hartford."**
*NOW AVAILABLE IN YOUR AREA!*
Find out more about the Special Benefits of The Hartford's Program for AARP members and our Competitive Rates!

*Satwant Singh*
Call today for your FREE, no-obligation quote:
+1-408-771-2438
Satwant Singh: 2774 Aborn Rd, San Jose, CA 95121
satwant@satwantins.com
www.satwantins.com
CA License# 0H11256
You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.
*-Satwant Singh!*
AARP® | Auto Insurance Program from THE HARTFORD
The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.
*107792 2nd Rev*

# 'ਆਪ' ਦੇ ਸੰਸਦ ਮੈਂਬਰਾਂ ਨੇ ਨਵੇਂ ਢਾਂਚੇ ਖਿਲਾਫ ਮੋਰਚਾ ਖੋਲ੍ਹਿਆ

**ਪਟਿਆਲਾ:** ਆਮ ਆਦਮੀ ਪਾਰਟੀ ਦੇ ਪੰਜਾਬ ਤੋਂ ਜਿੱਤੇ ਤਿੰਨ ਸੰਸਦ ਮੈਂਬਰਾਂ ਨੇ ਪਾਰਟੀ ਦੇ ਹੋਂਦ ਵਿਚ ਆਏ ਨਵੇਂ ਢਾਂਚੇ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਇਸ ਨਾਲ 'ਆਪ' ਨਵੇਂ ਸੰਕਟ ਵਿਚ ਘਿਰ ਗਈ ਹੈ। ਮਿਲੀ ਜਾਣਕਾਰੀ ਅਨੁਸਾਰ ਪਟਿਆਲਾ ਤੋਂ 'ਆਪ' ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਦੇ ਘਰ ਤਿੰਨ ਸੰਸਦ ਮੈਂਬਰਾਂ ਦੀ ਗੁਪਤ ਮੀਟਿੰਗ ਹੋਈ। ਉਨ੍ਹਾਂ ਵਿਚਾਰ ਕੀਤਾ ਕਿ ਉਹ ਦਿੱਲੀ ਕਮੇਟੀ ਵੱਲੋਂ ਪੰਜਾਬ ਨੂੰ ਤਾਨਾਸ਼ਾਹੀ ਤਰੀਕੇ ਨਾਲ ਚਲਾਉਣ ਦਾ ਵਿਰੋਧ ਕਰਨਗੇ। ਮੀਟਿੰਗ ਵਿਚ ਹਰਿੰਦਰ ਸਿੰਘ ਖ਼ਾਲਸਾ ਮੌਜੂਦ ਰਹੇ ਜਦਕਿ ਫ਼ਰੀਦਕੋਟ ਤੋਂ ਸੰਸਦ ਮੈਂਬਰ ਡਾ. ਸਾਧੂ ਸਿੰਘ ਨੂੰ ਕਾਨਫਰੰਸਿੰਗ ਰਾਹੀਂ ਮੀਟਿੰਗ ਵਿਚ ਸ਼ਾਮਲ ਕੀਤਾ ਗਿਆ। ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਵਿਦੇਸ਼ ਵਿਚ ਹਨ। ਇਸ ਸਬੰਧੀ ਫ਼ਤਹਿਗੜ੍ਹ ਸਾਹਿਬ ਤੋਂ ਸੰਸਦ ਮੈਂਬਰ ਹਰਿੰਦਰ ਸਿੰਘ ਖ਼ਾਲਸਾ ਨੇ ਕਿਹਾ ਹੈ ਕਿ ਨਵੀਆਂ ਕਮੇਟੀਆਂ ਬਾਰੇ ਉਨ੍ਹਾਂ ਨੂੰ ਬਿਲਕੁਲ ਨਹੀਂ ਪੁੱਛਿਆ ਗਿਆ। ਪਟਿਆਲਾ ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਹੋਈ ਮੀਟਿੰਗ ਦੀ ਪੁਸ਼ਟੀ ਕੀਤੀ।

ਦੱਸਣਯੋਗ ਹੈ ਕਿ ਹਾਈਕਮਾਨ ਵੱਲੋਂ 'ਆਪ' ਦੇ ਸਾਰੇ ਜ਼ਿਲ੍ਹਾ ਕਨਵੀਨਰਾਂ ਦਾ ਅਹੁਦਾ ਭੰਗ ਕਰਨ ਦੇ ਫ਼ੈਸਲੇ ਨੂੰ ਰਸਮੀ ਤੌਰ 'ਤੇ ਹਰੀ ਝੰਡੀ ਦੇ ਦਿੱਤੀ ਹੈ। ਪੰਜਾਬ ਵਿਚ ਸਰਗਰਮੀ ਨਾਲ ਕੰਮ ਕਰਨ ਵਾਲੇ ਵਾਲੰਟੀਅਰ ਹਾਈਕਮਾਨ ਦੇ ਇਸ ਫ਼ੈਸਲੇ ਤੋਂ ਕਾਫੀ ਔਖੇ ਹਨ। ਕੌਮੀ ਆਗੂਆਂ ਦਾ ਕਹਿਣਾ ਹੈ ਕਿ ਅਜਿਹਾ ਸੂਬੇ ਵਿਚ ਸੀਨੀਅਰ ਲੀਡਰਸ਼ਿਪ ਤੇ 'ਆਮ' ਵਰਕਰਾਂ ਵਿਚ ਪੈਦਾ ਹੋਈ ਧੜੇਬੰਦੀ ਨੂੰ ਖ਼ਤਮ ਕਰਨ ਲਈ ਕੀਤਾ ਗਿਆ ਹੈ। ਉਨ੍ਹਾਂ ਜ਼ਿਲ੍ਹਾ ਕਨਵੀਨਰਾਂ ਦੇ ਅਹੁਦੇ ਤੋਂ ਲਾਂਭੇ ਕੀਤੇ ਵਾਲੰਟੀਅਰਾਂ ਨੂੰ ਅਪੀਲ ਕੀਤੀ ਕਿ ਉਹ ਮਿਸ਼ਨ-2017 ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਵਿਚ ਅਕਾਲੀ-ਭਾਜਪਾ ਤੇ ਕਾਂਗਰਸ ਨੂੰ ਟੱਕਰ ਦੇਣ ਲਈ ਪਾਰਟੀ ਨੂੰ ਹੇਠਲੇ ਪੱਧਰ ਉਤੇ ਮਜ਼ਬੂਤ ਕਰਨ ਲਈ ਪੂਰੀ ਵਾਹ ਲਾਉਣ। ਸੂਤਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਨਿਯੁਕਤੀਆਂ ਵਿਚ ਜ਼ਿਆਦਾਤਰ ਸ. ਛੋਟੇਪੁਰ ਦੇ ਨੇੜਲੇ ਵਾਲੰਟੀਅਰ ਸ਼ਾਮਲ ਹਨ।

ਕੌਮੀ ਆਗੂ ਸੰਜੇ ਸਿੰਘ ਵੱਲੋਂ ਸ. ਛੋਟੇਪੁਰ ਨੂੰ ਪੰਜਾਬ ਦਾ ਕਨਵੀਨਰ ਬਣੇ ਰਹਿਣ ਦੇ ਐਲਾਨ ਤੋਂ ਵੀ ਪੰਜਾਬ ਦੇ ਆਗੂ ਔਖੇ ਹਨ। ਸੰਜੇ ਸਿੰਘ ਵੱਲੋਂ ਇਹ ਵੀ ਐਲਾਨ ਕੀਤਾ ਗਿਆ ਹੈ ਕਿ ਸਾਰੇ ਸੰਸਦ ਮੈਂਬਰ ਤੇ ਹਾਰੇ ਹੋਏ ਉਮੀਦਵਾਰਾਂ ਸਮੇਤ ਸਾਰੀ ਪੁਰਾਣੀ ਟੀਮ ਕੋਆਰਡੀਨੇਟਰ ਵਜੋਂ ਪਹਿਲਾਂ ਵਾਂਗ ਕੰਮ ਕਰੇਗੀ। 13 ਲੋਕ ਸਭਾ ਹਲਕਿਆਂ ਦੇ ਜ਼ੋਨਲ ਇੰਚਾਰਜ ਲਗਾਏ ਗਏ ਹਨ, ਜਿਨ੍ਹਾਂ ਨਾਲ 1-1 ਕੇਂਦਰੀ ਆਗੂ ਨੂੰ ਅਬਜ਼ਰਵਰ ਲਾਇਆ ਗਿਆ ਹੈ। ਇਸ ਤੋਂ ਇਲਾਵਾ ਮਹਿਲਾ ਵਿੰਗ, ਯੂਥ ਵਿੰਗ, ਕਿਸਾਨ ਵਿੰਗ, ਲੀਗਲ ਸੈੱਲ, ਟਰੇਡ ਤੇ ਟਰਾਂਸਪੋਰਟ ਸੈੱਲ, ਐਨ.ਆਰ.ਆਈ. ਵਿੰਗ, ਐਕਸ ਸਰਵਿਸਮੈਨ ਵਿੰਗ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਹੈ। ਸੰਜੇ ਸਿੰਘ ਨੇ ਕਿਹਾ ਕਿ ਤਿੰਨ ਮਹੀਨਿਆਂ ਬਾਅਦ ਨਵੀਂ ਟੀਮ ਦੀ ਕਾਰਗੁਜ਼ਾਰੀ ਦੀ ਸਮੀਖਿਆ ਕੀਤੀ ਜਾਵੇਗੀ, ਜੇਕਰ ਲੋੜ ਪਈ ਤਾਂ ਕੁਝ ਤਬਦੀਲੀਆਂ ਵੀ ਕੀਤੀਆਂ ਜਾ ਸਕਦੀਆਂ ਹਨ। ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਨੂੰ 39 ਜ਼ੋਨਾਂ ਵਿਚ ਵੰਡਿਆ ਗਿਆ ਹੈ। ਇੰਜ ਹੀ ਸਮੂਹ ਪਿੰਡਾਂ ਤੇ ਸ਼ਹਿਰਾਂ ਵਿਚ ਪੋਲਿੰਗ ਬੂਥ ਕਮੇਟੀਆਂ ਬਣਾਈਆਂ ਜਾਣਗੀਆਂ ਤੇ 10 ਤੋਂ 20 ਪੋਲਿੰਗ ਬੂਥਾਂ ਦਾ ਇਕ ਕਲਸਟਰ ਬਣਾ ਕੇ ਇਕ ਵਾਲੰਟੀਅਰ ਨੂੰ ਇੰਚਾਰਜ ਲਾਇਆ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿਚ ਸੀਨੀਅਰ ਲੀਡਰਸ਼ਿਪ ਤੇ ਵਾਲੰਟੀਅਰਾਂ ਵਿਚ ਕੋਈ ਮਤਭੇਦ ਨਹੀਂ ਹੈ। ਉਂਜ ਉਨ੍ਹਾਂ ਇਹ ਜ਼ਰੂਰ ਕਿਹਾ ਕਿ ਆਪਸੀ ਵਿਚਾਰਾਂ ਵਿਚ ਮਤਭੇਦ ਹੋਣਾ ਸੁਭਾਵਿਕ ਹੈ।

## ਸੁੱਚਾ ਸਿੰਘ ਛੋਟੇਪੁਰ ਤੋਂ ਪਛੜ ਗਏ ਸਟਾਰ ਸੰਸਦ ਮੈਂਬਰ ਭਗਵੰਤ ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਪੰਜਾਬ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਆਪਣੇ ਵਿਰੋਧੀਆਂ ਨੂੰ ਪਛਾੜਦੇ ਹੋਏ ਮੁੜ ਤੋਂ ਹਾਈਕਮਾਨ ਦਾ ਭਰੋਸਾ ਜਿੱਤਣ ਵਿਚ ਕਾਮਯਾਬ ਹੋ ਗਏ ਹਨ। ਦਰਅਸਲ ਪਿਛਲੇ ਦੌਰ ਵਿਚ 'ਆਪ' ਦੇ ਐਮ.ਪੀ. ਭਗਵੰਤ ਮਾਨ ਸਮੇਤ ਕਈ ਆਗੂਆਂ ਨੇ ਹਾਈਕਮਾਨ ਕੋਲ ਛੋਟੇਪੁਰ ਨੂੰ ਹਟਾਉਣ ਦੀ ਸਿਫਾਰਸ਼ ਕੀਤੀ ਸੀ ਪਰ ਸੰਜੇ ਸਿੰਘ ਦੇ ਛੋਟੇਪੁਰ ਦੇ ਪੱਖ ਵਿਚ ਖੜ੍ਹਨ ਨਾਲ ਭਗਵੰਤ ਮਾਨ ਗਰੁੱਪ ਪਛੜ ਗਿਆ ਹੈ।




ਸੂਤਰਾਂ ਮੁਤਾਬਕ ਨਵੇਂ 13 ਜ਼ੋਨਲ ਅਬਜ਼ਰਵਰਾਂ ਵਿਚ ਵੀ ਜ਼ਿਆਦਾਤਰ ਲੋਕ ਸੁੱਚਾ ਸਿੰਘ ਛੋਟੇਪੁਰ ਦੀ ਸਹਿਮਤੀ ਨਾਲ ਬਣਾਏ ਗਏ ਹਨ ਤੇ ਭਗਵੰਤ ਮਾਨ ਸਮੇਤ ਹੋਰ ਐਮ.ਪੀਜ਼ ਦੀ ਨਹੀਂ ਚੱਲੀ ਹੈ। ਸੂਤਰਾਂ ਮੁਤਾਬਕ 'ਆਪ' ਹਾਈਕਮਾਨ ਕੋਲ ਭਗਵੰਤ ਮਾਨ ਦੀ ਉਪਲੱਬਧਤਾ ਨੂੰ ਲੈ ਕੇ ਪਿਛਲੇ ਦੌਰ ਉਚ ਕਾਫੀ ਸ਼ਿਕਾਇਤਾਂ ਗਈਆਂ ਹਨ। ਇਥੋਂ ਤੱਕ ਕਿ ਉਨ੍ਹਾਂ ਦੇ ਭਵਿੱਖ ਦੇ ਮੁੱਖ ਮੰਤਰੀ ਬਣਨ ਸਬੰਧੀ ਬਣਾਏ ਫੇਸਬੁੱਕ ਪੇਜਾਂ ਦੀ ਰਿਪੋਰਟ ਵੀ ਪਾਰਟੀ ਕੋਲ ਪੁੱਜੀ ਹੈ। ਇਸ ਲਈ ਹਾਈਕਮਾਨ ਉਨ੍ਹਾਂ ਤੋਂ ਕਾਫੀ ਨਾਰਾਜ਼ ਚੱਲ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਭਗਵੰਤ ਮਾਨ ਦਾ ਪਾਰਟੀ ਵਿਚ ਕੱਦ ਘਟਾਉਣ ਦਾ ਫੈਸਲਾ ਲਿਆ ਹੈ।

ਇਸ ਤੋਂ ਇਲਾਵਾ 387 ਈ-ਪੰਚਾਇਤ ਮੁਲਾਜ਼ਮਾਂ ਦੀਆਂ ਤਾਂ ਪਿਛਲੇ ਸਮੇਂ ਨਾਟਕੀ ਢੰਗ ਨਾਲ ਹਾਜ਼ਰੀਆਂ ਬੰਦ ਕਰਕੇ ਉਨ੍ਹਾਂ ਨੂੰ ਰਾਤੋ-ਰਾਤ ਫਾਰਗ ਹੀ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਵੱਖ-ਵੱਖ ਵਿਭਾਗਾਂ ਦੇ ਕੰਪਿਊਟਰ ਸੈੱਲਾਂ ਵਿਚ ਡਿਪਲੋਮੇ-ਡਿਗਰੀਆਂ ਪ੍ਰਾਪਤ ਮੁੰਡੇ, ਕੁੜੀਆਂ ਨੂੰ ਆਊਟਸੋਰਸਿੰਗ ਰਾਹੀਂ 10,000 ਰੁਪਏ ਪ੍ਰਤੀ ਮਹੀਨਾ ਤਨਖਾਹ ਉਤੇ ਡਾਟਾ ਅਪਰੇਟਰ ਰੱਖਿਆ ਗਿਆ ਹੈ।

## ਦਿੱਲੀ ਕਮੇਟੀ ਨੂੰ ਸੂਚਨਾ ਐਕਟ ਦੇ ਘੇਰੇ ਵਿਚ ਲਿਆਉਣ ਦੀ ਮੰਗ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਆਰ.ਟੀ.ਆਈ ਐਕਟ ਲਾਗੂ ਕਰਨ ਦੀ ਮੰਗ ਹੁਣ ਵਿਰੋਧੀ ਧਿਰ ਦੇ ਨਾਲ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਵੀ ਉਠਾਈ ਜਾ ਰਹੀ ਹੈ। ਪਹਿਲਾਂ ਪਰਮਜੀਤ ਸਿੰਘ ਸਰਨਾ ਨੇ ਮੰਗ ਕੀਤੀ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸੂਚਨਾ ਅਧਿਕਾਰ ਐਕਟ ਲਾਗੂ ਕੀਤਾ ਜਾਵੇ।

ਉਨ੍ਹਾਂ ਵੱਲੋਂ ਇਹ ਮੰਗ ਉਦੋਂ ਕੀਤੀ ਗਈ ਜਦੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰ ਬਾਦਲ ਧੜੇ ਦਾ ਕਬਜ਼ਾ ਹੈ। ਦਿੱਲੀ ਕਮੇਟੀ ਉਪਰ ਸੱਤਾਧਾਰੀ ਬਾਦਲ ਧੜੇ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਭੋਗਲ ਵੱਲੋਂ ਵੀ ਦਿੱਲੀ ਕਮੇਟੀ ਵਿਚ ਸੂਚਨਾ ਅਧਿਕਾਰ ਐਕਟ ਲਾਗੂ ਕਰਨ ਦੀ ਮੰਗ ਜਨਤਕ ਤੌਰ ਉਤੇ ਕੀਤੀ ਜਾ ਰਹੀ ਹੈ। ਸ. ਭੋਗਲ ਵੱਲੋਂ ਹੀ ਸਰਨਾ ਧੜੇ ਨੂੰ ਸੂਚਨਾ ਅਧਿਕਾਰ ਐਕਟ ਤਹਿਤ ਕਾਫੀ ਪ੍ਰੇਸ਼ਾਨੀ ਵਿਚ ਪਾਈ ਰਖਿਆ ਗਿਆ ਸੀ ਤੇ ਨੌਬਤ ਇਥੋਂ ਤੱਕ ਆ ਗਈ ਸੀ ਕਿ ਡੀ.ਡੀ.ਏ. ਵੱਲੋਂ ਗੁਰੂ ਹਰਿਕ੍ਰਿਸ਼ਨ ਹਸਪਤਾਲ ਨੂੰ ਦਿੱਤੀ ਜ਼ਮੀਨ ਦੀ ਅਲਾਟਮੈਂਟ ਰੱਦ ਹੁੰਦੇ-ਹੁੰਦੇ ਰਹਿ ਗਈ ਸੀ।

ਦਿੱਲੀ ਕਮੇਟੀ ਅੰਦਰ ਹੁਣ ਦਿਲਚਸਪ ਸਥਿਤੀ ਬਣ ਗਈ ਹੈ। ਇਕ ਪਾਸੇ ਉਹੀ ਲੋਕ ਉਪਰੋਕਤ ਐਕਟ ਲਾਗੂ ਕਰਨ ਦੀ ਮੰਗ ਕਰ ਰਹੇ ਹਨ ਜੋ ਇਸ ਐਕਟ ਦੇ ਖ਼ਿਲਾਫ਼ ਸਨ ਤੇ ਦੂਜੇ ਸੱਤਾਧਾਰੀ ਧਿਰ ਦਾ ਹੀ ਸੀਨੀਅਰ ਆਗੂ ਵੀ ਵਿਰੋਧੀ ਧਿਰ ਦੀ ਮੰਗ ਨਾਲ ਅਸਿੱਧੇ ਤੌਰ ਉਤੇ ਖੜ੍ਹਾ ਹੈ। ਬਾਦਲ ਧੜੇ ਵੱਲੋਂ ਪਾਰਦਰਸ਼ੀ ਪ੍ਰਸ਼ਾਸਨ ਦੇਣ ਦੇ ਦਾਅਵੇ ਤਹਿਤ ਹੁਣ ਕਾਰਜਕਾਰਨੀ ਦੀਆਂ ਬੈਠਕਾਂ ਬੁਲਾਈਆਂ ਜਾ ਰਹੀਆਂ ਹਨ ਜੋ ਪਿਛਲੀ ਕਮੇਟੀ ਵੇਲੇ ਘੱਟ ਹੀ ਹੁੰਦੀਆਂ ਸਨ।

## ਖੱਟਰ ਹੋਂਦ ਚਿੱਲੜ ਰਿਪੋਰਟ ਲਾਗੂ ਕਰਨ ਲਈ ਰਾਜ਼ੀ

**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਹੋਂਦ ਚਿੱਲੜ ਕਾਂਡ ਬਾਰੇ ਇਕ ਮੈਂਬਰੀ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਦਾ ਐਲਾਨ ਕੀਤਾ ਹੈ। ਸਰਕਾਰ ਨੇ ਕਿਹਾ ਹੈ ਕਿ ਪੀੜਤ ਪਰਿਵਾਰਾਂ ਨੂੰ ਅੰਤਰਿਮ ਰਾਹਤ ਜਲਦੀ ਦਿੱਤੀ ਜਾਵੇਗੀ ਤੇ ਬਕਾਇਆ ਰਾਸ਼ੀ ਲਈ ਵੀ ਪ੍ਰਬੰਧ ਕੀਤੇ ਜਾਣਗੇ। ਸਿੱਖ ਭਾਈਚਾਰਾ ਲੰਮੇ ਸਮੇਂ ਤੋਂ ਰਾਹਤ ਦੀ ਮੰਗ ਕਰਦਾ ਆ ਰਿਹਾ ਸੀ।

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਚੰਡੀਗੜ੍ਹ ਵਿਚ ਇਕ ਯੋਜਨਾ ਦੀ ਸ਼ੁਰੂਆਤ ਮੌਕੇ ਜਦੋਂ ਹੋਂਦ ਚਿੱਲੜ ਕਾਂਡ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਸਰਕਾਰ ਨੇ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਦਾ ਫ਼ੈਸਲਾ ਕੀਤਾ ਹੈ। ਕਮਿਸ਼ਨ ਦੀ ਰਿਪੋਰਟ ਬਜਟ ਤੋਂ ਬਾਅਦ ਆਈ ਸੀ ਜਿਸ ਕਾਰਨ ਪੈਸੇ ਦੀ ਕੋਈ ਵਿਵਸਥਾ ਨਹੀਂ ਹੋ ਸਕੀ। ਸਰਕਾਰ ਪੀੜਤ ਪਰਿਵਾਰਾਂ ਨੂੰ ਅੰਤਰਿਮ ਰਾਹਤ ਜਲਦੀ ਦੇ ਦੇਵੇਗੀ ਤੇ ਸਤੰਬਰ ਵਿਚ ਬਜਟ ਅਨੁਮਾਨ ਸੋਧ ਕੇ ਉਸ ਵੇਲੇ ਪੈਸੇ ਦਾ ਪ੍ਰਬੰਧ ਕਰਕੇ ਬਕਾਇਆ ਰਕਮ ਵੀ ਦੇਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਆਤਮਦਾਹ ਕਰਨ ਵਰਗਾ ਕਦਮ ਚੁੱਕਣ ਦੀ ਲੋੜ ਨਹੀਂ ਹੈ। ਜ਼ਿਕਰਯੋਗ ਹੈ ਕਿ ਹੋਂਦ ਚਿੱਲੜ ਕਮੇਟੀ ਤੇ ਪੀੜਤਾਂ ਨੇ ਪਿਛਲੇ ਦਿਨੀਂ ਚੰਡੀਗੜ੍ਹ ਪ੍ਰੈਸ ਕਲੱਬ ਵਿਚ ਐਲਾਨ ਕੀਤਾ ਸੀ ਜੇਕਰ ਸਰਕਾਰ ਨੇ ਇਕ ਮਹੀਨੇ ਅੰਦਰ ਰਿਪੋਰਟ ਲਾਗੂ ਨਾ ਕੀਤੀ ਤਾਂ ਉਹ ਮੁੱਖ ਮੰਤਰੀ ਦੀ ਕੋਠੀ ਸਾਹਮਣੇ ਆਤਮਦਾਹ ਕਰ ਲੈਣਗੇ। ਇਕ ਮੈਂਬਰੀ ਕਮਿਸ਼ਨ ਅੱਜ ਕੱਲ੍ਹ ਗੁੜਗਾਉਂ ਤੇ ਪਟੌਦੀ ਵਿਚ ਸਿੱਖ ਕਤਲੇਆਮ ਦੌਰਾਨ ਹੋਏ ਜਾਨ-ਮਾਲ ਦੇ ਨੁਕਸਾਨ ਦੀ ਜਾਂਚ ਕਰ ਰਿਹਾ ਹੈ। ਕਮਿਸ਼ਨ ਵੱਲੋਂ ਅਗਲੇ ਦੋ ਮਹੀਨਿਆਂ ਵਿਚ ਇਹ ਰਿਪੋਰਟ ਦਿੱਤੇ ਜਾਣ ਦੀ ਸੰਭਾਵਨਾ ਹੈ।

## ਸੁਪਰੀਮ ਕੋਰਟ ਵੱਲੋਂ ਛੇ ਸਿਆਸੀ ਪਾਰਟੀਆਂ ਨੂੰ ਨੋਟਿਸ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਸੁਪਰੀਮ ਕੋਰਟ ਨੇ ਉਸ ਪਟੀਸ਼ਨ 'ਤੇ ਕੇਂਦਰ ਸਰਕਾਰ, ਚੋਣ ਕਮਿਸ਼ਨ ਅਤੇ ਮੁਲਕ ਦੀਆਂ ਛੇ ਵੱਡੀਆਂ ਪਾਰਟੀਆਂ ਨੂੰ ਨੋਟਿਸ ਜਾਰੀ ਕੀਤੇ ਹਨ ਜਿਸ ਵਿਚ ਮੰਗ ਕੀਤੀ ਗਈ ਸੀ ਕਿ ਸਿਆਸੀ ਪਾਰਟੀਆਂ ਨੂੰ ਵਧੇਰੇ ਜਵਾਬਦੇਹ ਬਣਾਉਣ ਤੇ ਸਿਆਸੀ ਕਾਰਜਪ੍ਰਣਾਲੀ 'ਚ ਪਾਰਦਰਸ਼ਤਾ ਲਿਆਉਣ ਲਈ ਉਕਤ ਸਭ ਨੂੰ ਸੂਚਨਾ ਦਾ ਅਧਿਕਾਰ ਐਕਟ (ਆਰ ਟੀ ਆਈ) ਅਧੀਨ ਲਿਆਂਦਾ ਜਾਵੇ।

ਮੁੱਖ ਜਸਟਿਸ ਐਚ.ਐਲ. ਦੱਤੂ ਦੀ ਅਗਵਾਈ ਹੇਠਲੇ ਬੈਂਚ ਨੇ ਇਹ ਹੁਕਮ ਐਨ.ਜੀ.ਓ. 'ਐਸੋਸੀਏਸ਼ਨ ਆਫ ਡੈਮੋਕਰੇਟਿਕ ਰਾਈਟਸ' ਤੇ ਆਰ.ਟੀ.ਆਈ. ਕਾਰਕੁਨ ਐਸ.ਸੀ. ਅਗਰਵਾਲ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ 'ਤੇ ਦਿੱਤੇ।

ਪਟੀਸ਼ਨ ਵਿਚ ਕਿਹਾ ਗਿਆ ਸੀ ਕਿ ਮੁਲਕ ਦੀਆਂ ਸਾਰੀਆਂ ਕੌਮੀ, ਖੇਤਰੀ ਤੇ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਜਨਤਕ ਅਥਾਰਟੀਆਂ ਹਨ। ਸੁਪਰੀਮ ਕੋਰਟ ਨੇ ਕਾਂਗਰਸ, ਭਾਰਤੀ ਜਨਤਾ ਪਾਰਟੀ, ਸੀ.ਪੀ.ਐਮ., ਸੀ.ਪੀ.ਆਈ., ਐਨ.ਸੀ.ਪੀ. ਅਤੇ ਬਹੁਜਨ ਸਮਾਜ ਪਾਰਟੀ ਦੇ ਨਾਲ ਨਾਲ ਸਰਕਾਰ ਅਤੇ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕੀਤਾ ਹੈ।

ਐਨ.ਜੀ.ਓ. ਵੱਲੋਂ ਪੇਸ਼ ਹੋਏ ਐਡਵੋਕੇਟ ਪ੍ਰਸ਼ਾਂਤ ਭੂਸ਼ਨ ਨੇ ਕਿਹਾ ਕਿ ਸਾਰੀਆਂ ਸਿਆਸੀ ਪਾਰਟੀਆਂ ਨੂੰ ਆਪਣੀ ਆਮਦਨ ਦੇ ਮੁਕੰਮਲ ਵੇਰਵੇ, ਪਾਰਟੀ ਢਾਂਚਾ, ਪਾਰਟੀ ਫੰਡ ਅਤੇ ਹੋਰ ਫੰਡਾਂ ਬਾਰੇ ਵੇਰਵੇ ਜਨਤਕ ਕਰਨੇ ਚਾਹੀਦੇ ਹਨ। ਸਿਆਸੀ ਪ੍ਰਬੰਧ ਵਿਚ ਪਾਰਦਰਸ਼ਤਾ ਨਾ ਹੋਣ ਕਾਰਨ ਲੋਕਾਂ ਨੂੰ ਸੱਚ ਦਾ ਪਤਾ ਨਹੀਂ ਲਗਦਾ ਤੇ ਬਹੁਤ ਵੱਡੇ ਪੱਧਰ 'ਤੇ ਪੈਸਾ ਕਾਲੇ ਧਨ ਦੇ ਰੂਪ ਵਿਚ ਚਲਾ ਜਾਂਦਾ ਹੈ।

ਕੇਂਦਰੀ ਸੂਚਨਾ ਕਮਿਸ਼ਨ (ਸੀ.ਆਈ.ਸੀ.) ਨੇ 3 ਜੂਨ 2013 ਨੂੰ ਸਾਰੀਆਂ ਸਿਆਸੀ ਪਾਰਟੀਆਂ ਨੂੰ ਜਨਤਕ ਅਥਾਰਟੀਆਂ ਐਲਾਨਿਆ ਸੀ ਅਤੇ ਉਨ੍ਹਾਂ ਨੂੰ ਆਪਣੇ ਸਾਰੇ ਫੰਡਾਂ ਨੂੰ ਜਨਤਕ ਕਰਨ ਦੀ ਹਦਾਇਤ ਕੀਤੀ ਸੀ, ਪਰ ਇਨ੍ਹਾਂ ਪਾਰਟੀਆਂ ਨੇ ਕਮਿਸ਼ਨ ਦੇ ਨਿਰਦੇਸ਼ਾਂ ਦੀ ਪਾਲਣਾ ਨਹੀਂ ਕੀਤੀ।

## ਸਰਕਾਰੀ ਕਾਗਜ਼ਾਂ 'ਚ ਬੇਰੁਜ਼ਗਾਰੀ ਦਾ ਨਾਮੋ-ਨਿਸ਼ਾਨ ਨਹੀਂ!

**ਚੰਡੀਗੜ੍ਹ:** ਪੰਜਾਬ ਦੇ ਰੁਜ਼ਗਾਰ ਉਤਪਤੀ ਵਿਭਾਗ ਨੂੰ ਸਾਲ 2014-15 ਦੌਰਾਨ ਪੰਜਾਬ ਭਰ ਵਿਚੋਂ ਗ਼ਰੀਬ ਪਰਿਵਾਰਾਂ ਦੇ ਪੜ੍ਹੇ-ਲਿਖੇ ਸਿਰਫ 444 ਬੇਰੁਜ਼ਗਾਰ ਨੌਜਵਾਨ ਹੀ ਲੱਭੇ ਹਨ। ਇਨ੍ਹਾਂ 444 ਬੇਰੁਜ਼ਗਾਰਾਂ ਵਿਚੋਂ 171 ਅਨੁਸੂਚਿਤ ਜਾਤੀਆਂ, 18 ਪਛੜੀਆਂ ਸ਼੍ਰੇਣੀਆਂ ਤੇ 255 ਹੋਰ ਵਰਗਾਂ ਨਾਲ ਸਬੰਧਤ ਹਨ। ਇਨ੍ਹਾਂ ਵਿਚੋਂ 245 ਲੜਕੇ ਤੇ 199 ਲੜਕੀਆਂ ਹਨ।

ਸਰਕਾਰ ਵੱਲੋਂ ਇਨ੍ਹਾਂ 444 ਬੇਰੁਜ਼ਗਾਰਾਂ ਨੂੰ 150 ਰੁਪਏ ਤੋਂ 600 ਰੁਪਏ ਤੱਕ ਪ੍ਰਤੀ ਮਹੀਨਾ ਬੇਕਾਰੀ ਭੱਤਾ ਦਿੱਤਾ ਜਾ ਰਿਹਾ ਹੈ। ਅੰਕੜਿਆਂ ਅਨੁਸਾਰ ਸਰਕਾਰ ਸਾਲਾਨਾ 6,52,575 ਰੁਪਏ ਬੇਕਾਰੀ ਭੱਤਾ ਦੇ ਕੇ ਰਾਜ ਦੇ ਬੇਰੁਜ਼ਗਾਰਾਂ ਦੀ ਰੋਟੀ ਦਾ ਪ੍ਰਬੰਧ ਕਰ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਸਾਲ 2013-14 ਵਿਚ ਪੰਜਾਬ ਸਰਕਾਰ ਨੂੰ ਗ਼ਰੀਬ ਪਰਿਵਾਰਾਂ ਦੇ ਪੜ੍ਹੇ-ਲਿਖੇ ਸਿਰਫ 309 ਬੇਰੁਜ਼ਗਾਰ ਨੌਜਵਾਨ ਹੀ ਲੱਭੇ ਸਨ। ਇਨ੍ਹਾਂ ਵਿਚੋਂ 101 ਅਨੁਸੂਚਿਤ ਜਾਤੀ, 13 ਪਛੜੀਆਂ ਸ਼੍ਰੇਣੀਆਂ ਤੇ 195 ਹੋਰ ਵਰਗਾਂ ਨਾਲ ਸਬੰਧਤ ਸਨ। ਸਰਕਾਰ ਨੇ ਇਨ੍ਹਾਂ 309 ਬੇਰੁਜ਼ਗਾਰਾਂ ਨੂੰ 3,46, 771 ਰੁਪਏ ਬੇਕਾਰੀ ਭੱਤਾ ਦਿੱਤਾ ਸੀ। ਸਰਕਾਰ ਵੱਲੋਂ ਮੈਟ੍ਰਿਕ/ਅੰਡਰ ਗਰੈਜੂਏਟ ਬੇਰੁਜ਼ਗਾਰਾਂ ਨੂੰ 150 ਰੁਪਏ ਪ੍ਰਤੀ ਮਹੀਨਾ ਤੇ ਗਰੈਜੂਏਟ/ਪੋਸਟ ਗਰੈਜੂਏਟ ਲਈ 200 ਰੁਪਏ ਪ੍ਰਤੀ ਮਹੀਨਾ ਬੇਕਾਰੀ ਭੱਤਾ ਦਿੱਤਾ ਜਾ ਰਿਹਾ ਹੈ। ਅੰਗਹੀਣ ਮੈਟ੍ਰਿਕ/ਅੰਡਰ ਗਰੈਜੂਏਟ ਬੇਰੁਜ਼ਗਾਰਾਂ ਨੂੰ 225 ਰੁਪਏ ਤੇ ਗਰੈਜੂਏਟ/ਪੋਸਟ ਗਰੈਜੂਏਟ ਬੇਰੁਜ਼ਗਾਰਾਂ ਨੂੰ 300 ਰੁਪਏ ਪ੍ਰਤੀ ਮਹੀਨਾ ਬੇਕਾਰੀ ਭੱਤਾ ਦਿੱਤਾ ਜਾ ਰਿਹਾ ਹੈ। ਨੇਤਰਹੀਣ, ਗੁੰਗੇ ਤੇ ਬੋਲੇ ਮੈਟ੍ਰਿਕ/ਅੰਡਰ ਗਰੈਜੂਏਟ ਬੇਰੁਜ਼ਗਾਰਾਂ ਨੂੰ 450 ਰੁਪਏ ਤੇ ਗਰੈਜੂਏਟ/ਪੋਸਟ ਗਰੈਜੂਏਟ ਬੇਰੁਜ਼ਗਾਰਾਂ ਨੂੰ ਪ੍ਰਤੀ ਮਹੀਨਾ 600 ਰੁਪਏ ਬੇਕਾਰੀ ਭੱਤਾ ਦਿੱਤਾ ਜਾਂਦਾ ਹੈ।

ਸੂਤਰਾਂ ਅਨੁਸਾਰ ਵਿਭਾਗ ਵੱਲੋਂ ਬੇਕਾਰੀ ਭੱਤੇ ਵਿਚ 150 ਰੁਪਏ ਤੋਂ 250 ਰੁਪਏ ਤੱਕ ਵਾਧਾ ਕਰਨ ਦੀ ਤਜਵੀਜ਼ ਵਿੱਤ ਵਿਭਾਗ ਨੂੰ ਭੇਜੀ ਸੀ ਪਰ ਵਿੱਤ ਵਿਭਾਗ ਨੇ ਇਨਕਾਰ ਕਰ ਦਿੱਤਾ ਸੀ। ਪੰਜਾਬ ਸਰਕਾਰ ਨੇ ਬੇਕਾਰੀ ਭੱਤਾ ਦੇਣ ਦੀ ਸਕੀਮ ਸਾਲ 1978 ਵਿਚ ਸ਼ੁਰੂ ਕੀਤੀ ਸੀ। ਇਸ ਤਹਿਤ ਪੜ੍ਹੇ-ਲਿਖੇ 17 ਤੋਂ 40 ਸਾਲ ਦੇ ਬੇਰੁਜ਼ਗਾਰਾਂ (ਮੈਟ੍ਰਿਕ ਜਾਂ ਇਸ ਤੋਂ ਵੱਧ) ਜਿਨ੍ਹਾਂ ਦੇ ਨਾਂ ਪੰਜ ਸਾਲਾਂ ਤੋਂ ਰੁਜ਼ਗਾਰ ਦਫਤਰਾਂ ਵਿਚ ਦਰਜ ਸਨ, ਨੂੰ ਬੇਕਾਰੀ ਭੱਤਾ ਦੇਣ ਦੀ ਨੀਤੀ ਬਣਾਈ ਸੀ। ਇਸ ਅਨੁਸਾਰ 12,000 ਰੁਪਏ ਸਾਲਾਨਾ ਆਮਦਨ ਤੋਂ ਘੱਟ ਪਰਿਵਾਰਾਂ ਦੇ ਪੜ੍ਹੇ-ਲਿਖੇ ਬੇਰੁਜ਼ਗਾਰਾਂ ਨੂੰ ਬੇਕਾਰੀ ਭੱਤਾ ਦਿੱਤਾ ਜਾਣਾ ਸੀ। ਸਰਕਾਰ ਨੇ ਅਪਰੈਲ 1980 ਤੋਂ ਰੁਜ਼ਗਾਰ ਦਫ਼ਤਰਾਂ ਵਿਚ ਨਾਂ ਦਰਜ ਹੋਣ ਦੀ ਸ਼ਰਤ ਤਿੰਨ ਸਾਲ ਕਰ ਦਿੱਤੀ ਸੀ। ਦੱਸਣਯੋਗ ਹੈ ਕਿ ਅਕਾਲੀ ਦਲ ਵੱਲੋਂ ਸਾਲ 2007 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਆਪਣੇ ਚੋਣ ਮਨੋਰਥ ਪੱਤਰ ਵਿਚ ਰਾਜ ਵਿਚ ਟੈਕਨਾਲੋਜੀ ਹੱਬ ਸਥਾਪਤ ਕਰਕੇ ਇਕ ਲੱਖ ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕਰਨ ਤੇ ਸਰਕਾਰੀ ਵਿਭਾਗਾਂ ਵਿਚ ਡੇਢ ਲੱਖ ਅਸਾਮੀਆਂ ਭਰਨ ਦਾ ਵਾਅਦਾ ਕੀਤਾ ਸੀ।

ਇਸ ਦੇ ਉਲਟ ਬਾਦਲ ਸਰਕਾਰ ਵੱਲੋਂ ਵੀ ਕੈਪਟਨ ਸਰਕਾਰ ਵੇਲੇ ਕਿਸੇ ਵੀ ਮੁਲਾਜ਼ਮ ਦੇ ਰਿਟਾਇਰ ਹੋਣ, ਪ੍ਰਮੋਟ ਹੋਣ ਜਾਂ ਮੌਤ ਹੋਣ ਦੀ ਸੂਰਤ ਵਿਚ ਖਾਲੀ ਹੁੰਦੀਆਂ ਫੀਡਰ ਪੋਸਟਾਂ (ਸਭ ਤੋਂ ਹੇਠਲੀਆਂ ਅਸਾਮੀਆਂ) ਖ਼ਤਮ ਕਰਨ ਦਾ ਕੀਤਾ ਗਿਆ ਫੈਸਲਾ ਬਰਕਰਾਰ ਰੱਖ ਕੇ ਨਵੀਂ ਭਰਤੀ ਦੇ ਮੌਕਿਆਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ।

### ਸਵੈ-ਰੁਜ਼ਗਾਰ ਫਰੰਟ 'ਤੇ ਫੇਲ੍ਹ ਹੋਈ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਲੱਖਾਂ ਨੌਜਵਾਨਾਂ ਵਿਚੋਂ ਸਾਲ ਵਿਚ ਸਿਰਫ਼ 401 ਨੌਜਵਾਨਾਂ ਲਈ ਹੀ ਸਵੈ-ਰੁਜ਼ਗਾਰ ਦਾ ਪ੍ਰਬੰਧ ਕਰ ਸਕੀ ਹੈ। ਸ਼੍ਰੋਮਣੀ ਅਕਾਲੀ ਦਲ ਨੇ 2007 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੂਬੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਮੁਹੱਈਆ ਕਰਾਉਣ ਸਬੰਧੀ ਆਸਾਨ ਦਰਾਂ 'ਤੇ ਹਰ ਲੋੜਵੰਦ ਨੂੰ 5.25 ਲੱਖ ਰੁਪਏ ਕਰਜ਼ਾ ਦੇਣ ਦਾ ਵਾਅਦਾ ਕੀਤਾ ਸੀ।

ਪੰਜਾਬ ਸਕੱਤਰੇਤ ਤੋਂ ਮਿਲੀ ਜਾਣਕਾਰੀ ਅਨੁਸਾਰ ਸਰਕਾਰ ਪਿਛਲੇ ਸਾਲ ਇੱਕ ਜਨਵਰੀ ਤੋਂ 31 ਦਸੰਬਰ ਤੱਕ ਸਿਰਫ਼ 401 ਨੌਜਵਾਨਾਂ ਨੂੰ ਹੀ ਸਵੈ-ਰੁਜ਼ਗਾਰ ਸਕੀਮ ਅਧੀਨ ਕਰਜ਼ਾ ਮੁਹੱਈਆ ਕਰਾ ਸਕੀ ਹੈ। ਇੱਕ ਜਨਵਰੀ 2013 ਤੋਂ 31 ਦਸੰਬਰ 2013 ਤੱਕ ਇਸ ਸਕੀਮ ਤਹਿਤ ਮਹਿਜ਼ 56 ਨੌਜਵਾਨਾਂ ਦਾ ਹੀ ਕੰਮਕਾਜ ਸ਼ੁਰੂ ਕਰਵਾਇਆ ਜਾ ਸਕਿਆ ਸੀ। ਪੰਜਾਬ ਦੇ ਰੁਜ਼ਗਾਰ ਉਤਪੰਨ ਅਤੇ ਸਿਖਲਾਈ ਵਿਭਾਗ ਨੂੰ ਪੂਰੇ ਸਾਲ ਦੌਰਾਨ ਸੂਬੇ ਵਿਚੋਂ ਗ਼ਰੀਬ ਪਰਿਵਾਰਾਂ ਦੇ ਸਿਰਫ਼ 444 ਪੜ੍ਹੇ-ਲਿਖੇ ਬੇਰੁਜ਼ਗਾਰ ਹੀ ਲੱਭੇ। ਪੰਜਾਬ ਸਰਕਾਰ ਵੱਲੋਂ ਸੂਬੇ ਵਿਚੋਂ ਬੇਰੁਜ਼ਗਾਰੀ ਨੂੰ ਜੜ੍ਹੋਂ ਖ਼ਤਮ ਕਰਨ ਲਈ ਵਿਸ਼ੇਸ਼ ਤੌਰ 'ਤੇ ਬਣਾਇਆ ਰੁਜ਼ਗਾਰ ਉਤਪੰਨ ਅਤੇ ਸਿਖਲਾਈ ਵਿਭਾਗ ਨੌਜਵਾਨਾਂ ਨੂੰ ਨੌਕਰੀਆਂ ਅਤੇ ਸਵੈ-ਰੁਜ਼ਗਾਰ ਮੁਹੱਈਆ ਕਰਾਉਣ ਦੀ ਥਾਂ ਮਹਿਜ਼ ਭਾਸ਼ਣ ਦੇਣ ਤੱਕ ਹੀ ਸੀਮਤ ਹੈ। ਇਸ ਵਿਭਾਗ ਵੱਲੋਂ ਪਿਛਲੇ ਸਾਲ ਇੱਕ ਜਨਵਰੀ ਤੋਂ 31 ਦਸੰਬਰ ਤੱਕ ਸਕੂਲਾਂ ਤੇ ਕਾਲਜਾਂ ਵਿਚ ਕਿੱਤਾ ਅਗਵਾਈ ਸਬੰਧੀ 1197 ਭਾਸ਼ਣ ਦਿੱਤੇ ਗਏ ਹਨ। ਵਿਭਾਗ ਵੱਲੋਂ ਪਿਛਲੇ ਵਰ੍ਹੇ ਕਿੱਤਾ ਅਗਵਾਈ ਤਹਿਤ 4424 ਗਰੁੱਪਾਂ ਵਿਚ ਸ਼ਾਮਲ 18,574 ਨੌਜਵਾਨਾਂ ਨੇ ਭਾਸ਼ਣ ਦੇਣ ਅਤੇ 116 ਕਾਨਫਰੰਸਾਂ ਤੇ ਪ੍ਰਦਰਸ਼ਨੀਆਂ ਜਿਹੀਆਂ ਗਤੀਵਿਧੀਆਂ ਕੀਤੀਆਂ ਹਨ। ਇਨ੍ਹਾਂ ਵਿਚ 67,127 ਵਿਦਿਆਰਥੀ ਸ਼ਾਮਲ ਹੋਏ ਹਨ।

ੴ ਸਤਿਗੁਰ ਪ੍ਰਸਾਦਿ॥

# Membership Registration for Gurdwara Election

Guru Pyaari Sadh Sangat Ji,

San Jose Gurdwara Sahib will be holding elections for the Gurdwara Parbandhak Committee in the coming months. Please come and register to become a member or to renew your membership so you can vote in the upcoming election. Membership registration for San Jose Gurdwara Sahib is open since June 7th and last for one month, until July 12th. During that time, registration will be open every Sunday from 10 am to 5 pm and every Wednesday from 6 pm to 8 pm. The membership registration form and guidelines will be available on the Gurudwara website: http://www.sanjosegurdwara.org starting June 3.

**For any questions, please call: (408) 982-7392**

**email gurdwara.membership.committee@gmail.com.**

This announcement is approved by the Membership Registration Committee.

## ਮੈਂਬਰਸ਼ਿਪ ਰਜਿਸਟਰੇਸ਼ਨ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਸਤਿਕਾਰ ਯੋਗ ਸਾਧ ਸੰਗਤ ਜੀ,

ਗੁਰਦੁਆਰਾ ਸਾਹਿਬ, ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੀ ਆਉਣ ਵਾਲੀ ਇਲੈਕਸ਼ਨ ਲਈ ਮੈਂਬਰਸ਼ਿਪ ਰਜਿਸਟਰੇਸ਼ਨ 7 ਜੂਨ ਤੋਂ ਲੈ ਕੇ 12 ਜੁਲਾਈ ਤਕ ਚੱਲੇਗੀ। ਇਸ ਸਮੇਂ ਦੌਰਾਨ ਰਜਿਸਟਰੇਸ਼ਨ ਹਰ ਐਤਵਾਰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਅਤੇ ਹਰ ਬੁਧਵਾਰ ਸ਼ਾਮ 6 ਵਜੇ ਤੋਂ 8 ਵਜੇ ਤੱਕ ਖੁੱਲ੍ਹੀ ਰਹੇਗੀ। ਆਪ ਜੀ ਨਵੀਂ ਮੈਂਬਰਸ਼ਿਪ ਬਣਵਾ ਸਕਦੇ ਹੋ ਜਾਂ ਪੁਰਾਣੀ ਮੈਂਬਰਸ਼ਿਪ ਨਵਿਆ ਸਕਦੇ ਹੋ ਤਾਂ ਜੋ ਆਪ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵਿਚ ਹਿੱਸਾ ਲੈ ਸਕੋ। ਮੈਂਬਰਸ਼ਿਪ ਰਜਿਸਟਰੇਸ਼ਨ ਦਾ ਫਾਰਮ ਅਤੇ ਹੋਰ ਜਾਣਕਾਰੀ ਗੁਰਦੁਆਰਾ ਸਾਹਿਬ ਦੀ ਵੈਬ ਸਾਈਟ: www.sanjosegurdwara.org ਤੋਂ 3 ਜੂਨ ਤੋਂ ਉਪਲਬਧ ਹੈ।

ਹੋਰ ਜਾਣਕਾਰੀ ਲਈ ਮੈਂਬਰਸ਼ਿਪ ਕਮੇਟੀ ਨਾਲ ਫੋਨ (408) 982-7392 ਜਾਂ ਈਮੇਲ: gurdwara.membership.committee@gmail.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## Matrimonial

### ਵਰ ਦੀ ਲੋੜ ਹੈ

Wanted well educated US born clean shave boy for Jatt Sikh girl, 30, 5'-5", slim & beautiful, to be pharmacist graduate next year, working part time. Parents well settled in US since long time. Contact: 916-710-1891 or hnurpuri@gmail.com 27-

Suitable match for Gur Sikh girl 33, 5'-3", caring, adjustable, innocent issueless divorcee. MA M. Phil (Eng), Assistant Prof., Doing PHD in India. Well placed Amritsar based family. Father Addl. SE Rtd. Cont: 440-725-0024 USA or vmilap@gmail.com 26-27

ਜੱਟ ਸਿੱਖ ਤਲਾਕਸ਼ੁਦਾ (ਕੋਈ ਬੱਚਾ ਨਹੀਂ) ਕੈਨੇਡੀਅਨ ਸਿਟੀਜ਼ਨ ਲੜਕੀ 29 ਸਾਲ 5'4" ਲਈ ਅਮਰੀਕੀ ਸਿਟੀਜ਼ਨ/ਗਰੀਨ ਕਾਰਡ ਹੋਲਡਰ ਜੱਟ ਸਿੱਖ ਲੜਕੇ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 619-457-9270 ਅਤੇ 209-321-7121 24-

### ਕੰਨਿਆ ਦੀ ਲੋੜ ਹੈ

Wanted suitable US citizen girl for a Jatt Sikh Gill electro-mechanical engineer boy, 28, 6', PR in Canada. Contact: 216-543-5210 or ds.gill@hotmail.com 27-30

Suitable match for Kamboj Sikh handsome boy 24 years, 6' son, working in banking profession on work visa. Contact: +91-85618-53000 or ssukhvinder1965@gmail.com

ਰਵੀਦਾਸੀਆ ਸਿੱਖ 27 ਸਾਲ, 5'9", ਬੀ ਕਾਮ (ਅਕਾਊਂਟਿੰਗ), ਐਲ ਐਲ ਬੀ ਇੰਡੀਆ ਰਹਿੰਦੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਪਾਸ 15 ਕਿਲੇ ਜ਼ਮੀਨ ਹੈ। ਸੰਪਰਕ ਕਰੋ, ਫੋਨ: 347-445-3381

**Punjab Times**
*Ph: 847-359-0746*
*Visit us on the web:*
***punjabtimesusa.com***

## ਦੋ ਲੱਖ ਕਰੋੜ ਦੀ ਜਾਇਦਾਦ ਦਾਨ ਕਰਨਗੇ ਸਾਊਦੀ ਪ੍ਰਿੰਸ

**ਨਵੀਂ ਦਿੱਲੀ:** ਸਾਊਦੀ ਅਰਬ ਦੇ ਪ੍ਰਿੰਸ ਅਲ ਵਲੀਦ ਬਿਨ ਤਲਾਲ ਨੇ ਆਪਣੀ 32 ਅਰਬ ਡਾਲਰ (ਤਕਰੀਬਨ 2.04 ਲੱਖ ਕਰੋੜ ਰੁਪਏ) ਦੀ ਜਾਇਦਾਦ ਨੂੰ ਦਾਨ ਕਰਨ ਦਾ ਫੈਸਲਾ ਕੀਤਾ ਹੈ। ਇਹ ਰਕਮ ਔਰਤਾਂ ਦੀ ਸਿਹਤ ਤੇ ਆਫਤਾਂ ਦੇ ਪ੍ਰਬੰਧਨ ਉਤੇ ਖ਼ਰਚ ਕੀਤੀ ਜਾਵੇਗੀ।

ਇਸ ਦਾ ਬਲਿਊ ਪ੍ਰਿੰਟ ਅਗਲੇ ਸਾਲ ਜਾਰੀ ਕੀਤਾ ਜਾਵੇਗਾ। ਤਲਾਲ ਆਪ ਹੀ ਟਰੱਸਟ ਦੇ ਪ੍ਰਧਾਨ ਹੋਣਗੇ ਤਾਂ ਜੋ ਪੈਸੇ ਦੀ ਠੀਕ ਵਰਤੋਂ ਉਤੇ ਨਜ਼ਰ ਰੱਖ ਸਕਣ। ਉਨ੍ਹਾਂ ਵੱਲੋਂ ਬਣਾਇਆ ਜਾਣ ਵਾਲਾ ਟਰੱਸਟ ਉਨ੍ਹਾਂ ਦੀ ਮੌਤ ਤੋਂ ਬਾਅਦ ਵੀ ਜ਼ਰੂਰਤਮੰਦਾਂ ਦੀ ਮਦਦ ਕਰਦਾ ਰਹੇਗਾ।

ਪ੍ਰਿੰਸ ਤਲਾਲ ਸਾਊਦੀ ਅਰਬ ਦੇ ਸੰਸਥਾਪਕ ਦਬਨ ਦੇ ਪੋਤਰੇ ਹਨ ਤੇ ਦੁਨੀਆਂ ਦੇ ਸਭ ਤੋਂ ਅਮੀਰ ਲੋਕਾਂ ਵਿਚੋਂ ਇਕ ਹਨ।


# Golden State Realty

**9912 Kapalua Ln., Elk Grove, CA 95624**



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers 2009 to 2014

*Please Contact For*
**Commercial or Residential Needs**

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*
**Ph: 916-612-5773**

**email:** samchahal@hotmail.com

***Serving all over California***

# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

**ਗੁਰਬੰਸ ਸਿੰਘ ਗਿੱਲ, ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse

ਮਾਊਂਟਨਹਾਊਸ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ

**For Sale & Purchase of Residential, Commercial Property and AG-Land**

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ

COLDWELL BANKER VALLEY CENTRAL
EQUAL HOUSING OPPORTUNITY
REALTOR®



Gurbans Singh Gill
Realtor
DRE#01227109

17 Years Experiance in Real Estate
e-mail: gurbans@gotracy.com
Fax: 209-836-0706
www.gotracy.com

**Gurbans Gill**
**Office 209-835-4545**
**Direct 209-815-1869**

1486 W 11th Street, Tracy, CA 95376

# ਵਿਕਾਸ ਦੀ ਗੱਡੀ ਵਿਚ ਸਵਾਰ ਨਾ ਹੋ ਸਕਿਆ ਪੇਂਡੂ ਭਾਰਤ

**ਨਵੀਂ ਦਿੱਲੀ:** 2011 ਦੀ ਸਮਾਜਿਕ ਆਰਥਿਕ ਤੇ ਜਾਤੀ ਆਧਾਰਤ ਮਰਦਮਸ਼ੁਮਾਰੀ ਦੇ ਜਾਰੀ ਹੋਏ ਅੰਕੜਿਆਂ ਨੇ ਪੇਂਡੂ ਭਾਰਤ ਦੀ ਮਾੜੀ ਹਾਲਤ ਦੀ ਤਸਵੀਰ ਪੇਸ਼ ਕੀਤੀ ਹੈ। ਪਿੰਡਾਂ ਵਿਚ ਵੱਸਦੇ ਤਿੰਨ ਪਰਿਵਾਰਾਂ ਵਿਚੋਂ ਇਕ ਕੋਲ ਕੋਈ ਜ਼ਮੀਨ ਨਹੀਂ ਹੈ ਤੇ ਉਹ ਜੀਵਨ ਬਸਰ ਲਈ ਮਜ਼ਦੂਰੀ ਕਰਨ ਨੂੰ ਮਜਬੂਰ ਹਨ। ਐਸ.ਈ.ਸੀ.ਸੀ. 2011 ਪਹਿਲੀ ਕਾਗ਼ਜ਼ ਰਹਿਤ ਮਰਦਮਸ਼ੁਮਾਰੀ ਹੈ ਤੇ ਸਰਕਾਰ ਵੱਲੋਂ ਇਕ ਇਲੈਕਟ੍ਰਾਨਿਕ ਯੰਤਰ ਵਿਚ ਘਰ-ਘਰ ਜਾ ਕੇ ਸਾਰੇ ਅੰਕੜੇ ਇਕੱਠੇ ਕੀਤੇ ਗਏ ਸਨ। ਕੇਂਦਰੀ ਪੇਂਡੂ ਵਿਕਾਸ ਮੰਤਰਾਲੇ ਵੱਲੋਂ 640 ਜ਼ਿਲ੍ਹਿਆਂ ਵਿਚ ਮਰਦਮਸ਼ੁਮਾਰੀ ਕਰਾਈ ਗਈ ਸੀ। ਇਸ ਦੇ ਅੰਕੜੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਤੇ ਪੇਂਡੂ ਵਿਕਾਸ ਮੰਤਰੀ ਚੌਧਰੀ ਬੀਰੇਂਦਰ ਸਿੰਘ ਨੇ ਜਾਰੀ ਕੀਤੇ।

ਮਰਦਮਸ਼ੁਮਾਰੀ ਮੁਤਾਬਕ ਪਿੰਡਾਂ ਵਿਚ ਸਿੱਖਿਆ ਦੀ ਹਾਲਤ ਵੀ ਮਾੜੀ ਹੈ। ਪਿੰਡਾਂ ਵਿਚ ਵੱਸਦੇ 23.52 ਫ਼ੀਸਦੀ ਪਰਿਵਾਰਾਂ ਵਿਚ 25 ਸਾਲ ਤੋਂ ਉਪਰ ਦਾ ਕੋਈ ਵੀ ਵਿਅਕਤੀ ਪੜ੍ਹਿਆ-ਲਿਖਿਆ ਨਹੀਂ ਹੈ। ਅੰਕੜਿਆਂ ਵਿਚ ਦੱਸਿਆ ਗਿਆ ਹੈ ਕਿ ਦੇਸ਼ ਵਿਚ ਕੁਲ 24.39 ਕਰੋੜ ਘਰ ਹਨ ਜਿਨ੍ਹਾਂ ਵਿਚੋਂ 17.91 ਕਰੋੜ ਪਿੰਡਾਂ ਵਿਚ ਹਨ ਤੇ ਇਨ੍ਹਾਂ ਵਿਚੋਂ 10.69 ਕਰੋੜ ਘਰ ਖਾਲੀ ਹਨ। ਪਿੰਡਾਂ ਵਿਚ 2.37 ਕਰੋੜ (13.25 ਫ਼ੀਸਦੀ) ਪਰਿਵਾਰ ਇਕ ਕਮਰੇ ਦੇ ਘਰਾਂ ਵਿਚ ਰਹਿੰਦੇ ਹਨ ਜਿਨ੍ਹਾਂ ਦੀਆਂ ਕੰਧਾਂ ਤੇ ਛੱਤਾਂ ਕੱਚੀਆਂ ਹਨ। ਪਿੰਡਾਂ ਵਿਚ ਰਹਿੰਦੀ 21.53 ਫ਼ੀਸਦੀ ਜਾਂ 3.86 ਕਰੋੜ ਆਬਾਦੀ ਐਸ.ਸੀ./ਐਸ.ਟੀ. ਵਰਗ ਨਾਲ ਸਬੰਧਤ ਹੈ। ਮਰਦਮਸ਼ੁਮਾਰੀ ਦੇ ਅੰਕੜੇ ਜਾਰੀ ਕਰਦਿਆਂ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ 1932 ਵਿਚ ਜਾਤ ਆਧਾਰਤ ਮਰਦਮਸ਼ੁਮਾਰੀ ਤੋਂ ਬਾਅਦ ਹੁਣ ਸੱਤ-ਅੱਠ ਦਹਾਕਿਆਂ ਬਾਅਦ ਜਾ ਕੇ ਨਵੇਂ ਅੰਕੜੇ ਇਕੱਤਰ ਕੀਤੇ ਗਏ ਹਨ।

ਦੇਸ਼ ਸਾਰੇ ਪਿੰਡਾਂ ਦੇ ਘਰਾਂ ਵਿਚੋਂ ਸਿਰਫ਼ 4.6 ਫ਼ੀਸਦੀ ਹੀ ਆਮਦਨ ਕਰ ਅਦਾ ਕਰਦੇ ਹਨ। ਆਮਦਨ ਦੇ ਵਸੀਲਿਆਂ ਬਾਰੇ ਦੱਸਿਆ ਗਿਆ ਹੈ ਕਿ 9.16 ਕਰੋੜ ਪਰਿਵਾਰ (51.14 ਫ਼ੀਸਦੀ) ਹੱਥੀਂ ਕਿਰਤ ਕਰਨ ਵਾਲੇ ਹਨ ਤੇ ਦੂਜੇ ਨੰਬਰ ਉਤੇ ਖੇਤੀ (30.10 ਫ਼ੀਸਦੀ) ਆਉਂਦੀ ਹੈ। ਪਿੰਡਾਂ ਦੇ ਢਾਈ ਕਰੋੜ ਪਰਿਵਾਰ ਸਰਕਾਰੀ ਤੇ ਪ੍ਰਾਈਵੇਟ ਸੈਕਟਰ ਦੀਆਂ ਨੌਕਰੀਆਂ ਉਤੇ ਨਿਰਭਰ ਹਨ। 4.08 ਲੱਖ ਪਰਿਵਾਰ ਕੂੜਾ ਚੁੱਕਣ ਵਾਲਿਆਂ ਵਿਚ ਸ਼ਾਮਲ ਹਨ ਜਦਕਿ 6.68 ਲੱਖ ਪਰਿਵਾਰ ਮੰਗ ਕੇ ਤੇ ਦਾਨ ਰਾਹੀਂ ਗੁਜ਼ਾਰਾ ਕਰਦੇ ਹਨ। ਸਿਰਫ 5 ਫੀਸਦੀ ਪਰਿਵਾਰਾਂ ਨੂੰ ਹੀ ਸਰਕਾਰੀ ਨੌਕਰੀ ਦਾ ਸੁੱਖ ਮਿਲ ਰਿਹਾ ਹੈ। 68.96 ਪਰਿਵਾਰ ਅਜਿਹੇ ਹਨ ਜਿਥੇ ਪਰਿਵਾਰ ਦੀ ਮੁਖੀ ਔਰਤ ਹੈ ਤੇ 65 ਲੱਖ ਪਰਿਵਾਰ ਅਜਿਹੇ ਵੀ ਹਨ ਜਿਸ ਘਰ ਵਿਚ ਕੋਈ ਵੱਡਾ ਮੈਂਬਰ ਨਹੀਂ ਹੈ ਭਾਵ ਪਰਿਵਾਰ ਦੇ ਸਾਰੇ ਮੈਂਬਰ ਨਾਬਾਲਗ ਹਨ। ਦੇਸ਼ ਦੀ 30 ਫ਼ੀਸਦੀ ਪੇਂਡੂ ਵਸੋਂ ਸੂਚੀਦਰਜ ਜਾਤਾਂ ਤੇ ਸੂਚੀਦਰਜ ਕਬੀਲੇ ਗਰੁੱਪ ਨਾਲ ਸਬੰਧਤ ਹੈ। ਪੰਜਾਬ ਵਿਚ ਸਭ ਤੋਂ ਵੱਧ 36.74 ਫ਼ੀਸਦੀ ਅਨੁਸੂਚਿਤ ਜਾਤਾਂ ਨਾਲ ਸਬੰਧਤ ਆਬਾਦੀ ਹੈ। ਇਸ ਪਿੱਛੋਂ ਪੱਛਮੀ ਬੰਗਾਲ ਵਿਚ 28.45 ਫ਼ੀਸਦੀ, ਤਾਮਿਲਨਾਡੂ 25.55 ਤੇ ਹਿਮਾਚਲ ਪ੍ਰਦੇਸ਼ ਵਿਚ 23.97 ਫ਼ੀਸਦੀ ਆਬਾਦੀ ਅਨੁਸੂਚਿਤ ਜਾਤਾਂ ਨਾਲ ਸਬੰਧਤ ਹੈ। ਜਿਥੋਂ ਤੱਕ ਸੂਚੀਦਰਜ ਕਬੀਲਿਆਂ ਦੀ ਵਸੋਂ ਦਾ ਸਬੰਧ ਹੈ ਮਿਜ਼ੋਰਮ ਵਿਚ ਸਭ ਤੋਂ ਵੱਧ 98.79 ਫ਼ੀਸਦੀ, ਲਕਸ਼ਦੀਪ 96.59, ਨਾਗਾਲੈਂਡ 93.91 ਤੇ ਮੇਘਾਲਿਆ ਵਿਚ 90.36 ਫ਼ੀਸਦੀ ਵਸੋਂ ਸੂਚੀਦਰਜ ਕਬੀਲਿਆਂ ਨਾਲ ਸਬੰਧਤ ਹੈ।

### ਮਰਦਮਸ਼ੁਮਾਰੀ ਨੇ ਪੇਸ਼ ਕੀਤੀ ਪੇਂਡੂ ਭਾਰਤ ਦੀ ਅਸਲ ਝਾਕੀ



### ਪੰਜਾਬ ਦੇ ਪਿੰਡਾਂ ਦੀ 31.86% ਆਬਾਦੀ ਕੋਰੀ ਅਨਪੜ੍ਹ

**ਚੰਡੀਗੜ੍ਹ:** ਪੰਜਾਬ ਵਰਗੇ ਸੂਬੇ ਦੇ ਪਿੰਡ ਪੜ੍ਹਾਈ ਦੇ ਮਾਮਲੇ ਵਿਚ ਬਹੁਤ ਦੂਰ ਰਹਿ ਗਏ ਹਨ। ਰਾਜ ਦੇ ਪਿੰਡਾਂ ਦੀ 31.86 ਫ਼ੀਸਦੀ ਆਬਾਦੀ ਕੋਰੀ ਅਨਪੜ੍ਹ ਹੈ ਤੇ ਸਿਰਫ ਤਿੰਨ ਫ਼ੀਸਦੀ ਆਬਾਦੀ ਹੀ ਗਰੈਜੂਏਟ ਜਾਂ ਇਸ ਤੋਂ ਉਪਰ ਦੀ ਪੜ੍ਹਾਈ ਹਾਸਲ ਕਰ ਸਕੀ ਹੈ। ਸਿਰ ਉਪਰ ਮੈਲਾ ਢੋਣ ਉਤੇ ਕਾਨੂੰਨੀ ਪਾਬੰਦੀ ਦੇ ਬਾਵਜੂਦ ਸੂਬੇ ਦਾ ਦੇਸ਼ ਵਿਚ ਤੀਜਾ ਨੰਬਰ ਹੈ। ਪਹਿਲੀ ਵਾਰ 1931 ਵਿਚ ਕੀਤੀ ਸਮਾਜਿਕ-ਆਰਥਿਕ ਤੇ ਜਾਤੀਗਤ ਜਨਗਣਨਾ ਤੋਂ ਬਾਅਦ ਭਾਵ ਆਜ਼ਾਦ ਭਾਰਤ ਵਿਚ ਇਹ ਪਹਿਲੀ ਜਨਗਣਨਾ ਹੈ। ਜਨਗਣਨਾ ਦੇ ਜਾਰੀ ਅੰਕੜੇ ਹੈਰਾਨ ਕਰ ਦੇਣ ਵਾਲੇ ਹਨ। ਪੰਜਾਬ ਦੀ ਕੁਲ 2.77 ਕਰੋੜ ਦੀ ਆਬਾਦੀ ਵਿਚੋਂ 1,68,60,394 ਲੋਕ ਪਿੰਡਾਂ ਵਿੱਚ ਰਹਿੰਦੇ ਹਨ। ਇਨ੍ਹਾਂ ਵਿਚੋਂ 53,71,378 ਲੋਕ ਅੱਖਰ ਗਿਆਨ ਤੋਂ ਵੀ ਕੋਰੇ ਹਨ। ਇਸ 31.86 ਫ਼ੀਸਦੀ ਆਬਾਦੀ ਵਿਚ ਜੇਕਰ ਪੰਜ ਜਮਾਤਾਂ ਤੋਂ ਵੀ ਘੱਟ ਪੜ੍ਹੇ-ਲਿਖੇ 9.87 ਫ਼ੀਸਦੀ ਤੇ ਪੰਜਵੀਂ ਪਾਸ 17.30 ਫ਼ੀਸਦੀ ਲੋਕ ਵੀ ਜੋੜ ਲਏ ਜਾਣ ਤਾਂ ਸੂਬੇ ਦੀ 58.93 ਫ਼ੀਸਦੀ ਆਬਾਦੀ ਛੇਵੀਂ ਪਾਸ ਵੀ ਨਹੀਂ ਹੈ। ਪਹਿਲਾਂ ਹੀ ਚਰਚਾ ਵਿਚ ਆ ਰਹੇ ਅੰਕੜਿਆਂ ਅਨੁਸਾਰ ਸਰਕਾਰੀ ਪੇਂਡੂ ਸਕੂਲਾਂ ਵਿਚ ਸਿਰਫ ਦਲਿਤਾਂ ਤੇ ਗ਼ਰੀਬਾਂ ਦੇ ਬੱਚੇ ਹੀ ਰਹਿ ਗਏ ਹਨ। ਸੂਬੇ ਦੇ ਪਿੰਡਾਂ ਵਿਚ ਰਹਿੰਦੇ 32,68,562 ਪਰਿਵਾਰਾਂ ਵਿਚੋਂ 36.74 ਫ਼ੀਸਦੀ ਭਾਵ 12,00,764 ਪਰਿਵਾਰ ਦਲਿਤ ਵਰਗ ਨਾਲ ਸਬੰਧਤ ਹਨ।

### ਇਹ ਹੈ ਪੇਂਡੂ ਭਾਰਤ ਜਿਥੇ ਕਹਿੰਦੇ ਰੱਬ ਵੱਸਦਾ...

*27.93 ਫੀਸਦੀ ਘਰਾਂ ਵਿਚ ਕੋਈ ਵੀ ਫੋਨ ਕੁਨੈਕਸ਼ਨ ਨਹੀਂ
*21.53 ਫ਼ੀਸਦੀ ਆਬਾਦੀ ਐਸ.ਸੀ./ਐਸ.ਟੀ. ਵਰਗ ਨਾਲ ਸਬੰਧਤ
*ਸਿਰਫ਼ 4.6 ਫ਼ੀਸਦੀ ਹੀ ਆਮਦਨ ਕਰ ਅਦਾ ਕਰਦੇ ਹਨ
*6.68 ਲੱਖ ਪਰਿਵਾਰ ਮੰਗ ਕੇ ਤੇ ਦਾਨ ਰਾਹੀਂ ਗੁਜ਼ਾਰਾ ਕਰਦੇ ਹਨ
*ਪੰਜ ਫੀਸਦੀ ਪਰਿਵਾਰਾਂ ਨੂੰ ਹੀ ਸਰਕਾਰੀ ਨੌਕਰੀ ਦਾ ਸੁੱਖ
*30.10 ਫ਼ੀਸਦੀ ਪੇਂਡੂ ਪਰਿਵਾਰ ਖੇਤੀ ਉਤੇ ਨਿਰਭਰ
*20 ਫੀਸਦੀ ਤੋਂ ਵੱਧ ਘਰਾਂ ਵਿਚ ਮੋਟਰ ਗੱਡੀਆਂ
*ਪੰਜਾਬ ਵਿਚ 36.74 ਫ਼ੀਸਦੀ ਆਬਾਦੀ ਅਨੁਸੂਚਿਤ ਜਾਤਾਂ ਨਾਲ ਸਬੰਧਤ

### ਅੰਕੜਿਆਂ ਉਤੇ ਸਿਆਸਤ ਸ਼ੁਰੂ

**ਨਵੀਂ ਦਿੱਲੀ:** ਮਰਦਮਸ਼ੁਮਾਰੀ ਦੇ ਅੰਕੜਿਆਂ ਵਿਚ ਪਿੰਡਾਂ ਦੀ ਤਰਸਯੋਗ ਹਾਲਤ ਨੂੰ ਲੈ ਕੇ ਸਿਆਸਤ ਗਰਮਾ ਗਈ ਹੈ। ਕਾਂਗਰਸ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਗ਼ਰੀਬਾਂ ਦਾ ਮਖੌਲ ਉਡਾਇਆ ਹੈ ਤੇ 'ਸੂਟ ਬੂਟ ਕੀ ਸਰਕਾਰ' ਸਿਰਫ਼ ਅਮੀਰਾਂ ਉਤੇ ਧਿਆਨ ਕੇਂਦਰਤ ਕਰ ਰਹੀ ਹੈ। ਕਾਂਗਰਸ ਦੇ ਤਰਜਮਾਨ ਰਾਜੀਵ ਗੌੜਾ ਨੇ ਕਿਹਾ ਕਿ ਐਨ.ਡੀ.ਏ. ਸਰਕਾਰ ਯੂਨੀਸੈਫ਼ ਦੇ ਪੇਸ਼ ਅੰਕੜਿਆਂ ਨੂੰ ਵੀ ਛਿਪਾ ਰਹੀ ਹੈ ਜਿਸ ਵਿਚ ਖ਼ੁਲਾਸਾ ਹੋਇਆ ਹੈ ਕਿ ਮੋਦੀ ਦੇ ਸ਼ਾਸਨ ਵਾਲੇ ਗੁਜਰਾਤ ਮਾਡਲ ਤਹਿਤ ਗ਼ਰੀਬਾਂ ਦੀ ਹਾਲਤ ਬਹੁਤ ਮਾੜੀ ਸੀ। ਸ੍ਰੀ ਮੋਦੀ ਨੇ ਗੁਜਰਾਤ ਦਾ 12 ਸਾਲ ਤੱਕ ਮੁੱਖ ਮੰਤਰੀ ਰਹਿੰਦਿਆਂ ਗ਼ਰੀਬਾਂ, ਮਹਿਲਾਵਾਂ, ਬੱਚਿਆਂ ਤੇ ਕਬੀਲਿਆਂ ਲਈ ਕੋਈ ਚਾਰਾਜੋਈ ਨਹੀਂ ਕੀਤੀ ਤੇ ਇਹ ਲੋਕ ਮੋਦੀ ਦੇ ਕਾਰਪੋਰੇਟ ਇੰਡੀਆ ਦੇ ਨਾਅਰੇ ਵਿਚ ਫਿਟ ਨਹੀਂ ਬੈਠਦੇ ਹਨ। ਕਾਂਗਰਸ ਨੇ ਮਰਦਮਸ਼ੁਮਾਰੀ ਦੇ ਜਾਤ ਆਧਾਰਤ ਅੰਕੜੇ ਵੀ ਜਾਰੀ ਕਰਨ ਦੀ ਵਕਾਲਤ ਕੀਤੀ ਹੈ।

## ਵਿਸ਼ਵ ਕਬੱਡੀ ਕੱਪ 15 ਨਵੰਬਰ ਤੋਂ

**ਚੰਡੀਗੜ੍ਹ:** ਛੇਵਾਂ ਵਿਸ਼ਵ ਕਬੱਡੀ ਕੱਪ 15 ਤੋਂ 28 ਨਵੰਬਰ ਤੱਕ ਕਰਵਾਇਆ ਜਾਵੇਗਾ। ਇਸ ਵਾਰ ਕਬੱਡੀ ਦੇ ਔਰਤ ਵਰਗ ਲਈ ਨਕਦ ਇਨਾਮੀ ਰਾਸ਼ੀ ਵਿਚ ਵਾਧਾ ਵੀ ਕੀਤਾ ਗਿਆ ਹੈ। ਪੰਜਾਬ ਭਵਨ ਵਿਖੇ ਹੋਈ ਪ੍ਰਬੰਧਕੀ ਕਮੇਟੀ ਦੀ ਮੀਟਿੰਗ ਦੌਰਾਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ ਵਿਸ਼ਵ ਕੱਪ ਦੇ ਕਬੱਡੀ ਮੈਚ 14 ਜ਼ਿਲ੍ਹਿਆਂ ਵਿਚ ਉਸਾਰੇ ਗਏ ਸਟੇਡੀਅਮਾਂ ਵਿਚ ਖੇਡੇ ਜਾਣਗੇ ਤੇ 14 ਦਿਨ ਚੱਲਣ ਵਾਲੇ ਕਬੱਡੀ ਮੁਕਾਬਲਿਆਂ ਦੀ ਸਮਾਂ ਸਾਰਣੀ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਵਿਸ਼ਵ ਕੱਪ ਵੱਖ-ਵੱਖ ਮੁਲਕਾਂ ਦੀਆਂ ਮਰਦ ਵਰਗ ਵਿਚ ਕੁੱਲ 11 ਤੇ ਔਰਤ ਵਰਗ ਵਿਚ ਅੱਠ ਟੀਮਾਂ ਭਾਗ ਲੈਣਗੀਆਂ। ਮਰਦ ਵਰਗ ਦੀ ਜੇਤੂ ਟੀਮ ਨੂੰ ਦੋ ਕਰੋੜ ਰੁਪਏ ਤੇ ਉਪ ਜੇਤੂ ਨੂੰ ਇਕ ਕਰੋੜ ਰੁਪਏ ਦੀ ਇਨਾਮੀ ਰਾਸ਼ੀ ਮਿਲੇਗੀ। ਔਰਤ ਵਰਗ ਵਿਚ ਜੇਤੂ ਟੀਮ ਲਈ ਨਕਦ ਇਨਾਮ ਵਿਚ ਵਾਧਾ ਕੀਤਾ ਗਿਆ ਹੈ ਜੋ ਪਹਿਲਾਂ ਦੇ ਇਕ ਕਰੋੜ ਦੇ ਮੁਕਾਬਲੇ ਹੁਣ 1.50 ਕਰੋੜ ਰੁਪਏ ਹੋਵੇਗਾ। ਔਰਤ ਵਰਗ ਵਿਚ ਉਪ ਜੇਤੂ ਨੂੰ ਵੀ ਪਹਿਲਾਂ ਦੇ 50 ਲੱਖ ਰੁਪਏ ਦੇ ਮੁਕਾਬਲੇ ਹੁਣ 75 ਲੱਖ ਰੁਪਏ ਦੀ ਇਨਾਮੀ ਰਾਸ਼ੀ ਮਿਲੇਗੀ।

## ਡਰੱਗਜ਼ ਕੇਸ: ਈ.ਡੀ. ਵੱਲੋਂ ਭੋਲੇ ਦੇ ਪਰਿਵਾਰ ਨੂੰ ਵੀ ਲਪੇਟਾ

**ਪਟਿਆਲਾ:** ਐਨਫੋਰਸਮੈਂਟ ਡਾਇਰੈਕਟਰੇਟ (ਈ.ਡੀ.) ਵੱਲੋਂ ਸਿੰਥੈਟਿਕ ਡਰੱਗਜ਼ ਮਾਮਲੇ ਵਿਚ ਸਾਬਕਾ ਕੌਮਾਂਤਰੀ ਪਹਿਲਵਾਨ ਜਗਦੀਸ਼ ਭੋਲਾ ਤੇ ਹੋਰਨਾਂ ਵੱਲੋਂ ਮੋਟੀਆਂ ਜਾਇਦਾਦਾਂ ਬਣਾਉਣ ਦੇ ਦੋਸ਼ਾਂ ਅਧੀਨ ਹੋਰ ਗਿਆਰਾਂ ਜਣਿਆਂ ਖ਼ਿਲਾਫ਼ ਸਪਲੀਮੈਂਟਰੀ ਚਲਾਨ ਪੇਸ਼ ਕੀਤੇ ਗਏ ਹਨ।

ਇਨ੍ਹਾਂ ਵਿਚ ਸੱਤ ਜਣੇ ਭੋਲਾ ਤੇ ਬਿੱਟੂ ਔਲਖ ਦੇ ਪਰਿਵਾਰਕ ਮੈਂਬਰ ਹਨ। ਜ਼ਿਕਰਯੋਗ ਹੈ ਕਿ ਨਸ਼ਾ ਤਸਕਰੀ ਬਾਰੇ ਕੇਸਾਂ ਦੀ ਪੈਰਵੀ ਤਾਂ ਪੰਜਾਬ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ ਪਰ ਅਜਿਹੇ ਮਾਮਲਿਆਂ ਵਿਚ ਜਾਇਦਾਦ ਬਣਾਏ ਜਾਣ ਦੇ ਦੋਸ਼ਾਂ ਦੀ ਜਾਂਚ ਕੇਂਦਰ ਸਰਕਾਰ ਦੀ ਏਜੰਸੀ ਈ.ਡੀ. ਵੱਲੋਂ ਕੀਤੀ ਜਾਂਦੀ ਹੈ। ਈ.ਡੀ. ਵੱਲੋਂ ਪੇਸ਼ ਚਲਾਨਾਂ ਦੀ ਗਿਣਤੀ ਹੁਣ 24 ਹੋ ਗਈ ਹੈ ਕਿਉਂਕਿ ਭੋਲਾ ਸਮੇਤ 13 ਜਣਿਆਂ ਖ਼ਿਲਾਫ਼ ਪਹਿਲਾਂ ਹੀ ਅਜਿਹੇ ਚਲਾਨ ਪੇਸ਼ ਕੀਤੇ ਜਾ ਚੁੱਕੇ ਹਨ। ਇਸ ਪੱਖੋਂ ਈ.ਡੀ. ਦੋ ਸਾਲਾਂ ਵਿਚ ਅਜੇ ਅੱਧ ਤੱਕ ਹੀ ਪੁੱਜ ਸਕੀ ਹੈ ਕਿਉਂਕਿ ਅਦਾਲਤ ਵਿਚ ਅਜਿਹੇ ਚਾਰ ਦਰਜਨ ਵਿਅਕਤੀਆਂ ਖ਼ਿਲਾਫ਼ ਸਪਲੀਮੈਂਟਰੀ ਚਲਾਨ ਪੇਸ਼ ਕੀਤੇ ਜਾਣ ਦੀ ਗੱਲ ਆਖੀ ਗਈ ਹੈ।

ਈ.ਡੀ. ਨੇ 13 ਮਾਰਚ 2014 ਨੂੰ ਭੋਲਾ ਖ਼ਿਲਾਫ਼ 1300 ਸਫ਼ਿਆਂ ਦਾ ਚਲਾਨ ਪੇਸ਼ ਕਰਦਿਆਂ 45 ਹੋਰਨਾਂ ਖ਼ਿਲਾਫ਼ ਵੀ ਚਲਾਨ ਪੇਸ਼ ਕਰਨ ਦੀ ਗੱਲ ਆਖੀ ਸੀ।

ਫਿਰ ਯੂਥ ਅਕਾਲੀ ਆਗੂ ਬਿੱਟੂ ਔਲਖ ਸਮੇਤ 12 ਹੋਰਨਾਂ ਖ਼ਿਲਾਫ਼ ਜਨਵਰੀ 2015 ਵਿਚ ਚਲਾਨ ਕੀਤੇ ਗਏ ਸਨ। ਇਥੇ ਸੈਸ਼ਨ ਜੱਜ ਐਸ.ਐਚ. ਮਦਾਨ ਦੀ ਅਦਾਲਤ ਵਿਚ ਇਹ 11 ਚਲਾਣ ਪੇਸ਼ ਕਰਨ ਮੌਕੇ ਈ.ਡੀ. ਅਧਿਕਾਰੀ ਨਿਰੰਜਣ ਸਿੰਘ ਤੇ ਸੁਰੇਸ਼ ਬੱਤਰਾ ਸਮੇਤ ਭੋਲਾ ਦੇ ਵਕੀਲ ਸਤੀਸ਼ ਕਰਕਰਾ ਵੀ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਦੀ ਨਿਯੁਕਤੀ ਸਵਾਲਾਂ ਦੇ ਘੇਰੇ 'ਚ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਸਕੱਤਰ ਨਿਯੁਕਤ ਕਰਨ ਦੇ ਫੈਸਲੇ ਉਤੇ ਸਵਾਲ ਉੱਠਣ ਲੱਗੇ ਹਨ। ਵੱਡੀਆਂ ਗਿਣਤੀ ਸਿੱਖ ਜਥੇਬੰਦੀਆਂ ਨੇ ਇਸ ਨਿਯੁਕਤੀ ਦਾ ਵਿਰੋਧ ਕਰਦਿਆਂ ਦਾਅਵਾ ਕੀਤਾ ਹੈ ਕਿ ਗੁਰਦੁਆਰਾ ਐਕਟ ਵਿਚ ਮੁੱਖ ਸਕੱਤਰ ਦੀ ਨਿਯੁਕਤੀ ਲਈ ਕੋਈ ਨਿਯਮ ਨਹੀਂ ਹੈ। ਅਜਿਹੀ ਨਿਯੁਕਤੀ ਨਿਯਮਾਂ ਵਿਚ ਸੋਧ ਕਰਕੇ ਹੀ ਹੋ ਸਕਦੀ ਹੈ ਤੇ ਸੋਧ ਕਰਨ ਦਾ ਹੱਕ ਸਿਰਫ ਜਨਰਲ ਹਾਊਸ ਕੋਲ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀ ਇਸ ਵੇਲੇ ਕੋਈ ਹੋਂਦ ਨਹੀਂ ਹੈ ਕਿਉਂਕਿ ਇਸ ਸਬੰਧੀ ਮਾਮਲਾ ਸੁਪਰੀਮ ਕੋਰਟ ਦੇ ਵਿਚਾਰਅਧੀਨ ਹੈ।

ਇਸ ਲਈ ਅੰਤ੍ਰਿੰਗ ਕਮੇਟੀ ਕੋਲ ਜਨਰਲ ਹਾਊਸ ਸਬੰਧੀ ਅਖ਼ਤਿਆਰ ਨਹੀਂ ਹਨ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਵੀ ਇਸ ਫੈਸਲੇ ਉਤੇ ਸਰਬਸੰਮਤੀ ਨਹੀਂ ਹੋਈ ਹੈ। ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਸਾਂਝੇ ਮੰਚ ਪੰਥਕ ਤਾਲਮੇਲ ਸੰਗਠਨ ਨੇ ਮੁੱਖ ਸਕੱਤਰ ਦੀ ਨਿਯੁਕਤੀ ਦੇ ਫੈਸਲੇ ਨੂੰ ਗਲਤ ਕਰਾਰ ਦਿੱਤਾ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਸਵਿੰਦਰ ਸਿੰਘ ਦੋਬਲੀਆ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਦੇ ਨਾਂ ਖੁੱਲ੍ਹਾ ਪੱਤਰ ਜਾਰੀ ਕਰਕੇ ਇਸ ਫੈਸਲੇ ਦੇ ਵਿਰੋਧ ਵਿਚ ਉਨ੍ਹਾਂ ਦੀ ਜ਼ਮੀਰ ਨੂੰ ਝੰਜੋੜਨ ਦਾ ਯਤਨ ਕੀਤਾ ਹੈ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਬੀਤੇ ਦਿਨੀਂ ਫਤਹਿਗੜ੍ਹ ਸਾਹਿਬ ਵਿਖੇ ਹੋਈ ਮੀਟਿੰਗ ਵਿਚ ਮੁੱਖ ਸਕੱਤਰ ਦੀ ਨਿਯੁਕਤੀ ਨੂੰ ਹਰੀ ਝੰਡੀ ਦੇ ਦਿੱਤੀ ਹੈ ਤੇ ਜੁਲਾਈ ਵਿਚ ਇਸ ਬਾਰੇ ਪ੍ਰਕਿਰਿਆ ਨੂੰ ਪੂਰਾ ਕੀਤੇ ਜਾਣ ਦੀ ਸੰਭਾਵਨਾ ਹੈ। ਸ਼੍ਰੋਮਣੀ ਕਮੇਟੀ ਦੇ ਇਸ ਫ਼ੈਸਲੇ ਦਾ ਸੰਸਥਾ ਦੇ ਅੰਦਰੋਂ ਤੇ ਬਾਹਰੋਂ ਦੋਵੇਂ ਪਾਸਿਉਂ ਵਿਰੋਧ ਹੋ ਰਿਹਾ ਹੈ। ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ ਨੇ ਆਖਿਆ ਹੈ ਕਿ ਮੁੱਖ ਸਕੱਤਰ ਦੀ ਨਿਯੁਕਤੀ ਕਰਨ ਦਾ ਫੈਸਲਾ ਸਰਾਸਰ ਗਲਤ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਨਿਯਮਾਂ ਵਿਚ ਅਜਿਹੀ ਨਿਯੁਕਤੀ ਬਾਰੇ ਕੋਈ ਨਿਯਮ ਨਹੀਂ ਹੈ। ਉਂਜ ਵੀ 58 ਸਾਲ ਤੋਂ ਵਧੇਰੇ ਉਮਰ ਦਾ ਕਰਮਚਾਰੀ ਨਿਯੁਕਤ ਨਹੀਂ ਹੋ ਸਕਦਾ ਤੇ ਕਿਸੇ ਕਰਮਚਾਰੀ ਨੂੰ ਮੌਜੂਦਾ ਤਨਖਾਹ ਸਕੇਲਾਂ ਤੋਂ ਵੱਧ ਤਨਖਾਹ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਚਿਤਾਵਨੀ ਦਿੱਤੀ ਕਿ ਪੰਥਕ ਤਾਲਮੇਲ ਸੰਗਠਨ ਇਸ ਸੰਸਥਾ ਦੇ ਆਰਥਿਕ ਸਰੋਤਾਂ ਨੂੰ ਖੋਰਾ ਲਾਉਣ ਦੀ ਇਸ ਕਾਰਵਾਈ ਨੂੰ ਮੂਕ ਦਰਸ਼ਕ ਬਣ ਕੇ ਨਹੀਂ ਦੇਖੇਗਾ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਗੁਰੂ ਘਰ ਦੀ ਗੋਲਕ ਦੀ ਰਾਖੀ ਲਈ ਅੱਗੇ ਆਉਣ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਸਵਿੰਦਰ ਸਿੰਘ ਦੋਬਲੀਆ ਨੇ ਖੁੱਲ੍ਹਾ ਪੱਤਰ ਜਾਰੀ ਕੀਤਾ ਹੈ, ਜੋ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਸਮੂਹ ਅੰਤ੍ਰਿੰਗ ਕਮੇਟੀ ਮੈਂਬਰਾਂ ਨੂੰ ਸੰਬੋਧਨ ਕਰਕੇ ਲਿਖਿਆ ਗਿਆ ਹੈ। ਉਨ੍ਹਾਂ ਲਿਖਿਆ ਕਿ ਮੁੱਖ ਸਕੱਤਰ ਨਿਯੁਕਤ ਕਰਨ ਦੇ ਵਿਵਾਦਿਤ ਫੈਸਲੇ ਨਾਲ ਸਮੂਹ ਮੈਂਬਰਾਂ ਦੀ ਭੂਮਿਕਾ ਕੌਮ ਦੇ ਕਟਹਿਰੇ ਵਿਚ ਹੈ। ਉਨ੍ਹਾਂ ਆਖਿਆ ਕਿ ਸਮੂਹ ਮੈਂਬਰ ਭਲੀਭਾਂਤ ਜਾਣਦੇ ਹਨ ਕਿ ਇਹ ਨਵਾਂ ਅਹੁਦਾ ਗੁਰੂ ਦੀ ਗੋਲਕ ਲਈ ਚਿੱਟਾ ਹਾਥੀ ਸਾਬਤ ਹੋਵੇਗਾ ਪਰ ਇਸ ਦੇ ਬਾਵਜੂਦ ਵੀ ਅੰਤ੍ਰਿੰਗ ਕਮੇਟੀ ਮੈਂਬਰ ਇਸ ਫੈਸਲੇ ਦਾ ਵਿਰੋਧ ਨਹੀਂ ਕਰ ਰਹੇ ਹਨ। ਇਸ ਫੈਸਲੇ ਨਾਲ ਸ਼੍ਰੋਮਣੀ ਕਮੇਟੀ ਮੈਂਬਰਾਂ, ਅੰਤ੍ਰਿੰਗ ਕਮੇਟੀ ਮੈਂਬਰਾਂ ਤੇ ਪ੍ਰਧਾਨ ਦੇ ਅਹੁਦੇਦਾਰ ਦਾ ਵੱਕਾਰ ਵੀ ਪ੍ਰਭਾਵਿਤ ਹੋਵੇਗਾ। ਉਨ੍ਹਾਂ ਅੰਤ੍ਰਿੰਗ ਕਮੇਟੀ ਮੈਂਬਰਾਂ ਨੂੰ ਆਖਿਆ ਕਿ ਜੇਕਰ ਉਹ ਮੈਂਬਰ ਬੇਵੱਸ ਹਨ ਤਾਂ ਘੱਟੋ ਘੱਟ ਇਸ ਖਿਲਾਫ ਆਵਾਜ਼ ਜ਼ਰੂਰ ਬੁਲੰਦ ਕਰਨ। ਦੱਸਣਯੋਗ ਹੈ ਕਿ ਅਕਾਲੀ ਦਲ 1920 ਵੱਲੋਂ ਇਸ ਫੈਸਲੇ ਨੂੰ ਅਦਾਲਤ ਵਿਚ ਚੁਣੌਤੀ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ।

### ਸ਼੍ਰੋਮਣੀ ਕਮੇਟੀ ਨੂੰ ਨਿਯੁਕਤੀ ਦਾ ਹੱਕ ਨਾ ਹੋਣ ਦਾ ਦਾਅਵਾ




### ਮੁੱਖ ਸਕੱਤਰ ਦੀ ਨਿਯੁਕਤੀ ਸਮੇਂ ਦੀ ਲੋੜ: ਮੱਕੜ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਦੀ ਨਿਯੁਕਤੀ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਸਮੇਂ ਦੀ ਲੋੜ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਉਨ੍ਹਾਂ ਦਾ ਇਕੱਲਿਆਂ ਦਾ ਨਹੀਂ ਹੈ ਸਗੋਂ ਸਮੁੱਚੀ ਅੰਤ੍ਰਿੰਗ ਕਮੇਟੀ ਵੱਲੋਂ ਕੀਤਾ ਗਿਆ ਹੈ। ਇਹ ਨਿਯੁਕਤੀ ਸ਼੍ਰੋਮਣੀ ਕਮੇਟੀ ਦੇ ਕੰਮ ਨੂੰ ਹੋਰ ਵਧੇਰੇ ਸੁਚਾਰੂ ਢੰਗ ਨਾਲ ਚਲਾਉਣ ਲਈ ਕੀਤੀ ਜਾ ਰਹੀ ਹੈ। ਇਥੇ ਦੱਸਣਯੋਗ ਹੈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਸਮੇਂ ਦੋ ਮੈਂਬਰਾਂ ਵੱਲੋਂ ਲਿਖਤੀ ਤੌਰ ਉਤੇ ਇਤਰਾਜ਼ ਪ੍ਰਗਟਾਇਆ ਜਾ ਚੁੱਕਾ ਹੈ ਜਦੋਂਕਿ ਇਕ ਮੈਂਬਰ ਵੱਲੋਂ ਮੀਟਿੰਗ ਤੋਂ ਪਹਿਲਾਂ ਇਸ ਸਬੰਧੀ ਪੱਤਰ ਭੇਜਿਆ ਗਿਆ ਸੀ। ਸਿੱਖ ਜਥੇਬੰਦੀਆਂ ਇਸ ਫੈਸਲੇ ਨੂੰ ਅਦਾਲਤ ਵਿਚ ਚੁਣੌਤੀ ਦੇਣ ਦੇ ਰੌਂਅ ਵਿਚ ਹਨ।

# ਸੁਧਾਰ ਕਮੇਟੀ ਗੁਰਦੁਆਰਾ ਸਾਹਿਬ ਦਾ ਮਾਹੌਲ ਖਰਾਬ ਕਰ ਰਹੀ ਹੈ: ਭਾਈ ਢਿੱਲੋਂ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੇ ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਕਿਹਾ ਹੈ ਕਿ ਕਥਿਤ ਸੁਧਾਰ ਕਮੇਟੀ ਵਾਰ ਵਾਰ ਹੁੱਲੜਬਾਜ਼ੀ ਕਰਕੇ ਗੁਰਦੁਆਰਾ ਸਾਹਿਬ ਦਾ ਸ਼ਾਂਤਮਈ ਮਾਹੌਲ ਖ਼ਰਾਬ ਕਰ ਰਹੀ ਹੈ ਜਦੋਂਕਿ ਪ੍ਰਬੰਧਕ ਕਮੇਟੀ ਹਰ ਹੀਲੇ ਮਾਹੌਲ ਨੂੰ ਸ਼ਾਂਤਮਈ ਅਤੇ ਸਦਭਾਵਨਾ ਭਰਪੂਰ ਰੱਖਣਾ ਚਾਹੁੰਦੀ ਹੈ।

ਇਥੇ ਜਾਰੀ ਇਕ ਬਿਆਨ ਵਿਚ ਉਨ੍ਹਾਂ ਦੋਸ਼ ਲਾਇਆ ਕਿ ਲੰਘੇ ਐਤਵਾਰ ਬਲਬੀਰ ਸਿੰਘ ਢਿੱਲੋਂ ਦੇ ਪੁੱਤਰ ਨੇ ਗੁਰਦੁਆਰਾ ਸਾਹਿਬ ਦੇ ਸ਼ਾਂਤਮਈ ਮਾਹੌਲ ਨੂੰ ਖਰਾਬ ਕਰਨ ਦਾ ਪੂਰਾ ਯਤਨ ਕੀਤਾ ਜਿਸ ਕਾਰਨ ਪੁਲਿਸ ਨੂੰ ਆਉਣਾ ਪਿਆ। ਬਲਬੀਰ ਸਿੰਘ ਢਿੱਲੋਂ ਦਾ ਪੁੱਤਰ ਆਪਣੀ ਵੋਟ ਰਜਿਸਟਰਡ ਕਰਵਾਉਣ ਆਇਆ ਸੀ, ਜਦੋਂ ਉਹ ਅਦਾਲਤ ਵੱਲੋਂ ਨਿਯੁਕਤ ਕੀਤੀ ਗਈ ਵੋਟ ਰਜਿਸਟ੍ਰੇਸ਼ਨ ਕਮੇਟੀ ਕੋਲ ਗਿਆ ਤਾਂ ਉਸ ਦੀ ਆਈ ਡੀ ਦੀ ਮਿਆਦ ਖਤਮ ਹੋ ਚੁੱਕੀ ਸੀ। ਕਮੇਟੀ ਨੇ ਵੋਟ ਰਜਿਸਟਰਡ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਉਸ ਨੇ ਕਮੇਟੀ ਦੇ ਇਕ ਮੈਂਬਰ ਨਾਲ ਗਾਲੀ-ਗਲੋਚ ਕਰਨਾ ਸ਼ੁਰੂ ਕਰ ਦਿੱਤਾ ਅਤੇ ਅਤਿ ਨੀਵੇਂ ਪੱਧਰ ਦੀ ਭਾਸ਼ਾ ਵਰਤਣੀ ਸ਼ੁਰੂ ਕਰ ਦਿੱਤੀ ਤਾਂ ਹਾਜ਼ਰ ਸਕਿਉਰਿਟੀ ਗਾਰਡ ਨੂੰ ਪੁਲਿਸ ਬਲਾਉਣੀ ਪਈ।

ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਦੇਵ ਸਿੰਘ ਤੱਖਰ ਅਤੇ ਉਨ੍ਹਾਂ ਨੇ ਲੜਕੇ ਦੇ ਭਵਿੱਖ ਨੂੰ ਦੇਖਦਿਆਂ ਗ੍ਰਿਫਤਾਰ ਹੋਣ ਤੋਂ ਬਚਾਇਆ। ਉਨ੍ਹਾਂ ਦੋਸ਼ ਲਾਇਆ ਕਿ ਕਥਿਤ ਸੁਧਾਰ ਕਮੇਟੀ ਸਵੇਰ ਤੋਂ ਹੀ ਪਰਿਵਾਰਾਂ ਸਮੇਤ ਵੱਖਰੀ ਕਿਸਮ ਦੀ ਵਰਦੀ ਪਾ ਕੇ ਦੀਵਾਨ ਹਾਲ ਦੇ ਸਾਹਮਣੇ ਜਲਸਾ ਕਰਦੀ ਤੇ ਉਚੀ ਆਵਾਜ਼ ਵਿਚ ਨਾਅਰੇਬਾਜ਼ੀ ਕਰਦੀ ਦੇਖੀ ਗਈ ਜਦਕਿ ਦੀਵਾਨ ਹਾਲ ਵਿਚ ਕੀਰਤਨ ਹੋ ਰਿਹਾ ਸੀ। ਭਾਈ ਢਿੱਲੋਂ ਨੇ ਕਥਿਤ ਸੁਧਾਰ ਕਮੇਟੀ ਵੱਲੋਂ ਗੁਰਦੁਆਰਾ ਸਾਹਿਬ ਦੇ ਪ੍ਰਬੰਧ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਤੋਂ ਸੰਗਤਾਂ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ।

# ਸਾਹਿਤਕਾਰ ਜਸਵੰਤ ਸਿੰਘ ਜ਼ਫਰ ਨੂੰ ਸਦਮਾ, ਨੌਜਵਾਨ ਪੁੱਤ ਦੀ ਮੌਤ

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** ਪੰਜਾਬੀ ਸਾਹਿਤ ਦੇ ਉਘੇ ਹਸਤਾਖਰ ਸ. ਜਸਵੰਤ ਸਿੰਘ ਜ਼ਫਰ ਦੇ 23 ਸਾਲਾ ਨੌਜਵਾਨ ਪੁੱਤਰ ਵਿਵੇਕ ਸਿੰਘ ਦੀ ਬੇ-ਵਕਤੀ ਮੌਤ ਨਾਲ ਜ਼ਫਰ ਪਰਿਵਾਰ ਨੂੰ ਅਸਹਿ ਸਦਾ ਪਹੁੰਚਿਆ ਹੈ। ਬਹੁਤ ਹੀ ਹੋਣਹਾਰ ਵਿਵੇਕ ਸਿੰਘ ਆਪਣੇ ਦਾਦਾ-ਦਾਦੀ ਅਤੇ ਚਾਚਾ-ਚਾਚੀ ਦੇ ਪਰਿਵਾਰ ਨਾਲ ਵੈਨਕੂਵਰ ਰਹਿੰਦਾ ਸੀ ਤੇ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਿਹਾ ਸੀ। ਪਰਿਵਾਰਕ ਸੂਤਰਾਂ ਅਨੁਸਾਰ ਪਹਿਲੀ ਜੁਲਾਈ ਦੀ ਰਾਤ ਨੂੰ ਉਸ ਨੂੰ ਬੇਹੋਸ਼ੀ ਦੀ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ। ਉਥੇ ਉਹ ਬੇਹੋਸ਼ੀ ਵਿਚ ਚਲਾ ਗਿਆ।



ਇਸੇ ਦੌਰਾਨ ਪਤਾ ਲੱਗਣ 'ਤੇ ਲਧਿਆਣਾ ਰਹਿੰਦੇ ਸ. ਜਫਰ ਆਪਣੀ ਪਤਨੀ ਬੀਬੀ ਬਲਵੀਰ ਕੌਰ ਅਤੇ ਕੁਝ ਹੋਰ ਰਿਸ਼ਤੇਦਾਰਾਂ ਸਮੇਤ ਤਿੰਨ ਜੁਲਾਈ ਨੂੰ ਵੈਨਕੂਵਰ (ਕੈਨੇਡਾ) ਪਹੁੰਚ ਗਏ। ਭਾਵੇਂ ਕਝ ਚਿਰ ਲਈ ਵਿਵੇਕ ਦੀ ਸਿਹਤ ਨੂੰ ਕੁਝ ਮੋੜਾ ਪਿਆ ਪਰ ਛੇਤੀ ਹੀ ਡਾਕਟਰਾਂ ਨੇ ਜ਼ਫਰ ਪਰਿਵਾਰ ਨੂੰ ਵਿਵੇਕ ਦੇ ਚਲੇ ਜਾਣ ਦੀ ਮਨਹੂਸ ਸੂਚਨਾ ਦੇ ਦਿੱਤੀ।

ਸਾਹਿਤਕ ਹਲਕਿਆਂ ਵਿਚ ਇਸ ਦੁਖਦਾਈ ਖਬਰ ਉਤੇ ਸੋਗ ਦੀ ਲਹਿਰ ਫੈਲ ਗਈ ਅਤੇ ਉਨ੍ਹਾਂ ਜਵਾਨ ਪੁੱਤਰ ਦਾ ਸਦੀਵੀ ਵਿਛੋੜੇ 'ਤੇ ਜ਼ਫਰ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ।

ਵਿਵੇਕ ਸਿੰਘ ਦਾ ਅੰਤਿਮ ਸਸਕਾਰ 11 ਜੁਲਾਈ, ਸਨਿਚਰਵਾਰ ਨੂੰ ਬਾਅਦ ਦੁਪਹਿਰ ਕੀਤਾ ਜਾਵੇਗਾ। ਇਸੇ ਦਿਨ ਵਿਛੜੀ ਰੂਹ ਦੀ ਯਾਦ ਵਿਚ ਗੁਰਬਾਣੀ ਕੀਰਤਨ ਗੁਰਦੁਆਰਾ ਸਿੰਘ ਸਭਾ, 132 ਸਟਰੀਟ, ਸਰੀ ਵਿਖੇ ਹੋਵੇਗਾ।

# ਡਾ. ਮੋਹਨ ਤਿਆਗੀ ਨਾਲ ਰੂਬਰੂ ਸਮਾਗਮ 12 ਨੂੰ

**ਯੂਬਾ ਸਿਟੀ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵਲੋਂ ਐਤਵਾਰ, 12 ਜੁਲਾਈ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਸਿਟੈਂਟ ਪ੍ਰੋਫੈਸਰ ਡਾ. ਮੋਹਨ ਤਿਆਗੀ ਨਾਲ ਇੱਕ ਵਿਸ਼ੇਸ਼ ਮੁਲਾਕਾਤ ਸਥਾਨਕ ਤਾਜ ਰੈਸਟੋਰੈਂਟ (1400 ਵ੍ਹਾਇਲਰ ਰੋਡ) ਵਿਚ ਦੁਪਹਿਰ ਇਕ ਵਜੇ ਤੋਂ ਸ਼ਾਮ 4 ਵਜੇ ਤੱਕ ਰੱਖੀ ਗਈ ਹੈ। ਸਭਾ ਨੇ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਪਹੁੰਚਣ ਦਾ ਸੱਦਾ ਦਿੰਦਿਆਂ ਦੱਸਿਆ ਕਿ ਚਾਹ ਪਾਣੀ ਅਤੇ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਹੋਵੇਗਾ। ਹੋਰ ਜਾਣਕਾਰੀ ਲਈ ਸਭਾ ਦੇ ਪ੍ਰਧਾਨ ਦਿਲ ਨਿੱਜਰ (916-628-2210) ਅਤੇ ਸੈਕਟਰੀ ਜੋਤੀ ਸਿੰਘ (916-806-4358) ਤੋਂ ਲਈ ਜਾ ਸਕਦੀ ਹੈ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)




ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 11 ਜੁਲਾਈ 2015*

## ਵਿਆਪਮ ਵਪਾਰ ਤੇ ਸਿਆਸਤ

'ਵਿਆਪਮ' ਮੱਧ ਪ੍ਰਦੇਸ਼ ਪ੍ਰੋਫੈਸ਼ਨਲ ਐਗਜ਼ਾਮੀਨੇਸ਼ਨ ਬੋਰਡ ਦਾ ਹਿੰਦੀ ਵਿਚ ਛੋਟਾ ਨਾਂ ਹੈ। ਇਹ ਸਰਕਾਰੀ ਬੋਰਡ ਸੂਬੇ ਦੇ ਵੱਖ ਵੱਖ ਸਰਕਾਰੀ ਵਿਭਾਗਾਂ ਵਿਚ ਨੌਕਰੀਆਂ ਲਈ ਨਿਯੁਕਤੀਆਂ ਕਰਨ ਅਤੇ ਵਿਦਿਅਕ ਸੰਸਥਾਵਾਂ ਵਿਚ ਦਾਖਲਿਆਂ ਲਈ ਇਮਤਿਹਾਨ ਲੈਂਦਾ ਹੈ। ਬੋਰਡ ਦੇ ਇਸ ਕਾਰਜ ਵਿਚ ਬੇਨਿਯਮੀਆਂ ਦੀਆਂ ਗੱਲਾਂ 1995 ਦੇ ਨੇੜੇ-ਤੇੜੇ ਹੋਣੀਆਂ ਸ਼ੁਰੂ ਹੋਈਆਂ, ਪਰ ਪੂਰੇ ਪੰਜ ਸਾਲ ਬਾਅਦ 2000 ਵਿਚ ਹੀ ਇਸ ਸਬੰਧੀ ਕੇਸ ਦਰਜ ਹੋ ਸਕਿਆ। ਉਂਜ ਇਸ ਐਫ.ਆਈ.ਆਰ. ਉਤੇ ਵੀ ਕੋਈ ਕਾਰਵਾਈ ਨਹੀਂ ਹੋਈ। ਫਿਰ 2009 ਵਿਚ ਪ੍ਰੀ-ਮੈਡੀਕਲ ਟੈਸਟ (ਪੀ.ਐਮ.ਟੀ.) ਬਾਰੇ ਵੱਡੇ ਪੱਧਰ ਉਤੇ ਸ਼ਿਕਾਇਤਾਂ ਰਿਪੋਰਟ ਹੋਈਆਂ। ਇਹ ਟੈਸਟ ਮੈਡੀਕਲ ਕਾਲਜਾਂ ਵਿਚ ਦਾਖਲੇ ਲਈ ਹੁੰਦਾ ਹੈ। ਅਣਗਿਣਤ ਸ਼ਿਕਾਇਤਾਂ ਤੋਂ ਬਾਅਦ ਸਰਕਾਰ ਨੇ ਇਸ ਮਾਮਲੇ ਦੀ ਜਾਂਚ ਲਈ ਕਮੇਟੀ ਬਣਾ ਦਿੱਤੀ। ਇਸ ਕਮੇਟੀ ਦੀ ਰਿਪੋਰਟ ਤਿਆਰ ਹੋਣ ਨੂੰ ਭਾਵੇਂ ਤਕਰੀਬਨ ਦੋ ਸਾਲ ਲੱਗ ਗਏ, ਪਰ ਰਿਪੋਰਟ ਤਿਆਰ ਹੋ ਗਈ ਅਤੇ ਇਸ ਸਬੰਧ ਵਿਚ 100 ਦੇ ਕਰੀਬ ਬੰਦੇ ਗ੍ਰਿਫਤਾਰ ਕਰ ਲਏ ਗਏ। ਲੋਕਾਂ ਦੀ ਵਾਰ ਵਾਰ ਮੰਗ ਅਤੇ ਸਰਗਰਮੀ ਪਿਛੋਂ ਮੱਧ ਪ੍ਰਦੇਸ਼ ਸਰਕਾਰ ਨੂੰ 2012 ਵਿਚ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਵੀ ਬਣਾਉਣੀ ਪਈ। ਅਗਲੀ ਪੁਣ-ਛਾਣ ਤੋਂ ਬਾਅਦ ਮਾਮਲਾ ਬਹੁਤ ਗੰਭੀਰ ਹੋ ਗਿਆ ਅਤੇ 2013 ਵਿਚ ਇੰਦੌਰ ਪੁਲਿਸ ਨੇ 20 ਜਣਿਆਂ ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਗ੍ਰਿਫਤਾਰੀਆਂ ਤੋਂ ਬਾਅਦ ਘਪਲੇ ਦੇ ਸੰਚਾਲਕ ਜਗਦੀਸ਼ ਸਾਗਰ ਦੀ ਗ੍ਰਿਫਤਾਰੀ ਹੋਈ ਅਤੇ ਹੌਲੀ ਹੌਲੀ ਇਸ ਘਪਲੇ ਨਾਲ ਵੱਡੇ ਵੱਡੇ ਸਿਆਸਤਦਾਨਾਂ, ਨੌਕਰਸ਼ਾਹਾਂ, ਬੋਰਡ ਦੇ ਮੁਲਾਜ਼ਮਾਂ ਅਤੇ ਵਿਚੋਲਿਆਂ ਦੇ ਨਾਂ ਜੁੜਨੇ ਸ਼ੁਰੂ ਹੋ ਗਏ। ਇਸ ਕੇਸ ਵਿਚ ਹੁਣ ਤੱਕ 2000 ਤੋਂ ਵੱਧ ਲੋਕ ਗ੍ਰਿਫਤਾਰ ਹੋ ਚੁੱਕੇ ਹਨ ਜਿਨ੍ਹਾਂ ਵਿਚ ਸੂਬੇ ਦੇ ਸਾਬਕਾ ਸਿਖਿਆ ਮੰਤਰੀ ਲਕਸ਼ਮੀ ਕਾਂਤ ਸ਼ਰਮਾ ਸਮੇਤ 100 ਦੇ ਕਰੀਬ ਸਿਆਸੀ ਲੀਡਰ ਸ਼ਾਮਲ ਹਨ। ਇਹ ਲੋਕ ਮੋਟੀਆਂ ਰਕਮਾਂ ਲੈ ਕੇ ਪ੍ਰੀਖਿਆਰਥੀਆਂ ਨੂੰ ਵੱਖ ਵੱਖ ਢੰਗਾਂ-ਤਰੀਕਿਆਂ ਰਾਹੀਂ ਪਾਸ ਕਰਵਾਉਂਦੇ ਸਨ।

ਇਸ ਘਪਲੇ ਵਿਚ ਸੂਬੇ ਦੇ ਰਾਜਪਾਲ ਰਾਮ ਨਰੇਸ਼ ਯਾਦਵ ਦਾ ਨਾਂ ਵੀ ਵੱਜਿਆ। ਰਾਜਪਾਲ ਦਾ ਪੁੱਤਰ ਸ਼ੈਲੇਸ਼ ਯਾਦਵ ਠੇਕੇ 'ਤੇ ਭਰਤੀ ਕੀਤੇ ਅਧਿਆਪਕਾਂ ਵਾਲੇ ਕੇਸ ਵਿਚ ਸ਼ਾਮਲ ਸੀ। ਮਗਰੋਂ ਮਾਰਚ 2015 ਵਿਚ ਉਸ ਦੀ ਲਾਸ਼ ਭੇਤਭਰੀ ਹਾਲਤ ਵਿਚ ਉਸ ਦੇ ਘਰੋਂ ਮਿਲੀ। 'ਵਿਆਪਮ' ਵਿਚ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦਾ ਨਾਂ ਵੀ ਬੋਲ ਚੁੱਕਾ ਹੈ। ਇਹੀ ਨਹੀਂ, ਇਸ ਕੇਸ ਦੀਆਂ ਤਾਰਾਂ ਹੁਣ ਆਰ.ਐਸ.ਐਸ. ਲੀਡਰਾਂ ਨਾਲ ਵੀ ਜੁੜ ਚੁੱਕੀਆਂ ਹਨ। ਇਸ ਕੇਸ ਦੇ ਸਬੰਧ ਵਿਚ ਹੁਣ ਤੱਕ 50 ਦੇ ਕਰੀਬ ਮੌਤਾਂ ਹੋ ਚੁੱਕੀਆਂ ਹਨ। ਸਭ ਤੋਂ ਪਹਿਲੀ ਮੌਤ 21 ਨਵੰਬਰ 2009 ਨੂੰ ਹੋਈ ਸੀ ਅਤੇ ਮਰਨ ਵਾਲਾ ਵਿਕਾਸ ਸਿੰਘ ਠਾਕੁਰ ਇਸ ਘਪਲੇ ਵਿਚ ਵਿਚੋਲਾ ਸੀ।

ਸਿਤਮਜ਼ਰੀਫੀ ਇਹ ਰਹੀ ਕਿ ਕੱਲ੍ਹ ਤੱਕ ਇਹ ਘਪਲਾ ਲੋਕਲ ਹੀ ਸੀ। ਇਕ-ਦੋ ਅਖਬਾਰਾਂ ਨੂੰ ਛੱਡ ਕੇ ਇਹ ਮਾਮਲਾ ਕਿਸੇ ਕੌਮੀ ਅਖਬਾਰ ਦੇ ਕਾਲਮਾਂ ਦਾ ਹਿੱਸਾ ਨਹੀਂ ਬਣਿਆ। ਹੁਣ ਜਦੋਂ 4-5-6 ਅਤੇ 7 ਜੁਲਾਈ ਨੂੰ ਚਾਰ ਦਿਨਾਂ ਵਿਚ ਉਪਰੋਥਲੀ ਚਾਰ ਮੌਤਾਂ ਹੋਈਆਂ, ਤਾਂ ਕਿਤੇ ਜਾ ਕੇ ਮੀਡੀਆ ਦੀ ਨੀਂਦ ਟੁੱਟੀ। ਦਰਅਸਲ ਇਨ੍ਹਾਂ ਚਾਰ ਮ੍ਰਿਤਕਾਂ ਵਿਚੋਂ ਇਕ ਪੱਤਰਕਾਰ ਅਕਸ਼ੈ ਸਿੰਘ ਵੀ ਸੀ ਜੋ ਇਸ ਮਾਮਲੇ ਦੀ ਪੁਣ-ਛਾਣ ਕਰ ਰਿਹਾ ਸੀ ਅਤੇ ਇਸ ਤੋਂ ਬਾਅਦ ਹੀ ਇਹ ਮਾਮਲਾ ਕੌਮੀ ਅਖਬਾਰਾਂ ਦੀ ਸੁਰਖੀ ਬਣ ਸਕਿਆ। ਹੁਣ ਇਸ ਮਾਮਲੇ ਦੀ ਗੂੰਜ ਸੁਪਰੀਮ ਕੋਰਟ ਤੱਕ ਵੀ ਅੱਪੜ ਗਈ ਹੈ। ਇਸ ਮਾਮਲੇ ਨੂੰ ਉਠਾਉਣ ਵਾਲੇ ਚੀਕਾਂ ਮਾਰਦੇ ਹਫ ਗਏ, ਪਰ ਉਨ੍ਹਾਂ ਦੀ ਗੱਲ ਕਿਸੇ ਨੇ ਵੀ ਨਹੀਂ ਸੁਣੀ। ਉਨ੍ਹਾਂ ਹਰ ਦਫਤਰ, ਇਥੋਂ ਤੱਕ ਕਿ ਅਦਾਲਤਾਂ ਵਿਚ ਵੀ ਟੱਕਰਾਂ ਮਾਰੀਆਂ, ਪਰ ਕਿਸੇ ਦੇ ਵੀ ਕੰਨ ਉਤੇ ਜੂੰ ਤੱਕ ਨਹੀਂ ਸਰਕੀ। ਉਨ੍ਹਾਂ ਉਤੇ ਲਗਾਤਾਰ ਹਮਲੇ ਹੁੰਦੇ ਰਹੇ, ਹਰ ਹਮਲੇ ਦੀ ਰਿਪੋਰਟ ਅਦਾਲਤ ਤੱਕ ਵੀ ਪੁੱਜਦੀ ਰਹੀ, ਪਰ ਇਹ ਘਪਲਾ ਕਰਨ ਵਾਲੇ ਇੰਨੇ ਤਕੜੇ ਤੇ ਤਾਕਤ ਵਾਲੇ ਸਨ ਕਿ ਇਨਸਾਫ ਵੀ ਅੰਨ੍ਹਾ ਹੋ ਗਿਆ। ਹੁਣ ਜਦੋਂ ਅਤਿ ਦੀ ਆਈ ਨੂੰ ਇਸ ਕੇਸ ਨਾਲ ਦਿੱਲੀ ਦੀ ਸਰਕਾਰ ਵੀ ਹਿੱਲ ਗਈ ਹੈ ਤਾਂ ਕਿਤੇ ਜਾ ਕੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਇਸ ਕੇਸ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਲਈ ਹਾਮੀ ਭਰੀ ਹੈ। ਸਿਆਸੀ ਗਲਿਆਰਿਆਂ ਵਿਚ ਚਰਚਾ ਇਹ ਵੀ ਹੈ ਕਿ ਪਹਿਲਾਂ ਹੀ ਸਿਆਸੀ ਸਕੈਂਡਲਾਂ ਵਿਚ ਘਿਰੀ ਮੋਦੀ ਸਰਕਾਰ ਨੇ ਆਪਣੀ ਖੱਲ ਬਚਾਉਣ ਖਾਤਰ ਹੀ ਸੀ.ਬੀ.ਆਈ. ਜਾਂਚ ਵਾਲਾ ਪੱਤਾ ਖੇਡਿਆ ਹੈ। ਇਹ ਤੱਥ ਚਿੱਟੇ ਦਿਨ ਵਾਂਗ ਸਾਫ ਹੈ ਕਿ ਸੀ.ਬੀ.ਆਈ. ਭਾਵੇਂ ਆਪਣੇ ਪੱਧਰ ਉਤੇ ਜਾਂਚ ਕਰਨ ਲਈ ਮਸ਼ਹੂਰ ਹੈ, ਪਰ ਸੱਚ ਇਹ ਵੀ ਹੈ ਕਿ ਮੌਕੇ ਦੀ ਸਰਕਾਰ ਦਾ ਇਸ ਜਾਂਚ ਏਜੰਸੀ ਉਤੇ ਕਿੰਨਾ ਜ਼ਿਆਦਾ ਅਸਰ ਹੁੰਦਾ ਹੈ। ਉਂਜ ਇਕ ਗੱਲ ਹੁਣ ਸਪਸ਼ਟ ਹੈ ਕਿ ਇਸ ਕੇਸ ਦੀਆਂ ਪਰਤਾਂ ਹੋਰ ਖੁੱਲ੍ਹਣਗੀਆਂ ਅਤੇ ਪਤਾ ਲੱਗ ਸਕੇਗਾ ਕਿ ਇਸ ਘਪਲੇ ਉਤੇ ਪਰਦਾ ਪਾਉਣ ਲਈ ਇੰਨੀ ਵੱਡੀ ਖੂਨੀ ਖੇਡ ਕੌਣ ਖੇਡ ਰਿਹਾ ਹੈ। ਇਹ ਖੇਡ ਖੇਡਣ ਵਾਲਿਆਂ ਨੇ ਮਾਨਵਤਾ ਦੇ ਪਰਖਚੇ ਉਡਾ ਛੱਡੇ ਹਨ, ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਸਿਆਸੀ ਲੀਡਰ ਆਪੋ-ਆਪਣੇ ਸੌੜੇ ਹਿਤਾਂ ਲਈ ਆਮ ਲੋਕਾਂ ਦੀ ਬਲੀ ਦੇਣ ਲਈ ਸਦਾ ਤਿਆਰ ਹੀ ਰਹਿੰਦੇ ਹਨ। ਇਹ ਭਾਰਤ ਦੀ ਜਮਹੂਰੀਅਤ ਅੰਦਰ ਚੱਲਦੇ ਗੋਰਖ ਧੰਦੇ ਦਾ ਇਕ ਕਣ ਮਾਤਰ ਹੈ। ਹਰ ਥਾਂ ਅਜਿਹੇ ਧੰਦੇ ਚੱਲ ਰਹੇ ਹਨ ਅਤੇ ਜਿਨ੍ਹਾਂ ਜ਼ਿੰਮੇਵਾਰ ਲੋਕਾਂ ਨੇ ਅਜਿਹੇ ਧੰਦਿਆਂ ਨੂੰ ਡੱਕਣਾ ਹੈ, ਉਹ ਖੁਦ ਹੀ ਇਸ ਖੇਡ ਦਾ ਹਿੱਸਾ ਬਣੇ ਹੋਏ ਹਨ। ਇਸੇ ਕਰ ਕੇ ਆਮ ਬੰਦਾ ਹਰ ਖੇਤਰ ਵਿਚ ਫੇਲ੍ਹ ਹੋ ਰਿਹਾ ਹੈ। ਮੁਲਕ ਚਲਾ ਰਹੇ ਲੋਕਾਂ ਨੂੰ ਸ਼ਾਇਦ ਅਜੇ ਇਹ ਖਬਰ ਨਹੀਂ ਕਿ ਆਮ ਬੰਦੇ ਦੇ ਫੇਲ੍ਹ ਹੋਣ ਨਾਲ ਮੁਲਕ ਵੀ ਕਦੀ ਪਾਸ ਨਹੀਂ ਹੋ ਸਕਦਾ। ਸੰਭਵ ਹੈ ਕਿ ਇਸ ਤੱਥ ਨੂੰ 'ਵਿਆਪਮ' ਘਪਲੇ ਵਾਂਗ ਕੁਝ ਸਮੇਂ ਲਈ ਦਬਾਅ ਕੇ ਰੱਖਿਆ ਜਾ ਸਕੇ, ਪਰ ਇਹ ਤੈਅ ਹੈ ਕਿ ਲੋਕ ਕਿਸੇ ਦਿਨ ਤਾਂ ਇਸ ਫੇਲ੍ਹ-ਪਾਸ ਦਾ ਹਿਸਾਬ ਮੰਗਣਗੇ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਕੈਪਟਨ ਦੀ ਬੜ੍ਹਕ!*

ਗੇੜੇ ਦਿੱਲੀ ਦਰਬਾਰ ਦੇ ਬਹੁਤ ਮਾਰੇ, ਨੀਤ ਉਨ੍ਹਾਂ ਦੀ ਜਾਪੇ ਨਾ ਖਰੀ ਹੈ ਜੀ।
ਗੁੱਝਾ ਭੇਦ ਹੈ ਥਾਪੜਾ ਦਵੇ ਕਿਉਂ ਨਾ, ਬੀਬੀ ਸੋਨੀਆ ਕਾਸ ਤੋਂ ਡਰੀ ਹੈ ਜੀ।
ਰੋਹਬ ਪਾਉਣ ਲਈ 'ਰਾਜੇ' ਨੇ ਰਾਹੁਲ ਉਤੇ, ਹਲਚਲ ਵਿਚ ਪੰਜਾਬ ਦੇ ਕਰੀ ਹੈ ਜੀ।
ਆਈਆਂ ਕੱਚੀਆਂ ਤ੍ਰੇਲੀਆਂ ਮੱਥਿਆਂ 'ਤੇ, ਜਿਹੜੇ ਕਹਿੰਦੇ ਸੀ 'ਪਾਰਟੀ' ਮਰੀ ਹੈ ਜੀ।
ਚਾਹੁੰਦੇ ਲੋਕ 'ਤਬਦੀਲੀਆਂ' ਹੋਣ ਛੇਤੀ, ਤਾਂਹੀਓਂ ਰੈਲੀ ਜਲੰਧਰ ਦੀ ਭਰੀ ਹੈ ਜੀ।
'ਕੈਪਟਨ' ਆ ਗਿਆ 'ਟੀਮ' ਨੂੰ ਨਾਲ ਲੈ ਕੇ, ਡਾਂਗ ਮੋਢੇ 'ਤੇ ਫੇਰ ਹੁਣ ਧਰੀ ਹੈ ਜੀ।

# ਵਿਆਪਮ ਦੀ ਮੰਡੀ 'ਚ ਸਰਕਾਰ ਦਾ ਮਨਮੋਹਨ-ਮੋਦੀ ਖ਼ਾਸਾ

***ਵਿਆਪਮ ਘਪਲਾ ਵਿੱਤੀ ਪਾੜੇ ਨੂੰ ਵਧਾਉਣ ਅਤੇ ਪੱਕਾ ਕਰਨ ਦੀ ਮਸ਼ਕ ਹੈ ਜੋ ਮਨਮੋਹਨ-ਮੋਦੀ ਦੀ ਖੁੱਲ੍ਹੀ ਮੰਡੀ ਵਾਲੀ ਸੇਧ ਨਾਲ ਮੇਲ ਖਾਂਦੀ ਹੈ। ਦਾਖ਼ਲਿਆਂ ਅਤੇ ਨੌਕਰੀਆਂ ਤੋਂ ਮਹਿਰੂਮ ਕੌਣ ਹੋ ਰਿਹਾ ਹੈ? ਲਿਆਕਤ ਦੇ ਬਾਵਜੂਦ .ਗਰੀਬ ਤਬਕਾ। ਰਿਸ਼ਵਤ ਦੇ ਕੌਣ ਰਿਹਾ ਹੈ? ਅਮੀਰ ਪਤਵੰਤਾ। ਰਿਸ਼ਵਤ ਲੈ ਕੌਣ ਰਿਹਾ ਹੈ? ਅਮੀਰ ਪਤਵੰਤਾ। ਅਮੀਰਾਂ ਦੀ ਇਸ ਖੇਡ ਵਿਚ ਸਮੁੱਚਾ ਨਿਜ਼ਾਮ ਸ਼ਾਮਿਲ ਹੈ ਤਾਂ ਸਮੱਸਿਆ ਕੀ ਹੈ? ਜਦੋਂ ਸਰਕਾਰ ਵਿਉਂਤਬੰਦ ਢੰਗ ਨਾਲ ਨਿੱਜੀ ਕਾਰੋਬਾਰੀਆਂ ਨੂੰ ਰਿਆਇਤਾਂ ਅਤੇ ਛੋਟਾਂ ਦੇ ਕੇ ਸਰਕਾਰੀ ਅਦਾਰਿਆਂ ਨੂੰ ਨਜ਼ਰਅੰਦਾਜ਼ ਕਰਦੀ ਹੈ ਤਾਂ ਵਿਆਪਮ ਨੂੰ ਇਸੇ ਸਰਕਾਰੀ ਸਨਅਤ ਦਾ ਹਿੱਸਾ ਕਿਉਂ ਨਹੀਂ ਮੰਨਿਆ ਜਾ ਸਕਦਾ?***

ਮੱਧ ਪ੍ਰਦੇਸ਼ ਵਿਚ ਵਿਆਪਮ ਘਪਲੇ ਦੀਆਂ ਖ਼ਬਰਾਂ ਅਖ਼ਬਾਰਾਂ ਅਤੇ ਟੈਲੀਵਿਜ਼ਨਾਂ ਉਤੇ ਲਗਾਤਾਰ ਚੱਲ ਰਹੀਆਂ ਹਨ। ਹੋ ਸਕਦਾ ਹੈ, ਇਹ ਲੇਖ ਪਾਠਕਾਂ ਦੇ ਹੱਥਾਂ ਤੱਕ ਪਹੁੰਚਣ ਤੱਕ ਕੋਈ ਹੋਰ ਖ਼ਬਰ ਅਹਿਮ ਹੋ ਚੁੱਕੀ ਹੋਵੇ ਅਤੇ ਵਿਆਪਮ ਦੀ 'ਅਹਿਮੀਅਤ' ਘਟ ਗਈ ਹੋਵੇ। 'ਮੁੱਲ ਦੀਆਂ ਖ਼ਬਰਾਂ' ਦੇ ਦੌਰ ਵਿਚ ਵਿਆਪਮ ਘਪਲੇ ਨੂੰ ਪੱਤਰਕਾਰੀ ਦਾ ਧਿਆਨ ਖਿੱਚਣ ਲਈ ਵੱਡੀ ਕੀਮਤ ਤਾਰਨੀ ਪਈ ਹੈ। ਜਦੋਂ ਵਿਆਪਮ ਕਾਰੋਬਾਰ ਸੀ ਤਾਂ ਇਹ ਲੋਕਾਂ ਨੂੰ ਜ਼ਿੰਦਗੀ ਦੇ ਬਿਹਤਰ ਮੌਕਿਆਂ ਤੋਂ ਮਹਿਰੂਮ ਕਰ ਰਿਹਾ ਸੀ ਅਤੇ ਜਦੋਂ ਘਪਲੇ ਵਜੋਂ ਬੇਪਰਦ ਹੋਇਆ ਹੈ ਤਾਂ ਇਸ ਦਾ ਖ਼ੂੰਖ਼ਾਰ ਰੂਪ ਸਾਹਮਣੇ ਹੈ। ਤਕਰੀਬਨ ਛੇ ਸਾਲਾਂ ਦੌਰਾਨ ਇਸ ਵਿਆਪਮ ਨਾਲ ਕਾਰੋਬਾਰ ਵਜੋਂ ਜਾਂ ਇਸ ਦੀ ਘਪਲੇ ਵਜੋਂ ਸ਼ਨਾਖ਼ਤ ਕਰਨ ਨਾਲ ਕਈ ਜੀਆਂ ਦੀਆਂ ਮੌਤਾਂ ਹੋਈਆਂ ਹਨ। ਮੀਡੀਆ ਵਿਚ ਇਨ੍ਹਾਂ ਮੌਤਾਂ ਦੀ ਗਿਣਤੀ ਪੱਚੀ ਤੋਂ ਚਾਲੀ ਤੱਕ ਦੱਸੀ ਜਾ ਰਹੀ ਹੈ। ਇਨ੍ਹਾਂ ਸਾਰੀਆਂ ਮੌਤਾਂ ਨੂੰ ਸਿਧਾਂਤਕ ਅਤੇ ਤਕਨੀਕੀ ਪੱਖੋਂ ਕੁਦਰਤੀ ਮੌਤ ਵਜੋਂ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਵਿਚੋਂ ਦਸ ਸੜਕ 'ਹਾਦਸਿਆਂ' ਵਿਚ ਮਾਰੇ ਗਏ। ਪੰਜ 'ਖ਼ੁਦਕੁਸ਼ੀਆਂ' ਕਰ ਗਏ। ਦੋ ਦਿਲ ਦੇ 'ਦੌਰੇ' ਅਤੇ ਇਕ ਦਿਮਾਗ ਦੀ ਨਸ 'ਫਟਣ' ਕਾਰਨ ਪੂਰੇ ਹੋ



**ਦਲਜੀਤ ਅਮੀ**
**ਫੋਨ: +91-97811-21873**

ਗਏ। ਕੁਝ ਸ਼ਰਾਬ ਨਾਲ ਹੋਈਆਂ ਬਿਮਾਰੀਆਂ ਕਾਰਨ, ਦਵਾਈਆਂ ਦੇ ਉਲਟ ਅਸਰ ਅਤੇ ਸ਼ੱਕੀ ਹਾਲਾਤ ਵਿਚ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।

ਲੰਘੇ ਸ਼ਨਿੱਚਰ-ਐਤ-ਸੋਮਵਾਰ (4-5-6 ਜੁਲਾਈ) ਨੂੰ ਤਿੰਨ ਮੌਤਾਂ ਹੋਣ ਕਾਰਨ ਇਹ ਮਸਲਾ ਨਜ਼ਰਅੰਦਾਜ਼ ਕਰਨਾ ਮੁਸ਼ਕਿਲ ਹੋ ਗਿਆ। ਪੱਤਰਕਾਰ ਅਕਸ਼ੈ ਸਿੰਘ, ਜਬਲਪੁਰ ਮੈਡੀਕਲ ਕਾਲਜ ਦੇ ਡੀਨ ਡਾ. ਅਰੁਣ ਸ਼ਰਮਾ ਅਤੇ ਟਰੇਨੀ ਸਬ-ਇੰਸਪੈਕਟਰ ਅਨਾਮਿਕਾ ਖੁਸ਼ਵਾਹਾ ਦੀਆਂ ਮੌਤਾਂ ਸ਼ੱਕੀ ਹਾਲਾਤ ਵਿਚ ਹੋਈਆਂ ਸਨ। ਡਾ. ਅਰੁਣ ਸ਼ਰਮਾ ਤੋਂ ਪਹਿਲਾਂ ਡਾ. ਡੀ.ਕੇ. ਸਾਕਾਲੇ ਕਾਲਜ ਦੇ ਡੀਨ ਸਨ ਜਿਨ੍ਹਾਂ ਦੀ ਸਾਲ ਪਹਿਲਾਂ ਸ਼ੱਕੀ ਹਾਲਾਤ ਵਿਚ ਮੌਤ ਹੋਈ ਸੀ। ਅਖ਼ਬਾਰਾਂ ਮੁਤਾਬਕ ਡਾ. ਅਰੁਣ ਸ਼ਰਮਾ ਨੇ ਪਿਛਲੇ ਦਿਨੀਂ ਵਿਆਪਮ ਘਪਲੇ ਨਾਲ ਜੁੜੇ ਦੋ ਸੌ ਦਸਤਾਵੇਜ਼ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਦੇ ਹਵਾਲੇ ਕੀਤੇ ਸਨ। ਪੱਤਰਕਾਰ ਅਕਸ਼ੈ ਸਿੰਘ ਇਸੇ ਘਪਲੇ ਨਾਲ ਜੁੜੀ ਮੌਤ ਬਾਰੇ ਖੋਜ ਕਰ ਰਹੇ ਸਨ ਅਤੇ ਇਕ ਮਕਤੂਲਾ ਦੇ ਮਾਪਿਆਂ ਨਾਲ ਮੁਲਾਕਾਤ ਕਰ ਕੇ ਹਟੇ ਸਨ। ਡਾ. ਅਰੁਣ ਸ਼ਰਮਾ ਦੀ ਲਾਸ਼ ਦਿੱਲੀ ਦੇ ਇਕ ਹੋਟਲ ਵਿਚੋਂ ਮਿਲੀ ਅਤੇ ਅਕਸ਼ੈ ਨੂੰ ਭੇਤਭਰੀ ਬਿਮਾਰੀ ਕਾਰਨ ਮੂੰਹ ਵਿਚੋਂ ਝੱਗ ਨਿਕਲਦਿਆਂ ਹਸਪਤਾਲ ਦਾਖ਼ਲ ਕਰਵਾਇਆ ਗਿਆ। ਉਨ੍ਹਾਂ ਦੀ ਮੌਤ ਮੱਧ ਪ੍ਰਦੇਸ਼ ਦੇ ਝੱਬੂਆ ਜ਼ਿਲ੍ਹੇ ਵਿਚ ਮੇਘਾਨਗਰ ਵਿਚ ਹੋਈ। ਟਰੇਨੀ ਸਬ-ਇੰਸਪੈਕਟਰ ਅਨਾਮਿਕਾ ਖੁਸ਼ਵਾਹਾ ਜਵਾਹਰਲਾਲ ਨਹਿਰੂ ਟਰੇਨਿੰਗ ਸੈਂਟਰ ਵਿਚ ਤਾਇਨਾਤ ਸੀ ਅਤੇ ਦੱਸਿਆ ਗਿਆ ਹੈ ਕਿ ਇਸੇ ਸੈਂਟਰ ਦੇ ਪੂਲ ਵਿਚ ਛਾਲ ਮਾਰ ਕੇ ਉਸ ਨੇ 'ਖੁਦਕੁਸ਼ੀ' ਕੀਤੀ।

ਮੱਧ ਪ੍ਰਦੇਸ਼ ਪ੍ਰੋਫ਼ੈਸ਼ਨਲ ਐਗਜਾਮੀਨੇਸ਼ਨ ਬੋਰਡ ਨੂੰ ਹਿੰਦੀ ਵਿਚ ਛੋਟਾ ਨਾਮ 'ਵਿਆਪਮ' ਮਿਲਿਆ ਹੈ। ਇਸ ਦਾ ਕੰਮ ਦਾਖ਼ਲੇ ਅਤੇ ਭਰਤੀ ਨਾਲ ਜੁੜੇ ਇਮਤਿਹਾਨ ਲੈਣਾ ਹੈ। ਵਿਆਪਮ ਘਪਲਾ 2009 ਵਿਚ ਬੇਪਰਦ ਹੋਇਆ ਅਤੇ ਉਸ ਤੋਂ ਬਾਅਦ ਅਦਾਲਤੀ ਕਾਰਵਾਈਆਂ, ਜਾਂਚਾਂ ਅਤੇ ਖੋਜਾਂ ਦਾ ਦੌਰ ਜਾਰੀ ਹੈ। ਇਸ ਘਪਲੇ ਦੇ ਘੇਰੇ ਵਿਚ ਸਿਆਸਤਦਾਨ, ਇੰਤਜ਼ਾਮੀਆ ਅਤੇ ਕਾਰੋਬਾਰੀਆਂ ਦਾ ਵੱਡਾ ਪੂਰ ਆਉਂਦਾ ਹੈ। ਦੋਸ਼ੀਆਂ ਅਤੇ ਨੁਕਸਾਨ ਦਾ ਅੰਦਾਜ਼ਾ ਸ਼ਾਇਦ ਕਦੇ ਨਾ ਲੱਗੇ ਅਤੇ ਸ਼ਾਇਦ ਕਦੇ ਕਿਸੇ ਨੂੰ ਕਸੂਰਵਾਰ ਕਰਾਰ ਨਾ ਦਿੱਤਾ ਜਾਵੇ, ਪਰ ਕੁਝ ਤੱਥ ਸਰਬ ਪ੍ਰਵਾਨਤ ਹੋ ਗਏ ਹਨ। ਇਹ ਘਪਲਾ ਹੋਇਆ ਹੈ ਅਤੇ ਇਸ ਨੂੰ ਅੰਜ਼ਾਮ ਦੇਣ ਦੇ ਤਰੀਕੇ ਜਾਂਚ ਏਜੰਸੀਆਂ ਤੋਂ ਲੈ ਕੇ ਆਵਾਮ ਦੀ ਜਾਣਕਾਰੀ ਵਿਚ ਆ ਚੁੱਕੇ ਹਨ। ਇਨ੍ਹਾਂ ਤਰੀਕਿਆਂ ਵਿਚ ਹੀ ਇਸ ਘਪਲੇ ਦਾ ਖ਼ਾਸਾ ਲੁਕਿਆ ਹੋਇਆ ਹੈ। ਪਹਿਲੇ ਤਰੀਕੇ ਤਹਿਤ ਇਮਤਿਹਾਨ ਵੇਲੇ ਕਈ ਉਮੀਦਵਾਰਾਂ ਦੀ ਥਾਂ ਹੁਸ਼ਿਆਰ ਵਿਦਿਆਰਥੀ ਬੈਠਦੇ ਸਨ। ਦੂਜਾ ਤਰੀਕਾ ਇਹ ਸੀ ਕਿ ਪਿਛਲੇ ਸਾਲਾਂ ਦੇ ਹੁਸ਼ਿਆਰ ਵਿਦਿਆਰਥੀ ਦੁਬਾਰਾ ਇਮਤਿਹਾਨ ਦਿੰਦੇ ਸਨ ਅਤੇ ਆਪਣੇ ਅਗਲੇ-ਪਿਛਲੇ ਉਮੀਦਵਾਰਾਂ ਨੂੰ ਨਕਲ ਕਰਵਾਉਂਦੇ ਸਨ। ਤੀਜਾ ਤਰੀਕਾ ਸੀ ਕਿ ਉਮੀਦਵਾਰ ਕਿਸੇ ਸੁਆਲ ਦਾ ਜੁਆਬ ਦੇਣ ਦੀ ਥਾਂ ਖਾਲੀ ਸ਼ੀਟ ਵਾਪਸ ਫੜਾ ਦਿੰਦੇ ਸਨ। ਇਨ੍ਹਾਂ ਖਾਲੀ ਸ਼ੀਟਾਂ ਉਤੇ ਜ਼ਿਆਦਾ ਨੰਬਰ ਭਰ ਦਿੱਤੇ ਜਾਂਦੇ ਸਨ। ਬਾਅਦ ਵਿਚ ਸੂਚਨਾ ਦੇ ਅਧਿਕਾਰ ਤਹਿਤ ਇਹ ਸ਼ੀਟਾਂ ਦੇਖਣ ਦੀ ਮੰਗ ਕੀਤੀ ਜਾਂਦੀ ਸੀ ਅਤੇ ਭਰੇ ਨੰਬਰਾਂ ਮੁਤਾਬਕ ਜੁਆਬੀ ਨਿਸ਼ਾਨੀਆਂ ਲਗਾ ਦਿੱਤੀਆਂ ਜਾਂਦੀਆਂ ਸਨ। ਇਸ ਨਾਲ ਘਪਲੇ ਦਾ ਸਬੂਤ ਮਿਟ ਜਾਂਦਾ ਸੀ। ਇਸ ਕਾਰੋਬਾਰ ਵਿਚ ਵੱਡੀਆਂ ਵੱਡੀਆਂ ਰਕਮਾਂ ਜੇਬਾਂ ਬਦਲਦੀਆਂ ਸਨ।

ਇਨ੍ਹਾਂ ਤਰੀਕਿਆਂ ਨਾਲ ਤੈਅ ਹੋ ਜਾਂਦਾ ਹੈ ਕਿ ਇਹ ਘਪਲਾ ਕਿਸੇ ਲਾਲਚੀ ਬੰਦੇ ਜਾਂ ਬੇਈਮਾਨ ਅਫ਼ਸਰ ਜਾਂ ਅਮੀਰ ਮਾਪਿਆਂ ਦੇ ਖ਼ਾਤੇ ਨਹੀਂ ਪਾਇਆ ਜਾ ਸਕਦਾ। ਇਹ ਸਾਰੇ ਤੱਤ ਅਤੇ ਤਬਕੇ ਘਪਲੇ ਦਾ ਹਿੱਸਾ ਹਨ ਪਰ ਇਹ ਪੂਰੇ ਇਮਤਿਹਾਨ ਦੇ ਢਾਂਚੇ ਨੂੰ ਮੁਨਾਫ਼ਾਮੁਖੀ ਮੋੜਾ ਦੇਣ ਦਾ ਮਸਲਾ ਹੈ। ਇਸ ਵਿਚ ਉਪਰ ਤੋਂ ਹੇਠਾਂ ਤੱਕ ਸਿਆਸਤਦਾਨ, ਇੰਤਜ਼ਾਮੀਆ, ਕਾਰੋਬਾਰੀ, ਕਾਲਾਬਾਜ਼ਾਰੀ, ਵਿਦਿਆਰਥੀ ਅਤੇ ਮਾਪੇ ਸ਼ਾਮਿਲ ਹਨ। ਇਸ ਨਾਲ ਸਿਆਸੀ, ਪ੍ਰਬੰਧਕੀ, ਸਮਾਜਕ ਅਤੇ ਸਿਧਾਂਤਕ ਤੰਦਾਂ ਜੁੜੀਆਂ ਹੋਈਆਂ ਹਨ ਜੋ ਸਮੁੱਚੇ ਨਿਜ਼ਾਮ ਦੇ ਖ਼ਾਸੇ ਦੀ ਨੁਮਾਇੰਦਗੀ ਕਰਦੀਆਂ ਹਨ। ਮੌਜੂਦਾ ਨਿਜ਼ਾਮ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੇ ਨਾਮ ਉਤੇ ਭ੍ਰਿਸ਼ਟਾਚਾਰੀਆਂ ਨੂੰ ਸਜ਼ਾ ਦੇ ਸਕਦਾ ਹੈ ਅਤੇ ਕੁਝ ਕਸੂਰਵਾਰ ਪਤਵੰਤਿਆਂ ਦੀ ਬਲੀ ਲੈ ਸਕਦਾ ਹੈ। ਇਸ ਮਾਮਲੇ ਵਿਚ ਸਾਬਕਾ ਸਿੱਖਿਆ ਮੰਤਰੀ ਲਕਸ਼ਮੀ ਕਾਂਤ ਸ਼ਰਮਾ ਤੋਂ ਲੈ ਕੇ ਵਿਆਪਮ ਦਾ ਇੰਤਜ਼ਾਮੀਆ, ਅਫ਼ਸਰਸ਼ਾਹੀ ਅਤੇ ਦਲਾਲਾਂ ਦੀ ਵੱਡੀ ਗਿਣਤੀ ਖ਼ਿਲਾਫ਼ ਕਾਰਵਾਈ ਹੋਈ ਹੈ। ਘਪਲੇ ਦੇ ਦੋਵੇਂ ਪਾਸੇ ਇਲਜ਼ਾਮਾਂ ਵਿਚ ਘਿਰੇ ਲੋਕਾਂ ਨੂੰ ਕਾਰਵਾਈ ਅਤੇ ਜਾਂਚ ਦੇ ਘੇਰੇ ਵਿਚ ਲਿਆਂਦਾ ਗਿਆ ਹੈ। ਰਿਸ਼ਵਤਖ਼ੋਰਾਂ ਖ਼ਿਲਾਫ਼ ਕਾਰਵਾਈ ਹੈ ਤਾਂ ਇਸ ਘਪਲੇ ਰਾਹੀਂ ਨੌਕਰੀਆਂ ਲੈਣ/ਦਿਵਾਉਣ ਅਤੇ ਦਾਖ਼ਲੇ ਲੈਣ/ਕਰਵਾਉਣ ਵਾਲਿਆਂ ਨੂੰ ਵੀ ਜਾਂਚ ਦੇ ਘੇਰੇ ਵਿਚ ਲਿਆਂਦਾ ਗਿਆ ਹੈ। ਇਲਜ਼ਾਮ ਦਾ ਘੇਰਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅਤੇ ਗਵਰਨਰ ਰਾਮ ਨਰੇਸ਼ ਯਾਦਵ ਤੱਕ ਫੈਲਿਆ ਹੋਇਆ ਹੈ। ਰਾਮ ਨਰੇਸ਼ ਯਾਦਵ ਦਾ ਪੁੱਤਰ ਸ਼ੈਲੇਸ਼ ਇਸ ਘਪਲੇ ਵਿਚ ਮੁਲਜ਼ਮ ਸੀ ਅਤੇ ਉਸ ਦੀ ਮੌਤ ਭੇਤਭਰੇ ਹਾਲਾਤ ਵਿਚ ਹੋਈ ਸੀ। ਇਸੇ ਤਰ੍ਹਾਂ ਗਵਰਨਰ ਦੇ ਵਿਸ਼ੇਸ਼ ਅਫ਼ਸਰ ਧਨਰਾਜ ਯਾਦਵ ਦੀ ਇਸੇ ਘਪਲੇ ਵਿਚ ਗ੍ਰਿਫ਼ਤਾਰੀ ਹੋਈ ਸੀ। ਗਵਰਨਰ ਨੇ ਸੰਵਿਧਾਨਕ ਅਖ਼ਤਿਆਰ ਤਹਿਤ ਆਪਣੇ ਖ਼ਿਲਾਫ਼ ਜਾਂਚ ਨਾ ਕਰਨ ਲਈ ਮੱਧ ਪ੍ਰਦੇਸ਼ ਦੀ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ। ਉਨ੍ਹਾਂ ਖ਼ਿਲਾਫ਼ ਕਾਰਵਾਈ ਰੋਕ ਦਿੱਤੀ ਗਈ ਹੈ ਅਤੇ ਜਾਂਚ ਜਾਰੀ ਹੈ। ਉਹ ਸਤੰਬਰ 2016 ਵਿਚ ਗਵਰਨਰ ਵਜੋਂ ਸੇਵਾਮੁਕਤ ਹੋਣ ਵਾਲੇ ਹਨ ਅਤੇ ਸਪੈਸ਼ਲ ਇਨਵੈਸਟੀਗੇਟਿੰਗ ਟੀਮ ਮੁਤਾਬਕ ਉਨ੍ਹਾਂ ਖ਼ਿਲਾਫ਼ ਸੇਵਾਮੁਕਤ ਹੋਣ ਤੋਂ ਬਾਅਦ ਕਾਰਵਾਈ ਹੋਵੇਗੀ। ਸੰਵਿਧਾਨ ਦੀ ਅਖ਼ਤਿਆਰੀ ਵਾੜ ਅੰਦਰ ਬੈਠੇ ਗਵਰਨਰ ਭਾਵੇਂ ਬਚ ਜਾਣ ਪਰ ਇਸ ਨਾਲ ਇਹ ਸਾਬਤ ਹੋ ਜਾਂਦਾ ਹੈ ਕਿ ਗਵਰਨਰ ਦੇ ਅਹੁਦੇ ਲਈ ਇਖ਼ਲਾਕੀ ਸੁਆਲਾਂ ਦੀ ਕੋਈ ਅਹਿਮੀਅਤ ਨਹੀਂ ਹੈ। ਦੂਜਾ ਪਾਸਾ ਇਹ ਹੈ ਕਿ ਵਿਆਪਮ ਦੀ ਘਪਲੇ ਵਜੋਂ ਮਾਰ ਮੁਲਕ ਦੇ ਸੰਵਿਧਾਨਕ ਅਹੁਦਿਆਂ ਤੱਕ ਹੈ ਜਿਨ੍ਹਾਂ ਦੀਆਂ ਅਖ਼ਤਿਆਰੀ ਰਿਆਇਤਾਂ ਨੂੰ ਹੁਣ ਜਮਹੂਰੀਅਤ ਦਾ ਹਿੱਸਾ ਨਹੀਂ ਮੰਨਿਆ ਜਾ ਸਕਦਾ।

ਜੇ ਯੋਗ ਦਿਵਸ ਦੀ ਸਰਕਾਰੀ ਮਸ਼ਕ ਵਿਚ ਸ਼ਮੂਲੀਅਤ ਨਾ ਕਰਨ ਕਾਰਨ ਉਪ ਰਾਸ਼ਟਰਪਤੀ ਹਮੀਦ ਅੰਸਾਰੀ ਕਿਸੇ ਰਾਸ਼ਟਰੀ ਸਵੈਮਸੇਵਕ ਸੰਘ ਦੇ ਆਗੂ ਮਾਧਵਨ ਦੇ ਸੁਆਲਾਂ ਦੇ ਘੇਰੇ ਵਿਚ ਆਉਂਦੇ ਹਨ ਤਾਂ ਮੱਧ ਪ੍ਰਦੇਸ਼ ਦਾ ਗਵਰਨਰ ਇਖ਼ਲਾਕੀ ਜਾਂ ਮੁਲਕਪ੍ਰਸਤੀ ਦੇ ਸੁਆਲਾਂ ਵਿਚ ਸ਼ੁਮਾਰ ਕਿਉਂ ਨਹੀਂ ਹੁੰਦਾ? ਜਦੋਂ ਨਰੇਂਦਰ ਮੋਦੀ ਆਜ਼ਾਦੀ ਦਿਵਸ ਮੌਕੇ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਤਕਰੀਰ ਨੂੰ ਨਿਸ਼ਾਨਾ ਬਣਾ ਸਕਦਾ ਹੈ ਤਾਂ ਮੱਧ ਪ੍ਰਦੇਸ਼ ਦਾ ਗਵਰਨਰ ਨਜ਼ਰਅੰਦਾਜ਼ ਕਿਵੇਂ ਹੋ ਜਾਂਦਾ ਹੈ? ਜੇ ਚੋਣਾਂ ਤੋਂ ਬਾਅਦ ਭਾਜਪਾ ਦੇ ਗਵਰਨਰ ਲਗਾਉਣ ਲਈ ਪੁਰਾਣੇ ਗਵਰਨਰ ਹਟਾਉਣ ਦੀ ਮਸ਼ਕ ਹੋ ਸਕਦੀ ਹੈ ਤਾਂ ਰਾਮ ਨਰੇਸ਼ ਯਾਦਵ ਨਾਲ ਸਾਂਝ ਦਾ ਸੁਆਲ ਤਾਂ ਪੁੱਛਿਆ ਹੀ ਜਾਣਾ ਚਾਹੀਦਾ ਹੈ? ਇਹ ਸੁਆਲ ਅਹਿਮ ਜਾਪ ਸਕਦੇ ਹਨ ਪਰ ਵਿਆਪਮ ਦਾ ਖ਼ਾਸਾ ਇਨ੍ਹਾਂ ਨੂੰ ਬੇਮਾਅਨਾ ਕਰ ਦਿੰਦਾ ਹੈ। ਭ੍ਰਿਸ਼ਟਾਚਾਰ ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਗੱਠਜੋੜ ਦੀਆਂ ਮਜਬੂਰੀਆਂ ਕਰਾਰ ਦਿੱਤਾ ਜਾਂਦਾ ਸੀ ਪਰ ਨਰੇਂਦਰ ਮੋਦੀ ਦੇ ਦੌਰ ਵਿਚ ਸ਼ਾਨਦਾਰ ਬਹੁਮਤ ਦੀ ਸਰਪ੍ਰਸਤੀ ਵਿਚ ਮੂੰਹਜ਼ੋਰ ਹੋ ਜਾਂਦਾ ਹੈ।

ਵਿਆਪਮ ਘਪਲਾ ਵਿੱਤੀ ਪਾੜੇ ਨੂੰ ਵਧਾਉਣ ਅਤੇ ਪੱਕਾ ਕਰਨ ਦੀ ਮਸ਼ਕ ਹੈ ਜੋ ਮਨਮੋਹਨ-ਮੋਦੀ ਦੀ ਖੁੱਲ੍ਹੀ ਮੰਡੀ ਵਾਲੀ ਸੇਧ ਨਾਲ ਮੇਲ ਖਾਂਦੀ ਹੈ। ਦਾਖ਼ਲਿਆਂ ਅਤੇ ਨੌਕਰੀਆਂ ਤੋਂ ਮਹਿਰੂਮ ਕੌਣ ਹੋ ਰਿਹਾ ਹੈ? ਲਿਆਕਤ ਦੇ ਬਾਵਜੂਦ ਗ਼ਰੀਬ ਤਬਕਾ। ਰਿਸ਼ਵਤ ਦੇ ਕੌਣ ਰਿਹਾ ਹੈ? ਅਮੀਰ ਪਤਵੰਤਾ। ਰਿਸ਼ਵਤ ਲੈ ਕੌਣ ਰਿਹਾ ਹੈ? ਅਮੀਰ ਪਤਵੰਤਾ। ਅਮੀਰਾਂ ਦੀ ਇਸ ਖੇਡ ਵਿਚ ਸਮੁੱਚਾ ਨਿਜ਼ਾਮ ਸ਼ਾਮਿਲ ਹੈ ਤਾਂ ਸਮੱਸਿਆ ਕੀ ਹੈ? ਜਦੋਂ ਸਰਕਾਰ ਵਿਉਂਤਬੰਦ ਢੰਗ ਨਾਲ ਨਿੱਜੀ ਕਾਰੋਬਾਰੀਆਂ ਨੂੰ ਰਿਆਇਤਾਂ ਅਤੇ ਛੋਟਾਂ ਦੇ ਕੇ ਸਰਕਾਰੀ ਅਦਾਰਿਆਂ ਨੂੰ ਨਜ਼ਰਅੰਦਾਜ਼ ਕਰਦੀ ਹੈ ਤਾਂ ਵਿਆਪਮ ਨੂੰ ਇਸੇ ਸਰਕਾਰੀ ਸਨਅਤ ਦਾ ਹਿੱਸਾ ਕਿਉਂ ਨਹੀਂ ਮੰਨਿਆ ਜਾ ਸਕਦਾ? ਨਿਵੇਸ਼ਕਾਰਾਂ ਨੂੰ ਜਦੋਂ ਕਾਨੂੰਨੀ ਘੇਰੇ ਵਿਚ ਪ੍ਰਵਾਨਗੀਆਂ ਨਹੀਂ ਮਿਲਦੀਆਂ ਤਾਂ ਕਾਨੂੰਨੀ ਸੋਧਾਂ ਦੇ ਵਾਅਦੇ ਪ੍ਰਧਾਨ ਮੰਤਰੀ ਕੌਮਾਂਤਰੀ ਮੰਚਾਂ ਉੱਤੇ ਕਰਦੇ ਹਨ। ਜੇ ਆਪਣੇ ਬੱਚਿਆਂ ਨੂੰ ਦਾਖ਼ਲੇ ਜਾਂ ਨੌਕਰੀਆਂ ਦਿਵਾਉਣ ਲਈ ਅਮੀਰ ਕਾਨੂੰਨੀ ਘੇਰੇ ਨੂੰ ਮੋਕਲਾ ਕਰਦੇ ਹਨ ਤਾਂ ਇਹ ਵੱਖਰੀ ਗੱਲ ਕਿਵੇਂ ਹੋਈ? ਜਦੋਂ ਸਿਆਸਤਦਾਨ ਮੰਤਰੀਆਂ ਵਜੋਂ ਆਪਣੇ ਨਿੱਜੀ ਕਾਰੋਬਾਰ ਵਧਾਉਂਦੇ ਹਨ ਪਰ ਉਨ੍ਹਾਂ ਦੇ ਸਰਕਾਰੀ ਮਹਿਕਮੇ ਘਾਟੇ ਵਿਚ ਜਾਂਦੇ ਹਨ ਤਾਂ ਇਹ ਵਿਆਪਮ ਦੀ ਕੜੀ ਕਿਉਂ ਨਹੀਂ ਹੁੰਦਾ? ਨਿੱਜੀ ਨਿਵੇਸ਼ ਅਤੇ ਸਰਕਾਰੀ ਅਹੁਦੇ ਦਾ ਮਨਮੋਹਨ-ਮੋਦੀ ਰਿਸ਼ਤਾ ਨੌਕਰੀਆਂ ਅਤੇ ਦਾਖ਼ਲਿਆਂ ਦੇ ਮਾਮਲੇ ਵਿਚ ਵੱਖ ਕਿਉਂ ਹੋ ਸਕਦਾ ਹੈ? ਜੇ ਕੋਈ ਰਜਤ ਗੁਪਤਾ ਨਾਮ ਦਾ ਕੌਮਾਂਤਰੀ ਵਿੱਤੀ ਅਪਰਾਧੀ ਸਰਕਾਰੀ ਸਰਪ੍ਰਸਤੀ ਹੇਠ ਰਿਆਇਤਾਂ ਅਤੇ ਛੋਟਾਂ ਲੈ ਕੇ ਮੈਡੀਕਲ ਸਿੱਖਿਆ ਦੇ ਕਾਨੂੰਨੀ ਪੱਖੋਂ ਗ਼ੈਰ-ਪ੍ਰਵਾਨਤ ਅਦਾਰੇ ਖੋਲ੍ਹ ਸਕਦਾ ਹੈ ਤਾਂ ਕੋਈ ਪਤਵੰਤਾ ਰਿਸ਼ਵਤ ਦੇ ਕੇ ਆਪਣੇ ਨਾਲਾਇਕਾਂ ਨੂੰ ਲਾਇਕ ਕਿਉਂ ਨਹੀਂ ਬਣਾ ਸਕਦਾ? ਇਨ੍ਹਾਂ ਸੁਆਲਾਂ ਦੀ ਫਹਿਰਿਸਤ ਬਹੁਤ ਲੰਮੀ ਹੋ ਸਕਦੀ ਹੈ। ਵਿਆਪਮ ਘਪਲੇ ਦੇ ਖ਼ਾਸੇ ਦਾ ਮੌਜੂਦਾ ਨਿਜ਼ਾਮ ਨਾਲ ਮੇਲ ਖਾਣਾ ਅਹਿਮ ਸੁਆਲ ਹੈ। ਵਿਆਪਮ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਹਨ ਕਿ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਜਾਂ ਸਰਕਾਰੀ ਮਸ਼ਕ ਇਸ ਉਤੇ ਪਰਦਾ ਪਾਉਣ

***(ਬਾਕੀ ਅਗਲੇ ਸਫੇ 'ਤੇ)***

# ਗਰੀਸ ਦਾ ਸੰਕਟ ਅਤੇ ਰਾਇਸ਼ੁਮਾਰੀ

***ਸ਼ਰਤਾਂ ਆਧਾਰਤ ਕਰਜ਼ੇ ਅਤੇ ਆਰਥਿਕ ਸੁਧਾਰ ਤੇਜ਼ੀ ਨਾਲ ਲਾਗੂ ਕੀਤੇ ਜਾਣ ਨਾਲ ਜਿਸ ਤਰ੍ਹਾਂ ਦੀ ਤਬਾਹੀ ਮੱਚੀ, ਇਸ ਵਿਚੋਂ ਸੱਤਾਧਾਰੀ ਨਿਊ ਡੈਮੋਕਰੇਟਿਕ ਪਾਰਟੀ ਅਤੇ ਵਿੱਤੀ ਤਿੱਕੜੀ ਖ਼ਿਲਾਫ਼ ਵਿਆਪਕ ਲੋਕ ਰੋਹ ਉਭਰਿਆ। ਇਸ ਦੌਰਾਨ ਸਰਗਰਮ ਕਈ ਜਥੇਬੰਦੀਆਂ ਨੇ ਮਿਲ ਕੇ 'ਸੀਰਿਜ਼ਾ' ਗੱਠਜੋੜ ਬਣਾਇਆ। ਇਸ ਨੇ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਤਿੱਖੇ ਸੰਘਰਸ਼ਾਂ ਦੇ ਨਾਲ-ਨਾਲ ਸੰਸਦੀ ਲੜਾਈ ਵੀ ਲੜੀ ਅਤੇ ਜਨਵਰੀ 2015 ਵਿਚ ਹੋਈਆਂ ਚੋਣਾਂ ਵਿਚ 'ਸੀਰਿਜ਼ਾ' ਨੂੰ ਕੁਲ 36.3% ਵੋਟ ਹਾਸਲ ਹੋਏ ਅਤੇ 300 ਮੈਂਬਰੀ ਸੰਸਦ ਵਿਚ ਇਸ ਦੇ 149 ਮੈਂਬਰ ਚੁਣੇ ਗਏ। ਸਿੱਟੇ ਵਜੋਂ 26 ਜਨਵਰੀ 2015 ਨੂੰ ਸੀਰਿਜ਼ਾ ਨੇ ਗੱਠਜੋੜ ਸਰਕਾਰ ਬਣਾਈ ਜਿਸ ਦੇ ਪ੍ਰਧਾਨ ਮੰਤਰੀ ਅਲੈਕਸਿਸ ਸਿਪਰਾਸ ਬਣੇ। ਸੀਰਿਜ਼ਾ ਨੇ ਆਰਥਿਕ ਹਾਲਤ ਨੂੰ ਬਦਲਣ ਲਈ ਬਦੇਸ਼ੀ ਕਰਜ਼ਦਾਤਿਆਂ ਨਾਲ ਫ਼ੈਸਲਾਕੁਨ ਗੱਲਬਾਤ 'ਤੇ ਜ਼ੋਰ ਦਿੱਤਾ।***

ਪੰਜ ਜੁਲਾਈ ਨੂੰ ਯੂਨਾਨ (ਗਰੀਸ) ਦੇ ਲੋਕਾਂ ਨੇ ਯੂਰੋ ਜ਼ੋਨ ਦੀਆਂ ਸ਼ਰਤਾਂ ਬਾਰੇ ਰਾਇਸ਼ੁਮਾਰੀ ਅੰਦਰ ਸ਼ਰਤਾਂ ਦੇ ਖ਼ਿਲਾਫ਼ 61% ਵੋਟ ਪਾ ਕੇ ਉਨ੍ਹਾਂ ਸਾਰੀਆਂ ਲੋਕ ਵਿਰੋਧੀ ਤਾਕਤਾਂ ਦੇ ਮਨਸੂਬਿਆਂ ਉਪਰ ਪਾਣੀ ਫੇਰ ਦਿੱਤਾ ਜੋ ਸਾਮਰਾਜੀ ਧੌਂਸ ਨੂੰ ਕਬੂਲ ਕਰ ਲੈਣ ਦੀਆਂ ਨਸੀਹਤਾਂ ਦੇ ਰਹੇ ਸਨ। ਯੂਰਪੀ ਯੂਨੀਅਨ ਅਤੇ ਆਈ.ਐਮ.ਐਫ਼. ਡੂੰਘੇ ਆਰਥਿਕ ਸੰਕਟ 'ਚ ਘਿਰੇ ਗਰੀਸ ਨੂੰ ਵੱਧ ਤੋਂ ਵੱਧ ਦੀਵਾਲੀਆ ਬਣਾ ਕੇ ਆਪਣੀਆਂ ਸ਼ਰਤਾਂ ਮੰਨਵਾਉਣ ਦੀ ਘਿਨਾਉਣੀ ਚਾਲ ਚੱਲ ਰਹੇ ਸਨ। ਉਨ੍ਹਾਂ ਲਈ ਸੰਕਟਮਈ ਹਾਲਤ ਨੂੰ ਬਲੈਕਮੇਲ ਦਾ ਇਹ ਬਹੁਤ ਸਾਜ਼ਗਰ ਮੌਕਾ ਸੀ।

25 ਜਨਵਰੀ 2015 ਦੀਆਂ ਕੌਮੀ ਚੋਣਾਂ ਵਿਚ ਯੂਨਾਨੀ ਲੋਕਾਂ ਨੇ ਸਿਰਿਜ਼ਾ ਸਰਕਾਰ ਨੂੰ

**ਬੂਟਾ ਸਿੰਘ**
ਫੋਨ: +91-94634-74342

ਇਸ ਫ਼ਤਵੇ ਨਾਲ ਜਿਤਾਇਆ ਸੀ ਕਿ ਉਹ ਪਹਿਲੀ ਸਰਕਾਰ ਦੇ ਨਵਉਦਾਰਵਾਦੀ 'ਸੁਧਾਰ' ਰੱਦ ਕਰਨਗੇ, ਪਰ ਸੀਰਿਜ਼ਾ ਸਰਕਾਰ ਉਲਟਾ ਯੂਰਪੀ ਯੂਨੀਅਨ ਕਮਿਸ਼ਨ, ਯੂਰਪੀ ਯੂਨੀਅਨ ਕੇਂਦਰੀ ਬੈਂਕ ਅਤੇ ਆਈ.ਐਮ.ਐਫ਼. (ਕੌਮਾਂਤਰੀ ਮੁਦਰਾ ਕੋਸ਼) ਦੀ ਤਿੱਕੜੀ ਨਾਲ ਐਮਰਜੈਂਸੀ ਸਹਾਇਤਾ ਬਾਰੇ ਗੱਲਬਾਤ ਚਲਾ ਕੇ ਸੰਕਟ ਦੇ ਵਕਤੀ ਹੱਲ-ਪੋਚੇ ਵਿਚ ਜੁੱਟ ਗਈ। ਪਿਛਲੇ ਚਾਰ ਦਹਾਕਿਆਂ ਤੋਂ ਰਾਜ ਕਰਨ ਵਾਲੀਆਂ ਕਨਜ਼ਰਵੇਟਿਵ ਅਤੇ ਸੋਸ਼ਲ ਡੈਮੋਕਰੇਟ ਪਾਰਟੀਆਂ ਨਾਲ ਮਿਲ ਕੇ ਤਿੱਕੜੀ ਵਲੋਂ ਨਵਉਦਾਰਵਾਦੀ ਨੀਤੀਆਂ ਥੋਪੀਆਂ ਗਈਆਂ। 2010 ਤੋਂ ਲੈ ਕੇ ਗਰੀਸ, ਜਦੋਂ ਤੋਂ ਇਥੋਂ ਦੀ ਪਹਿਲੀ ਸਰਕਾਰ ਅਤੇ ਤਿੱਕੜੀ ਦਰਮਿਆਨ ਸਮਝੌਤਾ ਹੋਇਆ, ਨਵਉਦਾਰਵਾਦੀ ਢਾਂਚਾ-ਢਲਾਈ ਸੁਧਾਰਾਂ 'ਚ ਹੋਰ ਤੇਜ਼ੀ ਲਿਆਉਣ ਦੇ ਤਜਰਬੇ ਦੀ ਪ੍ਰਯੋਗਸ਼ਾਲਾ ਬਣਿਆ ਹੋਇਆ ਹੈ। ਕਰਜ਼ੇ ਦਾ ਸੰਕਟ ਉਨ੍ਹਾਂ ਲਈ ਨਵਉਦਾਰਵਾਦੀ ਸੁਧਾਰਾਂ ਨੂੰ ਹੋਰ ਤੇਜ਼ੀ ਨਾਲ ਜ਼ਰਬਾਂ ਦੇਣ ਦਾ ਵਧੀਆ ਬਹਾਨਾ ਹੈ। ਉਹ ਗਰੀਸ ਨੂੰ ਨਮੂਨਾ ਬਣਾ ਕੇ ਇਹੀ ਕਟੌਤੀਆਂ ਬਾਕੀ ਯੂਰਪੀ ਮੁਲਕਾਂ ਉਪਰ ਥੋਪਣੀਆਂ ਚਾਹੁੰਦੇ ਹਨ; ਜਦਕਿ ਇਨ੍ਹਾਂ ਕਟੌਤੀਆਂ ਨੇ ਮਿਸਰ, ਸਪੇਨ ਅਤੇ ਆਇਰਲੈਂਡ ਦੀ ਆਰਥਿਕਤਾ 'ਚ ਸਥਿਰਤਾ ਲਿਆਉਣ ਦੀ ਥਾਂ ਬੁਰੀ ਤਰ੍ਹਾਂ ਤਬਾਹ ਕੀਤਾ ਹੈ।

ਕਰਜ਼ੇ ਬਾਰੇ ਸਮਝੌਤਿਆਂ ਜ਼ਰੀਏ ਪੰਜ ਸਾਲਾਂ ਵਿਚ ਜੋ ਪੈਸਾ (254 ਅਰਬ ਯੂਰੋ) ਗਰੀਸ ਨੂੰ ਦਿੱਤਾ ਗਿਆ, ਉਸ ਦਾ 92-93% ਪਹਿਲੇ ਕਰਜ਼ਿਆਂ ਦੀ ਅਦਾਇਗੀ ਵਜੋਂ ਜਰਮਨ, ਫਰਾਂਸ ਅਤੇ ਹੋਰ ਬਦੇਸ਼ੀ ਬੈਂਕਾਂ ਦੇ ਹੱਥਾਂ ਵਿਚ ਵਾਪਸ ਜਾਂਦਾ ਰਿਹਾ। ਕਰਜ਼ੇ ਮੋੜਦਿਆਂ ਗਰੀਸ ਦੇ ਕੁੱਲ ਵਿੱਤੀ ਵਸੀਲੇ ਨਿਚੋੜੇ ਜਾ ਚੁੱਕੇ ਹਨ ਅਤੇ ਹੁਣ ਉਹ ਕਰਜ਼ੇ ਦੀਆਂ ਕਿਸ਼ਤਾਂ ਮੋੜਨ ਦੀ ਹਾਲਤ ਵਿਚ ਨਹੀਂ। 80% ਕਰਜ਼ਾ ਯੂਰਪੀ ਯੂਨੀਅਨ ਅਤੇ ਆਈ.ਐਮ.ਐਫ਼. ਦਾ ਹੈ। 30 ਜੂਨ 2015 ਨੂੰ ਆਈ.ਐਮ.ਐਫ਼. ਤੋਂ ਲਏ ਕਰਜ਼ੇ ਦੀ 1.8 ਅਰਬ ਯੂਰੋ ਦੀ ਕਿਸ਼ਤ ਮੋੜਨ ਤੋਂ ਅਸਮਰੱਥ ਹੋਣ ਕਾਰਨ ਗਰੀਸ ਡਿਫਾਲਟਰ ਹੋ ਚੁੱਕਾ ਹੈ। ਇਸ ਨੂੰ ਉਮੀਦ ਸੀ ਕਿ ਯੂਰੋ ਜ਼ੋਨ (ਯੂਰਪੀ ਯੂਨੀਅਨ ਦੇ 19 ਦੇਸ਼ਾਂ ਦੀ ਮੁਦਰਾ ਯੂਨੀਅਨ ਜਿਨ੍ਹਾਂ ਦੀ ਕਰੰਸੀ ਯੂਰੋ ਹੈ) ਐਮਰਜੈਂਸੀ ਫੰਡ ਜਾਰੀ ਕਰ ਦੇਵੇਗਾ ਜਿਸ ਦੇ ਸਹਾਰੇ ਇਹ ਪੰਜ ਸਾਲਾਂ ਤੋਂ ਕਰਜ਼ੇ ਮੋੜਦਾ ਆਇਆ ਹੈ। ਸਰਕਾਰ ਸੰਕਟ ਨੂੰ ਟਾਲਣ ਲਈ ਆਈ.ਐਫ਼.ਐਫ਼. ਤੋਂ ਪਾਸਾ ਵੱਟ ਕੇ ਯੂਰੋ ਜ਼ੋਨ ਦੇ 500 ਅਰਬ ਯੂਰੋ ਦੇ ਯੂਰਪੀ ਸਥਿਰਤਾ ਢਾਂਚੇ ਵਿਚੋਂ 30 ਅਰਬ ਯੂਰੋ ਹੋਰ ਐਮਰਜੈਂਸੀ ਸਹਾਇਤਾ ਮੰਗ ਰਹੀ ਸੀ ਜਿਸ ਨਾਲ ਅਗਲੇ ਦੋ ਸਾਲ ਤਕ ਦੇਣਦਾਰੀਆਂ ਦਾ ਭੁਗਤਾਨ ਜਾਰੀ ਰੱਖਿਆ ਜਾ ਸਕੇ। ਸੰਕਟ ਇੰਨਾ ਜ਼ਿਆਦਾ ਹੈ ਕਿ ਰਾਇਸ਼ੁਮਾਰੀ ਹੋਣ ਤਕ ਸਰਕਾਰ ਨੇ ਇਕ ਹਫ਼ਤਾ ਬੈਂਕਾਂ ਬੰਦ ਰੱਖੀਆਂ ਅਤੇ ਵਿੱਤੀ ਕੰਟਰੋਲ ਲਾਗੂ ਰਹੇ ਜਿਸ ਨਾਲ ਬੈਂਕਾਂ ਵਿਚੋਂ ਸੀਮਤ ਨਗਦੀ ਹੀ ਕਢਾਈ ਜਾ ਸਕਦੀ ਸੀ। ਪਹਿਲਾਂ ਸੀਰਿਜ਼ਾ ਸਰਕਾਰ ਨੇ ਕਿਹਾ ਕਿ ਜੇ 30 ਜੂਨ ਤਕ ਸਮਝੌਤਾ ਸਿਰੇ ਨਹੀਂ ਲਗਦਾ ਤਾਂ ਉਹ ਕਰਜ਼ਾ ਮੋੜਨ ਬਾਰੇ ਸੋਚਣ ਦੀ ਬਜਾਏ ਪੈਨਸ਼ਨਾਂ ਅਤੇ ਤਨਖਾਹਾਂ ਦੇਣ ਨੂੰ ਤਰਜੀਹ ਦੇਵੇਗੀ। ਫਿਰ ਸਰਕਾਰ ਹੋਰ ਕਰਜ਼ੇ ਬਦਲੇ ਸਰਕਾਰੀ ਖ਼ਰਚਿਆਂ ਵਿਚ ਤਜਵੀਜ਼ਸ਼ੁਦਾ ਵੱਡੀਆਂ ਕਟੌਤੀਆਂ ਕਰਨ ਅਤੇ ਟੈਕਸ ਵਧਾਉਣ (ਵੈਲਿਊ ਐਡਿਡ ਟੈਕਸ) ਦੀਆਂ ਸ਼ਰਤਾਂ ਮੰਨਣ ਲਈ ਵੀ ਤਿਆਰ ਹੋ ਗਈ ਜਿਸ ਨੂੰ ਇਹ "ਜ਼ਲਾਲਤ ਭਰੀਆਂ" ਕਹਿ ਰਹੀ ਸੀ। ਸਰਕਾਰ ਯੂਰੋ ਜ਼ੋਨ ਤੋਂ ਤੋੜ-ਵਿਛੋੜਾ ਕਰ ਕੇ 'ਬਰਿਕਸ' ਮੁਲਕਾਂ ਵਲੋਂ ਕਾਇਮ ਕੀਤੇ ਨਿਊ ਡਿਵੈਲਪਮੈਂਟ ਬੈਂਕ ਵਿਚ ਸ਼ਾਮਲ ਹੋਣ ਬਾਰੇ ਵੀ ਵਿਚਾਰ ਕਰ ਰਹੀ ਹੈ ਜੋ 2014 'ਚ ਬਣਾਇਆ ਗਿਆ। ਜੇ ਇੰਜ ਹੁੰਦਾ ਹੈ ਤਾਂ ਪੁਰਤਗਾਲ, ਸਪੇਨ, ਇਟਲੀ, ਆਇਰਲੈਂਡ ਵਰਗੇ ਕਮਜ਼ੋਰ ਅਰਥਚਾਰੇ ਵੀ ਇਹ ਸੋਚ ਸਕਦੇ ਹਨ।

ਆਰਥਿਕ ਸੁਧਾਰ ਲਾਗੂ ਕਰਦੇ ਵਕਤ ਇਹ ਪ੍ਰਚਾਰ ਕੀਤਾ ਗਿਆ ਕਿ ਇਹ ਨੀਤੀਆਂ ਸਰਕਾਰੀ ਕਰਜ਼ੇ ਨੂੰ ਘਟਾਉਣ ਅਤੇ ਰੋਗੀ ਆਰਥਿਕਤਾ ਨੂੰ ਤੰਦਰੁਸਤ ਕਰਨ ਲਈ ਲਾਗੂ ਕੀਤੀਆਂ ਜਾ ਰਹੀਆਂ ਹਨ। ਹਕੀਕਤ 'ਚ ਇਹ ਆਰਥਿਕਤਾ ਅਤੇ ਲੋਕਾਂ ਦੀ ਸਮਾਜੀ ਜ਼ਿੰਦਗੀ ਲਈ ਪਰਲੋ ਬਣ ਕੇ ਆਈਆਂ। ਜਦੋਂ 2010 ਵਿਚ ਸਮਝੌਤਾ ਕੀਤਾ ਗਿਆ, ਉਦੋਂ ਕਰਜ਼ਾ ਮੁਲਕ ਦੀ ਜੀ.ਡੀ.ਪੀ. ਦਾ 126.8% (299.5 ਅਰਬ ਯੂਰੋ) ਸੀ, ਹੁਣ ਇਹ 176% (323 ਅਰਬ ਯੂਰੋ) ਹੋ ਚੁੱਕਾ ਹੈ। ਨਿੱਜੀ ਖੇਤਰ ਵਿਚ ਘੱਟੋ-ਘੱਟ ਉਜਰਤ 741 ਯੂਰੋ ਤੋਂ 580 ਯੂਰੋ ਰਹਿ ਗਈ ਹੈ। ਇਕ ਕਰੋੜ 10 ਲੱਖ ਦੀ ਆਬਾਦੀ ਵਾਲੇ ਮੁਲਕ ਵਿਚੋਂ ਪਿਛਲੇ ਚਾਰ ਸਾਲਾਂ ਵਿਚ 3 ਲੱਖ ਲੋਕ ਪਰਵਾਸ ਕਰ ਗਏ। ਇਨ੍ਹਾਂ ਵਿਚੋਂ 130000 ਮਾਸਟਰ ਅਤੇ ਪੀਐਚ.ਡੀ. ਡਿਗਰੀਆਂ ਵਾਲੇ ਮਾਹਰ ਨੌਜਵਾਨ ਹਨ। ਖ਼ੁਦਕੁਸ਼ੀ ਕਰਨ ਵਾਲਿਆਂ ਅਤੇ ਬੇਘਰੇ ਲੋਕਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ। ਔਰਤਾਂ, ਕਿਰਤੀਆਂ, ਪਰਵਾਸੀਆਂ ਅਤੇ ਮੁਲਾਜ਼ਮਾਂ ਉਪਰ ਇਸ ਦਾ ਸਭ ਤੋਂ ਮਾੜਾ ਅਸਰ ਪਿਆ। ਸਿੱਖਿਆ, ਸਿਹਤ ਸੇਵਾਵਾਂ ਲਈ ਫੰਡ ਨਾ ਹੋਣ ਕਾਰਨ ਸਰਕਾਰੀ ਸਕੂਲ ਅਤੇ ਹਸਪਤਾਲ ਪੂਰੀ ਤਰ੍ਹਾਂ ਬੰਦ ਹੋਣ ਕਿਨਾਰੇ ਹਨ। ਸਰਕਾਰ ਕਮਜ਼ੋਰ ਹਿੱਸਿਆਂ ਲਈ ਰਾਹਤ ਪੈਕੇਜ ਦੇਣਾ ਚਾਹੁੰਦੀ ਹੈ। ਤਿੱਕੜੀ ਵਲੋਂ ਉਲਟਾ ਤਨਖ਼ਾਹਾਂ ਤੇ ਪੈਨਸ਼ਨਾਂ ਵਿਚ ਵੱਡੀਆਂ ਕਟੌਤੀਆਂ ਕਰਨ ਅਤੇ ਟੈਕਸ ਵਧਾਉਣ ਲਈ ਦਬਾਅ ਪਾਇਆ ਜਾ ਰਿਹਾ ਹੈ।

ਲਿਹਾਜ਼ਾ ਗਰੀਸ ਇਸ ਵਕਤ ਇਤਿਹਾਸ ਦੇ ਸਭ ਤੋਂ ਗੰਭੀਰ ਆਰਥਿਕ ਸੰਕਟ ਦੀ ਲਪੇਟ ਵਿਚ ਹੈ। ਇਸ ਉਪਰ ਇਕ ਪਾਸੇ ਇਜਾਰੇਦਾਰ ਤਿੱਕੜੀ ਦਾ ਉਦਾਰੀਕਰਨ ਦੇ ਸੁਧਾਰ ਜਾਰੀ ਰੱਖਣ




ਅਤੇ ਨਵੀਆਂ ਸ਼ਰਤਾਂ ਮੰਨਣ ਦਾ ਭਾਰੀ ਦਬਾਅ ਹੈ, ਦੂਜੇ ਪਾਸੇ ਆਰਥਿਕ ਤਬਾਹੀ ਵਾਲੇ 'ਸੁਧਾਰਾਂ' ਵਿਰੁੱਧ ਆਮ ਲੋਕਾਂ ਵਿਚ ਜ਼ਬਰਦਸਤ ਰੋਹ ਹੈ।

ਗਰੀਸ ਜੂਨ 2000 ਤੋਂ ਯੂਰਪੀ ਯੂਨੀਅਨ ਅਤੇ ਪਹਿਲੀ ਜਨਵਰੀ 2001 ਤੋਂ ਯੂਰੋ ਜ਼ੋਨ ਵਿਚ ਸ਼ਾਮਲ ਹੈ। ਇਸ ਦੀ ਆਰਥਿਕਤਾ ਮੁੱਖ ਤੌਰ 'ਤੇ ਸੇਵਾਵਾਂ ਦੇ ਖੇਤਰ ਉਤੇ ਟਿਕੀ ਹੋਈ ਹੈ। ਆਰਥਿਕਤਾ ਵਿਚ ਸੇਵਾਵਾਂ ਦੇ ਖੇਤਰ ਦਾ ਹਿੱਸਾ 80.6% ਹੈ, ਜਦਕਿ ਸਨਅਤ ਅਤੇ ਖੇਤੀ ਖੇਤਰਾਂ ਦਾ ਹਿੱਸਾ ਕ੍ਰਮਵਾਰ ਮਹਿਜ਼ 16% ਅਤੇ 3.4% ਹੈ। ਆਰਥਿਕ ਸੁਧਾਰਾਂ ਦੇ ਪਿਛਾਖੜੀ ਦੌਰ ਨੇ ਨਾ ਸਿਰਫ਼ ਸੇਵਾਵਾਂ, ਸਗੋਂ ਸਨਅਤ ਅਤੇ ਖੇਤੀ ਖੇਤਰਾਂ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਇਸ ਨਾਲ ਅਵਾਮ ਦੀ ਜ਼ਿੰਦਗੀ ਬਹੁਤ ਦੁੱਭਰ ਹੋ ਗਈ।

1980ਵਿਆਂ ਦੇ ਅਖ਼ੀਰ 'ਚ ਜਦੋਂ ਪਹਿਲੀ ਦਫ਼ਾ ਹਕੂਮਤ ਨੇ ਬਜਟ ਘਾਟੇ ਕਾਰਨ ਨਾਗਰਿਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ 'ਚ ਕਟੌਤੀ ਲਾਗੂ ਕੀਤੀ, ਉਦੋਂ ਵੀ ਇਸ ਨੂੰ ਅਵਾਮ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਯੂਰੋ ਜ਼ੋਨ ਵਿਚ ਸ਼ਾਮਲ ਹੋ ਕੇ ਗਰੀਸ ਦੀ ਸਰਕਾਰ ਨੇ ਯੂਰਪੀ ਯੂਨੀਅਨ ਦੇ ਨਿਰਦੇਸ਼ਾਂ ਤਹਿਤ 'ਆਰਥਿਕ ਸੁਧਾਰ ਪ੍ਰੋਗਰਾਮ' ਲਾਗੂ ਕੀਤਾ। ਇਸ ਨੇ ਦੂਰ-ਸੰਚਾਰ ਅਤੇ ਬੈਂਕਿੰਗ ਖੇਤਰਾਂ ਦੇ 'ਆਧੁਨਿਕੀਕਰਨ', ਯੂਰਪੀ ਕੇਂਦਰੀ ਬੈਂਕ ਦੇ ਸਹਿਯੋਗ ਨਾਲ ਆਪਣੀ ਵਿਕਸਤ ਸ਼ਿਪਿੰਗ ਸਨਅਤ ਨੂੰ ਆਲਮੀ ਮੁਕਾਬਲੇ ਦਾ ਬਣਾਉਣਾ ਅਤੇ ਹੋਰ ਵੱਡੇ ਆਰਥਿਕ 'ਸੁਧਾਰ' ਕੀਤੇ। ਇਸ ਨਾਲ 2001-07 ਦੇ ਦੌਰਾਨ ਇਸ ਦੀ ਜੀ.ਡੀ.ਪੀ. (ਕੁਲ ਘਰੇਲੂ ਪੈਦਾਵਾਰ) ਵਧ ਕੇ 4.11% ਜ਼ਰੂਰ ਹੋ ਗਈ ਜੋ 1980-90 ਅਤੇ 1991-2000 ਦੇ ਅਰਸੇ ਦੌਰਾਨ ਕ੍ਰਮਵਾਰ 0.7% ਅਤੇ 2.36% ਸੀ, ਪਰ ਜਦੋਂ ਗਰੀਸ ਉਪਰ ਯੂਰਪੀ ਯੂਨੀਅਨ ਅਤੇ ਹੋਰ ਵਿੱਤੀ ਸੰਸਥਾਵਾਂ ਦੇ ਕਰਜ਼ਿਆਂ ਦਾ ਬੋਝ ਹੱਦੋਂ ਟੱਪਿਆ ਅਤੇ ਨਾਲ ਹੀ ਜਦੋਂ ਸੰਸਾਰ ਦੀ ਆਰਥਿਕਤਾ 2007-08 ਦੇ ਅਮਰੀਕੀ ਵਿੱਤੀ ਸੰਕਟ ਦੀ ਲਪੇਟ ਵਿਚ ਆ ਗਈ ਤਾਂ ਗਰੀਸ ਦੀ ਆਰਥਿਕਤਾ ਵੀ ਲੜਖੜਾ ਗਈ। 2008-11 ਵਿਚ ਇਸ ਦੀ ਜੀ.ਡੀ.ਪੀ. ਵਿਚ ਸਾਲਾਨਾ -3.825% ਦੀ ਗਿਰਾਵਟ ਆਈ ਜੋ 2012 ਵਿਚ ਵਧ ਕੇ -7.0% ਹੋ ਗਈ। 2013 ਵਿਚ ਇਹ ਦਰ -3.9% ਰਹੀ ਅਤੇ 2014 ਵਿਚ ਵੀ ਗਿਰਾਵਟ ਦਾ ਰੁਝਾਨ ਜਾਰੀ ਰਿਹਾ। ਲਿਹਾਜ਼ਾ ਆਰਥਿਕ ਵਾਧਾ ਵੀ ਸਥਿਰ ਨਹੀਂ ਰਿਹਾ, ਸਗੋਂ ਅਮੀਰ ਗ਼ਰੀਬ ਦਾ ਪਾੜਾ ਬਹੁਤ ਤੇਜ਼ੀ ਨਾਲ ਵਧਿਆ। ਦੂਜੇ ਪਾਸੇ, ਰਾਜਕੀ ਆਮਦਨੀ ਦੇ ਮੁਕਾਬਲੇ ਸਰਕਾਰੀ ਖ਼ਰਚੇ ਦੀ ਫ਼ੀਸਦੀ ਵਧਦੀ ਗਈ। ਨਤੀਜੇ ਵਜੋਂ, ਬਜਟ ਘਾਟਾ ਵੀ ਵਧਦਾ ਗਿਆ। 2013 ਵਿਚ ਇਹ ਜੀ.ਡੀ.ਪੀ. ਦਾ 12.2% ਹੋ ਗਿਆ। ਆਮ ਬੇਰੁਜ਼ਗਾਰੀ ਦੀ ਦਰ 2014 ਵਿਚ ਲਗਭਗ 30% ਹੋ ਚੁੱਕੀ ਹੈ, ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਦਰ 65% ਤਕ ਹੈ।

ਇਸ ਦੌਰਾਨ ਵਿੱਤੀ ਤਿੱਕੜੀ ਨੇ ਗਰੀਸ ਦੀ ਆਰਥਿਕਤਾ ਨੂੰ ਕਰਜ਼ੇ 'ਚ ਜਕੜ ਲਿਆ। ਯੂਰਪੀ ਯੂਨੀਅਨ ਦੀ ਅੰਕੜਾ ਏਜੰਸੀ ਯੂਰੋਸਟੈਟ ਅਨੁਸਾਰ 2009 ਵਿਚ ਇਸ ਮੁਲਕ ਉਪਰ ਕਰਜ਼ਾ, ਜੀ.ਡੀ.ਪੀ. ਦਾ 126.8% ਸੀ ਜੋ 2010 ਵਿਚ 176% ਹੋ ਗਿਆ। ਹਾਲ ਹੀ ਵਿਚ 'ਦ ਗਾਰਡੀਅਨ' ਦੇ ਹੱਥ ਲੱਗੀ ਤਿੱਕੜੀ ਦੀ ਅੰਦਰੂਨੀ ਰਿਪੋਰਟ ਵਿਚ ਵੀ ਸਪਸ਼ਟ ਮੰਨਿਆ ਗਿਆ ਹੈ ਕਿ ਜੇ ਗਰੀਸ ਸਰਕਾਰ ਟੈਕਸਾਂ ਅਤੇ ਸਰਕਾਰੀ ਖ਼ਰਚਾਂ ਬਾਰੇ ਸੁਧਾਰਾਂ ਦਾ ਪੂਰਾ ਪੁਲੰਦਾ ਲਾਗੂ ਕਰਨਾ ਵੀ ਮੰਨ ਲੈਂਦੀ ਹੈ ਜਿਸ ਦੀ ਉਸ ਤੋਂ ਮੰਗ ਕੀਤੀ ਜਾ ਰਹੀ ਹੈ, ਫਿਰ ਵੀ 2030 ਤਕ ਉਸ ਨੂੰ "ਅਸਹਿ ਕਰਜ਼ੇ" ਦੇ ਸੰਕਟ ਦਾ ਸਾਹਮਣਾ ਕਰਨਾ ਪਵੇਗਾ।

ਸ਼ਰਤਾਂ ਆਧਾਰਤ ਕਰਜ਼ੇ ਅਤੇ ਆਰਥਿਕ ਸੁਧਾਰ ਤੇਜ਼ੀ ਨਾਲ ਲਾਗੂ ਕਰਨ ਨਾਲ ਜਿਸ ਤਰ੍ਹਾਂ ਦੀ ਤਬਾਹੀ ਮੱਚੀ, ਇਸ ਵਿਚੋਂ ਸੱਤਾਧਾਰੀ ਨਿਊ ਡੈਮੋਕਰੇਟਿਕ ਪਾਰਟੀ ਅਤੇ ਵਿੱਤੀ ਤਿੱਕੜੀ ਖ਼ਿਲਾਫ਼ ਲੋਕ ਰੋਹ ਉਭਰਿਆ। ਇਸ ਦੌਰਾਨ ਸਰਗਰਮ ਕਈ ਜਥੇਬੰਦੀਆਂ ਨੇ ਮਿਲ ਕੇ 'ਸੀਰਿਜ਼ਾ' ਗੱਠਜੋੜ ਬਣਾਇਆ। ਇਸ ਨੇ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਤਿੱਖੇ ਸੰਘਰਸ਼ਾਂ ਦੇ ਨਾਲ ਨਾਲ ਸੰਸਦੀ ਲੜਾਈ ਵੀ ਲੜੀ ਅਤੇ ਜਨਵਰੀ 2015 ਵਿਚ ਚੋਣਾਂ ਵਿਚ 'ਸਿਰਿਜ਼ਾ' ਨੂੰ 36.3% ਵੋਟ ਹਾਸਲ ਹੋਏ ਅਤੇ 300 ਮੈਂਬਰੀ ਸੰਸਦ ਵਿਚ ਇਸ ਦੇ 149 ਮੈਂਬਰ ਚੁਣੇ ਗਏ। ਸਿੱਟੇ ਵਜੋਂ 26 ਜਨਵਰੀ 2015 ਨੂੰ ਸੀਰਿਜ਼ਾ ਨੇ ਗੱਠਜੋੜ ਸਰਕਾਰ ਬਣਾਈ ਜਿਸ ਦੇ ਪ੍ਰਧਾਨ ਮੰਤਰੀ ਅਲੈਕਸਿਸ ਸਿਪਰਾਸ ਬਣੇ। ਸੀਰਿਜ਼ਾ ਨੇ ਆਰਥਿਕ ਹਾਲਤ ਨੂੰ ਬਦਲਣ ਲਈ ਬਦੇਸ਼ੀ ਕਰਜ਼ਦਾਤਿਆਂ ਨਾਲ ਫ਼ੈਸਲਾਕੁਨ ਗੱਲਬਾਤ 'ਤੇ ਜ਼ੋਰ ਦਿੱਤਾ। ਲੋਕਾਂ ਨੂੰ ਸੀਰਿਜ਼ਾ ਤੋਂ ਕਾਫ਼ੀ ਉਮੀਦਾਂ ਸਨ। ਚੋਣਾਂ ਤੋਂ ਪਹਿਲਾਂ ਉਸ ਨੇ ਜੋ ਲੋਕ-ਪੱਖੀ ਵਾਅਦੇ ਕੀਤੇ ਸਨ, ਉਸ ਦੇ ਉਲਟ ਮਹਿਜ਼ 25 ਦਿਨ ਬਾਅਦ, ਭਾਵ 20 ਫਰਵਰੀ ਨੂੰ ਯੂਰਪੀ ਯੂਨੀਅਨ ਨਾਲ ਜੋ ਸਮਝੌਤਾ ਕੀਤਾ ਗਿਆ, ਉਹ ਚੋਣ ਵਾਅਦਿਆਂ ਤੋਂ ਉਲਟ ਸੀ। ਇਸ ਨੇ 'ਬੇਲਆਊਟ ਪ੍ਰੋਗਰਾਮ' ਜਾਰੀ ਰੱਖਣ, ਮੌਜੂਦਾ ਕਰਜ਼ਿਆਂ ਅਤੇ ਕਟੌਤੀ ਉਪਰਾਲਿਆਂ ਨੂੰ ਅਗਲੇ ਚਾਰ ਮਹੀਨੇ ਤਕ ਵਧਾਉਣ, ਯੂਰਪੀ ਯੂਨੀਅਨ ਦੀ ਖ਼ਿਲਾਫ਼ਤ ਨਾ ਕਰਨ, ਬੈਂਕਾਂ ਦੇ ਕੌਮੀਕਰਨ ਦੇ ਫ਼ੈਸਲੇ ਪਾਸੇ ਧਰ ਦੇਣ ਅਤੇ ਪ੍ਰਾਈਵੇਟ ਸਿੱਖਿਆ ਤੇ ਹੋਰ ਸੰਸਥਾਵਾਂ ਨੂੰ ਨਿਸ਼ਾਨਾ ਨਾ ਬਣਾਉਣ ਨੂੰ ਸਹਿਮਤੀ ਦਿੱਤੀ।

ਇਸ ਸਮਝੌਤੇ ਖ਼ਿਲਾਫ਼ ਨਾ ਸਿਰਫ਼ ਗਰੀਸ, ਸਗੋਂ ਯੂਰਪੀ ਯੂਨੀਅਨ ਅਤੇ ਦੁਨੀਆਂ ਦੇ ਜ਼ਿਆਦਾਤਰ ਮੁਲਕਾਂ ਦੇ ਜਾਗਰੂਕ ਹਿੱਸਿਆਂ ਵਿਚ ਵਿਆਪਕ ਪ੍ਰਤੀਕਰਮ ਹੋਏ। ਇਸ ਨੂੰ ਯੂਰਪੀ ਯੂਨੀਅਨ ਅੱਗੇ ਗੋਡੇ ਟੇਕਣ ਦੀ ਕਾਰਵਾਈ ਮੰਨਿਆ ਗਿਆ। ਦਰਅਸਲ ਇਹ ਸੀਰਿਜ਼ਾ ਦੀ 'ਸੁਭਾਵਿਕ ਮਜਬੂਰੀ' ਨਹੀਂ, ਜਿਵੇਂ ਕੁਝ ਮੱਧ-ਮਾਰਗੀ ਖੱਬੀਆਂ-ਜਮਹੂਰੀ ਤਾਕਤਾਂ ਸਮਝਦੀਆਂ ਹਨ, ਇਹ ਉਨ੍ਹਾਂ ਦੇ ਪ੍ਰੋਗਰਾਮ ਦੀ ਸੀਮਤਾਈ ਹੈ।

ਦਰਅਸਲ, ਸੀਰਿਜ਼ਾ ਸਰਕਾਰ ਨੇ ਪਹਿਲੀਆਂ ਸਰਕਾਰਾਂ ਦੀ ਸੁਧਾਰਾਂ ਦੀ ਨੀਤੀ ਤੋਂ ਰਾਹਤ ਪਾਉਣ ਲਈ ਤਿੱਕੜੀ, ਖ਼ਾਸ ਕਰ ਕੇ ਯੂਰਪੀ ਯੂਨੀਅਨ ਅੱਗੇ ਲੇਲ੍ਹੜੀਆਂ ਕੱਢਣ ਦਾ ਜੋ ਰਾਹ ਅਖ਼ਤਿਆਰ ਕੀਤਾ ਸੀ, ਉਸ ਦਾ ਸਿੱਟਾ ਕਰਜ਼ੇ ਦੇ ਵਧਣ ਅਤੇ ਆਰਥਿਕਤਾ ਦੀ ਤਬਾਹੀ ਤੋਂ ਸਿਵਾਏ ਹੋਰ ਕੋਈ ਹੋ ਵੀ ਨਹੀਂ ਸਕਦਾ ਸੀ। ਯੂਰਪੀ ਕੇਂਦਰੀ ਬੈਂਕ ਨੇ ਗਰੀਸ ਦੀਆਂ ਬੈਂਕਾਂ ਦੀ ਕਰਜ਼ਿਆਂ ਤਕ ਪਹੁੰਚ 'ਤੇ ਰੋਕਾਂ ਲਾ ਕੇ ਜਾਣ-ਬੁੱਝ ਕੇ ਭੈਅ ਦਾ ਮਾਹੌਲ ਬਣਾ ਕੇ ਉਥੋਂ ਸਰਮਾਇਆ ਕੱਢ ਲਿਜਾਣ ਦੇ ਹਾਲਾਤ ਪੈਦਾ ਕਰ ਦਿੱਤੇ ਅਤੇ ਸਰਕਾਰ ਉਪਰ ਦਬਾਅ ਬਣਾਈ ਰੱਖਣ ਲਈ ਬਹੁਤ ਨਿਗੂਣੇ ਐਮਰਜੈਂਸੀ ਕਰਜ਼ੇ ਹੀ ਦਿੱਤੇ। ਐਮਰਜੈਂਸੀ ਮਦਦ ਦੀਆਂ ਸ਼ਰਤਾਂ ਬਾਰੇ 5 ਜੁਲਾਈ ਦੀ ਰਾਇਸ਼ੁਮਾਰੀ ਕਰਾਉਣ ਦੇ ਸਰਕਾਰ ਦੇ ਫ਼ੈਸਲੇ ਨੂੰ ਦੇਖ ਕੇ ਤਿੱਕੜੀ ਨੇ ਗਰੀਸ ਦੀ ਆਰਥਿਕਤਾ ਨੂੰ ਹੋਰ ਦੀਵਾਲੀਆ ਕਰਨ ਲਈ ਜੋ ਨਵੇਂ ਕਦਮ ਚੁੱਕੇ, ਉਹ ਗਰੀਸ ਦੇ ਲੋਕਾਂ ਨੂੰ ਇਹ ਅਹਿਸਾਸ ਕਰਾਉਣ ਲਈ ਸਨ ਕਿ ਉਹ ਭੁੱਲ ਜਾਣ ਕਿ ਸਾਮਰਾਜੀ ਵਿੱਤੀ ਸਰਮਾਏ ਦੀ ਤਾਕਤ ਨੂੰ ਵੰਗਾਰ ਸਕਦੇ ਹਨ, ਪਰ ਗਰੀਸ ਦੇ ਲੋਕਾਂ ਨੇ ਝੁਕਣ ਦੀ ਥਾਂ ਰਾਇਸ਼ੁਮਾਰੀ ਵਿਚ ਉਨ੍ਹਾਂ ਦੀਆਂ ਸ਼ਰਤਾਂ ਠੁਕਰਾ ਕੇ ਠੋਕਵਾਂ ਜਵਾਬ ਦਿੱਤਾ ਹੈ।

ਸੀਰਿਜ਼ਾ ਦਾ ਤਜਰਬਾ ਸਾਬਤ ਕਰਦਾ ਹੈ ਕਿ ਸਪਸ਼ਟ ਸਮਾਜਵਾਦੀ ਪ੍ਰੋਗਰਾਮ ਦੀ ਅਣਹੋਂਦ ਅਤੇ ਇਨਕਲਾਬੀ ਬਦਲਾਓ ਦੀ ਥਾਂ ਪਾਰਲੀਮੈਂਟਰੀ ਰਾਹ ਅਖ਼ਤਿਆਰ ਕਰ ਕੇ ਸਰਮਾਏਦਾਰਾ ਪ੍ਰਬੰਧ ਦੀ ਸੱਤਾ ਉਤੇ ਕਾਬਜ਼ ਹੋ ਕੇ ਲੋਕਾਂ ਦਾ ਭਲਾ ਚਾਹੁਣ ਵਾਲੀਆਂ ਤਾਕਤਾਂ ਦੀਆਂ ਸੀਮਾਵਾਂ ਕੀ ਹਨ। ਉਹ ਸਰਮਾਏਦਾਰੀ ਪ੍ਰਬੰਧ ਨਾਲ ਆਰ-ਪਾਰ ਦੀ ਲੜਾਈ ਨਹੀਂ ਲੜ ਸਕਦੀਆਂ। ਅਜਿਹੀਆਂ ਪਾਰਟੀਆਂ ਵਾਅਦੇ ਕਰ ਕੇ ਸੱਤਾਨਸ਼ੀਨ ਤਾਂ ਹੋ ਸਕਦੀਆਂ ਹਨ, ਪਰ ਸਰਮਾਏਦਾਰਾ ਪ੍ਰਬੰਧ ਦਾ ਰਾਜਸੀ ਚੌਖਟਾ ਉਨ੍ਹਾਂ ਨੂੰ ਕੋਈ ਕਾਰਗਰ ਲੋਕ-ਪੱਖੀ ਸੁਧਾਰ ਕਰਨ ਦੀ ਇਜਾਜ਼ਤ ਨਾ ਦਿੰਦਾ ਹੋਣ ਕਾਰਨ ਚਾਹੁੰਦਿਆਂ ਹੋਇਆਂ ਵੀ ਉਹ ਕੁਝ ਨਹੀਂ ਕਰ ਸਕਦੀਆਂ। ਆਖ਼ਿਰਕਾਰ ਉਹ ਇਸੇ ਪ੍ਰਬੰਧ ਨੂੰ ਮਜ਼ਬੂਤ ਕਰਨ ਲਈ ਬੱਝੀਆਂ ਹੋਈਆਂ ਹਨ। ਗਰੀਸ ਦਾ ਤਜਰਬਾ ਉਨ੍ਹਾਂ ਲਈ ਵੀ ਸਬਕ ਹੈ ਜੋ ਆਮ ਆਦਮੀ ਪਾਰਟੀ (ਆਪ) ਤੋਂ ਹਿੰਦੁਸਤਾਨ ਦੀ ਬਿਹਤਰੀ ਅਤੇ ਤਰੱਕੀ ਦੀ ਤਵੱਕੋਂ ਕਰਦੇ ਹਨ।

ਗਰੀਸ ਦੇ ਸੰਕਟ ਦਾ ਅਸਲ ਹੱਲ ਸਰਮਾਏਦਾਰੀ ਪ੍ਰਬੰਧ ਨੂੰ ਖ਼ਤਮ ਕਰਨ, ਯੂਰਪੀ ਯੂਨੀਅਨ ਅਤੇ ਨਾਟੋ 'ਚੋਂ ਤੁਰੰਤ ਬਾਹਰ ਆਉਣ, ਸਾਰੇ ਬਦੇਸ਼ੀ ਕਰਜ਼ੇ ਰੱਦ ਕਰਨ, ਯੂਰੋ ਦੀ ਥਾਂ ਆਪਣੇ ਮੁਲਕ ਦੀ ਕਰੰਸੀ ਦੁਬਾਰਾ ਚਾਲੂ ਕਰਨ ਨਾਲ ਹੀ ਸੰਭਵ ਹੈ। ਹੁਣ ਦੇਖਣਾ ਇਹ ਹੈ ਕਿ ਸੀਰਿਜ਼ਾ ਸਰਕਾਰ ਰਾਇਸ਼ੁਮਾਰੀ ਦਾ ਫ਼ਤਵਾ ਹਾਸਲ ਕਰ ਕੇ ਸਾਮਰਾਜੀ ਸਰਮਾਏਦਾਰੀ ਦੇ ਖ਼ਿਲਾਫ਼ ਲੜਾਈ ਵਿਚ ਕਿਥੋਂ ਤਕ ਖੜ੍ਹਦੀ ਹੈ।

# ਵਿਆਪਮ ਦੀ ਮੰਡੀ 'ਚ ਸਰਕਾਰ...

*(ਪਿਛਲੇ ਸਫ਼ੇ ਦੀ ਬਾਕੀ)*

ਵਿਚ ਨਾਕਾਮਯਾਬ ਰਹੀ ਹੈ।

ਸਰਕਾਰੀ ਅਦਾਰਿਆਂ ਅਤੇ ਸਰਕਾਰ ਲਈ ਵਿਆਪਮ 'ਸੱਪ ਦੇ ਮੂੰਹ ਵਿਚ ਕੋਹੜ ਕਿਰਲੀ' ਹੈ ਜਿਸ ਨੂੰ ਛੱਡਣ ਨਾਲ ਮੋਦੀ-ਤਾਕਤ ਦਾ ਤਲਿਸਮ ਟੁੱਟਦਾ ਹੈ ਅਤੇ ਨਿਗਲ ਜਾਣ ਨਾਲ 'ਵਿਕਾਸ' ਦਾ ਕਿਲ੍ਹਾ ਢਹਿੰਦਾ ਹੈ। ਸਰਕਾਰ ਲਈ ਵਿਆਪਮ ਬਾਰੇ ਫ਼ੈਸਲਾ ਅਡਾਨੀ ਅਤੇ ਓਬਾਮਾ ਨੂੰ ਮੁਖ਼ਾਤਬ ਹੋ ਕੇ ਕੀਤਾ ਜਾ ਸਕਦਾ ਹੈ। ਜੇ ਡਾ. ਮਨਮੋਹਨ ਸਿੰਘ ਹਰ ਮੌਕੇ ਓਬਾਮਾ ਨਾਲ ਭਾਰਤ ਦੇ ਪਿਆਰ ਦਾ ਇਜ਼ਹਾਰ ਕਰਦੇ ਰਹੇ ਹਨ ਤਾਂ ਮੋਦੀ ਦਾ ਚੋਣ ਰੱਥ ਅਡਾਨੀ ਦੇ ਜਹਾਜ਼ ਵਿਚ ਸਵਾਰ ਹੋ ਕੇ ਦਿੱਲੀ ਪਹੁੰਚਿਆ ਹੈ। ਜੇ ਡਾ. ਮਨਮੋਹਨ ਸਿੰਘ ਕਦੇ ਰਤਨ ਟਾਟਾ ਦੀ ਨਿੱਜੀ ਜ਼ਿੰਦਗੀ ਦਾ ਸਤਿਕਾਰ ਕਰਨਾ ਨਹੀਂ ਭੁੱਲੇ ਤਾਂ ਮੋਦੀ ਨੇ ਓਬਾਮਾ ਨੂੰ ਨਾਮ ਨਾਲ ਬੁਲਾ ਕੇ ਭਾਰਤ ਦਾ ਮਾਣ ਵਧਾਇਆ ਹੈ। ਇਸ ਦੌਰ ਵਿਚ ਖੁੱਲ੍ਹੀ ਮੰਡੀ ਦੇ ਆਪਹੁਦਰੇਪਣ ਨੂੰ ਸਰਕਾਰੀ ਸਰਪ੍ਰਸਤੀ ਵਿਚ ਵਧਾਉਣ ਲਈ ਕੌਮਾਂਤਰੀ ਅਦਾਰਿਆਂ ਤੋਂ ਲੈ ਕੇ ਮੁਕਾਮੀ ਕਾਰੋਬਾਰੀਆਂ ਦਾ ਵੱਡਾ ਗੱਠਜੋੜ ਹੈ। ਜੇ ਇਸ ਗੱਠਜੋੜ ਨੂੰ ਵਿਆਪਮ ਦਾ ਸਰਕਾਰੀ ਰੂਪ ਮੰਨ ਲਿਆ ਜਾਵੇ ਤਾਂ ਮੱਧ ਪ੍ਰਦੇਸ਼ ਵਾਲੇ ਵਿਆਪਮ ਦੇ ਨਕਸ਼ ਜ਼ਿਆਦਾ ਉਘੜ ਆਉਂਦੇ ਹਨ। ਸਰਕਾਰ ਨੇ ਸਿੱਖਿਆ ਦੇ ਹਰ ਖੇਤਰ ਵਿਚ ਪਰਵਾਸੀਆਂ ਅਤੇ ਅਖ਼ਤਿਆਰੀ ਖ਼ਾਤਿਆਂ ਵਿਚ ਦਾਖ਼ਲੇ ਵੇਚਣ ਦਾ ਰੁਝਾਨ ਸ਼ੁਰੂ ਕੀਤਾ ਹੈ ਅਤੇ ਵਿਆਪਮ ਦਾ ਇਸ ਨੂੰ ਖੁੱਲ੍ਹੀ ਮੰਡੀ ਵਿਚ ਬੋਲੀ ਲਗਾਉਣ ਵਾਲੀ ਖਿੜਕੀ ਹੈ। ਜੇ ਮੁਲਕਾਂ ਵਿਚ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਲਾਗੂ ਕਰਵਾਉਣ ਲਈ ਤਾਨਾਸ਼ਾਹੀ, ਜੰਗ ਅਤੇ ਜਮਹੂਰੀਅਤ ਦਾ ਸਹਾਰਾ ਲਿਆ ਜਾ ਸਕਦਾ ਹੈ ਤਾਂ ਵਿਆਪਮ ਨੂੰ ਬੇਪਰਦ ਕਰਨ ਵਾਲੇ ਇਖ਼ਲਾਕੀ ਨਿਜ਼ਾਮ ਨੂੰ ਸੜਕ ਹਾਦਸਾ ਕਿਉਂ ਨਹੀਂ ਮਿਲ ਸਕਦਾ? ਕੌਮਾਂਤਰੀ ਪੱਧਰ ਉੱਤੇ ਖੁੱਲ੍ਹੀ ਮੰਡੀ ਦਾ ਵਿਰੋਧ ਕਰਵਾਉਣ ਵਾਲੇ ਅਤਿਵਾਦੀ, ਦੇਸ਼ ਧਰੋਹੀ, ਗ਼ੈਰ-ਜਮਹੂਰੀ ਅਤੇ ਗ਼ੈਰ-ਮਨੁੱਖੀ ਕਰਾਰ ਦਿੱਤੇ ਗਏ ਹਨ।

ਉਨ੍ਹਾਂ ਦਾ ਖ਼ੂਨ ਜ਼ਖ਼ਮਾਂ ਰਾਹੀਂ ਵਗਿਆ ਹੈ ਅਤੇ ਬੁੱਤਾਂ ਰਾਹੀਂ ਸੁੱਕਿਆ ਹੈ। ਵਿਆਪਮ ਉਤੇ ਸੁਆਲ ਕਰਨ ਵਾਲਿਆਂ ਨੂੰ ਟੱਕਰੇ ਸੜਕ ਹਾਦਸੇ, ਉਨ੍ਹਾਂ ਦੇ ਮੂੰਹਾਂ ਵਿਚੋਂ ਨਿਕਲਦੀ ਜ਼ਹਿਰੀਲੀ ਝੱਗ, ਜਵਾਨ ਉਮਰੇ ਪਏ ਦਿਲ ਦੇ ਦੌਰੇ ਅਤੇ ਫਟੀਆਂ ਦਿਮਾਗ਼ ਦੀਆਂ ਨਸਾਂ ਜਾਂ ਹੱਡਾਂ ਵਿਚ ਰਚ ਗਈ ਮਣਾਂਮੂੰਹੀ ਸ਼ਰਾਬ ਮੌਤ ਨੂੰ ਕੁਦਰਤੀ ਨਹੀਂ ਬਣਾ ਦਿੰਦੀ। ਇਹ ਆਵਾਮ ਦੀ ਗ਼ੈਰ-ਮਨੁੱਖੀ ਕਾਨੂੰਨੀ ਘੇਰਾਬੰਦੀ ਦੀ ਖ਼ਿਲਾਫ਼ ਇਖ਼ਲਾਕੀ ਲੜਾਈ ਹੈ। ਇਸ ਲੜਾਈ ਵਿਚ ਖ਼ੂਨ ਡਰੋਨਾਂ ਦੀ ਮਾਰ ਨਾਲ ਵਹਿੰਦਾ ਹੈ ਤਾਂ ਨੀਤੀਆਂ ਦੀ ਮਾਰ ਨਾਲ ਸੁੱਕਦਾ ਹੈ।

# ਚਮਚਿਆਂ ਦੀ ਚਮਚਾਗਿਰੀ ਦੀ ਚਰਚਾ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਡਾਇਨਿੰਗ ਟੇਬਲ ਉਤੇ ਚਮਕਦੇ ਪਏ ਬੇ-ਜਾਨ ਚਮਚੇ ਉਹ ਕੰਮ ਨਹੀਂ ਕਰ ਸਕਦੇ, ਜਿਹੜਾ ਕੰਮ ਜਿਉਂਦੇ ਜਾਗਦੇ ਮਨੁੱਖੀ ਜਾਮਾ ਧਾਰੀ ਚਮਚੇ ਕਰ ਸਕਦੇ ਹਨ। ਇੰਜ ਵੀ ਕਿਹਾ ਜਾ ਸਕਦਾ ਹੈ ਕਿ ਖਾਣ-ਪੀਣ ਵੇਲੇ ਚਮਚਿਆਂ ਬਗੈਰ ਔਖੇ ਸੌਖੇ ਸਾਰਿਆ ਜਾ ਸਕਦਾ ਹੈ, ਪਰ ਜਿਥੇ ਮਨੁੱਖੀ ਚਮਚਿਆਂ ਦੀ ਲੋੜ ਹੋਵੇ, ਉਥੇ ਉਨ੍ਹਾਂ ਦੀ ਹਾਜ਼ਰੀ ਬਿਨਾਂ ਸਾਰਾ ਕੁਝ ਅਧੂਰਾ ਜਿਹਾ ਲੱਗਦਾ ਹੈ। ਇਸੇ ਕਰ ਕੇ ਆਮ ਘਰਾਂ ਤੋਂ ਲੈ ਕੇ ਛੋਟੇ-ਵੱਡੇ ਸਰਕਾਰੀ, ਗੈਰ-ਸਰਕਾਰੀ ਦਫਤਰਾਂ ਜਾਂ ਕਾਰੋਬਾਰੀ ਧੰਦਿਆਂ ਦੇ ਪ੍ਰਬੰਧਕੀ ਸਿਸਟਮ ਵਿਚ ਚਮਚਿਆਂ ਦੇ ਝੰਡੇ ਝੁਲਦੇ ਦੇਖੇ ਜਾ ਸਕਦੇ ਹਨ। ਘਰ ਵਿਚ ਝਾਤੀ ਮਾਰ ਲਓ, ਜੇ ਕਿਤੇ ਕੋਈ ਪਤੀ ਆਪਣੀ ਸ੍ਰੀਮਤੀ ਦੀ ਲੋੜੋਂ ਵੱਧ ਤਾਰੀਫ਼ ਕਰ ਰਿਹਾ ਹੋਵੇ ਤਾਂ ਸਮਝੋ ਉਹ ਨੇੜ ਭਵਿੱਖ ਵਿਚ ਪਤਨੀ ਵੱਲੋਂ ਕੀਤੀ ਜਾਣ ਵਾਲੀ ਕਿਸੇ ਖ਼ਰਚੀਲੀ ਮੰਗ ਤੋਂ ਖਹਿੜਾ ਛੁਡਾਉਣ ਲਈ ਚਾਪਲੂਸੀ ਕਰ ਰਿਹਾ ਹੈ। ਇਸੇ ਤਰ੍ਹਾਂ ਜੇ ਕੋਈ ਸ੍ਰੀਮਤੀ ਆਪਣੇ ਪਤੀ ਦੇਵ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹ ਰਹੀ ਹੋਵੇ ਤਾਂ ਸਮਝੋ ਕਿ ਕੋਈ 'ਵੱਡਾ ਸਵਾਲ' ਪਤੀ ਦੇ ਗਲ ਪੈਣ ਹੀ ਵਾਲਾ ਹੈ; ਤਦੇ ਹੀ ਚਾਪਲੂਸੀ ਦੀ ਬੂੰਦਾ-ਬਾਂਦੀ ਹੋ ਰਹੀ ਹੈ।

ਸਿਆਸਤ ਦਾ ਪਿੜ ਤਾਂ ਚੱਲਦਾ ਹੀ ਚਮਚਿਆਂ ਦੇ ਸਿਰ 'ਤੇ ਹੈ। ਇਹ ਗੱਲ ਵੱਖਰੀ ਹੈ ਕਿ ਇਸ ਖੇਤਰ ਦੇ ਚਮਚੇ ਕੁਝ ਜ਼ਿਆਦਾ ਹੀ ਢੀਠ ਤੇ ਵਾਟਰ-ਪਰੂਫ਼ ਘੜੀਆਂ ਵਾਂਗ 'ਸ਼ਰਮ ਪਰੂਫ਼' ਹੋਣੇ ਚਾਹੀਦੇ ਹਨ; ਤਾਂ ਹੀ ਉਹ ਸਿਆਸਤਦਾਨਾਂ ਦੇ ਲਾਮ-ਲਸ਼ਕਰ ਵਿਚ ਫਿੱਟ ਬਹਿ ਸਕਦੇ ਹਨ। ਅਜ ਸਾਰਾ ਸੰਸਾਰ 'ਗਲੋਬਲ ਪਿੰਡ' ਬਣ ਜਾਣ ਕਾਰਨ ਦੂਰ-ਦਰਾਜ਼ ਦੇ ਇਲਾਕਿਆਂ ਵਿਚ ਵਸਦੇ ਚਮਚਿਆਂ ਨੇ ਆਪੋ-ਆਪਣੇ ਮਹਿਬੂਬ ਸਿਆਸਤਦਾਨਾਂ ਦੀ ਚਮਚਾਗਿਰੀ ਲਈ ਦੇਸ-ਵਿਦੇਸ ਵਿਚ ਮੋਰਚੇ ਸੰਭਾਲੇ ਹੋਏ ਹਨ।

ਚਾਪਲੂਸੀ ਰਾਹੀਂ ਚੌਧਰਾਂ ਚਮਕਾਉਣ ਦਾ ਝੱਸ ਰੱਖਣ ਵਾਲੇ ਕੌਮਾਂਤਰੀ ਚਮਚੇ ਗਾਹੇ-ਬਗਾਹੇ ਚਮਚਾਗਿਰੀ ਦੇ ਬਾਣ ਚਲਾਉਂਦੇ ਰਹਿੰਦੇ ਹਨ। ਆਗੂ ਭਾਵੇਂ ਦੇਸ ਕੌਮ ਦੀਆਂ ਬੇੜੀਆਂ ਵਿਚ ਦੋਹੀਂ ਹੱਥੀਂ ਵੱਟੇ ਪਾ ਰਿਹਾ ਹੋਵੇ, ਪਰ ਚਮਚੇ ਉਸ ਨੂੰ 'ਕੌਮ ਦਾ ਮਸੀਹਾ' ਦੱਸ ਰਹੇ ਹੁੰਦੇ ਹਨ। ਅਗਲਾ ਭਾਵੇਂ ਆਪਣੀ ਕੁਰਸੀ ਦੀ ਸਲਾਮਤੀ ਹਿਤ ਨੌਜਵਾਨ ਵਰਗ ਨੂੰ ਨਸ਼ਿਆਂ ਵਿਚ ਗਰਕ ਕਰ ਰਿਹਾ ਹੋਵੇ, ਪਰ ਚਮਚੇ ਵੱਡੇ ਵੱਡੇ ਇਸ਼ਤਿਹਾਰਾਂ ਵਿਚ ਉਸ ਨੂੰ 'ਨੌਜਵਾਨਾਂ ਦੇ ਦਿਲਾਂ ਦੀ ਧੜਕਣ' ਲਿਖ ਰਹੇ ਹੁੰਦੇ ਹਨ।

ਜਿਹੜਾ ਕੋਈ ਨੇਤਾ ਵਿਧਾਨ ਸਭਾ ਜਾਂ ਲੋਕ ਸਭਾ ਵਿਚ 'ਸੁੱਚੇ ਮੂੰਹ' ਹੀ ਪੰਜ ਸਾਲ ਪੂਰੇ ਕਰ ਆਵੇ, ਚਮਚੇ ਉਸ ਨੂੰ 'ਨਿਧੜਕ ਬੁਲਾਰਾ' ਦੱਸ ਰਹੇ ਹੁੰਦੇ ਹਨ। ਜਿਹੜਾ ਲੀਡਰ ਗੱਪ-ਗੋਲੇ ਦਾਗਦਾ ਨਿੱਤ 'ਅੰਬਰ ਟਾਕੀਆਂ' ਲਾ ਰਿਹਾ ਹੋਵੇ, ਚਮਚੇ ਸ੍ਰੀਮਾਨ ਉਸ ਨੂੰ 'ਵਿਕਾਸ ਦਾ ਅਲੰਬਰਦਾਰ' ਕਹਿ ਕੇ ਚਮਚਾਗਿਰੀ ਹੁਨਰ ਦੇ ਨਵੇਂ ਰਿਕਾਰਡ ਬਣਾ ਰਹੇ ਹੁੰਦੇ ਹਨ।

ਵਿਧਾਨ ਸਭਾ ਚੋਣਾਂ ਮੌਕੇ ਸਿਆਸਤ ਵਿਚ ਨਵਾਂ ਨਵਾਂ ਕੁੱਦਿਆ ਉਮੀਦਵਾਰ ਧੜਾ-ਧੜ ਚੋਣ ਜਲਸਿਆਂ ਨੂੰ ਸੰਬੋਧਨ ਕਰ ਰਿਹਾ ਸੀ। ਸ਼ਹਿਰ ਦੇ ਬਾਹਰਵਾਰ ਮਜ਼ਾਰ ਉਤੇ ਇਕੱਠ ਜੁੜਿਆ ਹੋਇਆ ਸੀ। ਸਾਰਾ ਦਿਨ ਬੋਲ ਬੋਲ ਕੇ ਬੌਂਦਲੇ ਪਏ ਉਮੀਦਵਾਰ ਨੇ ਉਥੇ ਮਾਈਕ 'ਤੇ ਕਹਿ ਦਿੱਤਾ-

"ਭਗਤ ਜਨੋ, ਮੈਂ ਮਾਤਾ ਦੇ ਇਸ ਪਾਵਨ ਦਰਬਾਰ ਦੀ ਸਹੁੰ ਚੁੱਕ ਕੇ ਆਖਦਾ ਹਾਂ ਕਿ ਮੈਂ ਤੁਹਾਡੇ ਹਰ ਦੁੱਖ-ਸੁੱਖ ਵਿਚ ਭਾਈਵਾਲ ਬਣਿਆ ਰਹਾਂਗਾ। ਬੱਸ, ਇਕ ਵਾਰ ਮੈਨੂੰ ਵੋਟਾਂ ਪਾ ਕੇ ਜਿਤਾ ਦਿਓ।"

ਮੁਸਲਮਾਨ ਪੀਰ ਦੀ ਕਬਰ ਉਤੇ ਕਿਸੇ ਅੰਨ੍ਹੇ ਸ਼ਰਧਾਲੂ ਵੱਲੋਂ ਚੜ੍ਹਾਈ ਹੋਈ ਲਾਲ ਚੁੰਨੀ ਵੱਲ ਦੇਖ ਕੇ ਉਮੀਦਵਾਰ ਨੇ ਉਸ ਸਥਾਨ ਨੂੰ 'ਦੇਵੀ ਦਰਬਾਰ' ਹੀ ਸਮਝ ਲਿਆ ਸੀ, ਪਰ ਇਕੱਠ ਵਿਚ ਸਿਰ 'ਤੇ ਹਰੇ ਰੰਗ ਦੇ ਪਰਨੇ ਦਾ ਮੋਘਤ ਜਿਹਾ ਮਾਰੀ ਬੈਠੇ ਮਜੌਰ ਨੂੰ ਫਿਕਰ ਪੈ ਗਿਆ ਕਿ ਕਿਤੇ ਇਥੇ ਵੀ ਬਾਬਰੀ ਮਸਜਿਦ ਤੇ ਮੰਦਰ ਦਾ ਪੰਗਾ ਨਾ ਉਠ ਖੜ੍ਹੇ। ਹੋਰ ਨਾ ਕਿਤੇ ਉਹਦਾ ਤੋਰੀ-ਫੁਲਕਾ ਹੀ ਬੰਦ ਹੋ ਜਾਏ। ਉਹ ਸਟੇਜ ਦੇ ਮੂਹਰੇ ਬੈਠਾ ਬੈਠਾ ਹੀ ਆਪਣੀ ਕਰੜ-ਬਰੜੀ ਦਾੜ੍ਹੀ ਖੁਰਕਦਾ ਉਮੀਦਵਾਰ ਨੂੰ ਟੋਕਣ ਦੀ ਕੋਸ਼ਿਸ਼ ਕਰਨ ਲੱਗਾ, "ਏ...ਸ਼'ਦਾਰ ਜੀ, ਇਹ ਮਾਤਾ ਦਾ ਨ੍ਹੀਂ, ਇਹ ਤਾਂ ਰੌਜ਼ਾ ਬਾਬਾ ਗੁਲਾਮੇ ਸ਼ਾਹ..."

ਲਾਗਿਉਂ ਹੀ ਹੰਭਲਾ ਮਾਰ ਕੇ ਉਠੇ ਚਮਚੇ ਨੇ ਮਜੌਰ ਦੇ ਮੋਢੇ ਘੁੱਟਦਿਆਂ, ਉਸ ਨੂੰ ਚੁੱਪ ਕਰਾ ਦਿੱਤਾ। ਉਮੀਦਵਾਰ ਦਾ ਭਾਸ਼ਣ ਮੁਕਣ ਦੀ ਦੇਰ ਸੀ ਕਿ ਸਟੇਜ ਸੈਕਟਰੀ ਦੇ ਪੈਰ ਮਿੱਧਦਾ ਚਮਚਾ ਮਾਈਕ ਨੂੰ ਜਾ ਝਪਟਿਆ, "ਇਸ ਮਹਾਨ ਸਥਾਨ ਦੀਆਂ ਹਾਜ਼ਰੀਆਂ ਭਰ ਰਹੇ ਇਲਾਕਾ ਨਿਵਾਸੀਓ, ਅਸਲ ਵਿਚ ਸਾਡੇ ਉਮੀਦਵਾਰ ਸ੍ਰੀ...ਸਿੰਘ ਜੀ ਸਾਰੇ ਧਰਮਾਂ, ਰਿਸ਼ੀਆਂ-ਮੁਨੀਆਂ, ਪੀਰ-ਪੈਗੰਬਰਾਂ ਨੂੰ ਇਕ ਬਰਾਬਰ ਮੰਨਦੇ ਹਨ। ਇਹ ਚਾਹੁੰਦੇ ਨੇ ਕਿ ਮਜ਼ਹਬਾਂ ਦੇ ਵੰਡ-ਵਖਰੇਵੇਂ ਬੰਦ ਹੋ ਜਾਣ; ਕਿਉਂਕਿ ਗੁਰੂ ਪੀਰ ਔਲੀਏ ਇਕੋ ਜੋਤ ਦਾ ਨੂਰ ਹੁੰਦੇ ਹਨ। ਵਿਤਕਰਿਆਂ ਨੂੰ ਮਿਟਾਉਣ ਦੀ ਮਨਸ਼ਾ ਨਾਲ ਇਹ ਸਰਦਾਰ ਜੀ (ਬਿਟਰ ਬਿਟਰ ਝਾਕ ਰਹੇ ਉਮੀਦਵਾਰ ਵੱਲ ਇਸ਼ਾਰਾ ਕਰ ਕੇ) ਮੰਦਰ ਵਿਚ ਜਾ ਕੇ ਅੱਲ੍ਹਾ-ਤਾਅਲਾ ਨੂੰ ਯਾਦ ਕਰ ਲੈਂਦੇ ਹਨ ਅਤੇ ਮਸਜਿਦ-ਮਜ਼ੌਰਾਂ ਵਿਚ ਜਾ ਕੇ ਇਨ੍ਹਾਂ ਨੂੰ ਲਾਟਾਂ ਵਾਲੀ ਜਾਂ ਸ਼ੇਰਾਂ ਵਾਲੀ ਦੇ ਦੀਦਾਰੇ ਹੋਣ ਲੱਗ ਪੈਂਦੇ ਹਨ।"

ਮਗਰੋਂ ਇਸ ਚਮਚੇ ਨੇ ਗੱਡੀ ਵਿਚ ਬਹਿ ਕੇ ਨੌ-ਸਿਖੀਏ ਉਮੀਦਵਾਰ ਨੂੰ ਹਰੇ, ਭਗਵੇਂ ਤੇ ਪੀਲੇ ਰੰਗਾਂ ਦੇ 'ਧਾਰਮਿਕ ਅਰਥ' ਸਮਝਾਏ ਤੇ ਆਪਣੀ ਚਮਚਾਗਿਰੀ ਦਾ ਲੋਹਾ ਮੰਨਵਾਇਆ।

ਕੋਈ ਸੇਠ ਆਪਣੇ ਮੁਨੀਮ ਨੂੰ ਪੁੱਛਣ ਲੱਗਾ, "ਆਲੂਆਂ ਦੀ ਤਾਸੀਰ ਤਾਂ ਵਾਇ-ਬਾਦੀ ਹੁੰਦੀ ਹੋਵੇਗੀ?"

"ਹਾਂ ਜਨਾਬ" ਮੁਨੀਮ ਨੇ ਝੱਟ ਜਵਾਬ ਦਿੱਤਾ।

"ਇਹ ਠੰਢੇ ਮੌਸਮ ਵਿਚ ਬੀਜਿਆ ਜਾਂਦਾ ਹੈ। ਇਹ ਫਸਲ ਪਾਲਣ ਲਈ ਪਾਣੀ ਬਹੁਤ ਲਾਉਣਾ ਪੈਂਦਾ ਹੈ। ਆਲੂ ਤਾਂ ਅੱਗੇ ਈ ਪਾਣੀ ਦਾ ਘਰ ਹੁੰਦਾ ਹੈ। ਉਤੋਂ ਹੋਰ ਪਾਣੀ ਦੇਣ ਨਾਲ ਇਹ ਬਾਦਲਾ ਤਾਸੀਰ ਹੋ ਜਾਂਦਾ ਹੈ।"

ਹਫ਼ਤੇ-ਦਸਾਂ ਦਿਨਾਂ ਬਾਅਦ ਸੇਠ ਜੀ ਦਾ ਆਲੂਆਂ ਦੀ ਮਸਾਲੇਦਾਰ ਤਰੀ ਖਾਣ ਨੂੰ ਜੀਅ ਕੀਤਾ। ਸਿਆਲ ਦਾ ਮੌਸਮ ਸੀ, ਮੁਨੀਮ ਨੂੰ ਕਹਿਣ ਲੱਗਾ, "ਮੇਰਾ ਖਿਆਲ ਐ ਆਲੂ ਤਰ-ਗਰਮ ਹੁੰਦੇ ਹੋਣਗੇ?"

ਚਮਚਾ ਰੂਪ ਮੁਨੀਮ ਨੇ ਫਰਮਾਇਆ, "ਹਜ਼ੂਰ! ਤੁਸੀਂ ਬਿਲਕੁਲ ਸਹੀ ਕਿਹਾ ਹੈ। ਆਲੂਆਂ ਨੂੰ ਵੱਟਾਂ ਵਿਚ ਦੱਬ ਕੇ ਬੀਜਿਆ ਜਾਂਦਾ ਹੈ। ਇਨ੍ਹਾਂ ਨੂੰ ਬਾਹਰਲੀ ਹਵਾ ਤਾਂ ਲੱਗਦੀ ਕੋਈ ਨਹੀਂ। ਵੱਟਾਂ 'ਤੇ ਫਿਰ ਮਿੱਟੀ ਚੜ੍ਹਾਈ ਜਾਂਦੀ ਹੈ। ਮਿੱਟੀ ਵਿਚ ਹੀ ਦੱਬਿਆ ਰਹਿਣ ਕਾਰਨ ਇਹ ਸਾਰੀ ਗਰਮੀ ਸੋਖ ਲੈਂਦਾ ਹੈ। ਇਸੇ ਕਾਰਨ ਇਸ ਦੀ ਤਾਸੀਰ ਗਰਮ ਹੀ ਹੁੰਦੀ ਹੈ।"

ਆਲੂਆਂ ਦੀ ਤਰੀ ਬਣਾਉਣ ਦੀ ਤਿਆਰੀ ਕਰਦਾ ਰਸੋਈਆ ਹੱਸਦਿਆਂ ਮੁਨੀਮ ਨੂੰ ਕਹਿੰਦਾ, "ਥੋੜ੍ਹੇ ਦਿਨ ਪਹਿਲਾਂ ਆਲੂ ਵਾਇ-ਬਾਦੀ, ਪਰ ਅੱਜ ਗਰਮ ਕਿਵੇਂ ਹੋ ਗਏ?"

ਨਿੰਮਾ ਨਿੰਮਾ ਮੁਸਕਾਉਂਦਿਆਂ ਮੁਨੀਮ ਬੋਲਿਆ, "ਭਰਾਵਾ ਤਨਖਾਹ ਅਸੀਂ ਸੇਠ ਜੀ ਤੋਂ ਲੈਣੀ ਹੈ, ਆਲੂਆਂ ਤੋਂ ਨਹੀਂ!"

ਹਿੰਦੀ ਦੇ ਇਕ ਕਵੀ ਨੇ ਮਾਲਕ ਅਤੇ ਉਸ ਦੇ ਨੌਕਰ ਦੀ ਚਮਚਾਗਿਰੀ ਨੂੰ ਬੜੇ ਵਿਅੰਗਮਈ ਢੰਗ ਨਾਲ ਬਿਆਨ ਕੀਤਾ ਹੈ। ਮਾਲਕ ਆਪਣੇ ਨੌਕਰ ਨੂੰ ਕਹਿੰਦਾ ਹੈ ਕਿ ਬੈਂਗਣ ਦੀ ਸਬਜ਼ੀ ਬਿਲਕੁਲ ਨਾ ਬਣਾਇਆ ਕਰ, ਇਹ ਬੇਕਾਰ ਚੀਜ਼ ਹੈ। ਨੌਕਰ ਕਹਿੰਦਾ, "ਮਾਲਿਕ, ਬਜਾ ਫਰਮਾਇਆ ਆਪ ਨੇ, ਯੇਹ ਬੈਂਗਨ ਨਹੀਂ, ਇਸ ਸੁਸਰੇ ਕੋ ਤੋ 'ਬੇ-ਗੁਣ' ਕਹਿਨਾ ਚਾਹੀਏ।"

ਥੋੜ੍ਹੇ ਹੀ ਦਿਨ ਗੁਜ਼ਰੇ ਸਨ ਕਿ ਮਾਲਕ ਨੂੰ ਬੈਂਗਣਾਂ ਦਾ ਭੜਥਾ ਚੇਤੇ ਆ ਗਿਆ। ਮਾਲਕ ਕਹਿਣ ਲੱਗਾ ਕਿ ਤਾਜ਼ੇ ਬੈਂਗਣਾਂ ਦੇ ਜ਼ਾਇਕੇਦਾਰ ਭੜਥੇ ਮੂਹਰੇ ਦੂਜੀਆਂ ਸਬਜ਼ੀਆਂ ਦੀ ਕਿਆ ਵਟੀਦੀ ਐ। ਅੱਜ ਆਪਣੇ ਮਾਲਕ ਮੂੰਹੋਂ ਬੈਂਗਣ ਦੀਆਂ ਸਿਫ਼ਤਾਂ ਸੁਣ ਕੇ ਨੌਕਰ ਨੇ ਝੱਟ ਚਮਚੀ ਮਾਰੀ, "ਮਾਲਿਕ, ਇਸੀ ਲੀਏ ਕੁਦਰਤ ਨੇ ਬੈਂਗਣ ਕੇ ਸਿਰ ਪੇ ਹਰਾ ਮੁਕਟ ਧਰਾ ਹੈ...ਯਿਹ ਤੋ 'ਸ਼ਾਹੀ ਸਬਜ਼ੀ' ਕਹਿਲਾਤੀ ਹੈ।"

ਕੋਈ ਬੁੱਢਾ ਸਿਆਸੀ ਆਗੂ ਕਿਸੇ ਇਕੱਠ ਵਿਚ ਆਪਣੀ ਜਵਾਨੀ ਵੇਲੇ ਦੇ ਕਿੱਸੇ ਸੁਣਾਉਂਦਿਆਂ ਗੱਪ ਮਾਰ ਬੈਠਾ। ਅਖੇ, ਇਕ ਵਾਰ ਜੰਗਲ ਵਿਚ ਸ਼ਿਕਾਰ ਖੇਡਣ ਗਿਆ। ਝਾੜੀਆਂ ਉਹਲੇ ਖੜ੍ਹਾ ਹਿਰਨ ਮੇਰੀ ਨਜ਼ਰ ਪੈ ਗਿਆ। ਮੈਂ ਐਸਾ ਨਿਸ਼ਾਨਾ ਬੰਨ੍ਹ ਕੇ ਤੀਰ ਛੱਡਿਆ ਕਿ ਹਿਰਨ ਦੀ ਖੁਰੀ ਨੂੰ ਚੀਰਦਾ ਹੋਇਆ ਕੰਨ ਵਿਚੀਂ ਲੰਘ ਕੇ ਉਸ ਦੇ ਸਿੰਗ 'ਤੇ ਵੱਜਿਆ। ਸਰੋਤਿਆਂ ਵਿਚ ਘੁਸਰ-ਮੁਸਰ ਹੋਣ ਲੱਗ ਪਈ। ਕਈ ਮੁਸਕੜੀਏ ਹੱਸਣ ਲੱਗ ਪਏ। ਲੋਕੀਂ ਸੋਚਣ ਕਿ ਕਿਥੇ ਹਿਰਨ ਦਾ ਖੁਰ, ਕਿਥੇ ਕੰਨ ਤੇ ਕਿਥੇ ਸਿਰ ਉਤੇ ਸਿੰਗ! ਜਦ ਆਪਣੇ ਲੀਡਰ ਦੀ ਹਾਸੋ-ਹੀਣੀ ਗੱਲ ਉਸ ਦੇ ਚਮਚੇ ਨੇ ਭਾਂਪੀ, ਤਦ ਉਹ ਛਾਲ ਮਾਰ ਕੇ ਸਟੇਜ 'ਤੇ ਜਾ ਖੜ੍ਹਾ ਹੋਇਆ,

"ਭਾਈਓ ਤੇ ਭੈਣੋ, ਹੁਣੇ ਹੁਣੇ ਮੇਰੇ ਮਹਿਬੂਬ ਆਗੂ ਜੀ ਵੱਲੋਂ ਸੁਣਾਈ ਹੱਡ-ਬੀਤੀ ਸੁਣ ਕੇ ਮੈਨੂੰ ਜਾਪਦੈ ਕਿ ਕਈਆਂ ਨੂੰ ਸ਼ੰਕਾ ਹੋ ਗਿਆ ਹੈ। ਦਰਅਸਲ ਮੈਂ ਆਗੂ ਜੀ ਦਾ ਬੜਾ ਪੁਰਾਣਾ ਦੋਸਤ ਹਾਂ। ਹਿਰਨ ਦੇ ਸ਼ਿਕਾਰ ਵੇਲੇ ਵੀ ਮੈਂ ਸਰਦਾਰ ਜੀ ਦੇ ਨਾਲ ਹੀ ਸਾਂ। ਨਿਪੁੰਨ ਤੀਰ-ਅੰਦਾਜ਼ ਵਾਂਗ ਜਦੋਂ ਇਨ੍ਹਾਂ ਨੇ ਹਿਰਨ 'ਤੇ ਤੀਰ ਛੱਡਿਆ, ਉਸ ਵੇਲੇ ਹਿਰਨ ਆਪਣੇ ਖੁਰ ਨਾਲ ਸਿੰਗ ਖੁਰਕ ਰਿਹਾ ਸੀ, ਇਸੇ ਕਾਰਨ ਖੁਰ, ਕੰਨ ਤੇ ਸਿੰਗ ਇਕੋ ਨਿਸ਼ਾਨੇ ਵਿੰਨ੍ਹੇ ਗਏ।"

ਚਮਚਿਆਂ ਨੂੰ ਚਮਚਾਗਿਰੀਆਂ ਤੇ ਚਾਪਲੂਸੀਆਂ ਸਦਕਾ ਦੇਖੋ ਕਿੰਨਾ ਕੁਝ ਮਿਲ ਜਾਂਦਾ ਹੈ,

ਕੈਸ਼ ਭੀ, ਕਾਰ ਭੀ, ਕੋਠੀ ਭੀ, ਫੋਨ ਭੀ
ਲੀਡਰ ਕੀ ਖ਼ਿਦਮਤ ਕਾ
ਯੇ ਅੱਛਾ 'ਰੇਟ' ਹੈ।
ਹਰ ਸ਼ਖ਼ਸ ਮੁਬਤਲਾ ਹੈ,
ਖ਼ੁਸ਼ਾਮਦ ਕੇ ਰੋਗ ਕਾ
'ਚਮਚਾ' ਕੋਈ ਬਨਾ ਹੈ
ਤੋ ਕੋਈ 'ਪਲੇਟ' ਹੈ।

# ਮੇਰਾ ਗਰਾਈਂ ਤੇ ਮੇਰਾ ਮਿੱਤਰ ਸ਼ਿਵ ਸਿੰਘ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

35 ਏਕੜ ਜ਼ਮੀਨ ਦੇ ਮਾਲਕ ਪਿਤਾ ਦਾ ਪੁੱਤਰ ਸ਼ਿਵ ਸਿੰਘ ਲਕੜ ਛਿੱਲਣ, ਲੋਹਾ ਚੰਡਣ ਤੇ ਪੱਥਰ ਘੜਨ ਦੀ ਕਲਾ ਨੂੰ ਉਤਮਤਾ ਪ੍ਰਦਾਨ ਕਰਕੇ ਤੁਰ ਗਿਆ ਹੈ। ਹੁਸ਼ਿਆਰਪੁਰ ਦੀ ਬੁੱਕਲ ਵਿਚ ਪੈਂਦੇ ਬਸੀ ਗੁਲਾਮ ਹੁਸੈਨ ਦਾ ਜੰਮਪਲ ਉਹ ਮੇਰਾ ਗਰਾਈਂ ਵੀ ਸੀ ਤੇ ਮੇਰੇ ਚੰਡੀਗੜ੍ਹ ਆਉਣ ਪਿੱਛੋਂ ਮੇਰਾ ਮਿੱਤਰ ਵੀ। ਪਰ ਮੇਰੇ ਜ਼ਿਲ੍ਹੇ ਦੇ ਤੇਜ਼ ਰਫਤਾਰ ਚੋਆਂ, ਸੰਘਣੀ ਛਾਂ ਵਾਲੇ ਰੁੱਖਾਂ ਤੇ ਸਿਵਾਲਕ ਦੇ ਟਾਵੇਂ ਟਾਵੇਂ ਪੱਥਰਾਂ ਨੂੰ ਆਪਣੀ ਕਲਾ ਰਾਹੀਂ ਆਪਣੇ ਅੰਗ-ਸੰਗ ਰਖਣ ਵਿਚ ਸਾਨੂੰ ਸਭ ਨੂੰ ਮਾਤ ਪਾ ਗਿਆ। ਅਫਸਰਾਂ ਦੇ ਅਫਸਰ ਮਹਿੰਦਰ ਸਿੰਘ ਰੰਧਾਵਾ, ਕਵੀ ਤਾਰਾ ਸਿੰਘ ਕਾਮਲ, ਕਵਿਤਰੀ ਮਨਜੀਤ ਇੰਦਰਾ, ਨਾਟਕਕਾਰ ਚਰਨ ਦਾਸ ਸਿੱਧੂ ਤੇ ਫੁਟਬਾਲਰ ਜਰਨੈਲ ਸਿੰਘ ਸਮੇਤ ਅਸੀਂ ਸਭ ਹੁਸ਼ਿਆਰਪੁਰੀਏ ਸਾਂ। ਜੇ ਚਾਹੀਏ ਤਾਂ ਈਸ਼ਵਰ ਚਿੱਤਰਕਾਰ ਨੂੰ ਵੀ ਆਪਣੇ ਵਿਚ ਸ਼ਾਮਲ ਕਰ ਸਕਦੇ ਹਾਂ ਜਿਸ ਦੇ ਦਾਦਾ ਪੜਦਾਦਾ ਪੋਸੀ ਪਿੰਡ ਦੇ ਬੇਦੀ ਸਨ। ਜਿਨ੍ਹਾਂ ਚੋਆਂ ਨੇ ਸ਼ਿਵ ਸਿੰਘ ਦੇ ਜੱਦੀ ਪਿੰਡ ਨੂੰ ਸੈਲਾ ਖੁਰਦ ਦੀ ਬੁੱਕਲ 'ਚ ਪੈਂਦੇ ਮੇਰੇ ਪਿੰਡ ਨਾਲ ਜੋੜਨ ਲਈ 15 ਮੀਲ ਦੀ ਰੇਲਵੇ ਲਾਈਨ ਨਹੀਂ ਨਿਕਲਣ ਦਿੱਤੀ ਸ਼ਿਵ ਸਿੰਘ ਨੇ ਉਨ੍ਹਾਂ ਦੀ ਮਿੱਟੀ ਤੋਂ ਮੂਰਤਾਂ ਤੇ ਘਰੋਂਦੇ ਬਣਾ ਕੇ ਓਸ ਕਲਾ 'ਚ ਪੈਰ ਧਰਿਆ ਜੋ ਉਸ ਨੂੰ ਦੁਨੀਆਂ ਭਰ ਵਿਚ ਉਡਾਈ ਫਿਰਦੀ ਰਹੀ।

ਉਸ ਨੇ ਆਪਣੀ ਵਖਰੀ ਪਛਾਣ ਬਣਾਉਣ ਹਿਤ ਕਾਲੇ ਵਸਤਰਾਂ ਨਾਲ ਸੰਗਤਰੀ ਰੰਗ ਦੀ ਫਿਫਟੀ ਵਾਲੀ ਕਾਲੀ ਪਗ ਅੰਤਲੇ ਦਮਾਂ ਤਕ ਅਪਣਾਈ ਰੱਖੀ। ਮਹੀਨਾ ਕੁ ਪਹਿਲਾਂ ਮੈਂ ਉਸ ਨੂੰ ਮਿਲਣ ਗਿਆ ਤਾਂ ਉਸ ਦੀ ਦਿੱਖ ਉਹੀਓ ਸੀ। ਚੰਦਰਮਾ ਦੀ ਚਾਨਣੀ ਨੂੰ ਕਲੱਤਣ ਵਲ ਵਾਜਾਂ ਮਾਰਦੀ। ਮੈਂ ਉਸ ਨੂੰ ਏਸ ਹੀ ਰੂਪ ਵਿਚ ਐਮ. ਐਸ. ਰੰਧਾਵਾ ਦੀ ਨਵੀਂ ਦਿੱਲੀ ਵਾਲੀ ਤੀਨ ਮੂਰਤੀ ਲੇਨ ਵਾਲੇ ਘਰ ਪਹਿਲੀ ਵਾਰ ਮਿਲਿਆ ਸਾਂ। ਉਹ ਸਾਇਦ ਸੈਨਿਕ ਸਕੂਲ ਕਪੂਰਥਲੇ ਪੜਾਉਂਦਾ ਸੀ ਉਦੋਂ। ਪਹਿਰਾਵਾ ਏਹੀਓ ਸੀ, ਕਾਲਾ।

ਇਹ ਵੀ ਮੈਨੂੰ ਚੰਡੀਗੜ੍ਹ ਆਉਣ ਤੋਂ ਪਿੱਛੋਂ ਪਤਾ ਲੱਗਾ ਕਿ 1967 'ਚ ਦਿੱਲੀ ਵਿਖੇ ਕਲਾਕਾਰਾਂ ਦੀ ਇਕ ਕਾਰਜਸ਼ਾਲਾ ਵਿਚ ਹਿੱਸਾ ਲੈਣ ਗਏ ਸ਼ਿਵ ਸਿੰਘ ਨੂੰ ਜਰਮਨ ਸਰਕਾਰ ਵਲੋਂ ਕਲਾ ਦੀ ਅਡਵਾਂਸ ਖੋਜ ਤੇ ਅਧਿਐਨ ਕਰਨ ਲਈ 3 ਵਰ੍ਹੇ ਦੀ ਸਕਾਲਰਸ਼ਿਪ ਮਿਲੀ ਜਿਸ ਤੋਂ ਪਿੱਛੋਂ ਉਸ ਦੀ ਕਲਾ ਨੇ ਦੌੜਨਾ ਤੇ ਉਡਣਾ ਸ਼ੁਰੂ ਕਰ ਦਿੱਤਾ।



*ਸ਼ਿਵ ਸਿੰਘ ਆਪਣੀ ਇਕ ਕਲਾ ਕ੍ਰਿਤ ਨੂੰ ਰੂਪ ਦਿੰਦੇ ਹੋਏ*

ਇਥੇ ਉਸ ਦਾ ਜਰਮਨ ਮੂਲ ਦੀ ਮੁਟਿਆਰ ਗਿਜ਼ੇਲਾ ਨਾਲ ਵਿਆਹ ਵੀ ਹੋਇਆ। ਉਦੋਂ ਤੋਂ ਹੁਣ ਤਕ ਉਸ ਦੀ ਕਲਾਕਾਰੀ ਦੀਆਂ 66 ਇੱਕ ਪੁਰਖੀ ਨੁਮਾਇਸ਼ਾਂ ਲੱਗ ਚੁੱਕੀਆਂ ਹਨ। ਭਾਰਤ ਵਿਚ ਹੀ ਨਹੀਂ, ਜਰਮਨੀ, ਡੈਨਮਾਰਕ, ਸਵੀਡਨ, ਸਕਾਟਲੈਂਡ, ਕੈਨੇਡਾ, ਇੰਗਲੈਂਡ ਤੇ ਨਾਲ ਲਗਦੇ ਹੋਰ ਯੂਰਪੀ ਦੇਸ਼ਾਂ ਵਿਚ ਵੀ। ਉਸ ਦੀ ਕਲਾ ਦਾ ਖਾਸ ਗੁਣ ਆਪ ਮੁਹਾਰਾਪਣ ਸੀ ਜੋ ਬਿੰਦੂ ਤੋਂ ਜਨਮ ਲੈ ਕੇ ਬੋਹੜ ਜਿੱਡੇ ਵੱਡੇ ਬਿਰਖਾਂ ਦਾ ਰੂਪ ਧਾਰ ਲੈਂਦਾ ਸੀ। ਉਹ ਇਸਪਾਤ ਦੇ ਸਰੀਆਂ ਨੂੰ ਫੁੱਲ ਪੱਤੀਆਂ ਪ੍ਰਦਾਨ ਕਰਦਾ ਤੇ ਲੋਹੇ ਦੇ ਸੰਗਲਾਂ ਨੂੰ ਗੁੱਛਾ ਮੁੱਛਾ ਕਰਕੇ ਥੰਮੀ ਚੜ੍ਹੇ ਬਾਜ਼ਿਆਂ ਵਿਚ ਬਿਠਾ ਦਿੰਦਾ ਸੀ। ਅਸੀਂ ਉਸ ਦੇ ਹੱਥਾਂ ਵਿਚ ਲਕੜੀ ਤੇ ਪੱਥਰ ਹੀ ਨਹੀਂ ਲੋਹੇ ਨੂੰ ਵੀ ਆਗਿਆਕਾਰੀ ਵਿਚ ਨਤਮਸਤਕ ਹੁੰਦਾ ਵੇਖਿਆ ਹੈ।

ਸ਼ੁਰੂ ਸ਼ੁਰੂ ਵਿਚ ਸ਼ਿਵ ਸਿੰਘ ਦੀ ਸ਼ਿਲਪਕਾਰੀ ਤੇ ਕਲਾਕਾਰੀ ਸਰਲ ਸਪਸ਼ਟ ਤੇ ਪ੍ਰਭਾਵੀ ਰਹੀ ਪਰ ਪਿਛਲੇ ਕੁਝ ਸਾਲਾਂ ਤੋਂ ਉਹ ਔਖੀ ਤੇ ਅਦਿੱਖ ਰੁਚੀ ਦਾ ਮਾਲਕ ਹੋ ਗਿਆ। ਅਸਲ ਵਿਚ ਉਹ ਵਾਸਨਾ ਦੀ ਸ਼ਕਤੀ ਪੇਸ਼ ਕਰਨਾ ਚਾਹੁੰਦਾ ਸੀ ਜਿਹੜੀ ਸਿੱਧੀ ਸਾਦੀ ਤੇ ਸਪਸ਼ਟ ਪੇਸ਼ਕਾਰੀ ਕੀਤਿਆਂ ਉਨ੍ਹਾਂ ਆਲੋਚਕਾਂ ਦੇ ਟੇਟੇ ਚੜ੍ਹ ਸਕਦੀ ਸੀ ਜਿਹੜੇ ਵਾਸਨਾਵਾਦੀ ਕ੍ਰਿਤਾਂ ਨੂੰ ਅਸ਼ਲੀਲਤਾ ਦਾ ਨਾਂ ਦਿੰਦੇ ਹਨ। ਜਦੋਂ ਉਸ ਨੇ ਮਹਿਲਾਵਾਂ ਤੇ ਸਾਨ੍ਹਵਾਲਾ ਚਿੱਤਰ ਬਣਾਇਆ ਤਾਂ ਉਸ ਨੂੰ ਅਜਿਹੀ ਨੁਕਤਾਚੀਨੀ ਦਾ ਟਾਕਰਾ ਕਰਨਾ ਪਿਆ ਪਰ ਉਹ ਯਰਕਿਆ ਨਹੀਂ। ਉਸ ਨੇ ਇਸ ਨੂੰ ਸਤਿਅਮ, ਸ਼ਿਵਮ ਸੁੰਦਰਮ ਦਾ ਹੀ ਕਲਾਮਈ ਰੂਪ ਦੱਸਿਆ। ਉਹ ਇਸੇ ਧਾਰਨਾ ਨੂੰ ਪਰਨਾਇਆ ਹੋਇਆ ਸੀ।

ਆਲੋਚਕਾਂ ਦੀ ਨੁਕਤਾਚੀਨੀ ਉਸ ਦੀ ਆਭਾ ਨੂੰ ਕੋਈ ਹਾਨੀ ਨਹੀਂ ਪਹੁੰਚਾ ਸਕੀ। ਉਸ ਨੇ ਯੋਨੀ ਤੇ ਲਿੰਗਮ ਦੀ ਊਰਜਾ ਸ਼ਕਤੀ ਨੂੰ ਰੁਸ਼ਨਾਇਆ ਤੇ ਲੋੜ ਅਨੁਸਾਰ ਅਦਿੱਖ ਵਾਚੀ ਤੇ ਅਮੂਰਤੀਮਾਨ ਵੀ ਕੀਤਾ। ਸ਼ਿਵ ਕੁਮਾਰ ਬਟਾਲਵੀ ਦੀ ਸੁਪ੍ਰਸਿੱਧ ਕਾਵਿ ਰਚਨਾ 'ਲੂਣਾ' ਤੇ ਮਨਜੀਤ ਇੰਦਰਾ ਦੇ ਕਾਵਿ ਸੰਗ੍ਰਹਿਆਂ 'ਤਾਰਿਆਂ ਦਾ ਛੱਜ' ਤੇ 'ਤੂੰ ਆਵਾਜ਼ ਮਾਰੀ ਹੈ' ਨੂੰ ਆਪਣੀ ਅਮੂਰਤ ਕਲਾ ਨਾਲ ਸ਼ਿੰਗਾਰਨ ਵਾਲਾ ਵੀ ਉਹੀ ਸੀ।

ਸ਼ਿਵ ਸਿੰਘ ਨੂੰ ਅਨੇਕਾਂ ਸਰਕਾਰੀ ਤੇ ਗੈਰ ਸਰਕਾਰੀ ਉਪਾਧੀਆਂ ਤੇ ਸਨਮਾਨ ਮਿਲੇ। ਉਹ ਦੱਸ ਵਰ੍ਹੇ ਲਲਿਤ ਕਲਾ ਅਕਾਡਮੀ ਨਵੀਂ ਦਿੱਲੀ ਦਾ ਮੈਂਬਰ ਰਿਹਾ ਤੇ 1999 ਤੋਂ 2005 ਤੱਕ ਚੰਡੀਗੜ੍ਹ ਲਲਿਤ ਅਕਾਡਮੀ ਦਾ ਚੇਅਰਮੈਨ। 2010 ਵਿਚ ਉਸ ਨੂੰ ਪੰਜਾਬ ਲਲਿਤ ਕਲਾ ਅਕਾਦਮੀ ਦਾ ਵੀ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ। 1979 ਵਿਚ ਉਸ ਨੂੰ ਪੰਜਾਬ ਕਲਾ ਪ੍ਰੀਸ਼ਦ ਨੇ ਹੀ ਨਹੀਂ ਸਨਮਾਨਿਆ, ਬੁਤ-ਤਰਾਸ਼ੀ ਦਾ ਰਾਸ਼ਟਰੀ ਸਨਮਾਨ ਵੀ ਮਿਲਿਆ। ਸਰਬ-ਭਾਰਤੀ ਨੁਮਾਇਸ਼ 1982 ਵਿਚ ਸਭ ਤੋਂ ਉਤਮ ਕਲਾਕ੍ਰਿਤ ਲਈ ਭਾਰਤ ਦੇ ਰਾਸ਼ਟਰਪਤੀ ਵਲੋਂ ਸਨਮਾਨੇ ਜਾਣ ਉਪਰੰਤ 1988 ਵਿਚ ਪੰਜਾਬ ਦੇ ਰਾਜਪਾਲ ਨੇ ਉਸ ਨੂੰ ਕਲਾ ਖੇਤਰ ਵਿਚ ਪਾਏ ਸਮੁੱਚੇ ਯੋਗਦਾਨ ਲਈ ਸਨਮਾਨਿਆ।

ਸੰਨ 2007 'ਚ ਸ਼ਿਵ ਸਿੰਘ ਨੂੰ ਕੈਨੇਡੀਅਨ ਸਰਕਾਰ ਨੇ ਟੋਰਾਂਟੋ ਵਿਚ ਸਨਮਾਨਿਆ ਤੇ 2008 ਵਿਚ ਇੰਡੀਅਨ ਕੌਂਸਲ ਆਫ ਕਲਚਰਲ ਰਿਲੇਸ਼ਨਜ਼ ਨੇ ਭਾਰਤੀ ਕਲਾ ਦਾ ਝੰਡਾ ਸਤ ਸਮੁੰਦਰ ਪਾਰ ਉਚਾ ਕਰਨ ਲਈ ਨਿਵਾਜਿਆ। 2013 ਵਿਚ ਚੰਡੀਗੜ੍ਹ ਲਲਿਤ ਕਲਾ ਅਕਾਦਮੀ ਨੇ ਉਸ ਨੂੰ ਵਿਜ਼ੂਅਲ ਆਰਟਸ ਵਿਚ ਪਾਏ ਸਮੁੱਚੇ ਯੋਗਦਾਨ ਲਈ ਵਿਸ਼ੇਸ਼ ਤੌਰ ਤੇ ਸਨਮਾਨਿਆ।

ਸ਼ਿਵ ਸਿੰਘ ਉਨ੍ਹਾਂ ਗਿਣਵੇਂ ਪੰਜਾਬੀ ਕਲਾਕਾਰਾਂ ਵਿਚੋਂ ਇੱਕ ਸੀ ਜਿਨ੍ਹਾਂ ਦੀਆਂ ਕਲਾ ਕ੍ਰਿਤਾਂ, ਨੈਸ਼ਨਲ ਗੈਲਰੀ ਆਫ ਮਾਡਰਨ ਆਰਟ, ਨਵੀਂ ਦਿੱਲੀ, ਲਲਿਤ ਕਲਾ ਅਕਾਦਮੀ, ਨਵੀਂ ਦਿੱਲੀ, ਸਟੇਟ ਮਿਊਜ਼ੀਅਮ, ਸ਼ਿਮਲਾ, ਗੁਲਾਬ ਆਰਟ ਮਿਊਜ਼ੀਅਮ ਕੋਲਨ (ਜਰਮਨੀ), ਹਰਿਆਣਾ ਸਟੇਟ ਟੂਰਿਜ਼ਮ ਵਿਭਾਗ ਦੇ ਟੂਰਿਸਟ ਰਿਜ਼ੋਰਟਾਂ ਵਿਚ ਸੁਸ਼ੋਭਿਤ ਹਨ। ਮੇਰੇ ਪੈਰ ਵਿਚ ਚੱਕਰ ਹੈ, ਮੈਂ ਜਦੋਂ ਵੀ ਕਿਧਰੇ ਨਵਾਂ ਚੱਕਰ ਲਾ ਕੇ ਆਉਂਦਾ ਸ਼ਿਵ ਸਿੰਘ ਨੂੰ ਮਿਲਦੇ ਸਾਰ ਮੇਰੇ ਮੂੰਹ ਤੋਂ ਅਚਾਨਕ ਹੀ ਬੋਲਿਆ ਜਾਣਾ, 'ਜਿਧਰ ਦੇਖਤਾ ਹੂੰ ਉਧਰ ਤੂ ਹੀ ਤੂ ਹੈ?'

ਸ਼ਿਵ ਸਿੰਘ ਤੁਰ ਗਿਆ ਹੈ ਪਰ ਉਸ ਦੀਆਂ ਕਲਾ ਕ੍ਰਿਤਾਂ ਚੰਡੀਗੜ੍ਹ ਦੇ ਕੋਨੇ ਕੋਨੇ ਵਿਚ ਦੇਖੀਆਂ ਤੇ ਪਛਾਣੀਆਂ ਜਾ ਸਕਦੀਆਂ ਹਨ। ਸੈਕਟਰ 16 ਦਾ ਪੰਜਾਬ ਕਲਾ ਭਵਨ ਹੀ ਨਹੀਂ, 10 ਸੈਕਟਰ ਦੇ ਅਜਾਇਬਘਰ, ਇਥੋਂ ਦੀ ਲਈਅਰ ਵੈਲੀ, ਹੋਮ ਸਾਇੰਸ ਕਾਲਜ ਦੀ ਆਰਟ ਗੈਲਰੀ, ਹੋਟਲ ਮਾਊਂਟ ਵਿਊ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਮਨੀਮਾਜਰਾ ਦੇ ਕਲਾਗ੍ਰਾਮ ਵਿਚ ਇਹ ਕਲਾ ਕ੍ਰਿਤਾਂ ਹਰ ਥਾਂ ਹਾਜ਼ਰ ਹਨ। ਮੇਰਾ ਇਹ ਹਲਕੇ-ਫੁਲਕੇ ਅੰਦਾਜ਼ ਵਿਚ ਫਿਕਰਾ 'ਜਿਧਰ ਦੇਖਤਾ ਹੂੰ ਉਧਰ ਤੂ ਹੀ ਤੂ ਹੈ' ਚੰਡੀਗੜ੍ਹ ਦੇ ਵਸਨੀਕਾਂ ਤੇ ਇਥੇ ਆਉਣ ਵਾਲੇ ਯਾਤਰੀਆਂ ਉਤੇ ਵੀ ਢੁਕਦਾ ਰਹੇਗਾ। ਮੇਰੀ ਚਾਹਨਾ ਹੈ ਕਿ ਸ਼ਿਵ ਸਿੰਘ ਜਿੱਥੇ ਵੀ ਗਿਆ ਹੈ, ਉਸੇ ਤਰ੍ਹਾਂ ਜ਼ਿੰਦਾ ਦਿਲੀ ਨਾਲ ਰਹੇ, ਜਿਵੇਂ ਦਾ ਸਾਡੇ ਅੰਗ-ਸੰਗ ਹੁੰਦਾ ਸੀ।

**ਅੰਤਿਕਾ:** (ਮਿਰਜ਼ਾ ਗਾਲਿਬ)
ਚਾਹਿਏ ਅੱਛੋਂ ਕੋ ਜਿਤਨਾ ਚਾਹਿਏ
ਯੇ ਅਗਰ ਚਾਹੇਂ ਤੋ ਫਿਰ ਕਿਆ ਚਾਹਿਏ।
ਚਾਹਤੇ ਹੋ ਖ਼ੂਬ ਰੂਇਓਂ ਕੋ ਅਸਦ
ਆਪਕੀ ਸੂਰਤ ਤੋ ਦੇਖਾ ਚਾਹਿਏ।

# ਇਕ ਵਿਲੱਖਣ ਸ਼ਖਸੀਅਤ ਸਨ ਕਾਮਰੇਡ ਆਨੰਦ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਘੜੀ ਇਹ ਦੁੱਖ ਵਾਲੀ ਹੈ ਕਿ ਸਾਨੂੰ ਸਤਿਕਾਰਯੋਗ ਕਾਮਰੇਡ ਜਗਜੀਤ ਸਿੰਘ ਆਨੰਦ ਜੀ ਲਈ ਸ਼ਰਧਾਂਜਲੀ ਦੇ ਸ਼ਬਦ ਵਰਤਣੇ ਪੈ ਗਏ ਹਨ, ਜਿਨ੍ਹਾਂ ਨਾਲ ਸਾਡੇ ਵਿਚੋਂ ਹਰ ਕਿਸੇ ਦਾ ਆਪੋ ਆਪਣੀ ਕਿਸਮ ਦਾ ਨੇੜ ਵਾਲਾ ਸਬੰਧ ਰਿਹਾ ਸੀ। ਕੁਝ ਉਨ੍ਹਾਂ ਦੇ ਪਰਿਵਾਰਕ ਰਿਸ਼ਤੇਦਾਰ ਹਨ, ਕੋਈ ਸਮਾਜੀ ਸਬੰਧਾਂ ਵਾਲੇ, ਕੁਝ ਸਿਆਸੀ ਸਰਗਰਮੀ ਦੇ ਦੌਰ ਦੇ ਸਾਥੀ ਤੇ ਕੋਈ ਉਨ੍ਹਾਂ ਤੋਂ ਪੱਤਰਕਾਰੀ ਦੇ ਗੁਰ ਸਿੱਖਣ ਵਾਲੇ ਹਨ। ਹਰ ਕਿਸੇ ਦੇ ਮਨ ਵਿਚ ਜਿਹੜੇ ਵੀ ਵਿਚਾਰ ਹਨ, ਸਾਰੇ ਸਤਿਕਾਰਯੋਗ ਹਨ, ਪਰ ਸਾਰੇ ਲੋਕ ਲਿਖ ਕੇ ਵਿਚਾਰ ਜ਼ਾਹਰ ਨਹੀਂ ਕਰ ਸਕਦੇ। ਕਈਆਂ ਤੋਂ ਮਨ ਦੇ ਵੇਗ ਦਾ ਪ੍ਰਗਟਾਵਾ ਵੀ ਨਹੀਂ ਹੋ ਸਕਣਾ, ਪਰ ਵੇਗ ਤਾਂ ਉਨ੍ਹਾਂ ਦਾ ਵੀ ਆਪਣੀ ਥਾਂ ਸਤਿਕਾਰ ਦਾ ਹੱਕਦਾਰ ਹੈ।

ਹਰ ਹਫਤੇ ਰਾਜਨੀਤਕ ਜਾਂ ਹੋਰ ਸਮਾਜੀ ਉਲਝਣਾਂ ਬਾਰੇ ਲਿਖਣ ਦੀ ਥਾਂ ਇਸ ਵਾਰੀ ਜਦੋਂ ਅਸੀਂ ਆਨੰਦ ਜੀ ਬਾਰੇ ਲਿਖਣ ਦਾ ਮਨ ਬਣਾਇਆ ਤਾਂ ਲਗਭਗ ਹਰ ਗੱਲ ਬਾਰੇ ਇਹ ਖਿਆਲ ਆਉਣ ਲੱਗ ਪਿਆ ਕਿ ਇਹ ਫਲਾਣੇ ਸਾਥੀ ਜਾਂ ਫਲਾਣੇ ਲੇਖਕ ਨੇ ਜਿੰਨੀ ਚੰਗੀ ਲਿਖ ਦੇਣੀ ਹੈ, ਸਾਥੋਂ ਸ਼ਾਇਦ ਓਦਾਂ ਨਾ ਲਿਖ ਹੋਵੇ। ਫਿਰ ਆਨੰਦ ਜੀ ਦੀ ਉਹ ਸ਼ਖਸੀਅਤ ਯਾਦ ਆ ਗਈ, ਜਿਹੜੀ ਸਿਰਫ ਉਨ੍ਹਾਂ ਦੇ ਨਾਲ ਕੰਮ ਕਰਨ ਵਾਲਿਆਂ ਨੂੰ ਹੀ ਪਤਾ ਹੋ ਸਕਦੀ ਹੈ।

ਸਭ ਜਾਣਦੇ ਹਨ ਕਿ ਆਨੰਦ ਜੀ ਬੋਲਦੇ ਵੀ ਬਹੁਤ ਕਮਾਲ ਦਾ ਸਨ, ਲਿਖਦੇ ਵੀ ਅਤੇ ਇਸ ਦੌਰਾਨ ਇਹ ਚੇਤਾ ਵੀ ਰੱਖਦੇ ਸਨ ਕਿ ਮੇਰਾ ਕਿਹਾ ਜਾਂ ਲਿਖਿਆ ਸਧਾਰਨ ਤੋਂ ਸਧਾਰਨ ਬੰਦੇ ਨੂੰ ਸੌਖਾ ਸਮਝ ਆ ਜਾਣਾ ਚਾਹੀਦਾ ਹੈ, ਨਹੀਂ ਤਾਂ ਇਸ ਦਾ ਕੋਈ ਫਾਇਦਾ ਨਹੀਂ। ਬਹੁਤ ਸਾਰੇ ਲੋਕ ਇਸ ਗੱਲੋਂ ਉਨ੍ਹਾਂ ਦੇ ਮੁਰੀਦ ਸਨ। ਆਨੰਦ ਜੀ ਅਸਲੋਂ ਸਧਾਰਨ ਲੋਕਾਂ ਨਾਲ ਸਿੱਧੀ ਬੋਲੀ ਵਿਚ ਗੱਲ ਇਸ ਲਈ ਕਰ ਲੈਂਦੇ ਸਨ ਕਿ ਜਦੋਂ ਮੌਕਾ ਮਿਲਦਾ, ਉਹ ਸਾਰੇ ਕੰਮ ਲਾਂਭੇ ਰੱਖ ਕੇ ਸਧਾਰਨ ਕਿਸਮ ਦੇ ਲੋਕਾਂ ਨਾਲ ਗੱਲਬਾਤ ਵੀ ਘੜੀ ਵੱਲ ਝਾਕਣ ਤੋਂ ਬਿਨਾਂ ਕਰੀ ਜਾਂਦੇ ਸਨ। ਪੰਜਾਬ ਜਾਂ ਭਾਰਤ ਵਿਚ ਹੀ ਨਹੀਂ, ਜਿਹੜੀ ਗੱਲ ਉਨ੍ਹਾਂ ਨੂੰ ਵਿਦੇਸ਼ ਦੌਰੇ ਦੌਰਾਨ ਵੀ ਕਿਸੇ ਥਾਂ ਇਹੋ ਜਿਹੀ ਦਿੱਸ ਪੈਂਦੀ, ਉਸ ਦਾ ਜ਼ਿਕਰ ਉਹ ਭਾਰਤ ਆਣ ਕੇ ਜ਼ਰੂਰ ਕਰਦੇ। ਮਿਸਾਲ ਵਜੋਂ ਇੱਕ ਵਾਰੀ ਰੂਸ ਨਾਲ ਜੁੜਵੇਂ ਇੱਕ ਦੇਸ਼ ਦੇ ਦੌਰੇ ਦੌਰਾਨ ਉਹ ਕੋਈ ਸੈਲਾਨੀ ਸਥਾਨ ਵੇਖਣ ਗਏ। ਓਥੇ ਇੱਕ ਭੀੜ ਪਾਣੀ ਵਿਚਾਲੇ ਰੱਖੇ ਹੋਏ ਇੱਕ ਵੱਡੇ ਪੱਥਰ ਤੱਕ ਛੜੱਪਾ ਮਾਰ ਕੇ ਪਹੁੰਚਣ ਦਾ ਯਤਨ ਕਰਦੀ ਸੀ। ਕੁਝ ਲੋਕ ਪਹੁੰਚ ਜਾਂਦੇ ਤੇ ਕੁਝ ਉਸ ਤੋਂ ਪਹਿਲਾਂ ਪਾਣੀ ਵਿਚ ਡਿੱਗ ਪੈਣ ਨਾਲ ਮਜ਼ਾਕ ਦਾ ਪਾਤਰ ਬਣਦੇ ਸਨ। ਆਨੰਦ ਜੀ ਨੇ ਵੀ ਛਾਲ ਮਾਰ ਕੇ ਵੇਖੀ। ਉਹ ਪੱਥਰ ਉਤੇ ਜਾ ਪਹੁੰਚੇ ਤਾਂ ਪਿੱਛੋਂ ਭੀੜ ਵਿਚੋਂ ਇੱਕ ਆਵਾਜ਼ ਆਈ, 'ਸੁਕੋ ਈ, ਸੁਕੋ ਈ।' ਉਨ੍ਹਾਂ ਨੇ ਬਾਹਰ ਆ ਕੇ ਆਪਣੇ ਦੁਭਾਸ਼ੀਏ ਨੂੰ ਪੁੱਛਿਆ ਕਿ ਕੀ ਇਸ ਦਾ ਅਰਥ 'ਸ਼ਾਬਾਸ਼' ਹੁੰਦਾ ਹੈ? ਉਸ ਨੇ ਕਿਹਾ, "ਨਹੀਂ, ਇਸ ਦਾ ਭਾਵ ਹੈ ਕਿ ਇਹ ਸੁੱਕਾ ਰਹਿ ਗਿਆ, ਪਾਣੀ ਵਿਚ ਨਹੀਂ ਡਿੱਗਾ।" ਵਾਪਸ ਆਣ ਕੇ ਉਨ੍ਹਾਂ ਨੇ ਪੰਜਾਬੀ ਵਿਚ 'ਸੁੱਕਾ ਈ' ਅਤੇ ਓਥੋਂ ਦੇ ਇਸ ਸ਼ਬਦ 'ਸੁੱਕੋ ਈ' ਨੂੰ ਜੋੜ ਕੇ ਭਾਸ਼ਾ ਦੇ ਯੁੱਗਾਂ ਪੁਰਾਣੇ ਰਿਸ਼ਤੇ ਬਾਰੇ ਇੱਕ ਲਿਖਤ ਲਿਖ ਦਿੱਤੀ।

ਆਨੰਦ ਜੀ ਭਾਸ਼ਾ ਦੀਆਂ ਬਾਰੀਕੀਆਂ ਨੂੰ ਲਿਖਤ ਦਾ ਹਿੱਸਾ ਬਣਾਉਣ ਦੀ ਥਾਂ ਇਹ ਧਾਰਨਾ ਰੱਖਦੇ ਸਨ ਕਿ ਜਿਵੇਂ ਕੋਈ ਭਾਸ਼ਾ ਬੋਲੀ ਜਾਂਦੀ ਹੈ, ਉਵੇਂ ਹੀ ਲਿਖਣੀ ਚਾਹੀਦੀ ਹੈ। ਅਖਬਾਰ ਵਿਚ ਕਾਲਜਾਂ ਤੇ ਯੂਨੀਵਰਸਿਟੀਆਂ ਤੋਂ ਕਈ ਵਾਰੀ ਸਿਖਾਂਦਰੂ ਪੱਤਰਕਾਰ ਵੀ ਆਉਂਦੇ ਹਨ ਤੇ ਕਦੇ-ਕਦਾਈਂ ਕਿਸੇ ਵਿਭਾਗ ਵੱਲੋਂ ਪ੍ਰੋਬੇਸ਼ਨਰ ਵੀ ਆ ਕੇ ਅਖਬਾਰੀ ਸਥਿਤੀਆਂ ਸਮਝਣ ਦਾ ਯਤਨ ਕਰਦੇ ਹਨ। ਭਾਰਤ ਸਰਕਾਰ ਦੇ ਸੂਚਨਾ ਵਿਭਾਗ ਤੋਂ ਇੱਕ ਸਿਖਾਂਦਰੂ ਸਾਡੇ ਕੋਲ ਆ ਗਿਆ। ਮੁੰਡਾ ਦਿੱਲੀ ਦੇ ਪੰਜਾਬੀ ਪਰਿਵਾਰ ਦਾ ਸੀ। ਪੰਜਾਬੀ ਚੰਗੀ ਬੋਲਦਾ ਸੀ, ਪਰ ਇਹ ਸਮਝਦਾ ਸੀ ਕਿ ਅਖਬਾਰਾਂ ਦੀ ਭਾਸ਼ਾ ਦਾ ਪੱਧਰ ਬੜਾ ਨੀਂਵਾਂ ਹੈ। ਸਾਨੂੰ ਉਸ ਦੀ ਇਹ ਗੱਲ ਠੀਕ ਨਹੀਂ ਸੀ ਲੱਗਦੀ। ਇੱਕ ਦਿਨ ਉਹ ਇੱਕ ਛਪੀ ਹੋਈ ਲਿਖਤ ਲੈ ਕੇ ਆਨੰਦ ਜੀ ਕੋਲ ਚਲਾ ਗਿਆ, ਜਿਸ ਵਿਚ ਦੋ ਲਫਜ਼ਾਂ 'ਮਗਰੋਂ' ਅਤੇ 'ਮਹੀਨ' ਬਾਰੇ ਉਸ ਨੂੰ ਇਤਰਾਜ਼ ਸੀ ਕਿ ਇਹ ਪੰਜਾਬੀ ਦੇ ਬਹੁਤ ਨੀਂਵੇਂ ਪੱਧਰ ਦੇ ਪ੍ਰਤੀਕ ਹਨ। ਉਸ ਦੀ ਸੋਚ ਸੀ ਕਿ 'ਪਿੱਛੋਂ' ਅਤੇ 'ਬਾਅਦ' ਦੋ ਸ਼ਬਦ ਜਦੋਂ ਮੌਜੂਦ ਹਨ ਤਾਂ 'ਮਗਰੋਂ' ਦੀ ਲੋੜ ਨਹੀਂ ਤੇ 'ਮਹੀਨ' ਸ਼ਬਦ ਉਂਜ ਹੀ ਹੁਣ ਵਰਤੋਂ ਵਿਚ ਨਹੀਂ ਸੁਣਿਆ ਜਾਂਦਾ। ਅਸੀਂ ਇਕੱਠੇ ਬੈਠੇ ਸਾਂ. ਆਨੰਦ ਜੀ ਇਹ ਕੰਮ ਖੁਦ ਕਰ ਸਕਦੇ ਸਨ, ਪਰ ਕੁਝ ਸੋਚ ਕੇ ਉਨ੍ਹਾਂ ਨੇ ਪਹਿਲੇ ਸ਼ਬਦ ਬਾਰੇ ਮੈਨੂੰ ਸਪੱਸ਼ਟ ਕਰਨ ਨੂੰ ਆਖਿਆ। ਮੈਂ ਇੱਕ ਗੀਤ ਦੇ ਬੋਲ ਸੁਣਾਏ ਕਿ 'ਆਉਲਿਆਂ ਦਾ ਖਾਧਾ, ਆਖਿਆ ਸਿਆਣੇ ਦਾ, ਆਉਂਦਾ ਯਾਦ ਮਗਰੋਂ।' ਆਨੰਦ ਜੀ ਨੇ ਦੂਸਰੇ ਸ਼ਬਦ ਲਈ ਨਾਲ ਦੇ ਕਮਰੇ ਵਿਚੋਂ ਭੈਣ ਜੀ ਉਰਮਿਲਾ ਆਨੰਦ ਨੂੰ ਸੱਦ ਕੇ ਕਿਹਾ, 'ਉਰਮਿਲਾ, ਭਲਾ ਮਹੀਨ ਕੀ ਹੁੰਦੈ?' ਉਨ੍ਹਾਂ ਨੇ ਵੀ ਝੱਟ ਕਹਿ ਦਿੱਤਾ, 'ਮਹੀਨ ਦਾ ਕੀ ਹੈ, ਖੰਡ ਵੀ ਮਹੀਨ ਤੇ ਮੋਟੀ ਦੋ ਤਰ੍ਹਾਂ ਦੀ ਹੁੰਦੀ ਹੈ।' ਆਨੰਦ ਜੀ ਨੇ ਉਸ ਮੁੰਡੇ ਨੂੰ ਦੱਸਿਆ ਕਿ ਜੇ ਪੰਜਾਬੀ ਵਿਚ ਮੁਹਾਰਤ ਹਾਸਲ ਕਰਨੀ ਹੈ ਤਾਂ ਸਿਰਫ ਕਿਤਾਬਾਂ ਤੋਂ ਨਹੀਂ ਮਿਲਣੀ, ਲੋਕਾਂ ਕੋਲ ਜਾ ਕੇ ਬੈਠਿਆ ਕਰੇ। ਮਗਰੋਂ ਉਸ ਪ੍ਰੋਬੇਸ਼ਨਰ ਨੂੰ ਫੌਜ ਦੀ ਕਮਿਸ਼ਨਡ ਅਫਸਰੀ ਮਿਲ ਜਾਣ ਕਾਰਨ ਲੋੜ ਹੀ ਨਹੀਂ ਸੀ ਰਹੀ।

ਦੂਸਰਾ ਪੱਖ ਆਨੰਦ ਜੀ ਦਾ ਹੋਰ ਭਾਸ਼ਾਵਾਂ ਤੋਂ ਅਨੁਵਾਦ ਦਾ ਹੈ। ਸਮਾਜਵਾਦੀ ਦੇਸ਼ਾਂ ਦਾ ਸਾਹਿਤ ਬਹੁਤ ਸਾਰੇ ਲੇਖਕਾਂ ਨੇ ਅਨੁਵਾਦ ਕੀਤਾ ਹੈ, ਪਰ ਕੁਝ ਚੋਣਵੀਆਂ ਚੀਜ਼ਾਂ, ਜਿਨ੍ਹਾਂ ਵਿਚ ਪਿੰਡ ਤੇ ਇਲਾਕੇ ਦੇ ਸਮਾਜਵਾਦੀ ਤਜਰਬੇ ਦੀ ਵਿਸ਼ੇਸ਼ਤਾ ਝਲਕਦੀ ਸੀ, ਐਨ ਇਸ ਤਰ੍ਹਾਂ ਪੇਸ਼ ਕਰਨ ਦਾ ਕੰਮ ਆਨੰਦ ਜੀ ਨੇ ਕੀਤਾ, ਜਿਸ ਨੂੰ ਪੜ੍ਹਦਿਆਂ ਪਾਠਕ ਆਪਣੇ ਆਪ ਨੂੰ ਉਨ੍ਹਾਂ ਲੋਕਾਂ ਵਿਚ ਬੈਠਾ ਮਹਿਸੂਸ ਕਰਨ ਲੱਗ ਪੈਂਦਾ। ਅਨੁਵਾਦ ਕਰਨ ਵੇਲੇ ਇਸ ਫਾਰਮੂਲੇ ਬਾਰੇ ਆਨੰਦ ਜੀ ਕਈ ਵਾਰ ਖੁਦ ਦੱਸਦੇ ਹੁੰਦੇ ਸਨ ਕਿ ਲਫਜ਼ਾਂ ਪਿੱਛੇ ਨਹੀਂ ਭੱਜਿਆ ਜਾ ਸਕਦਾ, ਸਾਰੇ ਵਾਕ ਦੀ ਭਾਵਨਾ ਲੋਕਾਂ ਤੱਕ, ਆਮ ਲੋਕਾਂ ਦੇ ਸ਼ਬਦਾਂ ਵਿਚ ਪਹੁੰਚਣੀ ਚਾਹੀਦੀ ਹੈ। ਸੀ ਪੀ ਆਈ ਦੀ ਬਠਿੰਡੇ ਵਿਚ 1978 ਵਿਚ ਹੋਈ ਕੁੱਲ ਹਿੰਦ ਕਾਨਫਰੰਸ ਤੋਂ ਬਾਅਦ ਜਨਤਕ ਰੈਲੀ ਵਿਚ ਅਮਰੀਕੀ ਕਮਿਊਨਿਸਟ ਆਗੂ ਹੈਨਰੀ ਵਿੰਸਟਨ ਦਾ ਭਾਸ਼ਣ ਨਾਲੋ-ਨਾਲ ਅਨੁਵਾਦ ਕਰਦੇ ਆਨੰਦ ਜੀ ਬਾਰੇ ਮੀਡੀਏ ਨੇ ਵੀ ਪ੍ਰਮੁੱਖਤਾ ਨਾਲ ਲਿਖਿਆ ਸੀ।

ਤੀਸਰਾ ਪੱਖ ਆਨੰਦ ਜੀ ਦਾ ਸਿਆਸੀ ਮੈਦਾਨ ਵਿਚ ਆਪਣੀ ਵੱਖਰੀ ਛਾਪ ਛੱਡਣ ਦਾ ਸੀ। ਉਹ ਸਾਰੀ ਉਮਰ ਕਮਿਊਨਿਸਟ ਪਾਰਟੀ ਦੇ ਨਾਲ ਪੱਕੇ ਜੁੜੇ ਰਹੇ, ਪਰ ਦੂਸਰੀਆਂ ਪਾਰਟੀਆਂ ਦੇ ਆਗੂਆਂ ਨਾਲ ਨਿਜੀ ਸਬੰਧਾਂ ਨੂੰ ਕਦੇ ਰਾਜਨੀਤੀ ਦੀ ਵਾੜ ਕਰਨ ਦੀ ਕੋਸ਼ਿਸ਼ ਨਹੀਂ ਸੀ ਕੀਤੀ। ਜਲੰਧਰ ਵਿਚ ਹੀ ਕਾਂਗਰਸ ਪਾਰਟੀ ਦੇ ਡਾਕਟਰ ਲੇਖ ਰਾਜ ਤੇ ਚੌਧਰੀ ਦਰਸ਼ਨ ਸਿੰਘ ਹੁਰਾਂ ਨਾਲ ਸਦਾ ਨੇੜਤਾ ਰਹੀ। ਆਦਮਪੁਰ ਤੋਂ ਚੁਣ ਕੇ ਮੰਤਰੀ ਬਣੇ ਅਕਾਲੀ ਆਗੂ ਸਰੂਪ ਸਿੰਘ ਹੁਰਾਂ ਨਾਲ ਅਤੇ ਅਜੋਕੀ ਭਾਰਤੀ ਜਨਤਾ ਪਾਰਟੀ ਵਿਚੋਂ ਸਭ ਤੋਂ ਬਜ਼ੁਰਗ ਆਗੂ ਲਾਲ ਕ੍ਰਿਸ਼ਨ ਅਡਵਾਨੀ ਤੱਕ ਨਾਲ ਨਿਜੀ ਨੇੜ ਰਿਹਾ। ਇਸ ਨੇੜ ਵਿਚ ਕਦੇ ਰਾਜਨੀਤਕ ਮੱਤਭੇਦਾਂ ਦੀ ਕੁੜਿਤਣ ਨਹੀਂ ਸੀ ਆਈ।

ਚੌਥਾ ਨਿਵੇਕਲਾ ਪੱਖ ਉਨ੍ਹਾਂ ਦੀ ਸ਼ਖਸੀਅਤ ਦਾ ਇਹ ਸੀ ਕਿ ਉਹ ਖੁਦ ਇਹ ਗੱਲ ਹਿੱਕ ਠੋਕ ਕੇ ਕਹਿੰਦੇ ਸਨ ਕਿ ਮੈਂ ਦੁਨੀਆਂ ਤੋਂ ਬਾਹਰ ਕਿਸੇ ਰੱਬ ਦੀ ਹੋਂਦ ਨੂੰ ਨਹੀਂ ਮੰਨਦਾ, ਪਰ ਧਾਰਮਿਕ ਸ਼ਖਸੀਅਤਾਂ ਨਾਲ ਉਨ੍ਹਾਂ ਦੀ ਨੇੜਤਾ ਹਮੇਸ਼ਾ ਰਹੀ ਸੀ। ਆਜ਼ਾਦੀ ਦੀ ਲਹਿਰ ਵਿਚ ਵਿਸ਼ੇਸ਼ ਥਾਂ ਰੱਖਣ ਵਾਲੇ ਨਾਮਧਾਰੀ ਦਰਬਾਰ ਦੇ ਮੁਖੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਇੱਕ ਤਰ੍ਹਾਂ ਮੋਹ ਵਾਲਾ ਨੇੜ ਸੀ ਤੇ ਦੋਵੇਂ ਇੱਕ ਦੂਸਰੇ ਦਾ ਅਥਾਹ ਸਤਿਕਾਰ ਕਰਦੇ ਸਨ। ਇਸ ਪੱਖੋਂ ਕਦੇ-ਕਦੇ ਉਹ ਕਿਹਾ ਵੀ ਕਰਦੇ ਸਨ ਕਿ ਮੈਂ ਪੱਕਾ ਪਦਾਰਥਵਾਦੀ ਹਾਂ, ਪਰ ਮੇਰਾ ਪਦਾਰਥਵਾਦੀ ਹੋਣ ਦਾ ਭਾਵ ਇਹ ਤਾਂ ਨਹੀਂ ਕਿ ਮੈਂ ਹੋਰਨਾਂ ਦੇ ਵਿਚਾਰ ਦਾ ਸਤਿਕਾਰ ਨਾ ਕਰਾਂ। ਗੁਰਬਾਣੀ ਦੀ ਇੱਕ ਸਮਝਾਉਣੀ 'ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ' ਉਨ੍ਹਾਂ ਨੇ ਕਈ ਵਾਰੀ ਆਪਣੀਆਂ ਲਿਖਤਾਂ ਦਾ ਹਿੱਸਾ ਬਣਾਈ ਸੀ। ਇਸ ਦਾ ਅਰਥ ਉਹ ਮੰਨਦੇ ਸਨ ਕਿ ਜਿਸ ਵੀ ਵਿਚਾਰਧਾਰਾ ਜਾਂ ਪਰੰਪਰਾ ਦੇ ਮੁਤਾਬਕ ਕਿਸੇ ਦੀ ਤਸੱਲੀ ਹੁੰਦੀ ਹੈ, ਉਸ ਦੀ ਉਸ ਪਰੰਪਰਾ ਦਾ ਸਾਨੂੰ ਸਤਿਕਾਰ ਕਰਨਾ ਚਾਹੀਦਾ ਹੈ ਤੇ ਕਿਸੇ ਵੱਲ ਵੀ ਨਫਰਤ ਦਾ ਵਿਖਾਵਾ ਕਰਨਾ ਠੀਕ ਨਹੀਂ। ਇੱਕ ਵਾਰ ਤਾਂ ਇੱਕ ਪੂਰਾ ਲੇਖ ਉਨ੍ਹਾਂ ਨੇ 'ਨਾ ਕੋ ਬੈਰੀ ਨਾ ਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ' ਦੇ ਸਿਰਲੇਖ ਨਾਲ ਲਿਖਿਆ ਅਤੇ ਕਿਹਾ ਸੀ ਕਿ ਜੇ ਧਰਮਾਂ ਨੂੰ ਮੰਨਣ ਵਾਲੇ ਲੋਕ ਇਸ ਇੱਕੋ ਤੁਕ ਦੇ ਅਰਥ ਹੀ ਸਮਝ ਜਾਣ ਤਾਂ ਸਾਰੇ ਭਾਰਤ ਦੇ ਲੋਕ ਹਮੇਸ਼ਾਂ ਲਈ ਲੜਨ ਤੋਂ ਹਟ ਸਕਦੇ ਹਨ ਤੇ ਕਿਸੇ ਵੀ ਪਾਸੇ ਕਦੀ ਕੋਈ ਦੰਗਾ ਜਾਂ ਫਸਾਦ ਨਹੀਂ ਹੋ ਸਕਦਾ।

ਬਹੁਤ ਕੁਝ ਹੋਰ ਵੀ ਹੈ ਆਨੰਦ ਜੀ ਦੀ ਵਿਲੱਖਣ ਸ਼ਖਸੀਅਤ ਦਾ ਪ੍ਰਗਟਾਵਾ ਕਰਨ ਵਾਲਾ, ਜਿਹੜਾ ਕਿਸੇ ਵੀ ਇੱਕੋ ਲਿਖਤ ਵਿਚ ਨਹੀਂ ਸਮੇਟਿਆ ਜਾ ਸਕਦਾ। ਇਸ ਲਈ ਇਨ੍ਹਾਂ ਥੋੜ੍ਹੇ ਜਿਹੇ ਸ਼ਬਦਾਂ ਰਾਹੀਂ ਪੰਜਾਬੀ ਬੋਲੀ, ਪੰਜਾਬੀ ਪੱਤਰਕਾਰੀ ਅਤੇ ਪੰਜਾਬੀ ਸਾਹਿਤ ਦੀ ਉਸ ਨਿਵੇਕਲੀ ਸ਼ਖਸੀਅਤ ਆਨੰਦ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ, ਜਿਨ੍ਹਾਂ ਤੋਂ ਜ਼ਿੰਦਗੀ ਵਿਚ ਬਹੁਤ ਕੁਝ ਸਿੱਖਣ ਦਾ ਸਬੱਬ ਸਾਨੂੰ ਵੀ ਨਸੀਬ ਹੋਇਆ ਸੀ।





**Philips-66 Truck Stop Convenience Store**

*For Sale or Lease*

11 Pumps, 30 Trucks Parking

Diesel & Gas With Restaurant, Liquor, Lottery

*Good Profit Margin*

Prime Location (4 States Traffic Area on State Hwy I-44/I-49 in Missouri)

Also available commercial bulding (SCF), partially rented in Mohali, India
Commercial plot in business growing area (in Walmart, Home Office area)

Serious Parties Only, Please.

**Contact: 417-825-7602**

Email: shaanmann5@gmail.com

28+

**Flat Rate Funding Group**

Are you tired of waiting to get paid on your outstanding freight invoices?

Get your $$$ now!

At Flat Rate Funding Group, we offer the lowest fixed factoring rate in the transportation industry-

***1.5%!***

*Call Goldy Dhillon* 734-444-9625

sales@flatratefunding.com

ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?

ਅੱਜ ਹੀ ਲੋੜੀਂਦਾ ਪੈਸਾ ਲਓ



ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ

ਅੱਜ ਹੀ ਸੰਪਰਕ ਕਰੋ

ਗੋਲਡੀ ਢਿੱਲੋਂ, ਫੋਨ: 734-444-9625

# ਸੰਤ ਰਾਮ ਉਦਾਸੀ ਤੇ ਜੈਮਲ ਸਿੰਘ ਪੱਡਾ ਨੂੰ ਸਮਰਪਿਤ ਕਾਵਿ-ਸੰਮੇਲਨ

## 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ' ਪੁਸਤਕ ਰਿਲੀਜ਼

**ਸਟਾਕਟਨ (ਬਿਊਰੋ):** ਚਾਰ ਸਾਹਿਤਕ ਜਥੇਬੰਦੀਆਂ ਵੱਲੋਂ ਇਥੇ ਕਰਵਾਏ ਗਏ ਕਾਵਿ ਸੰਮੇਲਨ ਵਿਚ ਨਾਮਵਰ ਸਾਹਿਤਕਾਰਾਂ, ਵਿਦਵਾਨਾਂ ਅਤੇ ਸਾਹਿਤ ਪ੍ਰੇਮੀਆਂ ਦੀ ਸ਼ਮੂਲੀਅਤ ਨੇ ਇਸ ਨੂੰ ਯਾਦਗਾਰੀ ਬਣਾ ਦਿਤਾ। ਸੰਮੇਲਨ ਦੀ ਖਾਸ ਗੱਲ ਇਹ ਸੀ ਕਿ ਇਹ ਮਰਹੂਮ ਨਕਸਲੀ ਸ਼ਾਇਰ ਸੰਤ ਰਾਮ ਉਦਾਸੀ ਅਤੇ ਜੈਮਲ ਸਿੰਘ ਪੱਡਾ ਨੂੰ ਸਮਰਪਿਤ ਸੀ।

ਸੰਮੇਲਨ ਦੇ ਅਰੰਭ ਵਿਚ ਹਰਜਿੰਦਰ ਪੰਧੇਰ ਨੇ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਇਸ ਦੀ ਮਹੱਤਤਾ ਦਾ ਜ਼ਿਕਰ ਕੀਤਾ। ਉਪਰੰਤ 'ਕੂਲ ਪੰਜਾਬੀ ਵਿਰਸਾ ਗਰੁਪ' ਦੀ ਪ੍ਰਸਿੱਧ ਸੰਗੀਤਕਾਰ ਜੋੜੀ ਪਰਮਜੀਤ ਸਿੰਘ ਅਤੇ ਰੇਨੂੰ ਸਿੰਘ ਨੇ ਸੰਤ ਰਾਮ ਉਦਾਸੀ, ਗੁਰਦਿਆਲ ਸਿੰਘ ਸੰਘਾ ਅਤੇ ਜੈਮਲ ਸਿੰਘ ਪੱਡਾ ਦੇ ਚੋਣਵੇਂ ਗੀਤ ਪੇਸ਼ ਕੀਤੇ। ਉਪਰੰਤ ਡਾ. ਸੁਰਜੀਤ ਬਰਾੜ ਅਤੇ ਮਹਿੰਦਰਪਾਲ ਧਾਲੀਵਾਲ ਵਲੋਂ ਸੰਪਾਦਤ ਨਿਬੰਧ ਸੰਗ੍ਰਿਹ 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ' ਲੋਕ ਅਰਪਣ ਕੀਤਾ ਗਿਆ। ਇਸ ਵਿਚ ਪੰਜਾਬੀ ਦੇ ਪ੍ਰਸਿੱਧ ਵਿਦਵਾਨਾਂ ਤੇ ਚਿੰਤਕਾਂ ਦੇ 23 ਖੋਜ ਨਿਬੰਧ ਸ਼ਾਮਲ ਹਨ।

ਪ੍ਰੋ. ਹਰਭਜਨ ਸਿੰਘ ਨੇ ਇਸ ਪੁਸਤਕ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਕਿਹਾ ਕਿ ਨਕਸਲਬਾੜੀ ਲਹਿਰ ਨਾਲ ਸਬੰਧਤ ਪੰਜਾਬੀ ਨਾਵਲਾਂ ਬਾਰੇ ਇਸ ਉਚ ਪਾਏ ਦੇ ਖੋਜ ਸੰਗ੍ਰਿਹ ਨਾਲ ਪੰਜਾਬੀ ਸਾਹਿਤ ਦੇ ਖਜ਼ਾਨੇ ਵਿਚ ਗੁਣਾਤਮਕ ਤੇ ਵਿਚਾਰਧਾਰਕ ਵਾਧਾ ਹੋਇਆ ਹੈ ਜੋ ਪੜ੍ਹਨਯੋਗ ਵੀ ਹੈ ਅਤੇ ਵਿਚਾਰਨਯੋਗ ਵੀ। ਪੁਸਤਕ ਬਾਰੇ ਬਿੱਕਰ ਸਿੰਘ ਕੰਮੇਆਣਾ ਨੇ ਆਪਣੇ ਵਿਚਾਰ ਵਿਸਥਾਰ ਸਹਿਤ ਸਾਂਝੇ ਕੀਤੇ।

ਇਸ ਪੁਸਤਕ ਤੋਂ ਇਲਾਵਾ ਜੋ ਪੰਜ ਹੋਰ ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ, ਉਹ ਸਨ: ਮਹਿੰਦਰਪਾਲ ਧਾਲੀਵਾਲ ਦਾ ਨਾਵਲ 'ਪਿਉਂਦ ਤੋਂ ਪਹਿਲਾਂ', ਡਾ. ਮੋਹਨ ਤਿਆਗੀ ਦੀ ਚੋਣਵੀਂ ਕਵਿਤਾ ਦੀ ਸੰਪਾਦਤ ਪੁਸਤਕ 'ਜੰਗਲ ਦਾ ਗੀਤ', ਅਜਮੇਰ ਰੋਡੇ ਤੇ ਜਰਨੈਲ ਸਿੰਘ ਆਰਟਿਸਟ ਦੀ ਕਾਮਾਗਾਟਾ ਮਾਰੂ ਬਾਰੇ ਸਚਿੱਤਰ ਪੁਸਤਕ 'ਏ ਜਰਨੀ ਵਿਦ ਦਾ ਐਂਡਲੈਸ ਆਈ', ਪਸ਼ੌਰਾ ਸਿੰਘ ਢਿਲੋਂ ਦਾ ਕਾਵਿ-ਸੰਗ੍ਰਿਹ 'ਦੀਵਾ ਬਲੇ ਸਮੁੰਦਰੋਂ ਪਾਰ' ਅਤੇ ਤ੍ਰਿਪਤ ਭੱਟੀ ਦਾ ਸਕੰਲਿਤ ਮਿੰਨੀ ਕਹਾਣੀ ਸੰਗ੍ਰਿਹ 'ਛੱਕਾ ਇਜ਼ਹਾਰਾਂ ਦਾ'। ਇਨ੍ਹਾਂ ਪੁਸਤਕਾਂ ਬਾਰੇ ਹਰਜਿੰਦਰ ਪੰਧੇਰ ਅਤੇ ਮਨਜੀਤ ਕੌਰ ਸੇਖੋਂ ਨੇ ਸੰਖੇਪ ਜਾਣਕਾਰੀ ਦਿੱਤੀ।

ਇਸ ਦੌਰਾਨ ਡੇਢ ਦਰਜਨ ਦੇ ਕਰੀਬ ਨਾਮਵਰ ਸ਼ਖਸੀਅਤਾਂ ਵੱਲੋਂ ਭੇਜੇ ਗਏ ਵਧਾਈ ਸੰਦੇਸ਼ ਪੜ੍ਹੇ ਗਏ। ਸੁਨੇਹੇ ਭੇਜਣ ਵਾਲੀਆਂ ਸ਼ਖਸੀਅਤਾਂ ਵਿਚ ਡਾ. ਜਸਪਾਲ ਸਿੰਘ (ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਟੀ), ਡਾ. ਜਗਜੀਤ ਬਰਾੜ, ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਜਸਵਿੰਦਰ, ਰਵਿੰਦਰ ਸਹਿਰਾਅ, ਸੁਰਿੰਦਰ ਸੋਹਲ, ਮਹਿੰਦਰਪਾਲ ਧਾਲੀਵਾਲ, ਡਾ. ਲਾਭ ਸਿੰਘ ਖੀਵਾ, ਡਾ. ਗੁਰਪਾਲ ਸੰਧੂ, ਬਲਵੀਰ ਪਰਵਾਨਾ, ਸਾਥੀ ਲੁਧਿਆਣਵੀ ਆਦਿ ਸ਼ਾਮਲ ਹਨ।

ਸੰਮੇਲਨ ਦੇ ਪਹਿਲੇ ਸੈਸ਼ਨ ਵਿਚ ਦੋ ਖੋਜ ਪੇਪਰ ਪੜ੍ਹੇ ਗਏ ਅਤੇ ਦੋ ਭਾਸ਼ਣ ਹੋਏ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਉਚੇਚੇ ਤੌਰ 'ਤੇ ਆਏ ਡਾ. ਮੋਹਨ ਤਿਆਗੀ ਨੇ 'ਅਮਰੀਕੀ ਪੰਜਾਬੀ ਕਵਿਤਾ ਦਾ ਗਲੋਬਲੀ ਪਰਿਪੇਖ' ਖੋਜ ਪੱਤਰ ਪੜ੍ਹਿਆ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪਹੁੰਚੇ ਡਾ. ਸੁਹਿੰਦਰਬੀਰ ਸਿੰਘ ਨੇ ਆਪਣਾ ਖੋਜ ਪੱਤਰ 'ਅਮਰੀਕੀ ਪੰਜਾਬੀ ਕਵਿਤਾ ਦਾ ਵਿਚਾਰਧਾਰਾਈ ਅਧਿਐਨ' ਪੜ੍ਹਿਆ। ਡਾ. ਮੋਹਨ ਤਿਆਗੀ ਨੇ ਕਿਹਾ, "ਅਮਰੀਕੀ ਪੰਜਾਬੀ ਕਵਿਤਾ ਦੀ ਇਹ ਨਵੀਂ ਪ੍ਰਾਪਤੀ ਹੈ ਕਿ ਗਹਿਰ ਗੰਭੀਰ ਗਲੋਬਲੀ ਸਰੋਕਾਰ ਇਸ ਕਵਿਤਾ ਦਾ ਅਹਿਮ ਹਿੱਸਾ ਬਣੇ ਹਨ। ਇਹ ਕਵਿਤਾ ਜਿੱਥੇ ਇਕ ਪਾਸੇ ਅਮਰੀਕਨ ਸਮਾਜ ਅਤੇ ਸਭਿਆਚਾਰ ਨਾਲ ਅੰਤਰ-ਸੰਵਾਦ ਦੀ ਸਥਿਤੀ ਵਿਚ ਹੈ, ਉਥੇ ਇਸ ਪ੍ਰਬੰਧ ਦੀਆਂ ਲੋਕ-ਦੋਖੀ ਨਵ-ਬਸਤੀਵਾਦੀ ਨੀਤੀਆਂ ਤੇ ਹਮਲਾਵਰ ਜੰਗਾਂ ਦੇ ਵਿਰੁਧ ਮਾਨਵਵਾਦੀ ਸਰੋਕਾਰਾਂ ਦੀ ਬਹਾਲੀ ਲਈ ਵੀ ਜੂਝ ਰਹੀ ਹੈ।"

ਡਾ. ਸੁਹਿੰਦਰਬੀਰ ਸਿੰਘ ਨੇ ਅਮਰੀਕਨ ਪੰਜਾਬੀ ਕਵਿਤਾ ਦੇ ਵੱਖ ਵੱਖ ਪਹਿਲੂਆਂ ਦਾ ਸੰਖੇਪ ਮੁਲੰਕਣ ਪੇਸ਼ ਕਰਦਿਆਂ ਕਿਹਾ ਕਿ ਕੋਈ ਵੀ ਸਾਹਿਤ ਵਿਚਾਰਧਾਰਾ ਤੋਂ ਸੱਖਣਾ ਨਹੀਂ ਹੋ ਸਕਦਾ। ਕਈ ਅਮਰੀਕਨ ਪੰਜਾਬੀ ਕਵੀ ਲੋਕ-ਹਿਤੈਸ਼ੀ ਵਿਚਾਰਧਾਰਕ ਵਚਨਬੱਧਤਾ ਨੂੰ ਪ੍ਰਣਾਏ ਹੋਏ ਹਨ ਅਤੇ ਵਿਸ਼ਵ ਪੱਧਰ 'ਤੇ ਆਪਣੀ ਸੰਵੇਦਨਾ ਦਾ ਸਿਰਜਣਾਤਮਕ ਪਸਾਰ ਕਰ ਰਹੇ ਹਨ।

ਪ੍ਰਸਿੱਧ ਕਵੀ ਅਤੇ ਮੁੱਖ ਮਹਿਮਾਨ ਅਜਮੇਰ ਰੋਡੇ ਨੇ 'ਵਿਸ਼ਵੀਕਰਣ ਅਤੇ ਕ੍ਰਾਂਤੀਕਾਰੀ ਕਵਿਤਾ' ਵਿਸ਼ੇ 'ਤੇ ਆਪਣੇ ਸਾਰਥਕ ਵਿਚਾਰ ਪੇਸ਼ ਕੀਤੇ। ਕਹਾਣੀਕਾਰ ਅਮਰਜੀਤ ਚਾਹਲ ਨੇ 'ਕੈਨੇਡੀਅਨ ਪੰਜਾਬੀ ਕਵਿਤਾ' ਬਾਰੇ ਆਪਣੇ ਅਨੁਭਵ ਸਾਂਝੇ ਕੀਤੇ। ਦੋਨਾਂ ਮਹਿਮਾਨਾਂ ਨੇ ਸਰੋਤਿਆਂ ਨਾਲ ਖੂਬਸੂਰਤ ਸੰਵਾਦ ਰਚਾਇਆ। ਇਨ੍ਹਾਂ ਪੇਪਰਾਂ ਅਤੇ ਭਾਸ਼ਣਾਂ ਨੂੰ ਸਰੋਤਿਆਂ ਨੇ ਪੂਰੀ ਗੰਭੀਰਤਾ ਅਤੇ ਇਕਾਗਰਤਾ ਨਾਲ ਸੁਣਿਆ। ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਅਜਮੇਰ ਰੋਡੇ, ਅਮਰਜੀਤ ਚਾਹਲ, ਡਾ. ਸੁਹਿੰਦਰਬੀਰ ਸਿੰਘ ਅਤੇ ਡਾ. ਮੋਹਨ ਤਿਆਗੀ ਸ਼ਾਮਲ ਹੋਏ। ਮੰਚ ਸੰਚਾਲਨ ਦੀ ਜਿੰਮੇਵਾਰੀ ਹਰਜਿੰਦਰ ਪੰਧੇਰ ਨੇ ਬਾਖੂਬ ਨਿਭਾਈ। ਇਸ ਦੌਰਾਨ ਅਜਮੇਰ ਰੋਡੇ, ਅਮਰਜੀਤ ਚਾਹਲ, ਡਾ. ਮੋਹਨ ਤਿਆਗੀ ਅਤੇ ਡਾ. ਸੁਹਿੰਦਰਬੀਰ ਸਿੰਘ ਹੋਰਾਂ ਦਾ ਵਿਸ਼ੇਸ਼ ਸਾਹਿਤਕ ਪ੍ਰਾਪਤੀਆਂ ਲਈ ਅਤੇ ਹਰਜਿੰਦਰ ਪੰਧੇਰ, ਪਰਮਜੀਤ ਸਿੰਘ, ਰੇਨੂੰ ਸਿੰਘ ਅਤੇ ਮਨਜੀਤ ਕੌਰ ਸੰਧੂ ਦਾ ਇਸ ਸੰਮੇਲਨ ਦੇ ਸੁਚੱਜੇ ਪ੍ਰਬੰਧ ਲਈ ਫੁੱਲਾਂ ਦੇ ਗੁਲਦਸਤੇ ਦੇ ਕੇ ਸਨਮਾਨ ਕੀਤਾ ਗਿਆ।




*'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ' ਰਿਲੀਜ਼ ਕਰਦੇ ਹੋਏ (ਖੱਬਿਉਂ) ਹਰਜਿੰਦਰ ਪੰਧੇਰ, ਮਨਜੀਤ ਕੌਰ ਸੇਖੋਂ, ਪਸ਼ੌਰਾ ਸਿੰਘ ਢਿੱਲੋਂ, ਮੱਖਣ ਲੁਹਾਰ, ਰੇਨੂੰ ਸਿੰਘ, ਪਰਮਜੀਤ ਸਿੰਘ, ਸੁਖਵਿੰਦਰ ਕੰਬੋਜ, ਡਾ. ਸੁਹਿੰਦਰਬੀਰ ਸਿੰਘ, ਪ੍ਰੋ. ਹਰਭਜਨ ਸਿੰਘ, ਅਮਰਜੀਤ ਚਾਹਲ, ਡਾ. ਮੋਹਨ ਤਿਆਗੀ, ਅਜਮੇਰ ਰੋਡੇ, ਬਿੱਕਰ ਸਿੰਘ ਕੰਮੇਆਣਾ, ਰਾਠੀ ਸੂਰਾਪੁਰੀ। (ਤਸਵੀਰ: ਮਨਦੀਪ ਗੋਰਾ)*

ਪ੍ਰੋ. ਹਰਭਜਨ ਸਿੰਘ ਵੱਲੋਂ ਨਵ-ਪ੍ਰਕਾਸ਼ਤ ਪੰਜਾਬੀ ਪੁਸਤਕਾਂ ਦੀ ਲਾਈ ਗਈ 'ਸੇਲ' ਦੌਰਾਨ ਭਾਰੀ ਵਿਕਰੀ ਹੋਈ, ਜੋ ਇਸ ਤੱਥ ਦਾ ਪ੍ਰਤੀਕ ਹੈ ਕਿ ਪੰਜਾਬੀ ਬੋਲੀ ਅਤੇ ਪੰਜਾਬੀ ਸਾਹਿਤ ਦਾ ਭਵਿੱਖ ਓਨਾ ਧੁੰਦਲਾ ਨਹੀਂ ਹੈ, ਜਿੰਨੇ ਦਾ ਤੌਖਲਾ ਪ੍ਰਗਟ ਕੀਤਾ ਜਾ ਰਿਹਾ ਹੈ।

ਦੂਸਰੇ ਸੈਸ਼ਨ ਦਾ ਅਰੰਭ ਦੁਸ਼ਅੰਤ ਕੁਮਾਰ ਅਤੇ ਜਸਵਿੰਦਰ ਦੀਆਂ ਗਜ਼ਲਾਂ ਦੇ ਖੂਬਸੂਰਤ ਗਾਇਨ ਨਾਲ ਹੋਇਆ। ਇਸ ਦੇ ਨਾਲ ਹੀ ਕਵੀ ਦਰਬਾਰ ਸ਼ੁਰੂ ਹੋ ਗਿਆ। ਇਸ ਵਿਚ 30 ਦੇ ਕਰੀਬ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਇਨ੍ਹਾਂ ਸ਼ਾਇਰਾਂ ਵਿਚ ਪਸ਼ੌਰਾ ਸਿੰਘ ਢਿਲੋਂ, ਅਜਮੇਰ ਰੋਡੇ, ਡਾ. ਮੋਹਨ ਤਿਆਗੀ, ਪ੍ਰੋ. ਸੁਹਿੰਦਰਬੀਰ ਸਿੰਘ, ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੀਰਤ, ਮੱਖਣ ਲੁਹਾਰ, ਹਰਭਜਨ ਢਿਲੋਂ, ਸ਼ਸ਼ੀ ਸਮੁੰਦਰਾ, ਹਰਜੀਤ ਹਠੂਰ, ਰਵਨੀਤ ਹਠੂਰ, ਮਨਦੀਪ ਗੋਰਾ, ਮਨਮੋਹਨ ਸਿੰਘ ਗਰੇਵਾਲ, ਅਸ਼ਰਫ ਗਿੱਲ, ਕੁਲਵੰਤ ਸੇਖੋਂ, ਸੁੱਖ ਸੇਖੋਂ, ਤਾਰਾ ਸਾਗਰ, ਦਲਜਿੰਦਰ ਸਹੋਤਾ, ਦਲਬੀਰ ਸਿੰਘ, ਕੁਲਜੀਤ ਮਾਨ, ਜਸਜੀਤ ਸਿੰਘ ਜੱਸੀ, ਪ੍ਰਿੰ. ਹਜ਼ੂਰਾ ਸਿੰਘ, ਅਮਰਪਾਲ ਕੰਬੋਜ, ਹਰਪ੍ਰੀਤ ਕੌਰ, ਕਮਲ ਬੰਗਾ, ਜਸਵੰਤ ਸ਼ਾਦ, ਬਿੱਕਰ ਸਿੰਘ, ਬੀਨਾ ਸਾਗਰ, ਸੁਖਵਿੰਦਰ ਕੰਬੋਜ, ਕਮਲਦੇਵ ਪਾਲ ਆਦਿ ਸ਼ਾਮਲ ਸਨ। ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਸੁਖਵਿੰਦਰ ਕੰਬੋਜ਼, ਪਸ਼ੌਰਾ ਸਿੰਘ ਢਿਲੋਂ, ਸੁਰਿੰਦਰ ਸੀਰਤ ਅਤੇ ਮੱਖਣ ਲੁਹਾਰ ਸਾਮਲ ਹੋਏ। ਮੰਚ ਸੰਚਾਲਨ ਦੀ ਜਿੰਮੇਵਾਰੀ ਮਨਦੀਪ ਗੋਰਾ ਨੇ ਸ਼ਾਇਰਾਨਾ ਅੰਦਾਜ਼ ਵਿਚ ਨਿਭਾਈ। ਅੰਤ ਵਿਚ ਸੁਖਵਿੰਦਰ ਕੰਬੋਜ ਨੇ ਸੰਮੇਲਨ ਵਿਚ ਪਹੁੰਚੇ ਸਾਹਿਤਕਾਰਾਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ।

# ਚਾਈਂ ਚਾਈਂ ਅਨੰਦਪੁਰ ਛਡਿਆ, ਰੋਈ ਜਾਣ ਨਨਕਾਣੇ ਨੂੰ

**ਕਰਮਨ (ਬਿਊਰੋ):** ਉਭਰਦੇ ਗਾਇਕ ਧਰਮਵੀਰ ਥਾਂਦੀ ਦੀ ਪੰਜਾਬੀ ਗੀਤਾਂ ਦੀ ਨਵੀਂ ਸੀ.ਡੀ. ਇਥੇ ਜਾਰੀ ਕੀਤੀ ਗਈ ਜਿਸ ਵਿਚ ਪੇਸ਼ ਪੰਜਾਬੀ ਭਾਈਚਾਰੇ ਦੇ ਆਮ ਕਰਕੇ ਤੇ ਪਰਵਾਸੀ ਪੰਜਾਬੀਆਂ ਦੇ ਖਾਸ ਕਰਕੇ, ਅੰਦਰਲੇ ਵਿਰੋਧ ਨੇ ਹਾਜਰ ਸਰੋਤਿਆਂ ਨੂੰ ਪੂਰੀ ਤਰ੍ਹਾਂ ਝੰਜੋੜੀ ਰੱਖਿਆ। ਪੰਜਾਬੀ ਗੀਤਾਂ ਦੀ 'ਚਰਖਾ' ਨਾਂ ਦੀ ਇਹ ਸੀ.ਡੀ. ਚਿੰਤਕ ਤੇ ਕਵੀ ਡਾ. ਗੁਰੂਮੇਲ ਸਿੱਧੂ ਦੀ ਅਗਵਾਈ ਵਿਚ ਟੀ ਡਬਲਿਊ ਈ ਕੰਪਨੀ ਵੱਲੋਂ ਲੋਕ ਅਰਪਣ ਕੀਤੀ ਗਈ।



ਗਾਇਕ ਦੇ ਖੁਦ ਲਿਖੇ ਗੀਤ 'ਚਾਈਂ ਚਾਈਂ ਅਨੰਦਪੁਰ ਛੱਡਿਆ, ਹੁਣ ਰੋਈ ਜਾਣ ਨਨਕਾਣੇ ਨੂੰ' ਦੇ ਮੁਖੜੇ ਨੇ ਸਮੁੱਚੀ ਸੀ.ਡੀ. ਦਾ ਮੁਹਾਣ ਤੈਅ ਕਰ ਦਿੱਤਾ। ਰੇਡੀਓ ਹੋਸਟ ਸੰਤੋਖ ਮਿਨਹਾਸ ਦਾ ਕਹਿਣਾ ਸੀ ਕਿ ਸਾਡੇ ਭਾਈਚਾਰੇ ਦੇ ਕਈ ਦੰਭ ਸੀ.ਡੀ. ਦੇ ਗਾਣਿਆਂ ਵਿਚ ਲੁਕੇ ਪਏ ਹਨ। ਪਰਵਾਸੀ ਸਿੱਖਾਂ ਦੀ ਤਾਂ ਗੱਲ ਛੱਡੋ, ਪੰਜਾਬ ਵਿਚ ਰਹਿੰਦੇ ਬਹੁਤੇ ਸਿੱਖਾਂ ਨੇ ਕਦੇ ਅਨੰਦਪੁਰ ਜਾਂ ਪਟਨਾ ਸਾਹਿਬ ਗੁਰਦੁਆਰਿਆਂ ਦੇ ਦਰਸ਼ਨ ਨਹੀਂ ਕੀਤੀ ਹੋਣਗੇ, ਪਰ ਉਹ ਅਰਦਾਸ ਵਿਚ ਭੋਲੇ ਭਾਅ ਪੱਛਮੀ ਪੰਜਾਬ ਵਿਚ ਰਹਿ ਗਏ ਗੁਰਦੁਆਰਿਆਂ ਦੀ ਸਾਂਭ-ਸੰਭਾਲ ਦੀ ਅਰਜੋਈ ਜਰੂਰ ਕਰਦੇ ਹਨ।

ਧਰਮਵੀਰ ਥਾਂਦੀ ਨੇ ਇਸ ਗੀਤ ਵਿਚ ਕਈ ਟਰੱਕਾਂ, ਦਰਜਨਾਂ ਸਟੋਰਾਂ ਅਤੇ ਸੈਂਕੜੇ ਘਰਾਂ ਦੀ ਮਾਲਕੀ ਤੋਂ ਬਾਅਦ ਵੀ ਆਪਣੇ ਆਪ ਨੂੰ 'ਨਿਮਾਣਾ' ਆਖ ਕੇ 'ਰੱਬ' 'ਤੇ ਹੋਰ ਮਿਹਰ ਕਰਨ ਦਾ ਬੋਝ ਪਾਈ ਜਾਣ ਦੇ ਅਮਲ ਨੂੰ ਨਸ਼ਰ ਕੀਤਾ ਹੈ। ਇਹੀ ਹਾਲ ਅਮਰੀਕਾ ਆ ਵਸੇ ਪੰਜਾਬੀਆਂ ਦਾ ਹਰਿਆਣੇ ਨੂੰ ਪਾਣੀ ਨਾ ਦੇਣ ਬਾਰੇ ਕਹਿਣ ਦਾ, ਜੋ ਨਿਰਾ ਪਖੰਡ ਹੈ।

ਸਥਿਤੀ ਦੇ ਇਸੇ ਵਿਅੰਗ ਨੂੰ ਹਰਜਿੰਦਰ ਕੰਗ ਦੇ ਲਿਖੇ ਗੀਤ 'ਭੁੱਖੇ ਮਰਦੇ ਫਿਰਦੇ ਨੇ ਪਰਿਵਾਰ ਸ਼ਹੀਦਾਂ ਦੇ' ਵਿਚ ਪੇਸ਼ ਕੀਤਾ ਗਿਆ ਹੈ। ਸ਼ਹੀਦਾਂ ਦੇ ਨਾਂ 'ਤੇ ਸਿਆਸਤ ਕਰਨ ਵਾਲੇ, ਉਨ੍ਹਾਂ ਦੀਆਂ ਵਾਰਾਂ ਗਾਉਣ ਵਾਲੇ, ਉਨ੍ਹਾਂ 'ਤੇ ਕਿਤਾਬਾਂ ਲਿਖਣ ਵਾਲੇ ਤਾਂ ਕਮਾਈ ਵੀ ਕਰੀ ਜਾਂਦੇ ਹਨ ਅਤੇ ਭਾਈਚਾਰੇ ਵਿਚ ਭੱਲ ਵੀ ਬਣਾਈ ਜਾਂਦੇ ਹਨ, ਪਰ ਸ਼ਹੀਦਾਂ ਦੇ ਪਿੱਛੇ ਰਹਿ ਗਏ ਪਰਿਵਾਰਾਂ ਦੀ ਸਾਰ ਕੋਈ ਨਹੀਂ ਲੈਂਦਾ।

ਸੁੱਖੀ ਧਾਲੀਵਾਲ ਦੇ ਗੀਤ 'ਸਾਫ ਸਫਾਈਆਂ ਕੀਤੀਆਂ ਲਾ ਕੇ ਪੋਚਾ ਮੈਂ, ਅੱਜ ਬੇਬੇ ਦਾ ਚਰਖਾ ਕੱਢ ਕੇ ਧੋਤਾ ਮੈਂ' ਵਿਚ ਪੰਜਾਬੀ ਪਰਵਾਸੀ ਦਾ ਦਵੰਦ ਪੇਸ਼ ਹੋਇਆ ਹੈ, ਜੋ ਪੰਜਾਬ ਜਾ ਕੇ ਰਹਿ ਵੀ ਨਹੀਂ ਸਕਦਾ ਅਤੇ ਉਸ ਨੂੰ ਭੁਲਾ ਵੀ ਨਹੀਂ ਸਕਦਾ।

ਮੰਚ ਸੰਚਾਲਨ ਕਰ ਰਹੇ ਸ਼ਾਇਰ ਹਰਜਿੰਦਰ ਕੰਗ ਨੇ ਕਿਹਾ ਕਿ ਥਾਂਦੀ ਨੇ ਆਪਣੀ ਆਵਾਜ਼ ਦੇ ਤੱਕਲੇ ਨਾਲ ਕਤ ਕੇ ਗੀਤਾਂ ਨੂੰ ਪੰਜਾਬੀ ਸਰੋਤਿਆਂ ਲਈ ਪਰੋਇਆ ਹੈ। ਲੱਚਰ ਗਾਇਕੀ ਦਾ ਮੁਕਾਬਲਾ ਕਰਨ ਲਈ ਉਸ ਨੇ ਥਾਂਦੀ ਵਰਗੇ ਗਾਇਕਾਂ ਦੀ ਤਨੋਂ, ਮਨੋਂ ਤੇ ਧਨੋਂ ਮਦਦ ਕਰਨ ਦੀ ਸਰੋਤਿਆਂ ਨੂੰ ਅਪੀਲ ਕੀਤੀ।

ਇਸ ਮੌਕੇ ਸੰਗੀਤਕਾਰ ਚੰਦਨ ਸਿੰਘ ਤੋਂ ਇਲਾਵਾ ਥਾਂਦੀ ਦੀ ਗਾਇਕੀ ਅਤੇ ਗੀਤਾਂ ਦੀ ਰਸਾਇਕੀ ਬਾਰੇ ਰਾਜਵਿੰਦਰ ਧਾਲੀਵਾਲ, ਗੈਰੀ ਢੇਸੀ, ਗੁਰਦੀਪ ਸ਼ੇਰਗਿਲ, ਬਲਬੀਰ ਢਿਲੋਂ, ਵਿੱਕੀ ਹੀਰ, ਅਵਤਾਰ ਗੋਂਦਾਰਾ, ਜਸਵੰਤ ਸ਼ਾਦ, ਰਾਜ ਬਰਾੜ, ਰਣਜੀਤ ਸਿਆਲ, ਹਰਜਿੰਦਰ ਢੇਸੀ, ਕੁਲਵੰਤ ਧਾਲੀਆ, ਅਮਰਜੀਤ ਦੌਧਰ ਅਤੇ ਅਵਤਾਰ ਲਾਖਾ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ। ਸਮੁੱਚੀ ਟੀਮ ਨੂੰ ਵਧਾਈ ਦਿੰਦਿਆਂ ਡਾ. ਗੁਰੂਮੇਲ ਸਿੱਧੂ ਨੇ ਕਿਹਾ ਕਿ ਅਜ ਕੱਲ ਸਾਰੇ ਸੱਭਿਆਚਾਰ ਖਲਤ ਮਲਤ ਹੋ ਰਹੇ ਹਨ। ਮਾੜੇ ਗੀਤਾਂ ਦੀ ਵਾਛੜ ਤੋਂ ਬਚਣ ਲਈ ਥਾਂਦੀ ਦੀ ਸੀ.ਡੀ. ਸਾਡੇ ਲਈ ਛਤਰੀ ਦਾ ਕੰਮ ਦੇਵੇਗੀ।

# ਪੰਜਾਬੀ ਸੱਥ ਲਾਂਬੜਾ ਦੇਵੇਗੀ ਮਾਂ-ਬੋਲੀ ਪੁਰਸਕਾਰ

**ਲਾਂਬੜਾ, ਜਲੰਧਰ (ਬਿਊਰੋ):** ਪੰਜਾਬੀ ਸੱਥ ਲਾਂਬੜਾ ਅਤੇ ਇਸ ਦੀਆਂ ਇਕਾਈਆਂ ਵੱਲੋਂ ਮਾਂ ਬੋਲੀ ਪੰਜਾਬੀ ਦੇ ਪਸਾਰ ਅਤੇ ਇਸ ਪ੍ਰਤੀ ਜਾਗਰੂਕਤਾ ਲਈ ਵਿੱਢੀ ਗਈ ਲਹਿਰ ਤਹਿਤ ਦਸਵੀਂ ਜਮਾਤ ਦੇ ਪੰਜਾਬ ਅਤੇ ਚੰਡੀਗੜ੍ਹ ਦੇ 45 ਵਿਦਿਆਰਥੀਆਂ ਦਾ ਸਨਮਾਨ ਕੀਤਾ ਜਾਵੇਗਾ।

ਇਹ ਜਾਣਕਾਰੀ ਦਿੰਦਿਆਂ ਸੱਥ ਦੇ ਮੁਖੀ ਡਾ. ਨਿਰਮਲ ਸਿੰਘ ਮਾਲਵਾ ਨੇ ਦੱਸਿਆ ਕਿ ਦਸਵੀਂ ਜਮਾਤ ਵਿਚ ਜ਼ਿਲ੍ਹਾ ਵਾਰ ਪੰਜਾਬੀ ਵਿਸ਼ੇ ਵਿਚ ਸਭ ਤੋਂ ਵੱਧ ਅੰਕ ਲੈਣ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਜਾਵੇਗਾ। ਪੁਰਸਕਾਰ ਵਿਚ ਸਿਰੋਪਾਉ, ਸਨਮਾਨ ਪੱਤਰ, ਗਿਆਰਾਂ ਸੌ ਰੁਪਏ ਨਕਦ ਅਤੇ ਕਿਤਾਬਾਂ ਦਾ ਸੈਟ ਸ਼ਾਮਲ ਹੈ।

ਡਾ. ਨਿਰਮਲ ਸਿੰਘ ਨੇ ਦੱਸਿਆ ਕਿ ਦਸਵੀਂ ਜਮਾਤ ਦੇ ਪੰਜਾਬੀ ਅਧਿਆਪਕ ਨੂੰ ਸਿਰੋਪਾਉ, ਸਨਮਾਨ ਪੱਤਰ ਤੇ ਕਿਤਾਬਾਂ ਦਾ ਸੈਟ, ਸਕੂਲ ਪ੍ਰਿੰਸੀਪਲ ਨੂੰ ਸਿਰਪਾਉ ਅਤੇ ਸਕੂਲ ਲਾਇਬਰੇਰੀ ਲਈ ਪੁਸਤਕਾਂ ਸੈਟ ਭੇਟ ਕਰਨ ਤੋਂ ਇਲਾਵਾ ਵਿਦਿਆਰਥੀ ਦੇ ਮਾਪਿਆਂ ਦਾ ਸਤਿਕਾਰ ਵੀ ਇਸ ਸਨਮਾਨ ਸਮਾਗਮ ਸਮੇਂ ਕੀਤਾ ਜਾਵੇਗਾ। ਇਸ ਵਾਰ ਸਭ ਤੋਂ ਵੱਧ ਵਿਦਿਆਰਥੀ ਜਿਲ੍ਹਾ ਮੋਗਾ ਦੇ ਹਨ ਜਿਨ੍ਹਾਂ ਨੇ ਪੰਜਾਬੀ ਵਿਚ 150 ਵਿਚੋਂ 148 ਅੰਕ ਪ੍ਰਾਪਤ ਕੀਤੇ ਹਨ।

# ਪੰਜਾਬ ਦੀ ਤਬਾਹੀ ਦਾ ਕਾਰਨ ਹੈ, ਜੁਆਨੀ ਦਾ ਲਿਆਕਤ ਨਾਲੋਂ ਟੁੱਟਣਾ: ਗੁਰਭਜਨ ਗਿੱਲ

**ਸੇਲਮਾ, ਕੈਲੀਫੋਰਨੀਆ (ਬਿਊਰੋ):** "ਪੰਜਾਬ ਦੀ ਤਬਾਹੀ ਦਾ ਅਸਲ ਕਾਰਨ ਉਥੋਂ ਦੀ ਜਵਾਨੀ ਦਾ ਲਿਆਕਤ ਨਾਲੋਂ ਰਿਸ਼ਤਾ ਟੁੱਟਣਾ ਹੈ, ਇਹ ਸਿਸਟਮ ਦੀ ਤਬਾਹੀ ਦੇ ਲੱਛਣ ਹਨ।"

ਪੰਜਾਬ ਵਿਚ ਨਸ਼ਿਆਂ ਦੇ ਵਧ ਰਹੇ ਰੁਝਾਨ ਬਾਰੇ ਕਵੀ, ਚਿੰਤਕ ਅਤੇ ਪੰਜਾਬ ਸਾਹਿਤ ਅਕਾਦਮੀ ਦੇ ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ ਦਾ ਕਹਿਣਾ ਹੈ ਕਿ ਪੰਜਾਬ ਦਾ ਨੁਕਸਾਨ ਇਸ ਧਾਰਨਾ ਨੇ ਕੀਤਾ ਹੈ ਕਿ ਅਸੀਂ ਬਾਹੂਬਲੀ ਹਾਂ, ਅਸੀਂ ਖੜਗ ਭੁਜਾ ਹਾਂ। ਸ਼ਾਸਤਰਧਾਰੀਆਂ ਨੂੰ ਜਦੋਂ ਸ਼ਸ਼ਤਰਧਾਰੀ ਬਣਾਇਆ ਜਾਂਦਾ ਹੈ ਤਾਂ ਤਬਾਹੀ ਦਾ ਆਧਾਰ ਤਿਆਰ ਹੋ ਜਾਂਦਾ ਹੈ।

ਸਿੱਖ ਪਛਾਣ ਨੂੰ ਸਿਰਫ ਪੱਗ ਤੇ ਦਾੜੀ ਤੱਕ ਸੀਮਤ ਕਰਨ ਤੇ ਸਹਿਜਧਾਰੀ ਸਿੱਖਾਂ ਨੂੰ ਅਣਗੌਲਿਆਂ ਕਰਨ ਦੇ ਸੁਆਲ 'ਤੇ ਪ੍ਰੋ. ਗਿੱਲ ਨੇ ਚੁੱਪ ਕਰਨਾ ਹੀ ਚੰਗਾ ਸਮਝਿਆ ਤੇ ਸਫਾਈ ਦਿੱਤੀ ਕਿ ਹਰ ਸਿੱਖ ਨੂੰ ਦਿੱਖ ਦੇ ਹਾਣੀ ਬਣਨਾ ਚਾਹੀਦਾ ਹੈ।

ਆਪਣੀ ਹਾਲੀਆ ਅਮਰੀਕਾ ਫੇਰੀ ਦੌਰਾਨ ਸਥਾਨਕ ਅਸ਼ੋਕਾ ਹੋਟਲ ਵਿਚ ਇਕੱਠੇ ਹੋਏ ਲੇਖਕਾਂ, ਕਵੀਆਂ ਅਤੇਰੇਡੀਓ ਹੋਸਟਾਂ ਨਾਲ ਵਿਚਾਰ-ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਸਾਨੂੰ ਭਾਰਤ ਦੀ 'ਖੜਗ ਭੁਜਾ' ਵਜੋਂ ਤਿੜਾ ਕੇ 'ਲਿਆਕਤ ਅਤੇ ਗਿਆਨ' ਨਾਲ ਸਬੰਧਤ ਆਪਣੇ ਵਿਰਸੇ ਨਾਲੋਂ ਨਿਖੇੜ ਦਿੱਤਾ ਗਿਆ ਹੈ। ਸਾਨੂੰ ਇਸ ਗੱਲ 'ਤੇ ਮਾਣ ਕਰਨਾ ਭੁੱਲ ਗਿਆ ਹੈ ਕਿ ਰਿੱਗਵੇਦ ਵਰਗੀ ਪਹਿਲੇ ਗ੍ਰੰਥ ਦੀ ਰਚਨਾ ਪੰਜਾਬ ਵਿਚ ਹੋਈ ਸੀ। ਪਹਿਲੀ ਵਿਆਕਰਣ ਬਣਾਉਣ ਵਾਲਾ ਰਿਸ਼ੀ ਪਾਣਿਨੀ ਵੀ ਇਥੋਂ ਦਾ ਹੀ ਵਸਨੀਕ ਸੀ। ਟੈਕਸਲਾ ਵਰਗੀਆਂ ਯੂਨੀਵਰਸਿਟੀਆਂ ਵੀ ਇਥੇ ਹੀ ਬਣੀਆਂ।

ਪੰਜਾਬ ਖੇਤੀ ਯੂਨੀਵਰਸਿਟੀ ਵਿਚਲੀਆਂ ਆਪਣੀਆਂ ਯਾਦਾਂ ਸਾਂਝੀਆਂ ਕਰਦਿਆਂ ਡਾ. ਅਰਜਣ ਸਿੰਘ ਜੋਸਨ ਨੇ ਕਿਹਾ ਕਿ ਪ੍ਰੋ. ਗੁਰਭਜਨ ਗਿੱਲ ਨੇ ਯੂਨੀਵਰਸਿਟੀ ਵਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਪਰਚੇ 'ਨਵੀ ਖੇਤੀ' ਦੀ ਸੰਪਾਦਨ ਦਾ ਕੰਮ ਕਈ ਵਰ੍ਹੇ ਬਾਖੂਬੀ ਕੀਤਾ ਤੇ ਇਸ ਨੂੰ ਕਿਸਾਨਾਂ ਵਿਚ ਬਹੁਤ ਹਰਮਨ ਪਿਆਰਾ ਬਣਾਇਆ। ਨਸ਼ੇ ਬਾਰੇ ਹੁਣ ਪ੍ਰਗਟਾਈ ਜਾਂਦੀ ਚਿੰਤਾ ਬਾਰੇ ਡਾ. ਜੋਸਨ ਦਾ ਕਹਿਣਾ ਸੀ ਕਿ ਸ਼ਰਾਬ ਨਾਲ ਪੰਜਾਬੀਆਂ ਦੀ ਪੁਰਾਣੀ ਸਾਂਝ ਹੈ। ਇਸ ਦੀ ਪੁਸ਼ਟੀ ਕਰਦਿਆਂ ਪ੍ਰੋ. ਗਿੱਲ ਨੇ ਕਿਹਾ ਕਿ ਪਹਿਲਾਂ ਨਸ਼ੇ ਕਰਨ ਨੂੰ 'ਵੈਲ' ਸਮਝਿਆ ਜਾਂਦਾ ਸੀ, ਹੁਣ ਇਸ ਦੀ 'ਸਰਦਾਰੀ' ਸ਼ੁਰੂ ਹੋ ਗਈ ਹੈ।

ਅੱਜ ਦੇ ਨਿਘਾਰ 'ਤੇ ਚੋਟ ਕਰਦਿਆਂ ਪ੍ਰੋ. ਗਿੱਲ ਨੇ ਕਿਹਾ ਕਿ ਗਿਆਨਵਾਨ ਬੰਦੇ ਯੂਨੀਵਰਸਿਟੀਆਂ, ਕਾਲਜਾਂ 'ਚ ਬੰਦ ਹੋ ਗਏ ਹਨ। ਉਹ ਗ੍ਰੇਡਾਂ ਦੀ ਜੂਨ ਵਿਚ ਪੈ ਗਏ ਹਨ। ਇਸ ਨੂੰ 'ਚੂਹੇ ਦੌੜ' ਦਾ ਨਾਂ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਦਾ ਕੋਈ ਜੇਤੂ ਜਰਨੈਲ ਨਹੀਂ ਹੁੰਦਾ। ਅਸੀਂ ਆਪਣੇ ਨਾਇਕ ਦੀ ਇੱਜ਼ਤ ਕਰਨੀ ਵਿਸਾਰ ਦਿੱਤੀ ਹੈ। ਜੋ ਉਚੀ ਬੋਲਦਾ ਹੈ, ਉਹੀ ਸਾਡਾ ਨਾਇਕ ਬਣ ਜਾਂਦਾ ਹੈ, ਜੋ 'ਸ਼ਬਦ' ਦੀ ਗੱਲ ਕਰਦਾ ਹੈ, ਉਹ ਨਾਇਕ ਨਹੀਂ।

ਸਮਾਗਮ ਉਦੋਂ ਬਹਤੁ ਹੀ ਭਾਵੁਕ ਹੋ ਗਿਆ ਜਦੋਂ ਡਾ. ਨਰਿੰਦਰਪਾਲ ਸੰਧੂ ਨੇ ਚਾਰ ਦਹਾਕੇ ਪੁਰਾਣੇ ਪੰਜਾਬੀ ਦੇ ਪਰਚੇ ਕੱਢ ਕੇ ਸਰੋਤਿਆਂ ਨਾਲ ਸਾਂਝੇ ਕੀਤੇ ਜਿਨ੍ਹਾਂ ਵਿਚ ਗਦਰੀਆਂ ਦੇ ਰਸਾਲੇ 'ਗਦਰ ਦੀ ਗੂੰਜ' ਦਾ ਹੱਥ-ਲਿਖਤ ਅੰਕ ਵੀ ਸ਼ਾਮਲ ਸੀ। ਵਿਦਿਆਰਥੀ ਜੀਵਨ ਵਿਚ ਕੱਢੇ ਰਸਾਲੇ 'ਜੁਝਾਰ' ਵਿਚੋਂ ਨਜ਼ਮ ਪੜ੍ਹਦਿਆਂ ਉਸ ਨੇ ਦੱਸਿਆ ਕਿ ਇਸ ਵਿਚ ਪ੍ਰੋ. ਗਿੱਲ ਦੀ ਕਵਿਤਾ ਵੀ ਛਪੀ ਹੈ। ਉਨ੍ਹਾਂ ਦੇ ਸਾਂਝੇ ਸਾਹਿਤ ਨੂੰ ਦੇਖ ਕੇ ਕਵੀ ਸੰਤੋਖ ਮਿਨਹਾਸ ਅਤੇ ਸਾਧੂ ਸਿੰਘ ਸੰਘਾ ਨੇ ਕਿਹਾ ਕਿ ਇਹ ਸ਼ਬਦ ਨਾਲ ਮੁਹੱਬਤ ਦਾ ਸਬੂਤ ਹੈ।

ਇੰਡੋ ਯੂ. ਐਸ. ਹੈਰੀਟੇਜ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਿੰ. ਪ੍ਰੀਤਮ ਸਿੰਘ ਨਾਹਲ, ਗੁਰਦੀਪ ਨਿੱਝਰ ਤੋਂ ਇਲਾਵਾ ਵਿਚਾਰ-ਚਰਚਾ ਵਿਚ ਮਹਿੰਦਰ ਸਿੰਘ ਸੰਧਾਵਾਲੀਆ, ਅਵਤਾਰ ਗੋਂਦਾਰਾ, ਅਜਮੇਰ ਨਾਹਲ, ਗੁਰਨੇਕ ਸਿੰਘ ਰਾਏ, ਜਸ ਮਾਨ, ਰਾਮਪਾਲ ਸ਼ੁਕਲਾ ਅਤੇ ਰੁਪਿੰਦਰ ਗਿੱਲ ਨੇ ਹਿੱਸਾ ਲਿਆ। ਸਮਾਗਮ ਦਾ ਸੰਚਾਲਨ ਸ਼ਾਇਰ ਹਰਜਿੰਦਰ ਕੰਗ ਨੇ ਕੀਤਾ।


"Healthy Body & Healthy Mind"
Sikh Sports Association of USA proud to announce
9th Annual Games
Grand Sponsors
Harbans Ahluwalia Inder Dosanjh Jag Kapoor Raj Bhanot Rajinderpal Dhillon Charnjeet Bath Ravinder Singh Alok Bhatia Dr.Jasvir Gill Jasbir Thandi
SIKH SPORTS ASSOCIATION OF U.S.A.
July 25-26, 2015 • Saturday & Sunday
James Logan High School, Union City
(1800 H St, Union City, CA 94587)
• FREE ENTRANCE • FREE PARKING
Diamond Sponsors
Billy Bath Dr.Charanjeet Uppal Amolak Gakhal Harry Sidhu Sardool Samra Joe Johal Darshan Mundy Daljeet Sagoo Navdeep Grewal Dalwinder Dhoot
Narinder Sahota Sukhjit Nahal Paul Sihota Harmit Toor Bhagwant Mangat Raj Mangat Bhagdeep Dhaliwal Dr. J.S.Natt Jaswinder Gill Manraj Natt
Platinum Sponsors
Avtar Gill, Nijjar Bros, Jaswant Sra Balwinder Brar, Lakhwinder Brar Dr Hardev Mangat Att. Jaspreet Singh Pritam Grewal Sam Chatha Captain Aulakh Gary Singh Davinder Chana Avtar Dhami Gursharan Sekhon
Avtar Tari Kashmir Dhugga Iqbal Hundal Surjit Hothi Lakhbir Singh Amarjit Sidhu Sodesh Atwal Sukhdev Bainiwal Harjinder Johal Dr.SS Gill Manjit Sandhu Inderjit Thind Darshan Kahlon Mehnga Singh
Darshan Aujla Bikramjit Kahlon Jang Badesha Kirpal Khanna Iqbal Gakhal Shamsher Baraich Kashmir Shai Raj Chahal Jagmohan Kailey Avtar Heerey Amritpal Tiwana Late Swinder S.Kahlon Hardeep Aulakh Jagraj Sahota
Basketball Rana Kahlon 510.378.8560
Kabaddi Kulwant Nijjar 510.299.0224
Kabaddi Gurdawar Mann 510.468.9381
Track N Field Puran Singh 510.731.8531
Flag Football Raaj Raman 209.679.8326
Tennis Gurdarshan Chakkal 408.750.7191
Field Hockey Bhupinder Parmar 510.305.8351
Soccer Davinder Singh 510.552.1572
Volleyball Kuldeep Sidhu 925.890.4750
Register your team at www.sikhsports.com | Catering : Moonlight Indian Cuisine, Hayward
Sikh Sports Association is 501 3(c) non profit Organization | General Information 1.866.499.0032

## ਅਕਾਲੀ ਆਗੂ ਬਲਦੇਵ ਸਿੰਘ ਸੱਲ੍ਹਾਂ ਅਤੇ ਦਰਸ਼ਨ ਸਿੰਘ ਦਰੜ ਵਲੋਂ ਇੰਡੀਅਨਐਪੋਲਿਸ 'ਚ

# ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਦੇ ਸਵਾਗਤ 'ਚ ਸਮਾਗਮ

### ਤਸਵੀਰਾਂ ਦੀ ਜ਼ੁਬਾਨੀ



ਸ. ਪ੍ਰੇਮ ਸਿੰਘ ਚੰਦੂਮਾਜਰਾ





















*Sponsored Page*

# ਜਗਜੀਤ ਸਿੰਘ ਆਨੰਦ ਦੀ ਯਾਦ ਵਿਚ ਸਮਾਗਮ

**ਬੇਕਰਜ਼ਫੀਲਡ, ਕੈਲੀਫੋਰਨੀਆ (ਬਿਊਰੋ):** ਇੰਡੋ-ਅਮਰੀਕਨ ਕਲਚਰਲ










ਆਰਗੇਨਾਈਜੇਸ਼ਨ ਵੱਲੋਂ ਇਥੇ ਇੰਡੀਅਨ ਸਵੀਟਸ ਐਂਡ ਸਪਾਈਸਿਜ਼ ਦੇ ਹਾਲ ਵਿਚ ਕੀਤੀ ਗਈ ਭਰਵੀਂ ਮੀਟਿੰਗ ਵਿਚ ਕਾਮਰੇਡ ਜਗਜੀਤ ਸਿੰਘ ਆਨੰਦ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਦੋ ਮਿੰਟ ਦਾ ਮੌਨ ਰੱਖਿਆ ਗਿਆ। ਕਾਮਰੇਡ ਆਨੰਦ ਜੋ ਆਖਰੀ ਸਵਾਸ ਤੱਕ ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਮੁੱਖ ਸੰਪਾਦਕ ਰਹੇ, ਦੀ ਯਾਦ ਵਿਚ ਦੇਸ-ਵਿਦੇਸ਼ ਵਿਚ ਵੱਸਦਾ ਪੰਜਾਬੀ ਭਾਈਚਾਰਾ ਸਮਾਗਮ/ਮੀਟਿੰਗਾਂ ਕਰ ਰਿਹਾ ਹੈ।

ਮੀਟਿੰਗ ਦਾ ਆਰੰਭ ਕਰਦਿਆਂ ਆਰਗੇਨਾਈਜੇਸ਼ਨ ਦੇ ਸਕੱਤਰ ਸਵਰਨ ਸਿੰਘ ਸਿੱਧੂ ਨੇ ਮਰਹੂਮ ਕਾਮਰੇਡ ਆਨੰਦ ਦੇ ਜੀਵਨ ਬਾਰੇ ਮੁਢਲੀ ਜਾਣਕਾਰੀ ਦਿੱਤੀ। ਖ਼ਜ਼ਾਨਚੀ ਕਰਮਜੀਤ ਸਿੰਘ ਕੰਗ ਨੇ ਉਨ੍ਹਾਂ ਨਾਲ ਆਪਣੇ ਪਰਿਵਾਰ ਦੀ ਸਾਂਝ ਦਾ ਜ਼ਿਕਰ ਕੀਤਾ। ਹੈਡਮਾਸਟਰ ਬਲਬੀਰ ਸਿੰਘ, ਨੈਬ ਸਿੰਘ ਅਤੇ ਮਾਸਟਰ ਜਗਦੇਵ ਸਿੰਘ ਗਰੇਵਾਲ ਨੇ ਉਨ੍ਹਾਂ ਦੇ ਜੀਵਨ 'ਤੇ ਵਿਸਥਾਰ ਸਹਿਤ ਚਾਨਣਾ ਪਾਇਆ। ਬੀਬੀ ਕਰਨੈਲ ਕੌਰ (ਸ਼ਹੀਦ ਕਰਨੈਲ ਸਿੰਘ ਈਸੜੂ ਦੀ ਭੈਣ) ਨੇ ਉਨ੍ਹਾਂ ਨੂੰ ਆਜ਼ਾਦੀ ਘੁਲਾਟੀਆ



ਕਹਿੰਦਿਆਂ ਉਨ੍ਹਾਂ ਦੇ ਸਾਹਿਤਕ ਯੋਗਦਾਨ ਬਾਰੇ ਚਰਚਾ ਕੀਤੀ। ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਪਰਿਵਾਰ ਵਿਚੋਂ ਫਰਿਜ਼ਨੋ ਤੋਂ ਸ. ਕ੍ਰਿਪਾਲ ਸਿੰਘ (ਜੋ ਜਥੇਬੰਦੀ ਦੇ ਬਜ਼ੁਰਗ ਆਗੂ ਹਨ) ਅਤੇ ਸੁਖਦੇਵ ਸਿੰਘ ਬਾਜਵਾ ਨੇ ਸੋਗ ਸੁਨੇਹਾ ਭੇਜਿਆ ਜੋ ਸਰੋਤਿਆਂ ਨੂੰ ਪੜ੍ਹ ਕੇ ਸੁਣਾਇਆ ਗਿਆ।

ਜਥੇਬੰਦੀ ਦੇ ਡਾਇਰੈਕਟਰ ਕਸ਼ਮੀਰ ਸਿੰਘ ਕਾਂਗਣਾ ਨੇ ਕਾਮਰੇਡ ਆਨੰਦ ਦੇ ਵਿਛੋੜੇ ਨੂੰ ਸਮਾਜਕ, ਰਾਜਨੀਤਕ ਤੇ ਸਾਹਿਤਕ ਖੇਤਰ ਵਿਚ ਨਾ ਪੂਰਾ ਹੋਣ ਵਾਲਾ ਘਾਟਾ ਦੱਸਦਿਆਂ ਉਨ੍ਹਾਂ ਦੀਆਂ ਮੌਲਿਕ ਅਤੇ ਪੰਜਾਬੀ ਭਾਸ਼ਾ ਵਿਚ ਉਲਥਾਈਆਂ ਲਿਖਤਾਂ ਦਾ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਕਾਮਰੇਡ ਆਨੰਦ ਨੇ ਪੰਜਾਬੀ ਭਾਸ਼ਾ ਨੂੰ 21ਵੀਂ ਸਦੀ ਦੇ ਹਾਣ ਦਾ ਬਣਾਉਣ ਹਿੱਤ ਨਵੀਂ ਸ਼ਬਦਾਵਲੀ ਘੜਨ ਦਾ ਯਤਨ ਕੀਤਾ। ਇਸ ਮੌਕੇ ਨਵਾਂ ਜ਼ਮਾਨਾ ਐਤਵਾਰਤਾ ਦੇ ਉਚੇ ਸਾਹਿਤਕ ਮਿਆਰ ਦੀ ਗੱਲ ਵੀ ਚੱਲੀ। ਅੰਗਰੇਜ਼ਾਂ ਤੋਂ ਮੁਕਤੀ ਲਈ ਲੜੇ ਘੋਲ ਦੌਰਾਨ ਝੱਲੇ ਤਸੀਹਿਆਂ, ਜੇਲ੍ਹ ਯਾਤਰਾਵਾਂ ਤੇ ਗੁਪਤਵਾਸ ਦਾ ਵੀ ਵਿਸਥਾਰ ਸਹਿਤ ਵਰਨਣ ਕੀਤਾ ਗਿਆ। ਉਨ੍ਹਾਂ ਵੱਲੋਂ ਕਿਸਾਨਾਂ ਮਜ਼ਦੂਰਾਂ ਦੇ ਹੱਕਾਂ ਲਈ ਪਾਰਲੀਮੈਂਟ ਵਿਚ ਉਠਾਈ ਆਵਾਜ਼ ਬਾਰੇ ਵੀ ਗੱਲਾਂ ਹੋਈਆਂ।

ਸ. ਗਿਆਨ ਸਿੰਘ ਬਿਲਗਾ ਨੇ ਕਿਹਾ ਕਿ ਕਾਮਰੇਡ ਆਨੰਦ ਆਜ਼ਾਦੀ ਘੁਲਾਟੀਆ, ਉਚ ਪਾਏ ਦਾ ਜਥੇਬੰਦਕ, ਭਾਸ਼ਾ ਵਿਗਿਆਨੀ, ਕਲਮ ਦਾ ਧਨੀ ਅਤੇ ਲੋਕਾਂ ਨੂੰ ਕੀਲ ਲੈਣ ਵਾਲਾ ਬੁਲਾਰਾ ਸੀ। ਕੌਮੀ ਆਗੂਆਂ ਦੇ ਅੰਗਰੇਜ਼ੀ ਭਾਸ਼ਣ ਨਾਲੋ ਨਾਲ ਠੁਕ ਸਿਰ ਠੇਠ ਪੰਜਾਬੀ ਵਿਚ ਉਲਥਾਉਣ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ। ਉਹ ਆਗੂਆਂ ਦੇ ਆਗੂ ਸਨ ਅਤੇ ਉਨ੍ਹਾਂ ਨੂੰ ਸਮਾਜਕ ਰਿਸ਼ਤੇ ਨਿਭਾਉਣ ਦੀ ਵੀ ਜਾਚ ਸੀ। ਇਸੇ ਲਈ ਉਹ ਲੋਕਾਂ ਵਿਚ ਹਰਮਨ ਪਿਆਰੇ ਸਨ। ਅਖੀਰ ਵਿਚ ਵਿਨੋਦ ਕੰਬੋਜ (ਇੰਡੀਅਨ ਸਵੀਟਸ ਐਂਡ ਸਪਾਈਸਿਜ਼ ਦੇ ਮਾਲਕ) ਵੱਲੋਂ ਕੀਤੇ ਚਾਹ-ਪਾਣੀ ਦੇ ਪ੍ਰਬੰਧ ਦਾ ਜਥੇਬੰਦੀ ਨੇ ਧੰਨਵਾਦ ਕੀਤਾ। ਜਥੇਬੰਦੀ ਨੇ ਸ਼ਿਆਰਾ ਢੀਂਡਸਾ (ਓਮਨੀ ਵੀਡੀਓ) ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਸਾਰੀ ਕਾਰਵਾਈ ਨੂੰ ਕੈਮਰਾਬੰਦ ਕੀਤਾ।

# ਜੀ ਐਚ ਜੀ ਅਕੈਡਮੀ ਵਲੋਂ ਬੱਚਿਆਂ ਦੇ ਕੈਂਪ 10 ਤੋਂ

**ਫਰਿਜ਼ਨੋ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਜੀ ਐਚ ਜੀ ਅਕੈਡਮੀ ਵਲੋਂ 10 ਜੁਲਾਈ ਤੋਂ ਲਾਏ ਜਾ ਰਹੇ ਬੱਚਿਆਂ ਦੇ ਕੈਂਪਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਪ੍ਰਬੰਧਕੀ ਬੋਰਡ ਦੀ ਲੰਘੇ ਐਤਵਾਰ ਇਥੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ ਅਤੇ ਤਿਆਰੀਆਂ ਉਤੇ ਤਸੱਲੀ ਪ੍ਰਗਟਾਈ ਗਈ। ਇਨ੍ਹਾਂ ਕੈਂਪਾਂ ਦਾ ਪ੍ਰਬੰਧ ਅਕੈਡਮੀ ਦੇ ਯੂਥ ਵਿੰਗ ਵਲੋਂ ਕੀਤਾ ਜਾਂਦਾ ਹੈ।



10 ਜੁਲਾਈ ਤੋਂ 24 ਜੁਲਾਈ ਤਕ ਚਲਣ ਵਾਲੇ ਇਨ੍ਹਾਂ ਕੈਂਪਾਂ ਦੌਰਾਨ ਪੰਜਾਬੀ ਸਭਿਆਚਾਰ ਅਤੇ ਕਲਾ ਬਾਰੇ ਬੱਚਿਆਂ ਨੂੰ ਜਾਣੂ ਕਰਵਾਇਆ ਜਾਵੇਗਾ। ਕਲਾ ਦੀਆਂ ਬਾਰੀਕੀਆਂ ਤੋਂ ਜਾਣੂ ਕਰਵਾਉਣ ਲਈ ਡਾ ਦਲਜਿੰਦਰ ਸਿੰਘ ਜੌਹਲ ਦੀ ਅਗਵਾਈ ਹੇਠ ਕੌਮਾਂਤਰੀ ਪੱਧਰ ਦੇ ਕੋਚਾਂ ਦੀ ਸੇਵਾ ਲਈ ਜਾ ਰਹੀ ਹੈ। ਪ੍ਰਬੰਧਕਾਂ ਵਲੋਂ ਦਿਤੀ ਜਾਣਕਾਰੀ ਮੁਤਾਬਕ ਇਨ੍ਹਾਂ ਕੈਂਪਾਂ ਵਿਚ ਦਾਖਲਾ 10 ਜੁਲਾਈ ਨੂੰ ਪੰਜਾਬੀ ਸਕੂਲ ਵਿਚ ਸਾਢੇ ਚਾਰ ਵਜੇ ਤੋਂ ਹੋਵੇਗਾ। ਇਨ੍ਹਾਂ ਕੈਂਪਾਂ ਦੀ ਸਮਾਪਤੀ ਉਪਰੰਤ 25 ਜੁਲਾਈ ਨੂੰ ਇਕ ਕੌਮਾਂਤਰੀ ਯੂਥ ਮੇਲਾ ਹੋਵੇਗਾ ਜਿਸ ਵਿਚ ਸਾਰੇ ਬੱਚੇ ਆਪਣੀ ਕਲਾ ਦਾ ਮੁਜਾਹਰਾ ਕਰਨਗੇ। ਅੰਤਰਾਸ਼ਟਰੀ ਜੂਨੀਅਰ ਭੰਗੜਾ ਮੁਕਾਬਲੇ ਵਿਚ ਕੈਨੇਡਾ ਅਤੇ ਅਮਰੀਕਾ ਦੇ ਵਖ ਵਖ ਸ਼ਹਿਰਾਂ ਤੋਂ 14 ਟੀਮਾਂ ਹਿੱਸਾ ਲੈਣਗੀਆਂ।

ਹੋਰ ਜਾਣਕਾਰੀ ਲਈ ਗੁਰਦੀਪ ਸ਼ੇਰਗਿਲ (559-349-1481), ਤਰਨਜੀਤ ਕਲੇਰ (559-271-9097) ਜਾਂ ਪਰਮਜੀਤ ਸਿੰਘ ਧਾਲੀਵਾਲ (559-351-9465) ਨਾਲ ਸੰਪਰਕ ਕੀਤਾ ਜਾ ਸਕਦਾ ਹੈ।


Residential
New or Upgrade
High Definition
*Homes*
*Retail Stores*
*Restaurants*
Satellite Plus
Security cameras inc.
www.SPSecurityCameras.com



Commercial
New Or Upgrade
High Definition
*Hotels*
*Motels*
*Truck Stops*
Since 1995
559.226.1510
ACCREDITED BUSINESS A+



Northwest Truck Driving School
3241 Industrial Drive, Yuba City, CA 95993
ਨਾਰਥਵੈਸਟ ਟਰੱਕਿੰਗ ਕੰਪਨੀ ਨੇ ਯੂਬਾ ਸਿਟੀ ਵਿਚ ਆਪਣਾ ਟਰੱਕ ਡਰਾਈਵਿੰਗ ਸਕੂਲ ਖੋਲ੍ਹ ਦਿੱਤਾ ਹੈ

- ਇਥੇ $1200 ਵਿਚ Commercial A Class License ਲੈਣ ਲਈ 10 ਸਪੀਡ ਦੇ ਟਰੱਕ ਸਿਖਾਉਂਦੇ ਹਾਂ
- ਲਾਇਸੈਂਸ ਮਿਲਣ 'ਤੇ ਜੌਬ ਦੀ ਗਾਰੰਟੀ

Northwest Freightway
ਨੂੰ ਡਰਾਈਵਰਾਂ ਦੀ ਲੋੜ ਹੈ
40 ਸੈਂਟ ਪ੍ਰਤੀ ਮੀਲ



ਹੋਰ ਜਾਣਕਾਰੀ ਲਈ ਸੰਪਰਕ ਕਰੋ
ਗੁਰਪ੍ਰੀਤ ਸੰਘਾ, ਫੋਨ: 530-777-6737



ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

# ਉਦਾਸ ਨਸਲੇਂ ਵਾਲਾ ਅਬਦੁੱਲਾ ਹੁਸੈਨ



ਸਾਹਿਤ ਮੇਲੇ ਦੀ ਸਟੇਜ ਉਤੇ ਸਾਹਿਤ ਤੇ ਸ਼ਬਦਾਂ ਦਾ ਮੇਲਾ ਲਾਈ ਬੈਠਾ ਲੇਖਕ ਅਬਦੁੱਲਾ ਹੁਸੈਨ।

## ਕਲਾ ਪਰਿਕਰਮਾ

ਗੁਰਬਖ਼ਸ਼ ਸਿੰਘ ਸੋਢੀ

ਸਾਹਿਤ ਵਾਲੇ ਸੰਸਾਰ ਵਿਚ ਅਬਦੁੱਲਾ ਹੁਸੈਨ ਵਜੋਂ ਮਸ਼ਹੂਰ ਹੋਏ ਸ਼ਖ਼ਸ ਦਾ ਅਸਲ ਨਾਂ ਮੁਹੰਮਦ ਖਾਨ ਸੀ। ਸਵਾ ਚਾਰ ਸੌ ਸਫਿਆਂ ਦੇ ਆਪਣੇ ਪਲੇਠੇ ਨਾਵਲ 'ਉਦਾਸ ਨਸਲੇਂ' ਨਾਲ ਉਹਨੇ ਸਭ ਦਾ ਧਿਆਨ ਖਿੱਚ ਲਿਆ ਸੀ। ਇਸ ਨਾਵਲ ਦਾ ਉਸ ਨੇ ਖੁਦ ਹੀ ਅੰਗਰੇਜ਼ੀ ਵਿਚ ਅਨੁਵਾਦ ਕੀਤਾ, 'ਦਿ ਵੀਅਰੀ ਜੈਨੇਰੇਸ਼ਨਜ਼' ਅਤੇ ਇਸ ਨਾਵਲ ਨੇ ਉਸ ਨੂੰ ਸਾਹਿਤ ਦੀ ਦੁਨੀਆਂ ਵਿਚ ਅਮਰ ਕਰ ਦਿੱਤਾ। ਇਸ ਨਾਵਲ ਵਿਚ ਕਈ ਪੀੜ੍ਹੀਆਂ ਦੇ ਦੁਖਾਂਤ ਦੀਆਂ ਪਰਤਾਂ ਫਰੋਲੀਆਂ ਮਿਲਦੀਆਂ ਹਨ। ਇਸ ਰਚਨਾ ਲਈ ਉਸ ਨੂੰ 1963 ਦਾ ਐਡਮਜੀ ਸਾਹਿਤ ਪੁਰਸਕਾਰ ਮਿਲਿਆ ਸੀ।

ਅਬਦੁੱਲਾ ਹੁਸੈਨ ਲੋਕਾਂ ਦੇ ਦਿਲੋ-ਦਿਮਾਗ ਨੂੰ ਪੜ੍ਹਨ ਦਾ ਬੜਾ ਮਾਹਿਰ ਸੀ ਅਤੇ ਨਾਲ ਹੀ ਉਸ ਨੂੰ ਸਮਾਜ ਤੇ ਇਸ ਦੀਆਂ ਗੁੰਝਲਾਂ ਦੀ ਬੜੀ ਬਾਰੀਕ ਸਮਝ ਸੀ। ਮਨੁੱਖੀ ਮਨ ਦੀਆਂ ਗੁੰਝਲਾਂ ਨੂੰ ਉਹ ਪਿਆਜ ਦੇ ਛਿਲਕਿਆਂ ਵਾਂਗ, ਲਗਾਤਾਰ ਵਾਰੀ ਵਾਰੀ ਉਤਾਰਦਾ ਸੀ। ਮਨੁੱਖ ਅਤੇ ਸਮਾਜ ਦੀਆਂ ਇਹ ਪਰਤਾਂ ਪੜ੍ਹਦਿਆਂ ਪਾਠਕ ਦੰਗ ਹੀ ਤਾਂ ਰਹਿ ਜਾਂਦਾ ਹੈ। ਇਹ ਨਾਵਲ ਭਾਰਤ-ਪਾਕਿਸਤਾਨ ਵੰਡ ਤੋਂ ਬਾਅਦ ਲਿਖੀਆਂ, ਪੋਟਿਆਂ 'ਤੇ ਗਿਣੀਆਂ ਜਾਣ ਵਾਲੀਆਂ ਉਨ੍ਹਾਂ ਰਚਨਾਵਾਂ ਵਿਚੋਂ ਹੈ ਜਿਸ ਨੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਬੇਹੱਦ ਪ੍ਰਭਾਵਿਤ ਕੀਤਾ। ਇਸ ਨਾਵਲ ਨੂੰ ਪਾਠਕਾਂ ਵੱਲੋਂ ਹੁੰਗਾਰਾ ਵੀ ਬਹੁਤ ਵੱਡੇ ਪੱਧਰ ਉਤੇ ਮਿਲਿਆ। ਇਸ ਨਾਵਲ ਦੇ ਹੁਣ ਤੱਕ 40 ਅਡੀਸ਼ਨ ਛਪ ਚੁੱਕੇ ਹਨ ਅਤੇ



ਇਹ ਨਾਵਲ ਅੱਜ ਵੀ ਪਹਿਲਾਂ ਵਾਂਗ ਹੀ ਵਿਕ ਰਿਹਾ ਹੈ ਅਤੇ ਪੜ੍ਹਿਆ ਜਾ ਰਿਹਾ ਹੈ। ਇਹ ਨਾਵਲ ਅੱਜ ਤੱਕ ਕਦੀ ਆਊਟ ਆਫ ਪ੍ਰਿੰਟ ਨਹੀਂ ਹੋਇਆ।

ਅਬਦੁੱਲਾ ਹੁਸੈਨ ਦਾ ਜਨਮ 1931 ਨੂੰ ਗੁਜਰਾਤ (ਪੰਜਾਬ) ਵਿਚ ਹੋਇਆ। ਉਹਦਾ ਅੱਬਾ ਛੋਟਾ ਜ਼ਿਮੀਦਾਰ ਸੀ ਅਤੇ ਆਬਕਰ ਵਿਭਾਗ ਵਿਚ ਨੌਕਰੀ ਵੀ ਕਰਦਾ ਸੀ। ਅਬਦੁੱਲਾ ਨੇ ਗੁਜਰਾਤ ਦੇ ਜ਼ਿਮੀਦਾਰ ਕਾਲਜ ਤੋਂ ਗਰੈਜੂਏਸ਼ਨ ਕੀਤੀ ਅਤੇ ਫਿਰ ਇਕ ਸੀਮਿੰਟ ਫੈਕਟਰੀ ਵਿਚ ਬਤੌਰ ਕੈਮਿਸਟ ਨੌਕਰੀ ਜਾਇਨ ਕਰ ਲਈ। ਮਗਰੋਂ ਕੈਮੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਲਈ ਉਹ ਕੈਨੇਡਾ ਚਲਾ ਗਿਆ। ਫਿਰ ਉਹਨੇ ਇਕ ਡਾਕਟਰ ਨਾਲ ਵਿਆਹ ਕਰਵਾ ਲਿਆ ਅਤੇ ਉਨ੍ਹਾਂ ਦੇ ਵਿਹੜੇ ਵਿਚ ਇਕ ਪੁੱਤ ਤੇ ਇਕ ਧੀ ਆਏ। ਅਬਦੁੱਲਾ ਤਕਰੀਬਨ 40 ਸਾਲ ਇੰਗਲੈਂਡ ਵਿਚ ਰਹੇ। ਉਹ ਕੁਝ ਸਮਾਂ ਪਹਿਲਾਂ ਹੀ ਪਾਕਿਸਤਾਨ ਪਰਤਿਆ ਸੀ ਅਤੇ ਅੱਜ ਕੱਲ੍ਹ ਕੈਂਸਰ ਨਾਲ ਘੁਲ ਰਿਹਾ ਸੀ। ਆਖਰਕਾਰ 84 ਸਾਲ ਦੀ ਉਮਰ ਵਿਚ ਉਹਨੇ ਲਾਹੌਰ ਵਿਚ ਆਖਰੀ ਸਾਹ ਲਿਆ।

ਅਬਦੁੱਲਾ ਹੁਸੈਨ ਨੇ 'ਉਦਾਸ ਨਸਲੇਂ' ਤੋਂ ਇਲਾਵਾ 'ਬਾਗ਼', 'ਨਾਦਰ ਲੋਗ' ਅਤੇ 'ਕੈਦ' ਵਰਗੇ ਨਾਵਲ ਲਿਖ ਕੇ ਉਰਦੂ ਸਾਹਿਤ ਨੂੰ ਅਮੀਰ ਕੀਤਾ। ਉਹਨੇ ਕਹਾਣੀ ਸੰਗ੍ਰਿਹ 'ਨਸ਼ਾਇਬ' ਅਤੇ 'ਫਰੇਬ' ਵੀ ਛਪਵਾਏ। ਉਹਦੀ ਇਕ ਕਹਾਣੀ ਉਤੇ ਬੀ.ਬੀ.ਸੀ. ਨੇ ਫੀਚਰ ਫਿਲਮ ਬਣਾਈ ਜਿਸ ਦਾ ਨਾਂ 'ਬ੍ਰਦਰਜ਼ ਇਨ ਟ੍ਰਬਲ' ਰੱਖਿਆ ਗਿਆ। ਇਸ ਫਿਲਮ ਦੀ ਵੀ ਖੂਬ ਚਰਚਾ ਹੋਈ ਸੀ। ਅਬਦੁੱਲਾ ਦੀਆਂ ਰਚਨਾਵਾਂ ਦੀ ਖਾਸੀਅਤ ਇਨ੍ਹਾਂ ਦਾ ਸੰਘਣਾ ਬਿਰਤਾਂਤ ਹੈ। ਉਹ ਰਚਨਾਵਾਂ ਵਿਚ ਇੰਨੇ ਬਾਰੀਕ ਵੇਰਵੇ ਭਰਦਾ ਹੈ ਕਿ ਪੜ੍ਹਨ ਵਾਲਾ ਹੈਰਾਨ ਹੋ ਉਠਦਾ। ਇਸ ਬਿਰਤਾਂਤ ਵਿਚ ਉਹ ਜਿਹੜੇ ਸ਼ਬਦ ਜੜਦਾ, ਉਹ ਮੋਤੀਆਂ ਨਾਲੋਂ ਘੱਟ ਨਹੀਂ ਸਨ ਹੁੰਦੇ। ਸ਼ਬਦ ਜੜਤ ਦੇ ਮਾਮਲੇ ਵਿਚ ਉਸ ਦੀ ਕੋਈ ਰੀਸ ਨਹੀਂ ਸੀ। ਭਾਸ਼ਾ ਦਾ ਜਲਵਾ ਉਸ ਦੀਆਂ ਰਚਨਾਵਾਂ ਵਿਚ ਥਾਂ-ਪੁਰ-ਥਾਂ ਦੇਖਿਆ ਜਾ ਸਕਦਾ ਹੈ।







ਨਾਵਲ 'ਉਦਾਸ ਨਸਲੇਂ' ਦੇ ਉਰਦੂ ਅਤੇ ਹਿੰਦੀ ਅਡੀਸ਼ਨਾਂ ਦੇ ਟਾਈਟਲ।

### ਉਦਾਸ ਨਸਲੇਂ ਦੀ ਗੂੜ੍ਹੀ ਉਦਾਸੀ

*ਅਬਦੁੱਲਾ ਹੁਸੈਨ ਦੇ ਸ਼ਾਹਕਾਰ ਨਾਵਲ 'ਉਦਾਸ ਨਸਲੇਂ' ਦੀ ਉਦਾਸੀ ਦਾ ਰੰਗ ਬੜਾ ਗੂੜ੍ਹਾ ਹੈ। ਨਾਵਲਕਾਰ ਜਿਸ ਢੰਗ ਨਾਲ ਵਕਤ ਦੇ ਪਹੀਏ ਹੇਠ ਦਰੜੀ ਜਾ ਰਹੀ ਲੋਕਾਈ ਦਾ ਜ਼ਿਕਰ ਛੋਂਹਦਾ ਹੈ, ਇਕ ਵਾਰ ਤਾਂ ਕਾਲਜਾ ਪਾਟਣ ਨੂੰ ਆਉਂਦਾ ਹੈ। ਉਂਜ ਇਸੇ ਉਦਾਸੀ ਵਿਚ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਨੇਹਾ ਵੀ ਹੈ। ਅਸਲ ਵਿਚ ਇਸੇ ਸੱਚੇ ਸੁਨੇਹੇ ਲਈ ਹੀ ਅਬਦੁੱਲਾ ਹੁਸੈਨ ਲੋਕਾਈ ਨੂੰ ਇਸ ਉਦਾਸੀ ਦੇ ਦੀਦਾਰ ਕਰਵਾਉਂਦਾ ਹੈ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਜੁਲਾਈ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-177



*ਜ਼ਿੰਦਗੀ ਦਾ ਹੀ ਬਦਲ ਗਿਆ ਏ, ਸਾਰਾ ਤਾਣਾ ਬਾਣਾ।*
*ਕਿੱਦਾਂ ਫਿਰ ਉਹ ਰਹਿ ਸਕਦਾ ਸੀ, ਪਹਿਲਾ ਜਿਹਾ ਲੁਧਿਆਣਾ।*
*ਫੀਲਡਗੰਜ ਦਾ ਵੱਜਦਾ ਭਾਵੇਂ, ਹੁਣ ਵੀ ਪੂਰਾ ਵਾਜਾ।*
*ਪਰ ਇੱਟਾਂ ਇਹ ਦੱਸਦੀਆਂ ਨੇ, ਢਹਿ ਜੂ'ਗਾ ਦਰਵਾਜ਼ਾ।*

## ਕੈਪਸ਼ਨ ਮੁਕਾਬਲਾ-175



ਖੁਸ਼ ਕਰਨ ਲਈ ਪੀਰਾਂ ਤਾਈਂ
ਅਸੀਂ ਢੋਲ ਵਜਾਈ ਜਾਂਦੇ ਹਾਂ।
ਵੱਜਦੇ ਢੋਲ ਦੀ ਤਾਲ ਦੇ ਉਪਰ
ਸਭ ਸਿਰ ਘੁਮਾਈ ਜਾਂਦੇ ਹਾਂ।
ਰੰਗ-ਬਰੰਗੀਆਂ ਟੰਗ ਚੁੰਨੀਆਂ
ਚੜ੍ਹਾਵਾ ਚੜ੍ਹਾਈ ਜਾਂਦੇ ਹਾਂ।
ਦੁਨੀਆਂ ਕਿੱਥੋਂ ਕਿੱਥੇ ਪਹੁੰਚ ਗਈ
ਅਸੀਂ ਟਿੱਚਰਾਂ ਕਰਾਈ ਜਾਂਦੇ ਹਾਂ।

*-ਜਗਮੀਤ ਸਿੰਘ ਪੰਧੇਰ*
*ਪਿੰਡ: ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਧਰਮ ਦੇ ਨਾਂ 'ਤੇ ਭੇਖੀ ਬੰਦੇ
ਕਿਵੇਂ ਦੁਕਾਨਾਂ ਚਲਾਉਂਦੇ।
ਪੁੱਠੀਆਂ ਸਿੱਧੀਆਂ ਕਰਕੇ ਗੱਲਾਂ
ਵਿਚ ਜਾਲ ਦੇ ਫਸਾਉਂਦੇ।
ਕੰਮ-ਚੋਰ ਤੇ ਵਿਹਲੜ ਬੰਦੇ
ਗੁਣ ਉਨ੍ਹਾਂ ਦੇ ਗਾਉਂਦੇ।
ਤਾਂਹੀਂ ਤਾਂ ਫਿਰ ਹਾਰੀ ਸਾਰੀ
ਡਗਾ ਢੋਲ 'ਤੇ ਲਾਉਂਦੇ।

*-ਰਾਮ ਕੁਮਾਰ ਐਸ਼ ਜਾਜਾ*

ਅੰਧ-ਵਿਸ਼ਵਾਸੀ ਨੇ ਪੈਰ ਪਸਾਰੇ
ਹਰ ਪਾਸੇ ਹੋਈ ਬੱਲੇ ਬੱਲੇ।
ਭਗਤਾਂ ਦੇ ਪੈਰੀਂ ਟੁੱਟੀਆਂ ਚੱਪਲਾਂ
ਬਾਬੇ ਪਾਈ ਫਿਰਦੇ ਮੁੰਦੀਆਂ-ਛੱਲੇ।
ਢੋਲ ਵਜਾ ਕੇ ਗਿੱਧੇ ਪਾ ਕੇ
ਕਹਿੰਦੇ ਰੱਬ ਸੌਖਿਆਂ ਹੀ ਮਿਲਦਾ।
ਪੜ੍ਹਨ-ਲਿਖਣ ਦੀ ਲੋੜ ਕੋਈ ਨਹੀਂ
ਬਿਨਾ ਗਿਆਨ ਤੋਂ ਹੀ ਦਿਲ ਖਿਲਦਾ।
ਜੇ ਅਗਿਆਨਤਾ ਭਾਰੂ ਹੋ ਜਾਂਦੀ
ਕਦੋਂ ਦਾ ਸਾਇੰਸ ਦਾ ਭੋਗ ਪੈ ਜਾਂਦਾ।
'ਬ੍ਰਹਮ ਕਣ' ਲੱਭਣ ਦੀ ਲੋੜ ਨਹੀਂ ਸੀ
ਸੋਮਾ ਗਿਆਨ ਦਾ ਕਦੋਂ ਦਾ ਸੁੱਕ ਜਾਂਦਾ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

---

ਇਹ ਹਨ ਵਿਹਲੜ ਲੋਟੂ
ਖੋਲ੍ਹ ਧਰਮ ਦੇ ਨਾਂ 'ਤੇ ਦੁਕਾਨਾਂ,
ਅਖਵਾਉਂਦੇ ਪੀਰ ਮਜ਼ਾਰ ਦਾ
ਜਾਂ ਫਿਰ ਵੰਨ-ਸੁਵੰਨੇ ਡੇਰੇ।
ਲਾ ਕੇ ਹਰੇ, ਲਾਲ, ਪੀਲੇ ਝੰਡੇ
ਲਟ ਲਟ ਬਲਣ ਤੇਲ ਦੇ ਦੀਵੇ।
ਬਾਂਸਾਂ 'ਤੇ ਬੰਨ੍ਹੀਆਂ ਚੁੰਨੀਅ, ਅੱਟੇ
ਲੱਗਦਾ ਮੇਲੇ ਖਲਕਤ ਆਉਂਦੀ ਭਾਰੀ।
ਵੱਜਦੇ ਵਾਜੇ ਅਤੇ ਡਗੇ ਢੋਲ 'ਤੇ
ਜ਼ਿੰਦਗੀ ਤੋਂ ਪ੍ਰੇਸ਼ਾਨ ਨਿਆਸਰੇ
ਰਗੜ ਰਗੜ ਮੱਥੇ ਤੁਰਦੇ ਨੰਗੇ ਪੈਰੀਂ।
ਰੱਖ ਆਸਾਂ ਚੜ੍ਹਾਵੇ ਦਿੰਦੇ
ਲੱਭਦੇ ਹੱਲ ਬੀਮਾਰੀ ਦਾ
ਕਰ ਕਰ ਲੰਮੀਆਂ ਅਰਦਾਸਾਂ।
ਇਹ ਅਨਪੜ੍ਹਤਾ ਇਹ ਭਰਮ ਵਹਿਮ
ਆਓ ਰਲ ਜੜ੍ਹ ਵੱਢੀਏ ਮਰਜ ਦੀ
ਸਿਰਜੀਏ ਅਗਾਂਹਵਧੂ ਸਮਾਜ।

*-ਦਰਸ਼ਨਪਾਲ ਦੋਸਾਂਝ*

# Dr. B R Ambedkar Birthday Celebration



ਮਨੁੱਖੀ ਬਰਾਬਰੀ ਦੇ ਅਲੰਬਰਦਾਰ
ਅਤੇ ਦਲਿਤਾਂ ਦੇ ਮਸੀਹੇ

## ਡਾ. ਬੀ ਆਰ ਅੰਬੇਦਕਰ

ਦੇ 124ਵੇਂ ਜਨਮ ਦਿਹਾੜੇ 'ਤੇ

## ਵਿਸ਼ੇਸ਼ ਸਮਾਗਮ

**19 ਜੁਲਾਈ 2015 (ਐਤਵਾਰ)**

*ਸ਼ਾਮੀ 5 ਤੋਂ 11 ਵਜੇ ਤੱਕ*

**Holiday Inn Express**
9175 W. Stockton Blvd., Elk Grove, CA 95758
(916) 478-9000

ਬੇਗਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਸੈਕਰਾਮੈਂਟੋ ਵਲੋਂ ਜਾਤ-ਪਾਤ ਦਾ ਕੋਹੜ ਮੂਲੋਂ ਉਖੇੜਨ ਲਈ ਜੂਝਦੇ ਰਹੇ, ਦਲਿਤਾਂ ਦੇ ਮਸੀਹੇ ਅਤੇ ਭਾਰਤੀ ਸੰਵਿਧਾਨ ਦੇ ਘਾੜੇ ਬਾਬਾ ਸਾਹਿਬ ਡਾ. ਬੀ ਆਰ ਅੰਬੇਦਕਰ ਦਾ 124ਵਾਂ ਜਨਮ ਦਿਹਾੜਾ ਆਉਂਦੀ 19 ਜੁਲਾਈ ਨੂੰ ਇਥੇ ਐਲਕ ਗਰੂਵ ਦੇ ਹਾਲੀਡੇ ਇਨ ਐਕਸਪ੍ਰੈਸ ਹੋਟਲ ਵਿਚ ਸ਼ਾਮੀ 5 ਵਜੇ ਤੋਂ 11 ਵਜੇ ਤੱਕ ਮਨਾਇਆ ਜਾਵੇਗਾ। ਡਾ. ਅੰਬੇਦਕਰ ਦੀ ਫਿਲਾਸਫੀ ਦੇ ਪ੍ਰਸੰਸਕਾਂ ਅਤੇ ਸਮੂਹ ਮਾਈ-ਭਾਈ ਨੂੰ ਸਾਡੀ ਬੇਨਤੀ ਹੈ ਕਿ ਇਸ ਸਮਾਗਮ ਵਿਚ ਸ਼ਾਮਲ ਹੋ ਕੇ ਬਾਬਾ ਸਾਹਿਬ ਦੇ ਮਿਸ਼ਨ ਅਤੇ ਉਨ੍ਹਾਂ ਦੇ ਵਿਜ਼ਨ ਬਾਰੇ ਜਾਣਕਾਰੀ ਹਾਸਲ ਕਰੋ ਜੀ। ਆਓ, ਸਾਰੇ ਰਲ ਕੇ ਉਨ੍ਹਾਂ ਦਾ ਜਨਮ ਦਿਹਾੜਾ ਮਨਾਈਏ।

**ਹੋਰ ਜਾਣਕਾਰੀ ਲਈ ਸੰਪਰਕ ਕਰੋ**

ਮੋਹਿੰਦਰ ਸਿੰਘ ਧਾਮੀ (916) 261-5972 ਜਸਵੰਤ ਸ੍ਰੀਮਾਰ (916) 293-6030
ਜੋਗਿੰਦਰ ਚੁੰਬਰ (916) 439-4043 ਰਮੇਸ਼ ਬੰਗੜ (916) 715-3441
ਜਸਵਿੰਦਰ ਬੰਗਾ (916) 796-5003

**ਜਾਰੀ ਕਰਤਾ: ਰਾਜ ਬੱਧਣ**

**Begumpura Education & Cultural Society of Sacramento & all Sangat of Sacramento**
**6221 16th Street, Rio Linda, CA 95673**

# ਸੁਰੱਖਿਆ ਦਲਾਂ ਵਿਚ ਭਰਤੀ ਪੱਖੋਂ ਪੰਜਾਬੀ ਮੋਹਰੀ

**ਚੰਡੀਗੜ੍ਹ:** ਭਾਰਤੀ ਫੌਜ ਵਿਚ ਪਿਛਲੇ ਸਾਲ ਸਾਰੇ ਸੂਬਿਆਂ ਨਾਲੋਂ **ਵੱਧ** ਭਰਤੀ ਪੰਜਾਬ ਵਿਚੋਂ ਹੋਈ ਹੈ। ਇਨ੍ਹਾਂ ਅੰਕੜਿਆਂ ਨੇ ਫੌਜ ਵਿਚ ਪੰਜਾਬੀਆਂ ਦੀ ਗਿਣਤੀ ਘਟਣ ਬਾਰੇ ਫੈਲਾਈਆਂ ਜਾ ਰਹੀਆਂ ਅਫ਼ਵਾਹਾਂ ਨੂੰ ਤੱਥਾਂ ਨਾਲ ਰੱਦ ਕਰ ਦਿੱਤਾ ਹੈ। ਪਿਛਲੇ ਸਾਲ ਪੰਜਾਬ ਵਿਚੋਂ ਤਕਰੀਬਨ 5000 ਜਵਾਨਾਂ ਦੀ ਭਰਤੀ ਕੀਤੀ ਗਈ ਹੈ ਜੋ ਕਿ ਮੁਲਕ ਭਰ ਵਿਚ ਸਭ ਤੋਂ ਵੱਧ ਹੈ। ਤਿੰਨ ਸਾਲ ਪਹਿਲਾਂ ਤੱਕ ਇਹ ਗਿਣਤੀ ਸਿਰਫ 3000 ਤੱਕ ਸੀਮਤ ਸੀ ਅਤੇ ਹੁਣ ਇਹ ਵਧ ਕੇ ਤਕਰੀਬਨ ਦੁੱਗਣੀ ਹੋ ਗਈ ਹੈ। 2011 ਦੀ ਮਰਦਮਸ਼ੁਮਾਰੀ ਮੁਤਾਬਕ ਪੰਜਾਬ ਤੋਂ ਫ਼ੌਜ ਵਿਚ ਭਰਤੀ ਦਾ ਕੋਟਾ 2.34 ਫ਼ੀਸਦੀ ਹੈ ਜੋ ਕਿ ਸਮੁੱਚੇ ਦੇਸ਼ ਵਿਚ ਵੱਧ ਹੈ। ਇਸ ਸਮੇਂ ਮੁਲਕ ਵਿਚ ਜੂਨੀਅਰ ਕਮਿਸ਼ਨਡ ਅਫ਼ਸਰਾਂ (ਜੇ.ਸੀ.ਓਜ਼.) ਤੇ ਹੋਰ ਰੈਂਕਾਂ ਦੀਆਂ ਕੁੱਲ 60,000 ਖਾਲੀ ਆਸਾਮੀਆਂ ਵਿਚੋਂ ਪੰਜਾਬ ਦਾ ਕੋਟਾ 1400 ਹੈ ਅਤੇ ਇਹ ਵੀ ਸਾਰੇ ਸੂਬਿਆਂ ਤੋਂ ਵੱਧ ਹੈ।



ਭਾਰਤੀ ਥਲ ਸੈਨਾ ਵਿਚ ਭਰਤੀ ਸੈੱਲ ਦੇ ਡਾਇਰੈਕਟਰ ਜਨਰਲ ਲੈਫ਼ਟੀਨੈਂਟ ਜਨਰਲ ਆਰ.ਐੱਨ. ਨਾਇਰ ਅਨੁਸਾਰ ਪੰਜਾਬ ਹਾਲੇ ਵੀ ਸੁਰੱਖਿਆ ਦਲਾਂ ਦੀ ਭਰਤੀ ਵਿਚ ਮੋਹਰੀ ਹੈ। ਪੰਜਾਬੀਆਂ ਨੂੰ ਸੁਰੱਖਿਆ ਸੈਨਾਵਾਂ ਵਿਚ ਭਰਤੀ ਲਈ ਉਤਸ਼ਾਹਿਤ ਕਰਨ ਤੇ ਲੋੜੀਂਦੀਆਂ ਸਹੂਲਤਾਂ ਅਤੇ ਅਗਵਾਈ ਦੇਣ ਲਈ ਉੱਤਰੀ ਭਾਰਤ ਦਾ ਪਹਿਲਾ ਤੇ ਮੁਲਕ ਦਾ ਚੌਥਾ ਸਿਲੈਕਸ਼ਨ ਸੈਂਟਰ ਹਾਲ ਦੀ ਘੜੀ ਆਰਜ਼ੀ ਤੌਰ ਉੱਤੇ ਕਪੂਰਥਲੇ ਵਿਚ ਸ਼ੁਰੂ ਕੀਤਾ ਗਿਆ ਹੈ। ਇਹ ਸੈਂਟਰ ਬਾਅਦ ਵਿਚ ਇਸ ਮੰਤਵ ਲਈ ਰੋਪੜ ਵਿਚ ਉਸਾਰੇ ਜਾ ਰਹੇ ਸੈਂਟਰ ਵਿਖੇ ਪੱਕੇ ਤੌਰ ਉੱਤੇ ਸਥਾਪਤ ਹੋ ਜਾਵੇਗਾ। ਗ਼ੌਰਤਲਬ ਹੈ ਕਿ ਇਸ ਸਮੇਂ ਭਾਰਤੀ ਸੈਨਾ ਵਿਚ ਤਕਰੀਬਨ 7000 ਅਧਿਕਾਰੀਆਂ ਦੀਆਂ ਆਸਾਮੀਆਂ ਖਾਲੀ ਹਨ ਜਿਨ੍ਹਾਂ ਵਿਚੋਂ ਤਕਰੀਬਨ 1200 ਸਮੁੰਦਰੀ ਤੇ 2000 ਹਵਾਈ ਸੈਨਾ ਵਿਚ ਖਾਲੀ ਹਨ।

ਪੰਜਾਬ ਵਿਚ ਸਥਾਪਤ ਕੀਤਾ ਗਿਆ ਇਹ ਸੈਂਟਰ ਪੰਜਾਬ ਤੋਂ ਇਲਾਵਾ ਉੱਤਰੀ ਭਾਰਤ ਦੇ ਦੂਜੇ ਸੂਬਿਆਂ ਦੇ ਨੌਜਵਾਨਾਂ ਨੂੰ ਫ਼ੌਜ ਵਿਚ ਅਧਿਕਾਰੀਆਂ ਦੇ ਤੌਰ ਉਤੇ ਭਰਤੀ ਹੋਣ ਲਈ ਉਤਸ਼ਾਹਿਤ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਇਸ ਕਾਰਜ ਲਈ ਲੋੜੀਂਦੀ ਤਿਆਰੀ ਕਰਨ ਵਿਚ ਵੀ ਮਦਦਗਾਰ ਸਾਬਤ ਹੋਵੇਗਾ।

ਭਰਤੀ ਸਮੇਂ ਹੋਣ ਵਾਲੀ ਭਾਰੀ ਭੀੜ ਨੂੰ ਕੰਟਰੋਲ ਕਰਨ ਲਈ ਸੈਨਾ ਅਧਿਕਾਰੀਆਂ ਵੱਲੋਂ ਭਵਿੱਖ ਵਿਚ ਆਨਲਾਈਨ ਰਜਿਸਟਰੇਸ਼ਨ ਪ੍ਰਣਾਲੀ ਸ਼ੁਰੂ ਕਰਨ ਨਾਲ ਭਰਤੀ ਦੇ ਇੱਛੁਕ ਨੌਜਵਾਨਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਜਿਹਾ ਕਰਨਾ ਉਨ੍ਹਾਂ ਲਈ ਜਿਥੇ ਕਾਫ਼ੀ ਗੁੰਝਲਦਾਰ ਕਾਰਜ ਹੋਵੇਗਾ, ਉਥੇ ਆਨਲਾਈਨ ਅਪਲਾਈ ਕਰਵਾਉਣ ਵਾਲੀਆਂ ਦੁਕਾਨਾਂ ਨਾਮੀ ਸੈਂਟਰਾਂ ਉਨ੍ਹਾਂ ਦੀ ਲੁੱਟ ਵੀ ਕਰਨਗੇ। ਇਸ ਤੋਂ ਇਲਾਵਾ ਦਲਾਲਾਂ ਦਾ ਘੇਰਾ ਵੀ ਇਸ ਨਾਲ ਹੋਰ ਵਧਣ ਦੀ ਸੰਭਾਵਨਾ ਹੈ। ਬਿਨਾਂ ਸ਼ੱਕ, ਆਨਲਾਈਨ ਰਜਿਸਟ੍ਰੇਸ਼ਨ ਨਾਲ ਭਰਤੀ ਰੈਲੀ ਸਮੇਂ ਭਾਰੀ ਭੀੜ ਕਾਰਨ ਹੋਣ ਵਾਲੀਆਂ ਸਮੱਸਿਆਵਾਂ ਘਟਣਗੀਆਂ ਪਰ ਇਸ ਨਾਲ ਭਰਤੀ ਦੇ ਇੱਛੁਕਾਂ ਨੂੰ ਅਪਲਾਈ ਕਰਨ ਵਿਚ ਔਕੜਾਂ ਜ਼ਰੂਰ ਆਉਣਗੀਆਂ। ਭਾਰਤੀ ਸੈਨਾ ਵੱਲੋਂ ਪੰਜਾਬ ਦੇ ਨੌਜਵਾਨਾਂ ਨੂੰ ਫ਼ੌਜ ਦੇ ਵੱਖ-ਵੱਖ ਅੰਗਾਂ ਵਿਚ ਭਰਤੀ ਲਈ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਕਦਮ ਚੁੱਕੇ ਜਾ ਰਹੇ ਹਨ। ਫ਼ੌਜ ਵਿਚ ਨੌਕਰੀਆਂ ਦੇ ਵਧ ਰਹੇ ਮੌਕਿਆਂ ਤੇ ਭਰਤੀ ਦਾ ਰਾਹ ਸੁਖਾਲਾ ਹੋਣ ਨਾਲ ਪੰਜਾਬੀ ਨੌਜਵਾਨਾਂ ਦਾ ਨਸ਼ਿਆਂ ਵੱਲੋਂ ਰੁਝਾਨ ਹਟ ਕੇ ਆਪਣੀ ਸਰੀਰਕ ਸਿਹਤ ਮਜ਼ਬੂਤ ਕਰਨ ਵੱਲ ਵਧ ਰਿਹਾ ਹੈ।

## ਸਰਕਾਰੀ ਵਿਭਾਗਾਂ 'ਚ ਮੁਲਾਜ਼ਮਾਂ ਦੀ ਤੋਟ

**ਚੰਡੀਗੜ੍ਹ:** ਪੰਜਾਬ ਦੇ ਜ਼ਿਆਦਾਤਰ ਸਰਕਾਰੀ ਵਿਭਾਗ ਮੁਲਾਜ਼ਮਾਂ ਦੀ ਤੋਟ ਨਾਲ ਜੂਝ ਰਹੇ ਹਨ। ਇਕੱਲੇ ਆਬਕਾਰੀ ਤੇ ਕਰ ਵਿਭਾਗ ਵਿਚ ਕਲਰਕਾਂ ਦੀਆਂ 50 ਫੀਸਦੀ ਅਸਾਮੀਆਂ ਖਾਲੀ ਹੋਣ ਕਾਰਨ ਦਫਤਰੀ ਕੰਮ ਰੱਬ ਆਸਰੇ ਚੱਲ ਰਿਹਾ ਹੈ। ਪੰਜਾਬ ਸਟੇਟ ਮਨਿਸਟੀਰੀਅਲ ਸਟਾਫ ਐਸੋਸੀਏਸ਼ਨ (ਆਬਕਾਰੀ ਤੇ ਕਰ ਵਿਭਾਗ) ਪੰਜਾਬ ਵੱਲੋਂ ਪਹਿਲਾਂ ਹੀ 23 ਜੂਨ ਤੋਂ ਲੜੀਵਾਰ ਭੁੱਖ-ਹੜਤਾਲ ਦੀ ਚਲਾਈ ਗਈ। ਇਸ ਵਿਭਾਗ ਵਿਚ ਕਲਰਕਾਂ ਦੀਆਂ 603 ਮਨਜ਼ੂਰਸ਼ੁਦਾ ਅਸਾਮੀਆਂ ਹਨ ਜਦਕਿ ਪਿਛਲੇ 3 ਸਾਲਾਂ ਤੋਂ ਇਨ੍ਹਾਂ ਵਿਚੋਂ 300 ਖਾਲੀ ਪਈਆਂ ਹਨ।

ਇਸ ਵਿਭਾਗ ਵਿਚ ਮੁਲਾਜ਼ਮਾਂ ਦੀਆਂ ਤਰੱਕੀਆਂ ਤੇ ਰਿਟਾਇਰਮੈਂਟਾਂ ਸਮੇਤ ਮੌਤਾਂ ਹੋਣ ਦੀ ਸੂਰਤ ਵਿਚ ਖਾਲੀ ਹੋ ਰਹੀਆਂ ਅਸਾਮੀਆਂ ਦਾ ਸਾਲਾਂ ਤੋਂ ਨਾਲੋ-ਨਾਲ ਭੋਗ ਪਾਇਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸਮੂਹ ਵਿਭਾਗਾਂ ਵਿਚ ਕਿਸੇ ਵੀ ਹਾਲਤ ਵਿਚ ਖਾਲੀ ਹੁੰਦੀਆਂ ਫੀਡਰ ਪੋਸਟਾਂ ਖ਼ਤਮ ਕਰਨ ਦੇ ਆਦੇਸ਼ ਦਿੱਤੇ ਗਏ ਹਨ, ਜਿਸ ਤਹਿਤ ਇਹ ਵਰਤਾਰਾ ਚੱਲ ਰਿਹਾ ਹੈ। ਇਸ ਵਿਭਾਗ ਵਿਚ ਮਨਿਸਟੀਰੀਅਲ ਸਟਾਫ ਦਾ ਆਬਕਾਰੀ ਤੇ ਕਰ ਅਫਸਰ ਦਾ 12.5 ਫੀਸਦੀ ਪ੍ਰਮੋਸ਼ਨਲ ਕੋਟਾ ਪਹਿਲਾਂ ਹੀ ਖ਼ਤਮ ਕੀਤਾ ਜਾ ਚੁੱਕਿਆ ਹੈ।

## ਭਾਈ ਮਹਾਰਾਜ ਸਿੰਘ ਨਾਲ ਸਬੰਧਤ ਚੀਜ਼ਾਂ ਦੀ ਪ੍ਰਦਰਸ਼ਨੀ

**ਸਿੰਗਾਪੁਰ:** ਸਿੰਗਾਪੁਰ ਦੇ ਸਿੱਖਾਂ ਨੇ ਭਾਈ ਮਹਾਰਾਜ ਸਿੰਘ ਨਾਲ ਸਬੰਧਤ ਚੀਜ਼ਾਂ ਦੀ ਪ੍ਰਦਰਸ਼ਨੀ ਲਾਈ ਹੈ। ਭਾਈ ਮਹਾਰਾਜ ਸਿੰਘ ਆਜ਼ਾਦੀ ਘੁਲਾਟੀਏ ਸਨ ਤੇ ਉਨ੍ਹਾਂ ਦੀ 1856 ਵਿਚ ਪੰਜ ਜੁਲਾਈ ਨੂੰ ਹੀ ਅੰਗਰੇਜ਼ਾਂ ਦੀ ਹਿਰਾਸਤ ਵਿਚ ਮੌਤ ਹੋ ਗਈ ਸੀ। ਦੋ ਦਿਨਾਂ ਦੀ ਇਹ ਪ੍ਰਦਰਸ਼ਨੀ ਸਥਾਨਕ ਗੁਰਦੁਆਰਾ ਸਾਹਿਬ ਵਿਖੇ ਕੇਂਦਰੀ ਸਿੱਖ ਗੁਰਦੁਆਰਾ ਬੋਰਡ ਵੱਲੋਂ ਲਾਈ ਗਈ। ਇਹ ਭਾਈ ਮਹਾਰਾਜ ਸਿੰਘ ਦੇ ਮਾਣ ਵਿਚ ਇਕ ਮਹੀਨੇ ਤੱਕ ਚੱਲਣ ਵਾਲੇ ਸਮਾਗਮਾਂ ਦਾ ਹਿੱਸਾ ਹੈ। ਇਸ ਪ੍ਰਦਰਸ਼ਨੀ ਵਿਚ ਭਾਈ ਮਹਾਰਾਜ ਸਿੰਘ ਦੀਆਂ ਵਿਅਕਤੀਗਤ ਚੀਜ਼ਾਂ ਰੱਖੀਆਂ ਗਈਆਂ ਹਨ ਜਿਨ੍ਹਾਂ ਵਿਚ ਸਲੋਤਰ (ਹਥਿਆਰ ਤੇ ਸਹਾਰੇ ਵਜੋਂ ਵਰਤਿਆ ਜਾਣ ਵਾਲਾ ਲੱਕੜੀ ਦਾ ਡੰਡਾ), ਦਸਤਾਰ ਚੱਕਰ ਤੇ ਮਾਲਾ ਸ਼ਾਮਲ ਹਨ। ਸਿੰਗਾਪੁਰ ਦੇ ਉਪ ਪ੍ਰਧਾਨ ਮੰਤਰੀ ਥਰਮਨ ਸ਼ਨਮੁਗਾਰਤਨਮ ਤੇ ਭਾਈ ਮਾਹਰਾਜ ਸਿੰਘ ਦੇ ਤਿੰਨ ਵਾਰਸ ਵੀ ਭਾਰਤ ਤੋਂ ਸੰਤ-ਸਿਪਾਹੀ ਦੀ ਸਿਲਟ ਰੋਡ ਵਿਖੇ ਸਥਿਤ ਯਾਦਗਾਰ ਵਿਚ ਪਹੁੰਚੇ।



ਭਾਈ ਮਹਾਰਾਜ ਸਿੰਘ ਅਜਿਹੇ ਪਹਿਲੇ ਸਿੱਖ ਮੰਨੇ ਜਾਂਦੇ ਹਨ ਜੋ ਸਿੰਗਾਪੁਰ ਵਿਖੇ 1850 ਵਿਚ ਜ਼ੰਜੀਰਾਂ ਵਿਚ ਬੰਨ੍ਹ ਕੇ ਲਿਆਂਦੇ ਗਏ ਸਨ। ਉਨ੍ਹਾਂ ਨੂੰ ਭਾਰਤ ਦੀ ਅੰਗਰੇਜ਼ ਸਰਕਾਰ ਨੇ ਗ੍ਰਿਫ਼ਤਾਰ ਕਰਨ ਤੋਂ ਬਾਅਦ ਸਿੰਗਾਪੁਰ ਲਿਆਂਦਾ ਸੀ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਭਾਈ ਮਹਾਰਾਜ ਸਿੰਘ ਨੂੰ ਭਾਰਤ ਅੰਦਰ ਹੀ ਰੱਖਣ ਨਾਲ ਮਾਹੌਲ ਖ਼ਰਾਬ ਹੋ ਸਕਦਾ ਹੈ। ਉਸ ਸਮੇਂ ਭਾਈ ਮਹਾਰਾਜ ਸਿੰਘ, ਸਿੱਖਾਂ ਵਿਚਕਾਰ ਆਪਣੀ ਅਧਿਆਤਮਿਕਤਾ, ਦੇਸ਼ ਭਗਤੀ ਤੇ ਅੰਗਰੇਜ਼ਾਂ ਵਿਰੁੱਧ ਖੜ੍ਹੇ ਹੋਣ ਕਾਰਨ ਹਰਮਨਪਿਆਰੇ ਸਨ। ਉਨ੍ਹਾਂ ਪੰਜਾਬ ਵਿਚ ਅੰਗਰੇਜ਼ਾਂ ਵਿਰੁੱਧ ਮੁਹਿੰਮ ਦੀ ਅਗਵਾਈ ਵੀ ਕੀਤੀ। ਪਰ ਅੰਗਰੇਜ਼ਾਂ ਨੇ ਇਕ ਮੁਖਬਰ ਤੋਂ ਜਾਣਕਾਰੀ ਮਿਲਣ ਮਗਰੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ।

## ਜ਼ਖ਼ਮੀ ਬੱਚੇ ਦੀ ਦਸਤਾਰ ਨਾਲ ਮਦਦ ਕਰਨ ਵਾਲੇ ਹਰਮਨ ਦਾ ਸਨਮਾਨ

**ਆਕਲੈਂਡ:** ਨਿਊਜ਼ੀਲੈਂਡ ਵਿਚ ਰਹਿਤ ਮਰਿਆਦਾ ਦੀ ਪਰਵਾਹ ਨਾ ਕਰਕੇ ਸਿੱਖ ਨੌਜਵਾਨ ਹਰਮਨ ਸਿੰਘ ਵੱਲੋਂ ਜ਼ਖ਼ਮੀ ਬੱਚੇ ਦੀ ਆਪਣੀ ਦਸਤਾਰ ਉਤਾਰ ਕੇ ਸਹਾਇਤਾ ਕਰਨ ਉਤੇ ਉਸ ਨੂੰ ਪੁਲਿਸ ਐਵਾਰਡ ਨਾਲ ਸਨਮਾਨਿਆ ਗਿਆ ਹੈ। ਹਰਮਨ ਸਿੰਘ ਨੂੰ ਮਾਨੂਕਾਊ ਇੰਸਟੀਚਿਊਟ ਆਫ ਟੈਕਨਾਲੋਜੀ ਵਿਚ ਹੋਏ ਸਮਾਗਮ ਦੌਰਾਨ ਕਾਊਂਟੀ ਮਾਨੂਕਾਊ ਦਾ ਪੁਲਿਸ ਜ਼ਿਲ੍ਹਾ ਐਵਾਰਡ ਦਿੱਤਾ ਗਿਆ। ਹਰਮਨ ਸਿੰਘ ਰਾਤੋਂ ਰਾਤ ਸੁਰਖੀਆਂ ਵਿਚ ਆ ਗਿਆ ਸੀ ਜਦੋਂ 15 ਮਈ ਨੂੰ ਆਪਣੀ ਮਾਂ ਨਾਲ ਸਕੂਲ ਜਾ ਰਹੇ ਛੇ ਸਾਲ ਦੇ ਡੇਜੋਨ ਪਾਹੀਆ ਨੂੰ ਕਾਰ ਨੇ ਟੱਕਰ ਮਾਰ ਦਿੱਤੀ ਸੀ। ਪ੍ਰਸੰਸਾ ਪੱਤਰ ਵਿਚ ਕਿਹਾ ਗਿਆ ਹੈ, "ਤੁਸੀਂ ਤੁਰੰਤ ਅੱਗੇ ਆ ਕੇ ਡੇਜੋਨ ਤੇ ਉਸ ਦੀ ਮਾਂ ਨੂੰ ਮੁੱਢਲੀ ਸਹਾਇਤਾ ਦਿੱਤੀ।" ਪੁਰਸਕਾਰ ਹਾਸਲ ਕਰਨ ਤੋਂ ਬਾਅਦ ਹਰਮਨ ਸਿੰਘ ਉਸ ਬੱਚੇ ਨੂੰ ਮਿਲਿਆ ਜਿਸ ਦੀ ਉਸ ਨੇ ਮਦਦ ਕੀਤੀ ਸੀ। ਹਰਮਨ ਸਿੰਘ ਦਾ ਕਹਿਣਾ ਹੈ ਕਿ ਪੁਰਸਕਾਰ ਮਿਲਣ ਉੱਤੇ ਉਸ ਨੂੰ ਖ਼ੁਸ਼ੀ ਮਹਿਸੂਸ ਹੋ ਰਹੀ ਹੈ। ਉਸ ਦੇ ਇਸ ਕਾਰਜ ਨਾਲ ਦੁਨੀਆਂ ਭਰ 'ਚ ਸਿੱਖਾਂ ਦੇ ਮਾਣ ਵਿਚ ਵਾਧਾ ਹੋਇਆ ਹੈ। ਹਰਮਨ ਸਿੰਘ ਨਿਊਜ਼ੀਲੈਂਡ ਵਿਚ ਪੜ੍ਹਾਈ ਲਈ ਗਿਆ ਹੋਇਆ ਹੈ। ਉਸ ਦਾ ਸਬੰਧ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਨਾਲ ਹੈ।



## ਸਿੱਖ ਕਤਲੇਆਮ ਮਾਮਲੇ 'ਤੇ ਸਿਆਸਤ ਖੇਡਣ ਦਾ ਦੋਸ਼

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਵੱਲੋਂ 1984 ਸਿੱਖ ਕਤਲੇਆਮ ਦੇ ਮਸਲੇ ਉਤੇ ਦੋਹਰਾ ਸਟੈਂਡ ਰੱਖਣ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋਸ਼ ਲਗਾਇਆ ਗਿਆ ਹੈ। ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਦਿੱਲੀ ਦੀ 'ਆਪ' ਸਰਕਾਰ ਵੱਲੋਂ ਵਿਧਾਨ ਸਭਾ ਅੰਦਰ ਇਕ ਪਾਸੇ ਕਤਲੇਆਮ ਦੇ ਖਿਲਾਫ ਮਤਾ ਪਾਸ ਕਰਨ ਤੇ ਦੂਜੇ ਪਾਸੇ ਦਿੱਲੀ ਦੀਆਂ ਤਕਰੀਬਨ 2500 ਵਿਧਵਾਵਾਂ ਨੂੰ ਮਿਲਣ ਵਾਲੀ ਪੰਜ ਲੱਖ ਰੁਪਏ ਦੀ ਰਾਸ਼ੀ ਦੀ 125 ਕਰੋੜ ਦੀ ਰਕਮ ਨੂੰ ਬਜਟ ਵਿਚ ਨਾ ਰੱਖਣ ਦਾ ਖੁਲਾਸਾ ਕੀਤਾ ਹੈ। ਸ. ਸਿਰਸਾ ਨੇ ਵਿਧਾਨ ਸਭਾ ਵਿਚ ਕਤਲੇਆਮ ਖਿਲਾਫ ਸਿੱਖ ਵਿਧਾਇਕ ਜਰਨੈਲ ਸਿੰਘ ਵੱਲੋਂ ਰੱਖੇ ਗਏ ਨਿਖੇਧੀ ਮਤੇ ਦਾ ਸਵਾਗਤ ਕਰਦੇ ਹੋਏ ਆਪ ਸਰਕਾਰ ਨੂੰ ਸਿੱਖਾਂ ਦੇ ਇਸ ਭਾਵਨਾਤਮਕ ਮਸਲੇ ਉਤੇ ਸਿਆਸਤ ਨਾ ਕਰਨ ਦੀ ਵੀ ਸਲਾਹ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਆਪ ਦੇ ਸਿੱਖ ਵਿਧਾਇਕਾਂ ਨੂੰ ਦਿੱਲੀ ਦੀ ਸਿੱਖ ਸੰਗਤ ਨੂੰ ਬਜਟ ਵਿਚ ਰਕਮ ਨਾ ਰੱਖਣ ਉਤੇ ਵੀ ਜਵਾਬ ਦੇਣਾ ਚਾਹੀਦਾ ਹੈ। ਕਤਲੇਆਮ ਪੀੜ੍ਹਤ ਪਰਿਵਾਰਾਂ ਨੂੰ ਦਿੱਲੀ ਕਮੇਟੀ ਵੱਲੋਂ ਬੀਤੇ ਢਾਈ ਸਾਲਾਂ ਦੌਰਾਨ ਆਰਥਿਕ, ਕਾਨੂੰਨੀ ਤੇ ਸਮਾਜਿਕ ਤੌਰ ਉਤੇ ਦਿੱਤੀਆਂ ਜਾ ਰਹੀਆਂ ਸੇਵਾਵਾਂ ਦਾ ਜ਼ਿਕਰ ਕਰਦੇ ਹੋਏ ਦਿੱਲੀ ਸਰਕਾਰ ਨੂੰ ਪੀੜ੍ਹਤ ਪਰਿਵਾਰਾਂ ਦੇ ਬੱਚਿਆਂ ਨੂੰ ਸਰਕਾਰੀ ਨੌਕਰੀ, ਮੁਫਤ ਬਿਜਲੀ-ਪਾਣੀ, ਮੁੜ ਵਸੇਬੇ ਲਈ ਸਹਾਇਤਾ ਅਤੇ ਸਮੂਹ ਵਿਧਵਾਵਾਂ ਨੂੰ ਪੰਜ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਤੁਰੰਤ ਦੇਣ ਦੀ ਵੀ ਮੰਗ ਕੀਤੀ ਹੈ।

ਇਸ ਕਤਲੇਆਮ ਦੀ ਜਾਂਚ ਲਈ ਬਣੀ ਐਸ.ਆਈ.ਟੀ. ਵੱਲੋਂ ਵਰਤੀ ਜਾ ਰਹੀ ਢਿੱਲ ਉਤੇ ਦੁੱਖ ਜਤਾਉਂਦੇ ਹੋਏ ਸਿਰਸਾ ਨੇ ਸਮੂਹ ਸਰਕਾਰਾਂ ਨੂੰ ਇਸ ਮਸਲੇ ਉਤੇ ਸਿਆਸਤ ਤੋਂ ਗੁਰੇਜ਼ ਕਰਕੇ ਇਨਸਾਫ ਦਿਵਾਉਣ ਲਈ ਯਤਨਸ਼ੀਲ ਹੋਣ ਦਾ ਵੀ ਸੱਦਾ ਦਿੱਤਾ ਹੈ।

## ਬੀ.ਐਸ.ਐਫ. ਨੇ ਵਾਹਗਾ ਸਰਹੱਦ ਯੋਜਨਾ ਬਾਰੇ ਇਰਾਦਾ ਬਦਲਿਆ

**ਅੰਮ੍ਰਿਤਸਰ:** ਬੀ.ਐਸ.ਐਫ. ਨੇ ਵਾਹਗਾ ਸਰਹੱਦ ਉਤੇ ਸਵੇਰ ਵੇਲੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਦੀ ਯੋਜਨਾ ਨੂੰ ਅਮਲ ਵਿਚ ਲਿਆਉਣ ਤੋਂ ਅਸਮਰਥਾ ਪ੍ਰਗਟਾਈ ਹੈ। ਬੀਤੇ ਵਰ੍ਹੇ ਬੀ.ਐਸ.ਐਫ. ਵੱਲੋਂ ਸਰਹੱਦ ਉਤੇ ਸੈਰ ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਇਕ ਯੋਜਨਾ ਉਲੀਕੀ ਗਈ ਸੀ, ਜਿਸ ਤਹਿਤ ਇਥੇ ਸਵੇਰ ਵੇਲੇ ਯਾਤਰੂਆਂ ਨੂੰ ਆਉਣ ਦਾ ਸੱਦਾ ਦਿੱਤਾ ਜਾਣਾ ਸੀ। ਹੁਣ ਬੀ.ਐਸ.ਐਫ. ਦੇ ਅਧਿਕਾਰੀ ਮਹਿਸੂਸ ਕਰ ਰਹੇ ਹਨ ਕਿ ਉਹ ਇਸ ਯੋਜਨਾ ਨੂੰ ਅਮਲ ਵਿਚ ਲਿਆਉਣ ਲਈ ਪੂਰੀ ਤਰ੍ਹਾਂ ਸਮਰੱਥ ਨਹੀਂ ਹਨ। ਉਹ ਯਾਤਰੂਆਂ ਨੂੰ ਵਧੇਰੇ ਕੁਝ ਨਹੀਂ ਦੇ ਸਕਣਗੇ। ਇਸ ਯੋਜਨਾ ਹੇਠ ਯਾਤਰੂਆਂ ਨੂੰ 11 ਤੋਂ 3 ਵਜੇ ਤੱਕ ਸਰਹੱਦ ਵੇਖਣ ਦੀ ਆਗਿਆ ਦੇਣ ਦੀ ਯੋਜਨਾ ਸੀ, ਜਿਸ ਤਹਿਤ ਉਹ ਇੰਡੋ ਪਾਕਿ ਸਰਹੱਦ ਉਤੇ ਲੱਗੇ ਗੇਟ, ਬੁਰਜੀਆਂ, ਰਿਟਰੀਟ ਰਸਮ ਆਦਿ ਦਾ ਆਨੰਦ ਮਾਣ ਸਕਦੇ ਸਨ। ਇਸ ਵੇਲੇ ਯਾਤਰੂਆਂ ਨੂੰ ਸਿਰਫ ਚਾਰ ਵਜੇ ਹੀ ਝੰਡਾ ਉਤਾਰਨ ਦੀ ਰਸਮ ਵੇਲੇ ਸਰਹੱਦ ਉਤੇ ਜਾਣ ਦੀ ਆਗਿਆ ਦਿੱਤੀ ਜਾ ਰਹੀ ਹੈ।



ਡੀ.ਆਈ.ਜੀ. ਐਮ.ਐਫ. ਫਾਰੂਕੀ ਦਾ ਕਹਿਣਾ ਹੈ ਕਿ ਫਿਲਹਾਲ ਬੀ.ਐਸ.ਐਫ. ਵੱਲੋਂ ਇਸ ਯੋਜਨਾ ਨੂੰ ਅਮਲ ਵਿਚ ਲਿਆਉਣ ਦਾ ਇਰਾਦਾ ਨਹੀਂ ਹੈ। ਯਾਤਰੂ ਜਦੋਂ ਸਰਹੱਦ ਤੇ ਆਉਂਦੇ ਹਨ ਤਾਂ ਉਹ ਸਰਹੱਦ ਨੂੰ ਨੇੜਿਉਂ ਦੇਖਣ ਦਾ ਯਤਨ ਕਰਦੇ ਹਨ ਤੇ ਉਥੇ ਫੋਟੋਆਂ ਆਦਿ ਵੀ ਖਿੱਚਣਾ ਚਾਹੁੰਦੇ ਹਨ। ਅਜਿਹੇ ਮੌਕੇ ਬੀ.ਐਸ.ਐਫ. ਵੱਲੋਂ ਉਨ੍ਹਾਂ ਨੂੰ ਵਧੇਰੇ ਸਮੇਂ ਲਈ ਅਜਿਹਾ ਕਰਨ ਦੀ ਪ੍ਰਵਾਨਗੀ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਸਰਹੱਦ ਦਾ ਮਾਮਲਾ ਵਧੇਰੇ ਸੰਵੇਦਨਸ਼ੀਲ ਹੈ। ਕਈ ਵਾਰ ਦੋਵੇਂ ਪਾਸਿਉਂ ਹੀ ਸਰਹੱਦ ਉਤੇ ਯਾਤਰੂ ਆਏ ਹੁੰਦੇ ਹਨ। ਅਜਿਹਾ ਤਾਂ ਹੀ ਸੰਭਵ ਹੋ ਸਕਦਾ ਹੈ, ਜੇਕਰ ਅਜਿਹੇ ਯਾਤਰੂਆਂ ਲਈ ਕੋਈ ਵੱਖਰਾ ਦਰਵਾਜ਼ਾ ਬਣਾਇਆ ਜਾਵੇ। ਉਨ੍ਹਾਂ ਖੁਲਾਸਾ ਕੀਤਾ ਕਿ ਬੀ.ਐਸ.ਐਫ. ਵੱਲੋਂ ਛੇਤੀ ਹੀ ਇਥੇ ਆਧੁਨਿਕ ਮਿਊਜ਼ੀਅਮ ਬਣਾਉਣ ਦੀ ਯੋਜਨਾ ਹੈ, ਜਿਸ ਵਿਚ ਬੀ.ਐਸ.ਐਫ ਦੇ 50 ਸਾਲਾਂ ਦੇ ਇਤਿਹਾਸ ਨੂੰ ਦਿਖਾਇਆ ਜਾਵੇਗਾ। ਮਿਊਜ਼ੀਅਮ ਸਥਾਪਤ ਹੋਣ ਤੋਂ ਬਾਅਦ ਸਵੇਰੇ ਵੇਲੇ ਸੈਰ ਸਪਾਟਾ ਵਧਾਉਣ ਦੀ ਯੋਜਨਾ ਅਮਲ ਵਿਚ ਲਿਆਉਣਾ ਵਧੇਰੇ ਲਾਹੇਵੰਦ ਹੋਵੇਗਾ। ਇਸ ਬਾਰੇ ਕੇਂਦਰ ਸਰਕਾਰ ਨੂੰ ਯੋਜਨਾ ਦਾ ਖਰੜਾ ਭੇਜਿਆ ਹੋਇਆ ਹੈ ਤੇ ਹਰੀ ਝੰਡੀ ਦੀ ਉਡੀਕ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਵਾਲੇ ਪਾਸੇ ਆਤਮਘਾਤੀ ਬੰਬ ਹਮਲੇ ਤੋਂ ਬਾਅਦ ਵੀ ਇਸ ਯੋਜਨਾ ਨੂੰ ਅਮਲ ਵਿਚ ਲਿਆਉਣ ਵਿਚ ਢਿੱਲ ਆਈ ਹੈ। ਇਸ ਵੇਲੇ ਝੰਡਾ ਉਤਾਰਨ ਦੀ ਰਸਮ ਵੇਲੇ ਯਾਤਰੂਆਂ ਦੀ ਵੱਡੀ ਭੀੜ ਇਕੱਠੀ ਹੁੰਦੀ ਹੈ, ਜਿਸ ਨੂੰ ਸੰਭਾਲਣਾ ਔਖਾ ਹੁੰਦਾ ਹੈ। ਇਸ ਭੀੜ ਨੂੰ ਘਟਾਉਣ ਵਾਸਤੇ ਹੀ ਸਵੇਰ ਵੇਲੇ ਸੈਰ ਸਪਾਟੇ ਦੀ ਯੋਜਨਾ ਉਲੀਕੀ ਗਈ ਸੀ।

# ਨਸ਼ਿਆਂ ਬਾਰੇ ਮੁਲਕ ਭਰ 'ਚ ਦਰਜ ਹੋਏ ਕੇਸਾਂ ਵਿਚੋਂ ਅੱਧੇ ਪੰਜਾਬ ਤੋਂ

**ਚੰਡੀਗੜ੍ਹ:** ਪੰਜਾਬ ਵਿਚ ਨਸ਼ਿਆਂ ਦਾ ਜੰਜਾਲ ਵਧਦਾ ਜਾ ਰਿਹਾ ਹੈ। ਸਾਲ 2014-15 ਦੌਰਾਨ ਦੇਸ਼ ਭਰ ਵਿਚ ਨਸ਼ਿਆਂ ਬਾਰੇ 30 ਹਜ਼ਾਰ ਕੇਸ ਦਰਜ ਹੋਏ, ਜਿਨ੍ਹਾਂ ਵਿਚੋਂ ਇਕੱਲੇ ਪੰਜਾਬ ਵਿਚ ਹੀ 14,800 ਕੇਸ ਹਨ। ਪੰਜਾਬ ਦੇ ਦਿਹਾਤੀ ਖੇਤਰ ਦੇ 67 ਫ਼ੀਸਦੀ ਘਰਾਂ ਵਿਚ ਘੱਟੋ-ਘੱਟ ਇਕ ਵਿਅਕਤੀ ਨਸ਼ਿਆਂ ਦਾ ਗੁਲਾਮ ਬਣ ਚੁੱਕਾ ਹੈ। ਪੰਜਾਬ ਪ੍ਰਤੀ ਵਿਅਕਤੀ ਸ਼ਰਾਬ ਦੀ ਖਪਤ ਕਰਨ ਵਿਚ ਮੋਹਰੀ ਸੂਬਾ ਬਣਿਆ ਹੋਇਆ ਹੈ।

ਇਕ ਰਿਪੋਰਟ ਅਨੁਸਾਰ ਪੰਜਾਬ ਦੇ ਕੁੱਲ ਨਸ਼ੇੜੀਆਂ ਵਿਚੋਂ 61.4 ਫ਼ੀਸਦੀ ਸਮੈਕ, 13.9 ਫ਼ੀਸਦੀ ਟੀਕੇ, 14.7 ਫ਼ੀਸਦੀ ਨਸ਼ੀਲੀਆਂ ਦਵਾਈਆਂ, ਅੱਠ ਫ਼ੀਸਦੀ ਸ਼ਰਾਬ ਤੇ ਦੋ ਫ਼ੀਸਦੀ ਅਫ਼ੀਮ ਦਾ ਨਸ਼ਾ ਕਰਦੇ ਸਨ। 1998 ਵਿਚ ਸਿਰਫ 16.8 ਫ਼ੀਸਦੀ ਵਿਅਕਤੀ ਹੀ ਸਮੈਕ ਦਾ ਨਸ਼ਾ ਕਰਦੇ ਸਨ। ਦੁਨੀਆਂ ਭਰ ਵਿਚ ਪੈਦਾ ਹੋਣ ਵਾਲੇ ਤੰਬਾਕੂ ਦਾ ਕੁੱਲ 13 ਫ਼ੀਸਦੀ ਹਿੱਸਾ ਭਾਰਤ ਵਿਚ ਪੈਦਾ ਹੁੰਦਾ ਹੈ। ਇਕ ਅੰਦਾਜ਼ੇ ਤੇ ਸਰਵੇਖਣ ਅਨੁਸਾਰ ਪੰਜਾਬ ਵਿਚ ਨਸ਼ਾ ਕਰਨ ਵਾਲਿਆਂ ਵਿਚ ਤਕਰੀਬਨ 45 ਫ਼ੀਸਦੀ ਬੇਰੁਜ਼ਗਾਰ ਹਨ, 27 ਫ਼ੀਸਦੀ ਅਨਪੜ੍ਹ, 23 ਫ਼ੀਸਦੀ ਪੜ੍ਹੇ-ਲਿਖੇ, 26 ਫ਼ੀਸਦੀ ਵਿਦਿਆਰਥੀ, 17 ਫ਼ੀਸਦੀ ਮਜ਼ਦੂਰ, 7.5 ਫ਼ੀਸਦੀ ਕਿਸਾਨ, ਪੰਜ ਫ਼ੀਸਦੀ ਵਪਾਰੀ ਵਰਗ ਤੇ ਪੰਜ ਫ਼ੀਸਦੀ ਨੌਕਰੀ ਪੇਸ਼ਾ ਲੋਕ ਫਸ ਚੁੱਕੇ ਹਨ।। ਪੁਲਿਸ ਜਿਸ ਨੇ ਨਸ਼ੇ ਦੀ ਰੋਕਥਾਮ ਕਰਨੀ ਹੈ, ਵੀ ਨਸ਼ਿਆਂ ਦੀ ਦਲਦਲ ਵਿਚ ਬੁਰੀ ਤਰ੍ਹਾਂ ਫਸ ਚੁੱਕੀ ਹੈ। ਤਕਰੀਬਨ 15 ਫ਼ੀਸਦੀ ਪੁਲਿਸ ਮੁਲਾਜ਼ਮ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ।

ਪੰਜਾਬ ਵਿਚ 58 ਫ਼ੀਸਦੀ ਨਸ਼ੇੜੀ 20 ਸਾਲ ਤੋਂ ਘੱਟ ਉਮਰ ਵਿਚ ਹੀ ਨਸ਼ਿਆਂ ਦੀ ਸ਼ੁਰੂਆਤ ਕਰ ਰਹੇ ਹਨ ਤੇ 20 ਤੋਂ 30 ਸਾਲ ਦੀ ਉਮਰ ਵਿਚ ਨਸ਼ੇ ਲੈਣ ਵਾਲਿਆਂ ਦੀ ਗਿਣਤੀ 80 ਫ਼ੀਸਦੀ ਤੋਂ ਵੀ ਵਧ ਗਈ ਹੈ। ਪੰਜਾਬ ਦੇ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਨਸ਼ਿਆਂ ਦੀ ਪਕੜ ਵਿਚ ਤੇਜ਼ੀ ਨਾਲ ਆ ਰਹੇ ਹਨ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਸਰਕਾਰ ਪਹਿਲਾਂ ਨਾਗਰਿਕਾਂ ਨੂੰ ਨਸ਼ਿਆਂ ਦਾ ਆਦੀ ਬਣਾਉਂਦੀ ਹੈ ਤੇ ਫਿਰ ਨਸ਼ੇ ਛੁਡਾਉਣ ਦੇ ਕੈਂਪ ਲਗਾਉਂਦੀ ਹੈ। ਸਿਹਤ ਵਿਭਾਗ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਸਾਲ 2007 ਤੋਂ ਅਪਰੈਲ 2012 ਤੱਕ 13091 ਦਵਾਈਆਂ ਦੇ ਸੈਂਪਲ ਲਏ ਗਏ, ਜਿਨ੍ਹਾਂ ਵਿਚੋਂ 9973 ਸੈਂਪਲਾਂ ਦੇ ਟੈਸਟ ਕੀਤੇ ਗਏ, ਜਿਨ੍ਹਾਂ ਵਿਚੋਂ 346 ਤੈਅ ਕੀਤੇ ਗਏ ਮਿਆਰਾਂ ਦੇ ਨਹੀਂ ਸਨ।

ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ ਵੱਲੋਂ ਐਚ ਆਈ ਵੀ/ਏਡਜ਼ ਕੰਟਰੋਲ ਲਈ ਚਲਾਏ ਜਾ ਰਹੇ ਜਾਗਰੂਕਤਾ ਪ੍ਰੋਗਰਾਮ ਵਿਚ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਬਾਕੀ ਨਸ਼ਿਆਂ ਦੇ ਨਾਲ-ਨਾਲ ਪੰਜਾਬ ਵਿਚ ਟੀਕਿਆਂ ਰਾਹੀਂ ਨਸ਼ਾ ਕਰਨ ਦੇ ਰੁਝਾਨ ਵਿਚ ਵੀ ਵਾਧਾ ਹੋਇਆ ਹੈ। ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲੇ ਜ਼ਿਆਦਾ ਸਾਰਥਿਕ ਸਿੱਧ ਨਹੀਂ ਹੋ ਰਹੇ।। ਜ਼ਿਆਦਾਤਰ ਦੋਸ਼ੀਆਂ ਨੂੰ ਰਾਜਨੀਤਕ ਦਬਾਅ ਕਾਰਨ ਜਾਂ ਪੈਸੇ ਲੈ ਕੇ ਛੱਡ ਦਿੱਤਾ ਜਾਂਦਾ ਹੈ। ਪੰਜਾਬ ਸਰਕਾਰ ਵੱਲੋਂ 23 ਤੋਂ 31 ਮਈ ਤੱਕ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ 1,181 ਮਾਮਲੇ ਦਰਜ ਕਰ ਕੇ 1243 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਵਿਸ਼ਵ ਸਿਹਤ ਸੰਗਠਨ ਅਨੁਸਾਰ ਦੁਨੀਆਂ ਭਰ ਵਿਚ 2 ਅਰਬ ਲੋਕ ਇਕ ਸਾਲ ਵਿਚ ਨਸ਼ਿਆਂ ਦੀ ਵਰਤੋਂ ਕਰਦੇ ਹਨ। 15 ਤੋਂ 64 ਸਾਲ ਦੀ ਉਮਰ ਦੇ ਹਰ 20 ਵਿਅਕਤੀਆਂ ਵਿਚੋਂ ਇਕ ਨਸ਼ੇੜੀ ਹੈ। ਸੰਗਠਨ ਦੀ ਰਿਪੋਰਟ ਅਨੁਸਾਰ ਦੁਨੀਆਂ ਭਰ ਵਿਚ 22.5 ਲੱਖ ਮੌਤਾਂ ਸ਼ਰਾਬ ਪੀਣ ਕਾਰਨ ਹੁੰਦੀਆਂ ਹਨ। ਰਿਸ਼ੀਆਂ-ਮੁਨੀਆਂ ਤੇ ਗੁਰੂਆਂ ਦੀ ਧਰਤੀ ਪੰਜਾਬ ਦੀ ਹਿੱਕ ਉਤੇ ਨਸ਼ਿਆਂ ਦਾ ਛੇਵਾਂ ਦਰਿਆ ਉੱਛਲ ਰਿਹਾ ਹੈ। ਭਾਰਤ ਨੂੰ ਵਿਦੇਸ਼ੀ ਹਮਲਾਵਰਾਂ ਤੋਂ ਬਚਾਉਣ ਵਾਲਾ ਪੰਜਾਬ ਹੁਣ ਨਸ਼ੇ ਦੇ ਹਮਲੇ ਦੀ ਲਪੇਟ ਵਿਚ ਹੈ। ਪੰਜਾਬ ਸਰਕਾਰ ਦੀ ਕਮਾਈ ਦਾ ਮੁੱਖ ਸਾਧਨ ਸ਼ਰਾਬ ਦੀ ਵਿਕਰੀ ਤੋਂ ਹੋਣ ਵਾਲੀ ਆਮਦਨ ਹੈ, ਜਿਸ ਕਾਰਨ ਸ਼ਰਾਬ ਵਰਗੇ ਨਸ਼ੇ ਨੂੰ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ ਜਿਨ੍ਹਾਂ ਨਸ਼ਿਆਂ ਤੋਂ ਸਰਕਾਰ ਨੂੰ ਕੋਈ ਵੀ ਟੈਕਸ ਪ੍ਰਾਪਤ ਨਹੀਂ ਹੁੰਦਾ ਉਹ ਨਸ਼ੇ ਗ਼ੈਰ-ਕਾਨੂੰਨੀ ਹੁੰਦੇ ਹਨ ਤੇ ਸਰਕਾਰ ਦੀ ਨਜ਼ਰ ਵਿਚ ਜਨਤਾ ਦੀ ਸਿਹਤ ਨੂੰ ਵਿਗਾੜਨ ਵਾਲੇ ਹੁੰਦੇ ਹਨ। ਪਿਛਲੇ ਤਿੰਨ ਚਾਰ ਦਹਾਕਿਆਂ ਦੌਰਾਨ ਪੰਜਾਬ ਵਿਚ ਸ਼ਰਾਬ ਦੇ ਪਿਅੱਕੜਾਂ ਦੀ ਗਿਣਤੀ ਵਿਚ ਅਥਾਹ ਵਾਧਾ ਹੋਇਆ ਹੈ। ਇਸ ਦਾ ਅੰਦਾਜ਼ਾ ਰਾਜ ਸਰਕਾਰ ਨੂੰ ਨਸ਼ੇ ਦੀ ਵਿਕਰੀ ਤੋਂ ਮਿਲਣ ਵਾਲੇ ਰੈਵੀਨਿਊ ਤੋਂ ਲਾਇਆ ਜਾ ਸਕਦਾ ਹੈ। ਇਕੱਲੇ ਪੰਜਾਬ ਵਿਚ ਹੀ ਨਹੀਂ, ਸਮੁੱਚੇ ਮੁਲਕ ਦੇ ਲੋਕ ਨਸ਼ਿਆਂ ਦੇ ਜਾਲ ਵਿਚ ਫਸੇ ਹੋਏ ਹਨ। ਇਕ ਰਾਸ਼ਟਰੀ ਸਰਵੇਖਣ ਰਿਪੋਰਟ ਅਨੁਸਾਰ ਇਕ ਤਿਹਾਈ ਲੋਕ ਸ਼ਰਾਬ ਅਤੇ ਹੋਰ ਨਸ਼ੇ ਵਾਲੀਆਂ ਵਸਤੂਆਂ ਦਾ ਸੇਵਨ ਕਰਦੇ ਹਨ। ਪੰਜਾਬ ਵਿਚ 58 ਫ਼ੀਸਦੀ ਲੋਕ 20 ਸਾਲ ਦੀ ਉਮਰ ਤੋਂ ਪਹਿਲਾਂ ਹੀ ਨਸ਼ੇ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੰਦੇ ਹਨ।



## ਸਕੂਲੀ ਬੱਚੇ ਵੀ ਲੱਗੇ ਨਸ਼ਿਆਂ ਦੇ ਲੜ

**ਬਠਿੰਡਾ:** ਮਾਲਵਾ ਖਿੱਤੇ ਨੇ ਇਕੱਲੇ ਕੈਂਸਰ ਤੇ ਕਰਜ਼ੇ ਦਾ ਕਹਿਰ ਨਹੀਂ ਝੱਲਿਆ ਬਲਕਿ ਨਸ਼ਿਆਂ ਨੇ ਵੀ ਹਜ਼ਾਰਾਂ ਪਰਿਵਾਰਾਂ ਦੀ ਜ਼ਿੰਦਗੀ ਰੋਲ ਦਿੱਤੀ ਹੈ। ਕੁਝ ਪਰਿਵਾਰਾਂ ਦੀਆਂ ਤਿੰਨ-ਤਿੰਨ ਪੀੜ੍ਹੀਆਂ ਨੂੰ ਨਸ਼ੇ ਮੰਜਿਆਂ ਉਤੇ ਪਾ ਗਏ ਹਨ। ਹੋਰ ਤਾਂ ਹੋਰ ਸਕੂਲੀ ਦਹਿਲੀਜ਼ ਉਤੇ ਪੁੱਜੇ ਬੱਚੇ ਵੀ ਨਸ਼ਿਆਂ ਦੇ ਹੜ੍ਹ ਦੀ ਲਪੇਟ ਵਿਚ ਆ ਗਏ ਹਨ। ਬਠਿੰਡਾ-ਮਾਨਸਾ ਖਿੱਤਾ ਪੁਰਾਣੇ ਸਮੇਂ ਤੋਂ ਰਵਾਇਤੀ ਨਸ਼ਿਆਂ ਦਾ ਗੜ੍ਹ ਰਿਹਾ ਹੈ। ਪੁਰਾਣੀ ਪੀੜ੍ਹੀ ਦੇ ਅਫ਼ੀਮ-ਭੁੱਕੀ ਦਾ ਅਮਲ ਜੜ੍ਹੀਂ ਬੈਠਾ ਰਿਹਾ, ਹੁਣ ਨਵੇਂ ਪੋਚ ਨੂੰ ਨਵੇਂ ਨਸ਼ਿਆਂ ਨੇ ਦਬੋਚ ਲਿਆ ਹੈ। ਬਠਿੰਡਾ ਦੇ ਨਸ਼ਾ ਛੁਡਾਊ ਕੇਂਦਰ ਵਿਚ 15 ਵਰ੍ਹਿਆਂ ਦਾ ਬੱਚਾ ਦਾਖਲ ਹੋਇਆ ਹੈ। ਉਸ ਨੇ ਖੁਲਾਸਾ ਕੀਤਾ ਹੈ ਕਿ ਉਹ ਚਿੱਟਾ ਨਹੀਂ, ਡੱਬਾ ਲੈਂਦਾ ਹੈ। ਇਸ ਨਸ਼ੇ ਬਾਰੇ ਹਾਲੇ ਤੱਕ ਸਭ ਭੰਬਲਭੂਸੇ ਵਿਚ ਹਨ। ਦੱਸਿਆ ਗਿਆ ਹੈ ਕਿ ਗੋਨਿਆਣੇ ਤੋਂ ਡੱਬਾ ਨਾਮ ਦਾ ਤਰਲ ਮਿਲਦਾ ਹੈ ਜਿਸ ਵਿਚ ਰੁਮਾਲ ਗਿੱਲਾ ਕਰਕੇ ਬੱਚੇ ਸੁੰਘਦੇ ਹਨ। ਇਸ ਡੱਬੇ ਦੀ ਚਾਟ ਉਤੇ ਸਿਰਫ ਬੱਚੇ ਹੀ ਲੱਗੇ ਹੋਏ ਹਨ। ਇਕੱਲੇ ਬਠਿੰਡਾ ਦੇ 50 ਦੇ ਕਰੀਬ ਬੱਚੇ ਇਸ ਨਵੇਂ ਨਸ਼ੇ ਦੀ ਚਾਟ ਉਤੇ ਲੱਗੇ ਹੋਣ ਦਾ ਖੁਲਾਸਾ ਹੋਇਆ ਹੈ।

### ਗਿਣਤੀ ਵਿਚ ਲਗਾਤਾਰ ਹੋ ਰਿਹਾ ਹੈ ਵਾਧਾ

ਨਸ਼ਾ ਛੁਡਾਊ ਕੇਂਦਰਾਂ ਵਿਚ ਸਾਲ 2012-13 ਦੌਰਾਨ 22850 ਵਿਅਕਤੀਆਂ ਨੇ ਇਲਾਜ ਕਰਾਇਆ, ਜਦੋਂ ਕਿ 3841 ਨਸ਼ੇੜੀ, ਕੇਂਦਰਾਂ ਵਿਚ ਦਾਖਲ ਹੋਏ। ਸਾਲ 2013-14 ਦੌਰਾਨ ਇਲਾਜ ਕਰਾਉਣ ਵਾਲਿਆਂ ਦੀ ਗਿਣਤੀ ਵਧ ਕੇ 227880 ਹੋ ਗਈ ਤੇ 6624 ਦਾਖ਼ਲ ਹੋਏ। ਸਾਲ 2014-15 ਦੌਰਾਨ 330233 ਨੇ ਇਲਾਜ ਲਈ ਪਹੁੰਚ ਕੀਤੀ ਤੇ 6328 ਦਾਖ਼ਲ ਹੋਏ। ਇਸ ਸਾਲ ਅਪਰੈਲ ਮਹੀਨੇ ਦੌਰਾਨ 4518 ਨੇ ਇਲਾਜ ਕਰਾਇਆ ਤੇ 566 ਦਾਖ਼ਲ ਹੋਏ।

# ਜਬਰ ਜਨਾਹ ਕੇਸ ਵਿਚ 20-20 ਸਾਲ ਕੈਦ

**ਸ੍ਰੀ ਮੁਕਤਸਰ ਸਾਹਿਬ:** ਵਧੀਕ ਸੈਸ਼ਨ ਜੱਜ ਵਰਿੰਦਰ ਅਗਰਵਾਲ ਦੀ ਅਦਾਲਤ ਨੇ ਸਮੂਹਿਕ ਜਬਰ ਜਨਾਹ ਕੇਸ ਵਿਚ ਤਿੰਨ ਦੋਸ਼ੀਆਂ ਨੂੰ 20-20 ਸਾਲ ਕੈਦ ਦੀ ਸਜ਼ਾ ਅਤੇ 80-80 ਹਜ਼ਾਰ ਰੁਪਏ ਜੁਰਮਾਨੇ ਦਾ ਹੁਕਮ ਸੁਣਾਇਆ ਹੈ। ਨੇੜਲੇ ਪਿੰਡ ਗੰਧੜ ਦੀ ਨਾਬਾਲਗ ਸਕੂਲ ਵਿਦਿਆਰਥਣ ਨਾਲ 24 ਜਨਵਰੀ, 2014 ਨੂੰ ਤਿੰਨ ਨੌਜਵਾਨਾਂ ਨੇ ਜਬਰ ਜਨਾਹ ਕੀਤਾ ਸੀ। ਉਹ ਸਕੂਲ ਜਾ ਰਹੀ ਸੀ ਕਿ ਪਿੰਡ ਦੇ ਤਿੰਨ ਮੁੰਡੇ ਬਲਜੀਤ ਸਿੰਘ, ਮਨਪ੍ਰੀਤ ਸਿੰਘ ਤੇ ਗੁਰਲਾਲ ਸਿੰਘ ਉਸ ਨੂੰ ਖਿੱਚ ਕੇ ਬਲਜੀਤ ਸਿੰਘ ਦੇ ਘਰ ਲੈ ਗਏ ਅਤੇ ਉਸ ਨਾਲ ਮੂੰਹ ਕਾਲਾ ਕੀਤਾ। ਲੜਕੀ ਦੇ ਬਿਆਨਾਂ 'ਤੇ 25 ਜਨਵਰੀ 2014 ਨੂੰ ਥਾਣਾ ਲੱਖੇਵਾਲੀ ਵਿਚ ਕੇਸ ਦਰਜ ਕੀਤਾ ਗਿਆ ਸੀ। ਬਲਜੀਤ ਸਿੰਘ ਅਤੇ ਮਨਪ੍ਰੀਤ ਸਿੰਘ ਨੂੰ ਪੁਲਿਸ ਨੇ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਗੁਰਲਾਲ ਸਿੰਘ ਨੂੰ 2 ਜੂਨ 2014 ਨੂੰ ਗ੍ਰਿਫ਼ਤਾਰ ਕੀਤਾ ਗਿਆ। ਅਦਾਲਤ ਵਿਚ ਕੇਸ ਸ਼ੁਰੂ ਹੋਣ ਤੋਂ ਬਾਅਦ ਪੁਲਿਸ ਨੇ ਗੁਰਲਾਲ ਸਿੰਘ ਨੂੰ ਬੇਕਸੂਰ ਦੱਸਦਿਆਂ ਮੁੜ ਚਲਾਨ ਪੇਸ਼ ਕੀਤਾ ਅਤੇ ਉਸ ਨੂੰ ਹਿਰਾਸਤ ਵਿਚੋਂ ਛੱਡਣ ਦੀ ਬੇਨਤੀ ਕੀਤੀ ਗਈ, ਪਰ ਅਦਾਲਤ ਨੇ ਪੁਲੀਸ ਦੀ ਬੇਨਤੀ ਨਾ-ਮਨਜ਼ੂਰ ਕਰਦਿਆਂ ਤਿੰਨਾਂ ਖਿਲਾਫ਼ ਕੇਸ ਚਲਾਉਣ ਦਾ ਫੈਸਲਾ ਕੀਤਾ। ਅਦਾਲਤ ਮੁਤਾਬਕ ਜੇ ਦੋਸ਼ੀਆਂ ਨੇ ਜੁਰਮਾਨਾ ਨਾ ਭਰਿਆ ਉਨ੍ਹਾਂ ਨੂੰ 4-4 ਸਾਲ ਹੋਰ ਸਜ਼ਾ ਭੁਗਤਣੀ ਪਵੇਗੀ।

ਅਦਾਲਤ ਦੇ ਇਸ ਫੈਸਲੇ ਬਾਰੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਲਛਮਣ ਸਿੰਘ ਸੇਵੇਵਾਲਾ ਨੇ ਆਖਿਆ ਕਿ ਇਸ ਕੇਸ ਵਿਚ ਦੋਸ਼ੀਆਂ ਨੂੰ ਬਚਾਉਣ ਲਈ ਸੱਤਾ ਧਿਰ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਪੂਰਾ ਟਿੱਲ ਲਾਉਣ ਦੇ ਬਾਵਜੂਦ ਜਥੇਬੰਦਕ ਸੰਘਰਸ਼ ਕਾਰਨ ਇਹ ਸਜ਼ਾ ਸੰਭਵ ਹੋਈ ਹੈ।

# ਮਾੜੇ ਨਤੀਜਿਆਂ ਵਾਲੇ ਸਕੂਲਾਂ ਦੀ ਰਿਪੋਰਟ ਤਲਬ

**ਮੁਹਾਲੀ:** ਪੰਜਾਬ ਦੇ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਸੂਬੇ ਦੇ ਸਰਕਾਰੀ ਸਕੂਲਾਂ ਵਿਚ ਪੰਜਾਬੀ, ਹਿੰਦੀ ਅਤੇ ਗਣਿਤ ਵਿਸ਼ੇ ਦੇ ਮਾੜੇ ਨਤੀਜਿਆਂ ਵਾਲੇ ਸਕੂਲਾਂ ਦੀ ਰਿਪੋਰਟ ਤਲਬ ਕੀਤੀ ਹੈ। ਸਿੱਖਿਆ ਅਫ਼ਸਰਾਂ ਨੂੰ ਜ਼ਿਲ੍ਹਾ ਪੱਧਰੀ ਕਮੇਟੀਆਂ ਬਣਾ ਕੇ 3 ਅਗਸਤ ਤੱਕ ਰਿਪੋਰਟ ਸੌਂਪਣ ਦੇ ਆਦੇਸ਼ ਦਿੱਤੇ ਗਏ ਹਨ।

ਇਸ ਤੋਂ ਪਹਿਲਾਂ ਸਿੱਖਿਆ ਮੰਤਰੀ ਨੇ ਅੰਗਰੇਜ਼ੀ ਵਿਸ਼ੇ ਦੇ ਮਾੜੇ ਸਕੂਲਾਂ ਦੇ ਅਧਿਆਪਕਾਂ ਦੀ ਖਿਚਾਈ ਕੀਤੀ ਸੀ।ਇਥੇ ਸਕੂਲ ਬੋਰਡ ਵਿਚ ਅੰਗਰੇਜ਼ੀ ਵਿਸ਼ੇ ਦੇ ਮਾੜੇ ਨਤੀਜੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਸਥਾਪਤ ਕੋਰ ਗਰੁੱਪ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਡਾ. ਚੀਮਾ ਨੇ ਸਕੂਲੀ ਸਿੱਖਿਆ ਵਿਚ ਵਧੇਰੇ ਸੁਧਾਰ ਲਿਆਉਣ ਅਤੇ ਅਧਿਆਪਕਾਂ ਨੂੰ ਵਿਸ਼ੇਸ਼ ਸਿਖਲਾਈ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਤੋਂ ਪਹਿਲਾਂ ਉਨ੍ਹਾਂ ਨੇ ਸਾਇੰਸ ਵਿਸ਼ੇ ਬਾਰੇ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰਾਂ ਨਾਲ ਵੱਖਰੇ ਤੌਰ 'ਤੇ ਮੀਟਿੰਗ ਕੀਤੀ। ਉਨ੍ਹਾਂ ਸਿਲੇਬਸ, ਵਿਦਿਆਰਥੀਆਂ ਨੂੰ ਪੜ੍ਹਾਉਣ ਦੀ ਵਿਧੀ ਅਤੇ ਅਧਿਆਪਕਾਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਦਿੱਤੀ ਜਾਣ ਵਾਲੀ ਸਿਖਲਾਈ ਬਾਰੇ ਚਰਚਾ ਕੀਤੀ।

# ਨਸ਼ਿਆਂ ਨੂੰ ਠੱਲ੍ਹ ਪਾਉਣ ਦੀ ਥਾਂ ਕੀਤੀ ਜਾ ਰਹੀ ਹੈ ਸਿਆਸਤ

**ਚੰਡੀਗੜ੍ਹ:** ਨਸ਼ੇ ਵਰਗੀ ਮਹਾਂਮਾਰੀ ਖ਼ਿਲਾਫ਼ ਲੜਨ ਲਈ ਜਿਸ ਇਕਜੁੱਟ ਨਸ਼ਾ ਛੁਡਾਊ ਤੇ ਮੁੜ ਵਸੇਬਾ ਨੀਤੀ ਦੀ ਲੋੜ ਹੈ, ਇਹ ਗਾਇਬ ਦਿਖਾਈ ਦੇ ਰਹੀ ਹੈ। ਨਸ਼ਿਆਂ ਦੇ ਮੁੱਦੇ ਉੱਤੇ ਸਿਆਸੀ ਪਾਰਟੀਆਂ ਸਿਆਸਤ ਵਿਚ ਮਸਰੂਫ਼ ਹਨ ਤੇ ਸਰਕਾਰੀ ਵਿਭਾਗ ਆਪੋ ਆਪਣੀ ਡਫਲੀ ਵਜਾ ਰਹੇ ਹਨ। ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਮੁਤਾਬਕ ਨੀਤੀ ਦੀ ਲੋੜ ਨਹੀਂ, ਸਗੋਂ ਲੋਕਾਂ ਦੀ ਜਾਗਰੂਕਤਾ ਹੀ ਇਸ ਦਾ ਇਲਾਜ ਹੈ। ਭਾਜਪਾ ਵੱਲੋਂ ਸ਼ਰਾਬ ਦੇ ਠੇਕੇ ਨਿਯਮਤ ਕਰਨ ਸਮੇਤ ਕਈ ਮੁੱਦੇ ਉਠਾਉਣ ਦਾ ਅਕਾਲੀ ਦਲ ਵੱਲੋਂ ਮੁੜ ਪੰਜਾਬ ਨੂੰ ਬਦਨਾਮ ਕਰਨ ਦਾ ਦਿੱਤਾ ਜਵਾਬ ਸਾਬਤ ਕਰਦਾ ਹੈ ਕਿ ਸਿਆਸਤ ਆਪਣੇ ਪੁਰਾਣੀ ਰਵਾਇਤ ਮੁਤਾਬਕ ਚੱਲੇਗੀ।

ਲੋਕ ਸਭਾ ਚੋਣਾਂ ਤੋਂ ਬਾਅਦ ਸੱਤਾ ਤੇ ਨਸ਼ਾ ਮਾਫੀਆ ਦੀ ਮਿਲੀਭੁਗਤ ਦਾ ਉੱਭਰਿਆ ਵੱਡਾ ਮੁੱਦਾ ਇਕ ਤਰ੍ਹਾਂ ਨਾਲ ਚਰਚਾ ਤੋਂ ਬਾਹਰ ਹੋ ਗਿਆ ਹੈ। ਪੰਜਾਬ ਪੁਲਿਸ ਦੇ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਨੇ ਦੇਸ਼ ਪੱਧਰ ਉੱਤੇ ਐਨ.ਡੀ.ਪੀ.ਐਸ. ਐਕਟ ਤਹਿਤ ਦਰਜ 26658 ਮਾਮਲਿਆਂ ਵਿਚੋਂ 63 ਫੀਸਦ ਭਾਵ 16821 ਕੇਸ ਪੰਜਾਬ ਵਿਚ ਦਰਜ ਕਰ ਕੇ ਪੁਲਿਸ ਦੀ ਪਿੱਠ ਥਪਥਪਾ ਦਿੱਤੀ ਹੈ ਹਾਲਾਂਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਨਸ਼ਾ ਤਸਕਰ ਨਾ ਹੋਣ ਦੀ ਦੁਹਾਈ ਵੀ ਦੇ ਰਹੇ ਹਨ। ਵੱਡੇ ਮਗਰਮੱਛਾਂ ਨੂੰ ਹੱਥ ਨਾ ਪਾਉਣ ਦੇ ਸੁਆਲ ਨੂੰ ਪੁਲਿਸ ਵੀ ਸੰਬੋਧਿਤ ਹੋਣ ਲਈ ਤਿਆਰ ਨਹੀਂ ਹੈ। ਸਿਹਤ ਵਿਭਾਗ ਆਪਣੇ ਵੱਲੋਂ ਹਰ ਜ਼ਿਲ੍ਹੇ ਵਿਚ ਖੋਲ੍ਹੇ ਨਸ਼ਾ ਛੁਡਾਊ ਕੇਂਦਰਾਂ ਨਾਲ ਹੀ ਸੰਤੁਸ਼ਟ ਹੈ।

ਨਸ਼ਿਆਂ ਵਿਚ ਫਸੇ ਵਿਅਕਤੀਆਂ ਦੇ ਮੁੜ ਵਸੇਬੇ ਲਈ ਪੰਜਾਬ ਸਰਕਾਰ ਕੋਲ ਕੋਈ ਠੋਸ ਨੀਤੀ ਨਾ ਹੋਣ ਕਾਰਨ ਨੌਜਵਾਨਾਂ ਨੂੰ ਇਸ ਦਲਦਲ ਵਿਚੋਂ ਕੱਢਣਾ ਮਨੋਚਿਕਿਤਸਕਾਂ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ। ਸਰਕਾਰ ਵੱਲੋਂ ਦਾਅਵਿਆਂ ਦੇ ਬਾਵਜੂਦ ਹਾਲੇ ਤੱਕ ਇਕ ਵੀ ਮੁੜ ਵਸੇਬਾ ਕੇਂਦਰ ਸ਼ੁਰੂ ਨਹੀਂ ਕੀਤਾ ਗਿਆ। ਨਸ਼ਾ ਛੁਡਾਊ ਕੇਂਦਰਾਂ ਦਾ ਇਹ ਹਾਲ ਹੈ ਕਿ ਕਾਗਜ਼ਾਂ ਵਿਚ ਗਿਣਤੀ ਤਾਂ 31 ਹੈ ਪਰ ਚਲਦੇ 21 ਹਨ ਤੇ ਉਨ੍ਹਾਂ ਵਿਚ ਵੀ ਸਹੂਲਤਾਂ ਪੂਰੀਆਂ ਨਹੀਂ। ਇਹ ਤੱਥ ਸਾਹਮਣੇ ਆਏ ਹਨ ਕਿ ਕੇਂਦਰਾਂ ਵਿਚ ਇਲਾਜ ਲਈ ਪਹੁੰਚੇ ਵਿਅਕਤੀਆਂ ਵਿਚੋਂ 5 ਤੋਂ 10 ਫੀਸਦੀ ਹੀ ਆਪਣੀ ਜ਼ਿੰਦਗੀ ਖੁਸ਼ਹਾਲ ਬਣਾਉਣ ਵੱਲ ਕਦਮ ਪੁੱਟ ਸਕੇ ਹਨ।

ਪੰਜਾਬ ਦੇ ਅੱਧੀ ਦਰਜਨ ਨਸ਼ਾ ਛੁਡਾਊ ਕੇਂਦਰ ਅਜਿਹੇ ਹਨ, ਜਿਥੇ ਮਨੋਚਿਕਿਤਸਕ ਨਾ ਹੋਣ ਕਾਰਨ ਮਰੀਜ਼ਾਂ ਦਾ ਇਲਾਜ ਹੀ ਨਹੀਂ ਹੋ ਰਿਹਾ। ਮਾਝਾ ਖੇਤਰ ਵਿਚਲੇ ਤਰਨਤਾਰਨ, ਗੁਰਦਾਸਪੁਰ ਤੇ ਪਠਾਨਕੋਟ ਵਿਚ ਸਥਿਤ ਨਸ਼ਾ ਛੁਡਾਊ ਕੇਂਦਰਾਂ ਵਿਚਲੇ ਮਨੋਚਿਕਿਤਸਕਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਸਰਹੱਦੀ ਖੇਤਰਾਂ ਵਿਚ 15 ਸਾਲ ਦੀ ਉਮਰ ਤੋਂ ਹੀ ਨੌਜਵਾਨ ਨਸ਼ਿਆਂ ਦੀ ਲਪੇਟ ਵਿਚ ਆ ਰਹੇ ਹਨ। ਮਾਲਵੇ ਵਿਚ ਸਥਿਤੀ ਮਾਝੇ ਨਾਲੋਂ ਕੁਝ ਵੱਖਰੀ ਹੈ। ਸੰਗਰੂਰ, ਬਰਨਾਲਾ, ਬਠਿੰਡਾ ਦੇ ਨਸ਼ਾ ਛੁਡਾਊ ਕੇਂਦਰਾਂ ਤੋਂ ਮਿਲੇ ਤੱਥਾਂ ਮੁਤਾਬਕ ਇਸ ਖੇਤਰ ਵਿਚ 50 ਫੀਸਦੀ ਮਰੀਜ਼ ਅਜਿਹੇ ਹੁੰਦੇ ਹਨ, ਜੋ ਅਫ਼ੀਮ ਤੇ ਭੁੱਕੀ ਦੇ ਆਦੀ ਹੁੰਦੇ ਹਨ। ਮਾਲਵੇ ਦੇ ਕੇਂਦਰਾਂ ਵਿਚ 10 ਫੀਸਦੀ ਤੱਕ ਮਾਮਲੇ ਅਜਿਹੇ ਹੁੰਦੇ ਹਨ, ਜਿਥੇ ਨਸ਼ੇੜੀ ਹੈਰੋਇਨ ਤੇ ਸਮੈਕ ਦੀ ਗ੍ਰਿਫ਼ਤ ਵਿਚ ਆ ਚੁੱਕੇ ਹਨ। 40 ਫੀਸਦੀ ਸ਼ਰਾਬ ਤੇ ਨਸ਼ੀਲੀਆਂ ਗੋਲੀਆਂ ਦਾ ਸ਼ਿਕਾਰ ਹਨ। ਮਾਹਿਰਾਂ ਦਾ ਦੱਸਣਾ ਹੈ ਕਿ ਨਸ਼ੇੜੀ ਵਿਅਕਤੀ ਦਾ ਸਹੀ ਢੰਗ ਨਾਲ ਮੁੜ ਵਸੇਬਾ ਨਾ ਹੋਣ ਕਾਰਨ ਮਾਮੂਲੀ ਗੱਲ ਤੋਂ ਹੀ ਮੁੜ ਨਸ਼ੇ ਦੀ ਲਤ ਦਾ ਸ਼ਿਕਾਰ ਹੋ ਜਾਂਦਾ ਹੈ।




## ਸ਼ਰਾਬ ਸਹਾਰੇ ਸਮਾਜ ਭਲਾਈ!

ਪੰਜਾਬ ਵਿਚ 2014-15 ਦੌਰਾਨ ਸਰਕਾਰ ਨੇ ਤਕਰੀਬਨ 33 ਕਰੋੜ ਬੋਤਲਾਂ ਵੇਚਣ ਦਾ ਟੀਚਾ ਰੱਖਿਆ ਸੀ ਤੇ ਇਸ ਤੋਂ 4680 ਕਰੋੜ ਰੁਪਏ ਦੀ ਕਮਾਈ ਕੀਤੀ ਗਈ ਸੀ। 2015-16 ਦੀ ਨਵੀਂ ਆਬਕਾਰੀ ਨੀਤੀ ਮੁਤਾਬਕ ਤਕਰੀਬਨ 5100 ਕਰੋੜ ਰੁਪਏ ਕਮਾਉਣ ਦਾ ਟੀਚਾ ਰੱਖਿਆ ਹੈ ਜਿਸ ਨਾਲ ਬੋਤਲਾਂ ਦੀ ਗਿਣਤੀ ਵਧ ਕੇ ਤਕਰੀਬਨ 40 ਕਰੋੜ ਤੱਕ ਪਹੁੰਚ ਜਾਵੇਗੀ। ਅਜਿਹੀ ਸਥਿਤੀ ਵਿਚ 2.77 ਕਰੋੜ ਦੀ ਪੰਜਾਬੀ ਆਬਾਦੀ ਵਿਚ ਹਰ ਬੱਚੇ, ਬੁੱਢੇ, ਮਾਈ, ਭਾਈ ਦੇ ਹਿੱਸੇ 13 ਬੋਤਲਾਂ ਤੋਂ ਵੱਧ ਹਿੱਸਾ ਆ ਜਾਵੇਗਾ। ਇਸ ਤੋਂ ਇਲਾਵਾ ਬਹੁਤੇ ਪਿੰਡਾਂ ਵਿਚ ਗ਼ੈਰਕਾਨੂੰਨੀ ਤਰੀਕੇ ਨਾਲ ਵੀ ਸ਼ਰਾਬ ਮਾਫ਼ੀਆ ਘਟੀਆ ਕਿਸਮ ਦੀ ਸ਼ਰਾਬ ਸਸਤੇ ਭਾਅ ਵੇਚ ਰਿਹਾ ਹੈ। ਸ਼ਰਾਬ ਉੱਤੇ ਲਗਾਏ ਟੈਕਸ ਤੋਂ ਹੀ ਪੜ੍ਹਾਈ, ਸਿਹਤ ਤੇ ਹੁਣੇ ਗਊ ਰੱਖਿਆ ਲਈ ਬਣਾਏ ਕਮਿਸ਼ਨ ਦੇ ਕੰਮਕਾਜ ਨੂੰ ਚਲਾਉਣ ਦੇ ਖਰਚੇ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਨਾਲ ਸੂਬੇ ਦੇ ਬਸ਼ਿੰਦਿਆਂ ਵੱਲੋਂ ਸ਼ਰਾਬ ਦੇ ਖ਼ਿਲਾਫ਼ ਲਏ ਜਾਣ ਵਾਲੇ ਇਖ਼ਲਾਕੀ ਸਟੈਂਡ ਉੱਤੇ ਵੀ ਸੁਆਲ ਖੜ੍ਹਾ ਹੋ ਗਿਆ ਹੈ। ਹੁਣ ਸ਼ਰਾਬੀ ਵੱਧ ਸ਼ਰਾਬ ਪੀ ਕੇ ਇਨ੍ਹਾਂ ਸਮਾਜਿਕ ਕੰਮਾਂ ਲਈ ਪੈਸਾ ਦੇਣ ਦੀ ਦਲੀਲ ਆਮ ਦਿੰਦੇ ਦੇਖੇ ਜਾ ਰਹੇ ਹਨ। ਪੰਜਾਬ ਦੀਆਂ ਜੋ ਪੰਚਾਇਤਾਂ ਆਪੋ-ਆਪਣੇ ਪਿੰਡਾਂ ਵਿਚੋਂ ਠੇਕੇ ਚੁਕਵਾਉਣ ਦੇ ਮਤੇ ਪਾਉਂਦੀਆਂ ਹਨ, ਉਨ੍ਹਾਂ ਦੇ ਮਤੇ ਆਨੇ ਬਹਾਨੇ ਰੱਦ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ। ਸਰਕਾਰ ਨੂੰ ਪਿੰਡਾਂ ਵਿਚ ਠੇਕੇ ਬੰਦ ਕਰਵਾਉਣਾ ਘਾਟੇ ਦਾ ਸੌਦਾ ਲੱਗਦਾ ਹੈ। ਇਸ ਵਾਰ ਲਗਪਗ ਡੇਢ ਸੌ ਮਤਿਆਂ ਵਿਚੋਂ 107 ਪੰਚਾਇਤਾਂ ਦੇ ਮਤੇ ਮਨਜ਼ੂਰ ਕੀਤੇ ਗਏ ਹਨ। ਹਾਲਾਂਕਿ ਠੇਕੇ ਬੰਦ ਕਰਵਾਉਣ ਵਾਲੀਆਂ ਪੰਚਾਇਤਾਂ ਦੀ ਗਿਣਤੀ ਪਿਛਲੇ ਸਾਲ ਨਾਲੋਂ ਵਧੀ ਹੈ।

# ਵਾਜਪਾਈ ਸਰਕਾਰ ਦੀ ਢਿੱਲ ਕਾਰਨ ਸਫਲ ਹੋਏ ਸਨ ਦਹਿਸ਼ਤਗਰਦ

**ਨਵੀਂ ਦਿੱਲੀ:** ਭਾਰਤ ਦੀ ਖੁਫ਼ੀਆ ਸੰਸਥਾ ਖੋਜ ਤੇ ਵਿਸ਼ਲੇਸ਼ਣ ਵਿੰਗ (ਰਾਅ) ਦੇ ਸਾਬਕਾ ਮੁਖੀ ਵੱਲੋਂ 1999 ਵਿਚ ਏਅਰ ਇੰਡੀਆ ਦੇ ਯਾਤਰੀ ਜਹਾਜ਼ ਅਗਵਾ ਹੋਣ ਬਾਰੇ ਕੀਤੇ ਖੁਲਾਸਿਆਂ ਤੋਂ ਬਾਅਦ ਸਿਆਸੀ ਬਿਆਨਬਾਜ਼ੀ ਦਾ ਦੌਰ ਸ਼ੁਰੂ ਹੋ ਗਿਆ ਹੈ। ਰਾਅ ਦੇ ਸਾਬਕਾ ਮੁਖੀ ਏ.ਐਸ. ਦੁਲਤ ਨੇ ਇਕ ਟੀ.ਵੀ. ਪ੍ਰੋਗਰਾਮ ਵਿਚ ਮੁਲਾਕਾਤ ਦੌਰਾਨ ਦੱਸਿਆ ਕਿ 1999 ਵਿਚ ਜਦੋਂ ਇੰਡੀਅਨ ਏਅਰਲਾਈਨਜ਼ ਦੇ ਜਹਾਜ਼ ਆਈ. ਸੀ. 814 ਨੂੰ ਦਹਿਸ਼ਤਗਰਦਾਂ ਨੇ ਅਗਵਾ ਕਰਕੇ ਆਪਣੇ ਪੰਜ ਸਾਥੀਆਂ ਦੀ ਰਿਹਾਈ ਦੀ ਮੰਗ ਕੀਤੀ ਸੀ ਤਾਂ ਉਸ ਵੇਲੇ ਸਰਕਾਰ ਵੱਲੋਂ ਛੇੜੀ ਮੁਹਿੰਮ ਵਿਚ ਆਪਸੀ ਤਾਲਮੇਲ ਦੀ ਘਾਟ ਤੇ 'ਨਤੀਜਾਕੁਨ ਅਤੇ ਸਪੱਸ਼ਟ ਫ਼ੈਸਲੇ ਨਾ ਲੈਣ ਕਾਰਨ ਦਹਿਸ਼ਤਗਰਦ ਆਪਣੇ ਮਕਸਦ ਵਿਚ ਕਾਮਯਾਬ ਹੋ ਗਏ।

ਦੁਲਤ ਮੁਤਾਬਕ ਜਦੋਂ ਜਹਾਜ਼ ਨੂੰ ਅੰਮ੍ਰਿਤਸਰ ਹਵਾਈ ਅੱਡੇ ਉਤੇ ਉਤਾਰਿਆ ਗਿਆ ਉਸ ਸਮੇਂ ਨਾ ਕੇਂਦਰ ਤੇ ਨਾ ਹੀ ਪੰਜਾਬ ਸਰਕਾਰ ਕੋਈ ਫ਼ੈਸਲਾ ਕਰ ਪਾਈ। ਇਨ੍ਹਾਂ ਹਾਲਤਾਂ ਨਾਲ ਨਜਿੱਠਣ ਲਈ ਸੰਕਟ ਨਿਪਟਾਉਣ ਗਰੁੱਪ ਮੀਟਿੰਗਾਂ ਵਿਚ ਹੀ ਮਸ਼ਰੂਫ ਰਿਹਾ ਤੇ ਦਹਿਸ਼ਤਗਰਦ ਜਹਾਜ਼ ਨੂੰ ਅਗਵਾ ਕਰਕੇ ਲੈ ਗਏ। ਇਹ ਵੀ ਵਰਨਣਯੋਗ ਹੈ ਕਿ ਦੁਲਤ ਨੇ ਹਾਲ ਵਿਚ ਕਸ਼ਮੀਰ ਨੂੰ ਲੈ ਕੇ ਇਕ ਕਿਤਾਬ ਵੀ ਲਿਖੀ ਹੈ 'ਕਸ਼ਮੀਰ-ਦ ਵਾਜਪਾਈ ਈਅਰਜ਼'। ਇਸ ਕਿਤਾਬ ਵਿਚ ਉਨ੍ਹਾਂ ਨੇ ਹੋਰ ਵੀ ਕਈ ਖੁਲਾਸੇ ਕੀਤੇ ਹਨ, ਜਿਨ੍ਹਾਂ ਵਿਚ 1989 ਵਿਚ ਮੁਫ਼ਤੀ ਮੁਹੰਮਦ ਸਈਦ ਦੀ ਬੇਟੀ ਡਾ. ਰੁਬੀਆ ਨੂੰ ਅਗਵਾ ਕਰਨ ਵੇਲੇ ਦੇ ਹਾਲਾਤ ਤੇ ਉਸ ਵੇਲੇ ਸੂਬੇ ਦੇ ਮੁੱਖ ਮੰਤਰੀ ਫਾਰੂਖ ਅਬਦੁੱਲਾ ਦੇ ਰੁਖ ਦਾ ਵੀ ਜ਼ਿਕਰ ਕੀਤਾ ਹੈ। ਦੁਲਤ ਮੁਤਾਬਕ ਅਗਵਾ ਦੇ ਦੋਵੇਂ ਹੀ ਮਾਮਲਿਆਂ ਵਿਚ ਫਾਰੂਕ ਅਬਦੁੱਲਾ ਦਹਿਸ਼ਤਗਰਦਾਂ ਨੂੰ ਰਿਹਾਅ ਕਰਨ ਦੇ ਹੱਕ ਵਿਚ ਨਹੀਂ ਸਨ। ਸਾਬਕਾ ਪ੍ਰਧਾਨ ਮੰਤਰੀ ਵਾਜਪਾਈ ਦਾ ਗੁਜਰਾਤ ਦੰਗਿਆਂ ਪ੍ਰਤੀ ਰੁਖ ਦਾ ਵੀ ਜ਼ਿਕਰ ਕੀਤਾ ਹੈ। ਉਨ੍ਹਾਂ ਕਿਹਾ ਕਿ ਵਾਜਪਾਈ ਗੁਜਰਾਤ ਦੰਗਿਆਂ ਤੋਂ ਕਾਫੀ ਨਾਰਾਜ਼ ਸਨ ਤੇ ਉਹ ਇਸ ਨੂੰ ਇਕ 'ਗਲਤੀ' ਮੰਨਦੇ ਸਨ। ਕਾਂਗਰਸ ਨੇ ਇਨ੍ਹਾਂ ਸਾਰੇ ਤੱਥਾਂ ਨੂੰ 'ਚਿੰਤਾਜਨਕ ਤੱਥ' ਕਰਾਰ ਦਿੰਦਿਆਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਅਸਤੀਫ਼ੇ ਦੀ ਮੰਗ ਕੀਤੀ।

ਭਾਜਪਾ ਨੂੰ ਨਿਸ਼ਾਨੇ ਉਤੇ ਲੈਂਦਿਆਂ ਕਾਂਗਰਸ ਨੇ ਕਿਹਾ ਕਿ ਇਸ ਤੋਂ ਪਤਾ ਲੱਗਦਾ ਹੈ ਕਿ ਭਾਜਪਾ ਦੀ ਕਥਨੀ ਤੇ ਕਰਨੀ ਵਿਚ ਕਿੰਨਾ ਫਰਕ ਹੈ, ਜਦਕਿ ਬਚਾਅ ਵਿਚ ਉੱਤਰੀ ਭਾਜਪਾ ਨੇ ਕਾਂਗਰਸ ਉਤੇ ਜਵਾਬੀ ਹਮਲਾ ਕਰਦਿਆਂ ਕਿਹਾ ਕਿ ਕੀ ਉਸ ਵੇਲੇ ਅਗਵਾ ਹੋਏ ਮੁਸਾਫਰਾਂ ਨੂੰ ਮਰਨ ਲਈ ਛੱਡ ਦੇਣਾ ਚਾਹੀਦਾ ਸੀ?

ਕਾਂਗਰਸ ਨੇਤਾ ਅਜੈ ਕੁਮਾਰ ਨੇ ਇਕ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ ਰਾਅ ਮੁਖੀ ਦੇ ਦਾਅਵਿਆਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਉਸ ਵੇਲੇ ਦੀ ਐਨ.ਡੀ.ਏ. ਸਰਕਾਰ (ਦੱਸਣਯੋਗ ਹੈ ਕਿ ਉਸ ਵੇਲੇ ਅਟੱਲ ਬਿਹਾਰੀ ਵਾਜਪਾਈ ਦੇਸ਼ ਦੇ ਪ੍ਰਧਾਨ ਮੰਤਰੀ ਸਨ) ਕੰਧਾਰ ਕਾਂਡ ਨਾਲ ਨਜਿੱਠਣ 'ਚ ਪੂਰੀ ਤਰ੍ਹਾਂ ਨਾਕਾਮ ਰਹੀ ਤੇ ਸਰਕਾਰ ਦੀ ਇਸ ਨਾਕਾਮੀ ਕਾਰਨ ਹੀ ਅਗਵਾ ਕੀਤੇ ਜਹਾਜ਼ ਨੂੰ ਅੰਮ੍ਰਿਤਸਰ ਵਿਚੋਂ ਜਾਣ ਦੀ ਇਜਾਜ਼ਤ ਦਿੱਤੀ ਗਈ। ਅਜੈ ਕੁਮਾਰ ਨੇ ਕਿਹਾ ਕਿ ਇਸੇ ਕਾਰਨ ਮਜਬੂਰੀ ਵਿਚ ਤਿੰਨ ਦਹਿਸ਼ਤਗਰਦਾਂ ਨੂੰ ਰਿਹਾਅ ਕਰਨਾ ਪਿਆ।

ਦੂਜੇ ਪਾਸੇ ਭਾਜਪਾ ਮੁਤਾਬਕ ਉਸ ਵੇਲੇ ਲਏ ਫ਼ੈਸਲੇ ਵਿਚ ਮੁਸਾਫਰਾਂ ਦੀ ਸੁਰੱਖਿਆ ਨੂੰ ਹੀ ਸਭ ਤੋਂ ਅਹਿਮ ਰੱਖਿਆ ਗਿਆ ਸੀ। ਭਾਜਪਾ ਨੇਤਾ ਐਮ.ਜੇ. ਅਕਬਰ ਨੇ ਸਰਕਾਰ ਵੱਲੋਂ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਉਸ ਵੇਲੇ ਫ਼ੈਸਲਾ ਇਕ ਉੱਚ ਪੱਧਰੀ ਮੀਟਿੰਗ ਤੋਂ ਬਾਅਦ ਲਿਆ ਗਿਆ ਸੀ, ਜਿਸ ਤੋਂ ਪਹਿਲਾਂ ਸਾਰੀਆਂ ਸਿਆਸੀ ਪਾਰਟੀਆਂ ਦੀ ਰਾਇ ਲਈ ਗਈ ਸੀ।

### ਕੰਧਾਰ ਜਹਾਜ਼ ਅਗਵਾ ਮਾਮਲੇ ਬਾਰੇ ਅਹਿਮ ਖੁਲਾਸਾ



### ਇਹ ਸੀ ਕੰਧਾਰ ਹਾਈਜੈਕ ਮਾਮਲਾ...

**ਨਵੀਂ ਦਿੱਲੀ:** 1999 ਵਿਚ ਦਹਿਸ਼ਤਗਰਦਾਂ ਨੇ ਇੰਡੀਅਨ ਏਅਰਲਾਈਨਜ਼ ਦੇ ਜਹਾਜ਼ ਆਈ.ਸੀ. 814 ਨੂੰ ਅਗਵਾ ਕੀਤਾ ਸੀ। ਨਿਪਾਲ ਦੀ ਰਾਜਧਾਨੀ ਕਾਠਮੰਡੂ ਤੋਂ ਦਿੱਲੀ ਜਾਣ ਵਾਲੇ ਜਹਾਜ਼ ਨੂੰ ਪਾਕਿਸਤਾਨ ਦੇ ਅਤਿਵਾਦੀ ਧੜੇ ਹਰਕਤ-ਉਲ-ਮੁਜਾਹਦੀਨ ਦੇ ਦਹਿਸ਼ਤਗਰਦਾਂ ਨੇ ਅਗਵਾ ਕਰ ਲਿਆ ਸੀ। ਅੰਮ੍ਰਿਤਸਰ, ਲਾਹੌਰ ਤੇ ਦੁਬਈ ਲੈਂਡਿੰਗ ਕਰਨ ਤੋਂ ਬਾਅਦ ਅਗਵਾਕਾਰਾਂ ਨੇ ਜਹਾਜ਼ ਨੂੰ ਅਫ਼ਗਾਨਿਸਤਾਨ ਦੇ ਕੰਧਾਰ ਹਵਾਈ ਅੱਡੇ ਉਤੇ ਉਤਰਨ ਲਈ ਮਜਬੂਰ ਕੀਤਾ ਸੀ। ਇਸ ਅਮਲ ਵਿਚ 176 ਮੁਸਾਫਰਾਂ ਵਿਚੋਂ 27 ਨੂੰ ਦੁਬਈ ਛੱਡ ਦਿੱਤਾ ਗਿਆ ਸੀ ਪਰ ਇਸ ਦੌਰਾਨ ਇਕ ਮੁਸਾਫਰ ਦੀ ਹੱਤਿਆ ਵੀ ਕਰ ਦਿੱਤੀ ਗਈ ਅਤੇ ਕਈਆਂ ਨੂੰ ਜ਼ਖ਼ਮੀ ਕਰ ਦਿੱਤਾ ਗਿਆ, ਜਿਸ ਕਾਰਨ ਸਰਕਾਰ ਨੂੰ ਤਿੰਨ ਦਹਿਸ਼ਤਗਰਦਾਂ ਮਸੂਦ ਅਜ਼ਹਰ, ਅਹਿਮਦ ਉਮਰ ਸਈਦ ਸ਼ੇਖ ਤੇ ਮੁਸ਼ਤਾਕ ਅਹਿਮਦ ਅਜ਼ਗਰ ਨੂੰ ਰਿਹਾਅ ਕਰਨਾ ਪਿਆ ਸੀ।

### ਪੰਜਾਬ ਸਰਕਾਰ ਦੀ ਨਾਕਾਮੀ ਕਾਰਨ ਜਹਾਜ਼ ਨੇ ਅੰਮ੍ਰਿਤਸਰ ਤੋਂ ਭਰੀ ਉਡਾਰੀ: ਕੈਪਟਨ

**ਪਟਿਆਲਾ:** ਕੈਪਟਨ ਅਮਰਿੰਦਰ ਨੇ ਕਿਹਾ ਹੈ ਕਿ ਜੇਕਰ ਉਹ ਕੰਧਾਰ ਜਹਾਜ਼ ਹਾਈਜੈਕ ਸਮੇਂ ਮੁੱਖ ਮੰਤਰੀ ਹੁੰਦੇ ਤਾਂ ਹਾਈਜੈਕਰਾਂ ਨੂੰ ਅੰਮ੍ਰਿਤਸਰ ਤੋਂ ਹੀ ਉਡਾਰੀ ਨਾ ਭਰਨ ਦਿੰਦੇ। 1999 ਵਿਚ ਕੰਧਾਰ ਹਾਈਜੈਕ ਸਮੇਂ ਕੇਂਦਰ ਵਿਚ ਵਾਜਪਾਈ ਤੇ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਸੀ। ਇਸੇ ਲਈ ਕੈਪਟਨ ਇਹ ਬਿਆਨ ਦੇ ਕੇ ਬਾਦਲ ਸਰਕਾਰ ਨੂੰ ਕਟਿਹਰੇ ਵਿਚ ਖੜ੍ਹਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਦਰਅਸਲ ਸਾਬਕਾ ਰਾਅ ਮੁਖੀ ਏ.ਐਸ. ਮਲਿਕ ਨੇ ਆਪਣੀ ਕਿਤਾਬ ਵਿਚ ਇਹ ਗੱਲ ਲਿਖੀ ਹੈ ਕਿ ਵਾਜਪਾਈ ਸਰਕਾਰ ਨੇ ਕੰਧਾਰ ਹਾਈਜੈਕ ਸਮੇਂ ਸਹੀ ਉਪਰਾਲੇ ਨਹੀਂ ਕੀਤੇ ਸਨ। ਸਰਕਾਰ ਦਾ ਘਟਨਾ ਨੂੰ ਲੈ ਕੇ ਰਵੱਈਆ ਠੀਕ ਨਹੀਂ ਸੀ। ਇਸ ਕਿਤਾਬ ਦੇ ਆਉਣ ਤੋਂ ਬਾਅਦ ਹੀ ਇਸ ਮਸਲੇ ਉਤੇ ਲਗਾਤਾਰ ਵਿਵਾਦ ਹੋ ਰਿਹਾ ਹੈ।

## ਪੰਜਾਬ 'ਚ ਭਾਈਚਾਰਕ ਸਾਂਝ ਦਾ ਪਾਠ ਪੜ੍ਹਨਗੇ ਅਮਰੀਕੀ ਅਧਿਆਪਕ

**ਅੰਮ੍ਰਿਤਸਰ:** ਅਮਰੀਕਾ ਵਿਚ ਸਿੱਖਾਂ ਖਿਲਾਫ਼ ਨਸਲੀ ਹਮਲੇ ਤੇ ਵਿਤਕਰੇ ਦੇ ਰੁਝਾਨ ਨੂੰ ਰੋਕਣ ਦੇ ਮੰਤਵ ਨਾਲ ਇਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਵਿਚ ਨਿਊਯਾਰਕ ਦੇ 14 ਮੈਂਬਰੀ ਅਧਿਆਪਕ ਵਫਦ ਨੂੰ ਤਿੰਨ ਹਫਤਿਆਂ ਲਈ ਸਿੱਖ ਧਰਮ, ਸਿੱਖ ਸਭਿਆਚਾਰ, ਸਿੱਖ ਇਤਿਹਾਸ ਤੇ ਪੰਜਾਬੀ ਭਾਸ਼ਾ ਬਾਰੇ ਗਿਆਨ ਦਿੱਤਾ ਜਾਵੇਗਾ। ਇਹ ਵਫਦ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਤੇ ਆਪਣੇ ਇਸ ਕੋਰਸ ਦੀ ਸ਼ੁਰੂਆਤ ਲਈ ਅਰਦਾਸ ਕੀਤੀ ਹੈ।

ਇਸ ਵਫਦ ਵਿਚ ਨਿਊਯਾਰਕ ਦੀ ਸੇਂਟ ਜੌਨਸਨ ਯੂਨੀਵਰਸਿਟੀ ਤੇ ਕੋਲੰਬੀਆ ਯੂਨੀਵਰਸਿਟੀ ਤੋਂ ਦੋ ਫੈਕਲਟੀ ਮੈਂਬਰ, ਜਿਨ੍ਹਾਂ ਵਿਚ ਡਾਕਟਰ ਵਾਈ ਜੌਨਸਨ ਅਤੇ ਡਾ. ਰਾਣੀ ਚੌਧਰੀ ਸ਼ਾਮਲ ਹਨ। ਯੂਨੀਵਰਸਿਟੀ ਤੋਂ ਬਲਵੰਤ ਸਿੰਘ ਢਿੱਲੋਂ ਨੇ ਦੱਸਿਆ ਕਿ ਇਹ ਆਪਣੇ ਕਿਸਮ ਦਾ ਨਿਵੇਕਲਾ ਉਪਰਾਲਾ ਹੈ। ਇਸ ਵਫਦ ਨੇ ਕੋਰਸ ਦੀ ਸ਼ੁਰੂਆਤ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਜਿਥੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਇਨ੍ਹਾਂ ਨੂੰ ਜੀ ਆਇਆਂ ਆਖਿਆ ਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ।

ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਸਮੇਂ ਸੂਚਨਾ ਅਧਿਕਾਰੀ ਗੁਰਬਚਨ ਸਿੰਘ ਨੇ ਵਫਦ ਨੂੰ ਸਿੱਖ ਇਤਿਹਾਸ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਪੰਜਾਬੀ ਭਾਸ਼ਾ ਤੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਸ਼੍ਰੋਮਣੀ ਕਮੇਟੀ ਇਨ੍ਹਾਂ ਨੂੰ ਹਰ ਸੰਭਵ ਸਹਿਯੋਗ ਦੇਵੇਗੀ।

## ਆਈ.ਐਸ. ਨੇ ਬੱਚਿਆਂ ਤੋਂ ਮਰਵਾਏ 25 ਸੈਨਿਕ

**ਬੇਰੂਤ:** ਸੀਰੀਆ ਦੇ ਇਤਿਹਾਸਕ ਸ਼ਹਿਰ ਪਾਲੀਮੀਰਾ ਵਿਚ ਆਈ.ਐਸ. ਦੇ ਦਹਿਸ਼ਤਗਰਦਾਂ ਨੇ 25 ਸੀਰੀਆ ਸੈਨਿਕਾਂ ਦੀ ਹੱਤਿਆ ਬੱਚਿਆਂ ਹੱਥੋਂ ਕਰਵਾਈ ਹੈ। ਜਾਰੀ ਕੀਤੇ ਗਏ ਵੀਡੀਓ ਵਿਚ ਨਜ਼ਰ ਆ ਰਿਹਾ ਹੈ ਕਿ ਸਾਰੇ ਸੈਨਿਕਾਂ ਨੂੰ ਇਕ ਲਾਈਨ ਵਿਚ ਖੜ੍ਹਾ ਕਰਕੇ ਆਈ.ਐਸ. ਨੇ ਬੱਚਿਆਂ ਹੱਥੋਂ ਇਨ੍ਹਾਂ ਨੂੰ ਗੋਲੀ ਮਰਵਾਈ ਹੈ। ਵੀਡੀਓ ਵਿਚ ਦਿਖਾਈ ਦੇ ਰਿਹਾ ਹੈ ਕਿ ਘਟਨਾ ਸਮੇਂ ਉਥੇ ਕਾਫ਼ੀ ਭੀੜ ਵੀ ਸੀ।

ਸੀਰੀਆਈ ਸੈਨਿਕਾਂ ਨੂੰ ਸਭ ਤੋਂ ਪਹਿਲਾਂ ਇਕ ਲਾਈਨ ਵਿਚ ਖੜ੍ਹਾ ਕੀਤਾ ਗਿਆ। ਫਿਰ ਮਿਲਟਰੀ ਵਰਦੀ ਪਾਈ ਬੱਚਿਆਂ ਨੂੰ ਪਿਸਟਲਾਂ ਦਿੱਤੀਆਂ ਗਈਆਂ। ਬੱਚਿਆਂ ਦੀ ਉਮਰ 12 ਤੋਂ 13 ਸਾਲ ਦੀ ਹੈ। ਬਾਅਦ ਵਿਚ ਬੱਚਿਆਂ ਨੇ ਗੋਲੀਆਂ ਚਲਾ ਕੇ ਸੀਰੀਆਈ ਸੈਨਿਕਾਂ ਦੀ ਹੱਤਿਆ ਕਰ ਦਿੱਤੀ। ਸੀਰੀਆ ਦੇ ਮਨੁੱਖੀ ਅਧਿਕਾਰ ਸੰਗਠਨ ਬੱਚਿਆਂ ਤੋਂ ਹੱਤਿਆ ਕਰਵਾਏ ਜਾਣ ਦੀ ਘਟਨਾ ਨੂੰ ਲੈ ਕੇ ਕਾਫ਼ੀ ਚਿੰਤਤ ਹਨ।



ਮਨੁੱਖੀ ਅਧਿਕਾਰ ਸੰਗਠਨਾਂ ਅਨੁਸਾਰ ਆਈ.ਐਸ. ਕੋਲ ਤਕਰੀਬਨ 500 ਬੱਚਿਆਂ ਦੀ ਫ਼ੌਜ ਹੈ ਜਿਸ ਤੋਂ ਆਤਮਘਾਤੀ ਧਮਾਕੇ ਤੇ ਹੋਰ ਵਾਰਦਾਤਾਂ ਕਰਵਾਈਆਂ ਜਾਂਦੀਆਂ ਹਨ। ਆਈ.ਐਸ. ਨੇ ਜਿਸ ਥਾਂ ਉਤੇ ਇਸ ਘਟਨਾ ਨੂੰ ਅੰਜਾਮ ਦਿੱਤਾ ਉਹ ਇਕ ਪ੍ਰਾਚੀਨ ਇਮਾਰਤ ਹੈ। ਆਈ.ਐਸ. ਨੇ ਪਾਲ ਮੀਰਾ ਸ਼ਹਿਰ ਉਤੇ ਇਸ ਸਾਲ 21 ਮਈ ਨੂੰ ਕਬਜ਼ਾ ਕਰ ਲਿਆ ਸੀ। ਇਸ ਸ਼ਹਿਰ ਦੀਆਂ ਪ੍ਰਾਚੀਨ ਇਮਾਰਤਾਂ ਤਹਿਸ ਨਹਿਸ ਕੀਤਾ ਜਾ ਚੁੱਕਾ ਹੈ।

## ਮੁੰਬਈ ਵਿਚੋਂ ਹਰ ਮਹੀਨੇ 884 ਲੋਕ ਹੋ ਜਾਂਦੇ ਨੇ ਲਾਪਤਾ

**ਮੁੰਬਈ:** ਮੁੰਬਈ ਪੁਲਿਸ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਪਿਛਲੇ 10 ਦਹਾਕਿਆਂ ਦੌਰਾਨ ਮੁੰਬਈ ਸ਼ਹਿਰ ਵਿਚੋਂ ਹਰ ਮਹੀਨੇ 884 ਲੋਕ ਲਾਪਤਾ ਹੋ ਜਾਂਦੇ ਹਨ, ਜਿਸ ਵਿਚੋਂ ਜ਼ਿਆਦਾ ਗਿਣਤੀ ਨਾਬਾਲਗ ਲੜਕੀਆਂ ਦੀ ਹੈ। ਤਾਜ਼ਾ ਅੰਕੜਿਆਂ ਅਨੁਸਾਰ ਪਿਛਲੇ 10.5 ਸਾਲਾਂ ਦੌਰਾਨ 110547 ਲੋਕਾਂ ਦੇ ਲਾਪਤਾ ਹੋਣ ਦੀ ਖਬਰ ਹੈ, ਜਿਨ੍ਹਾਂ ਵਿਚੋਂ 100439 ਲੋਕਾਂ ਬਾਰੇ ਵਿਭਾਗ ਨੂੰ ਜਾਣਕਾਰੀ ਹੈ ਜਦਕਿ 10108 ਲੋਕਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਮੁੰਬਈ ਪੁਲਿਸ ਦੀ ਸੀ.ਆਈ.ਡੀ. ਤੇ ਕ੍ਰਾਈਮ ਬਰਾਂਚ ਵੱਲੋਂ ਜਾਰੀ ਚਾਰਟ ਅਨੁਸਾਰ ਜਨਵਰੀ 2005 ਤੋਂ ਮਈ 2015 ਤੱਕ ਲਾਪਤਾ ਹੋਈਆਂ ਨਾਬਾਲਗ ਲੜਕੀਆਂ ਸਮੇਤ ਔਰਤਾਂ ਦੀ ਗਿਣਤੀ ਪੁਰਸ਼ਾਂ ਨਾਲੋਂ ਜ਼ਿਆਦਾ ਹੈ। ਮੁੰਬਈ ਪੁਲਿਸ ਦੇ ਇਕ ਬੁਲਾਰੇ ਧਨੰਜੇ ਕੁਲਕਰਨੀ ਨੇ ਕਿਹਾ ਕਿ ਅਸੀਂ ਸਫਲਤਾਪੂਰਵਕ 90 ਫੀਸਦੀ ਲਾਪਤਾ ਲੋਕਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਲਈ ਹੈ।

## ਕੁੜੀ-ਮੁੰਡੇ ਵਿਚਲਾ ਜਨਮ ਦਰ ਪਾੜਾ ਘਟਾਉਣ ਵਿਚ ਪੰਜਾਬ ਸਫਲ

**ਚੰਡੀਗੜ੍ਹ:** ਪੰਜਾਬ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੀ ਗਿਣਤੀ ਵਧਣ ਲੱਗ ਪਈ ਹੈ। ਸਿਹਤ ਵਿਭਾਗ ਵੱਲੋਂ ਤਿਆਰ ਕੀਤੇ ਗਏ ਅੰਕੜਿਆਂ ਤੋਂ ਪਤਾ ਲੱਗਿਆ ਹੈ ਕਿ ਇਕ ਹਜ਼ਾਰ ਲੜਕਿਆਂ ਮਗਰ ਲੜਕੀਆਂ ਦੀ ਗਿਣਤੀ 798 ਤੋਂ ਵਧ ਕੇ 846 ਹੋ ਗਈ ਹੈ। ਇਸ ਤਰ੍ਹਾਂ ਹਜ਼ਾਰ ਪਿੱਛੇ ਪਹਿਲਾਂ ਨਾਲੋਂ ਔਸਤਨ 48 ਲੜਕੀਆਂ ਵਧੇਰੇ ਪੈਦਾ ਹੋ ਰਹੀਆਂ ਹਨ। ਸਿਹਤ ਵਿਭਾਗ ਦੇ ਅੰਕੜਿਆਂ ਮੁਤਾਬਕ ਹਰੇਕ ਜ਼ਿਲ੍ਹੇ ਨੇ ਪੰਜਾਬੀਆਂ ਸਿਰੋਂ ਕੁੱਖ ਵਿਚ ਧੀ ਮਾਰਨ ਦਾ ਧੱਬਾ ਲਾਹੁਣ ਵਿਚ ਆਪਣਾ ਯੋਗਦਾਨ ਪਾਇਆ ਹੈ। ਸਭ ਤੋਂ ਅੱਗੇ ਕਪੂਰਥਲਾ ਰਿਹਾ ਹੈ। ਇਥੇ ਲੜਕਿਆਂ ਮਗਰ ਲੜਕੀਆਂ ਦੀ ਗਿਣਤੀ 785 ਤੋਂ ਵਧ ਕੇ 872 ਹੋ ਗਈ ਹੈ।




ਮੁੱਖ ਮੰਤਰੀ ਦੇ ਜ਼ਿਲ੍ਹੇ ਮੁਕਤਸਰ ਵਿਚ ਕੁੜੀਆਂ ਦੀ ਗਿਣਤੀ ਵਧਣ ਦੀ ਸੁਸਤ ਚਾਲ ਹੈ ਜਿਥੇ ਹਜ਼ਾਰ ਪਿੱਛੇ ਪਹਿਲਾਂ ਨਾਲੋਂ ਸਿਰਫ 19 ਬੱਚੀਆਂ ਵਧੇਰੇ ਪੈਦਾ ਹੋਈਆਂ ਹਨ। ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਵਿਚ ਵੀ ਸ਼ਲਾਘਾਯੋਗ ਕੰਮ ਹੋਇਆ ਹੈ ਤੇ ਲੜਕੀਆਂ ਦੀ ਹਜ਼ਾਰ ਮਗਰ ਗਿਣਤੀ 77 ਵੱਧ ਗਈ ਹੈ। ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਲੜਕੀਆਂ ਦੀ ਗਿਣਤੀ ਵਿਚ ਹਜ਼ਾਰ ਮਗਰ 24 ਦਾ ਹੀ ਨਿਗੂਣਾ ਵਾਧਾ ਹੋਇਆ ਹੈ। ਕੌਮੀ ਪੱਧਰ ਉਤੇ ਲੜਕੇ ਤੇ ਲੜਕੀ ਦਾ ਅਨੁਪਾਤ 914 ਹੈ। ਕਪੂਰਥਲਾ ਵਿਚ ਇਕ ਹਜ਼ਾਰ ਮੁੰਡਿਆਂ ਮਗਰ ਕੁੜੀਆਂ ਦੀ ਗਿਣਤੀ 785 ਤੋਂ ਵਧ ਕੇ 872 ਹੋ ਗਈ ਹੈ ਜਦੋਂਕਿ ਫ਼ਤਹਿਗੜ੍ਹ ਸਾਹਿਬ ਵਿਚ 766 ਦੇ ਮੁਕਾਬਲੇ 843 ਲੜਕੀਆਂ ਪੈਦਾ ਹੋਣ ਲੱਗੀਆਂ ਹਨ। ਸ਼ਹੀਦ ਭਗਤ ਸਿੰਘ ਨਗਰ ਵਿਚ ਵੀ ਇਕ ਹਜ਼ਾਰ ਪਿੱਛੇ 808 ਦੀ ਥਾਂ 879 ਬੱਚੀਆਂ ਪੈਦਾ ਹੋਣ ਲੱਗੀਆਂ ਹਨ। ਬਠਿੰਡਾ ਵਿਚ ਇਹ ਗਿਣਤੀ 785 ਤੋਂ ਵਧ ਕੇ 854 ਹੋ ਗਈ ਹੈ। ਜਲੰਧਰ ਵਿਚ ਹਜ਼ਾਰ ਪਿੱਛੇ 874 ਲੜਕੀਆਂ ਪੈਦਾ ਹੋਣ ਲੱਗੀਆਂ ਹਨ ਜਦੋਂਕਿ ਪਹਿਲਾਂ ਇਹ ਗਿਣਤੀ 806 ਸੀ। ਰੂਪਨਗਰ ਤੇ ਪਟਿਆਲਾ ਵਿਚ ਵੀ ਕ੍ਰਮਵਾਰ 799 ਤੋਂ 866 ਅਤੇ 776 ਤੋਂ 835 ਦਾ ਵਾਧਾ ਹੋਇਆ ਹੈ। ਐਸ.ਏ.ਐਸ. ਨਗਰ ਵਿਚ ਇਕ ਹਜ਼ਾਰ ਲੜਕਿਆਂ ਮਗਰ 785 ਲੜਕੀਆਂ ਦੀ ਥਾਂ 842 ਲੜਕੀਆਂ ਨੂੰ ਇਹ ਦੁਨੀਆਂ ਦੇਖਣ ਦਾ ਸੁਭਾਗ ਮਿਲਣ ਲੱਗਾ ਹੈ। ਬਰਨਾਲਾ ਵਿਚ ਪਹਿਲਾਂ ਹਜ਼ਾਰ ਦੇ ਮਗਰ ਬੱਚੀਆਂ ਦੀ ਗਿਣਤੀ 792 ਸੀ ਜਦੋਂਕਿ ਇਹ ਵਧ ਕੇ 847 ਨੂੰ ਜਾ ਪੁੱਜੀ ਹੈ। ਸੰਗਰੂਰ, ਮਾਨਸਾ ਤੇ ਲੁਧਿਆਣਾ ਵਿਚ ਲੜਕਿਆਂ ਪਿੱਛੇ ਲੜਕੀਆਂ ਦੀ ਗਿਣਤੀ ਲੜੀਵਾਰ 784 ਤੋਂ ਵਧ ਕੇ 835, 782 ਤੋਂ ਵਧ ਕੇ 831 ਅਤੇ 817 ਤੋਂ ਵਧ ਕੇ 865 ਹੋ ਗਈ ਹੈ। ਹੁਸ਼ਿਆਰਪੁਰ ਵਿਚ ਇਕ ਹਜ਼ਾਰ ਪਿੱਛੇ ਲੜਕੀਆਂ ਦੀ ਗਿਣਤੀ 812 ਤੋਂ ਵਧ 859 ਹੋ ਗਈ ਹੈ। ਮੋਗਾ ਵਿਚ ਵੀ ਹਜ਼ਾਰ ਦੇ ਮਗਰ ਲੜਕੀਆਂ ਦੇ ਨਿਸਬਤ 45 ਲੜਕੀਆਂ ਵਧੇਰੇ ਜਨਮ ਲੈਣ ਲੱਗੀਆਂ ਹਨ। ਵਿਭਾਗ ਵੱਲੋਂ ਅਜਿਹੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਨਕਦ ਰਾਸ਼ੀ ਦੇ ਕੇ ਸਨਮਾਨਤ ਕਰਨਾ ਸ਼ੁਰੂ ਕੀਤਾ ਗਿਆ ਹੈ ਜਿਨ੍ਹਾਂ ਨੇ ਭਰੂਣ ਹੱਤਿਆ ਨੂੰ ਰੋਕਣ ਲਈ ਮਹੱਤਵਪੂਰਨ ਯੋਗਦਾਨ ਪਾਇਆ ਹੈ। ਵਿਭਾਗ ਵੱਲੋਂ 2010 ਵਿਚ 23, 2011 ਵਿਚ 60, 2012 ਵਿਚ 75, 2013 ਵਿਚ 75 ਅਤੇ 2014 ਵਿਚ 148 ਪੰਚਾਇਤਾਂ ਨੂੰ ਡੇਢ-ਡੇਢ ਲੱਖ ਰੁਪਏ ਦਾ ਨਕਦ ਇਨਾਮ ਦਿੱਤਾ ਗਿਆ ਸੀ। ਸਾਲ 2014 ਵਿਚ ਇਹ ਰਕਮ ਵਧਾ ਕੇ ਦੋ ਲੱਖ ਕਰ ਦਿੱਤੀ ਗਈ ਹੈ।।

# ਲੋਕ ਪੱਖੀ ਰਾਜਨੀਤੀ ਦਾ ਨਾਇਕ-ਵਸੰਤਰਾਓ ਨਾਇਕ

ਵਸੰਤਰਾਓ ਨਾਇਕ ਦਾ ਜਨਮ ਪਹਿਲੀ ਜੁਲਾਈ, 1913 ਨੂੰ ਮਹਾਂਰਾਸ਼ਟਰ ਦੇ ਜ਼ਿਲ੍ਹਾ ਯਵਤਮਾਲ ਦੀ ਪੁਸਾਦ ਤਾਲੁਕਾ ਵਿਚ ਸਾਧਾਰਨ ਬੰਜਾਰਾ ਪਰਿਵਾਰ ਵਿਚ ਹੋਇਆ। ਉਨ੍ਹਾਂ ਦਸਵੀਂ ਨੀਲ ਸਿਟੀ ਹਾਈ ਸਕੂਲ, ਨਾਗਪੁਰ ਤੋਂ ਪਾਸ ਕਰਨ ਉਪਰੰਤ ਉਥੋਂ ਦੇ ਮੌਰਿਸ ਕਾਲਜ ਤੋਂ ਬੀ.ਏ. ਦੀ ਡਿਗਰੀ ਕੀਤੀ। ਇਸ ਤੋਂ ਬਾਅਦ ਉਨ੍ਹਾਂ ਯੂਨੀਵਰਸਿਟੀ ਲਾਅ ਕਾਲਜ, ਨਾਗਪੁਰ ਤੋਂ ਐਲ.ਐਲ.ਬੀ ਕਰ



**ਡਾ. ਮੋਹਨ ਸਿੰਘ ਤਿਆਗੀ**

ਲਈ ਅਤੇ ਫਿਰ ਅਮਰਾਵਤੀ ਦੇ ਪ੍ਰਸਿੱਧ ਬੈਰਿਸਟਰ ਪੰਜਾਬ ਰਾਓ ਦੇਸ਼ਮੁੱਖ ਦੀ ਰਹਿਨੁਮਾਈ ਵਿਚ ਵਕਾਲਤ ਸ਼ੁਰੂ ਕੀਤੀ। ਇਹ ਉਹ ਸਮਾਂ ਸੀ ਜਦੋਂ ਉਹ ਰਾਜਨੀਤੀ ਵਿਚ ਪੂਰੀ ਤਰ੍ਹਾਂ ਸਰਗਰਮ ਹੋ ਗਏ। ਰਾਜਨੀਤੀ ਵਿਚ ਉਨ੍ਹਾਂ ਦਾ ਉਭਾਰ ਪੁਸਾਦ ਮਿਉਂਸਿਪਲ ਕਮੇਟੀ ਦਾ ਪਹਿਲੀ ਵਾਰ ਪ੍ਰਧਾਨ ਨਿਯੁਕਤ ਹੋਣ 'ਤੇ ਹੋਇਆ।

ਦੇਸ਼ ਦੀਆਂ ਪਹਿਲੀਆਂ ਚੋਣਾਂ ਵਿਚ ਉਹ ਮੱਧ ਪ੍ਰਦੇਸ਼ ਸਰਕਾਰ ਦੇ ਰੈਵੇਨਿਊ ਵਿਭਾਗ ਵਿਚ ਬਤੌਰ ਉਪ ਮੰਤਰੀ ਕਾਰਜਸ਼ੀਲ ਹੋਏ। ਰਾਜਾਂ ਦੇ ਪੁਨਰਗਠਨ ਤੋਂ ਬਾਅਦ ਉਨ੍ਹਾਂ ਨੂੰ ਮੁੰਬਈ ਰਾਜ ਦੀ ਸਰਕਾਰ ਵਿਚ ਖੇਤੀ, ਸਹਿਕਾਰਤਾ ਅਤੇ ਡੇਅਰੀ ਵਿਕਾਸ ਮੰਤਰੀ ਨਿਯੁਕਤ ਕੀਤਾ ਗਿਆ। ਇਸ ਤਰ੍ਹਾਂ ਦਿਨ ਰਾਤ ਲੋਕ ਸੇਵਾ ਤੇ ਦ੍ਰਿੜ ਨਿਸ਼ਚੈ ਦੀ ਮਸ਼ਾਲ ਫੜੀ ਉਹ 5 ਦਸੰਬਰ 1963 ਨੂੰ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਬਣੇ। 1967 ਦੀਆਂ ਚੋਣਾਂ ਜਿੱਤਣ ਪਿਛੋਂ ਉਨ੍ਹਾਂ ਇਕ ਵਾਰ ਫਿਰ ਸਰਬਸੰਮਤੀ ਨਾਲ ਮੁੱਖ ਮੰਤਰੀ ਬਣੇ।

ਸ੍ਰੀ ਨਾਇਕ ਭਾਵੇਂ ਬੰਜਾਰਾ ਕਬੀਲਾਈ ਸਭਿਆਚਾਰ ਵਿਚੋਂ ਉਦੈ ਹੋ ਕੇ ਮਹਾਂਰਾਸ਼ਟਰ ਦੀ ਰਾਜ ਸੱਤਾ ਦੇ ਧਰੂ ਤਾਰੇ ਬਣ ਗਏ ਸਨ, ਪਰ ਉਨ੍ਹਾਂ ਆਪਣੇ ਰਾਜ ਅਤੇ ਲੋਕਾਂ ਪ੍ਰਤੀ ਆਤਮਿਕ ਅਹਿਦਨਾਮਾ ਕੀਤਾ ਹੋਇਆ ਸੀ ਜਿਸ ਨੂੰ ਉਹ ਲਾਗੂ ਕਰਨ ਲਈ ਹਰ ਵੇਲੇ ਤਤਪਰ ਰਹਿੰਦੇ ਸਨ। ਇਹੀ ਕਾਰਨ ਸੀ ਕਿ ਉਹ ਕਿਸਾਨਾਂ ਅਤੇ ਕਿਰਤੀਆਂ ਲਈ ਗਹਿਰੀ ਸਦਭਾਵਨਾ ਅਤੇ ਨਿਸ਼ਠਾ ਰੱਖਦੇ ਸਨ। ਉਹ ਡੂੰਘੀ ਦ੍ਰਿਸ਼ਟੀ ਵਾਲੀ ਬਹੁ-ਪੱਖੀ ਸ਼ਖਸੀਅਤ ਸਨ। ਉਹ ਆਪਣੇ ਸਮੇਂ ਦੇ ਪ੍ਰਸਿੱਧ ਨਾਵਲਕਾਰਾਂ ਹਰੀਭਾਓ ਆਪਟੇ ਅਤੇ ਨਾਥ ਮਾਧਣ ਤੋਂ ਬਹੁਤ ਪ੍ਰਭਾਵਿਤ ਸਨ। ਇਸ ਤੋਂ ਇਲਾਵਾ ਉਨ੍ਹਾਂ ਉਤੇ ਮਹਾਤਮਾ ਫੂਲੇ ਅਤੇ ਸੇਨ ਗੁਰੂ ਦੇ ਅਧਿਆਤਮਕ ਦਰਸ਼ਨ ਦਾ ਵੀ ਗਹਿਰਾ ਪ੍ਰਭਾਵ ਸੀ। ਇਨ੍ਹਾਂ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਤਹਿਤ ਉਨ੍ਹਾਂ ਛੂਆ-ਛਾਤ, ਨਾਰੀ ਸਿੱਖਿਆ ਅਤੇ ਸਮਾਜਕ ਕ੍ਰਾਂਤੀ ਦੇ ਸੰਕਲਪਾਂ ਨੂੰ ਜੀਵਨ ਵਿਹਾਰ ਵਿਚ ਲਿਆਂਦਾ। ਡਾ. ਬੀ.ਆਰ. ਅੰਬੇਦਕਰ ਅਤੇ ਡੇਲ ਕਰਨੇਗੀ ਦੇ ਸਮਾਜਕ ਸੰਘਰਸ਼ ਨੇ ਉਨ੍ਹਾਂ ਨੂੰ ਧੁਰ ਅੰਦਰ ਤਕ ਪ੍ਰਭਾਵਿਤ ਕੀਤਾ।

ਮਹਾਂਰਾਸ਼ਟਰ ਵਿਚ ਹਰੇ ਅਤੇ ਚਿੱਟੇ ਇਨਕਲਾਬ ਦੇ ਉਹ ਪਿਤਾਮਾ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਖੇਤੀਬਾੜੀ ਅਤੇ ਡੇਅਰੀ ਸੈਕਟਰ ਵਿਚ ਅਜਿਹੇ ਯਾਦਗਾਰੀ ਸੁਧਾਰ ਕੀਤੇ ਜਿਨ੍ਹਾਂ ਨਾਲ ਨਾ ਸਿਰਫ ਮਹਾਂਰਾਸ਼ਟਰ ਹੀ ਆਤਮ-ਨਿਰਭਰ ਹੋਇਆ, ਸਗੋਂ ਉਹ ਪੂਰੇ ਦੇਸ਼ ਦੇ ਰਾਜਾਂ ਲਈ ਮਿਸਾਲ ਬਣ ਗਏ। ਉਹ ਖੇਤੀਬਾੜੀ ਆਰਥਿਕਤਾ, ਉਦਯੋਗ, ਸਮਾਜ ਅਤੇ ਰਾਜਨੀਤਕ ਹਲਕਿਆਂ ਵਿਚ ਕੀਤੇ ਵਿਕਾਸ ਕਾਰਨ ਸਫਲ ਰਾਜਨੇਤਾ ਵਜੋਂ ਉਭਰੇ। ਇਹੀ ਕਾਰਨ ਸੀ ਕਿ ਉਨ੍ਹਾਂ ਦੇ ਰਾਜਨੀਤਕ ਜੀਵਨ ਵਿਚ ਗਤੀਸ਼ੀਲਤਾ ਅਤੇ ਪ੍ਰਗਤੀ ਲਗਾਤਾਰ ਬਣੀ ਰਹੀ। ਉਨ੍ਹਾਂ ਮੁੱਖ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਕਈ ਮਹੱਤਵਪੂਰਨ ਫੈਸਲੇ ਕੀਤੇ ਜਿਨ੍ਹਾਂ ਨੇ ਮਹਾਂਰਾਸ਼ਟਰ ਨੂੰ ਪ੍ਰਗਤੀ ਦੇ ਮਾਰਗ 'ਤੇ ਤੋਰਿਆ। ਸ੍ਰੀ ਨਾਇਕ ਨੇ 14 ਫਰਵਰੀ 1964 ਨੂੰ ਮਰਾਠੀ ਨੂੰ ਰਾਜ ਭਾਸ਼ਾ ਦਾ ਰੁਤਬਾ ਦੇ ਕੇ ਇਤਿਹਾਸਕ ਕਾਰਜ ਕੀਤਾ। ਇਸ ਨਾਲ ਹਟਕੋਰੇ ਲੈ ਰਹੀਆਂ ਖੇਤਰੀ ਭਾਸ਼ਾਵਾਂ ਨੂੰ ਪੂਰੇ ਦੇਸ਼ ਵਿਚ ਸਨਮਾਨ ਮਿਲਿਆ। ਇਸ ਤੋਂ ਇਲਾਵਾ ਉਨ੍ਹਾਂ ਆਪਣੇ ਰਾਜ ਵਿਚ ਹੋਰ ਵੀ ਬਹੁਤ ਸਾਰੇ ਸਮਾਜਕ, ਆਰਥਿਕ ਅਤੇ ਰਾਜਨੀਤਕ ਕਾਰਜ ਕੀਤੇ।

ਸ੍ਰੀ ਨਾਇਕ ਨੇ ਵੱਡੇ ਪੱਧਰ 'ਤੇ ਭੂਮੀ ਸੁਧਾਰ ਕਰ ਕੇ ਭੂਮੀ ਹਲਵਾਹਕਾਂ ਦੇ ਨਾਂ ਕੀਤੀ। ਇਸ ਸਬੰਧੀ ਐਕਟ ਬਣਾ ਕੇ ਕਿਰਤੀਆਂ ਦਾ ਸ਼ੋਸ਼ਣ ਰੋਕਿਆ। ਉਨ੍ਹਾਂ ਉਦਯੋਗਿਕ ਵਿਕਾਸ ਵਿਚ ਵੀ ਵੱਡਾ ਯੋਗਦਾਨ ਪਾਇਆ। ਨਾਗਪੁਰ, ਔਰੰਗਾਬਾਦ, ਨਾਸਿਕ ਅਤੇ ਲਾਤੂਰ ਜ਼ਿਲ੍ਹਿਆਂ ਵਿਚ ਉਦਯੋਗ ਲਾ ਕੇ ਕਿਰਤੀਆਂ ਲਈ ਰੋਜ਼ੀ-ਰੋਟੀ ਦਾ ਰਾਹ ਪੱਧਰਾ ਕੀਤਾ। ਰੁਜ਼ਗਾਰ ਗਰੰਟੀ ਸਕੀਮ ਤਹਿਤ ਨਵੇਂ ਕਾਨੂੰਨ ਬਣਾ ਕੇ ਸ੍ਰੀ ਨਾਇਕ ਨੇ ਲੱਖਾਂ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ। ਇਹ ਸਕੀਮ ਆਦਮੀਆਂ ਅਤੇ ਔਰਤਾਂ ਲਈ ਬਰਾਬਰ ਦਾ ਦਰਜਾ ਰੱਖਦੀ ਹੈ। ਕਾਲ ਵਾਲੇ ਇਲਾਕਿਆਂ ਵਿਚ ਖੂਹ ਅਤੇ ਝੀਲਾਂ ਬਣਵਾਈਆਂ।

ਮਹਾਂਰਾਸ਼ਟਰ ਨੂੰ ਜੂਆ ਅਤੇ ਦੜਾ-ਸੱਟਾ ਵਰਗੀਆਂ ਸਮਾਜਕ ਬੁਰਾਈਆਂ ਤੋਂ ਮੁਕਤ ਕਰਾਉਣ ਲਈ ਉਨ੍ਹਾਂ ਸਟੇਟ ਲਾਟਰੀ ਦੀ ਸਕੀਮ ਸ਼ੁਰੂ ਕੀਤੀ। ਇਸ ਨਾਲ ਜੂਏ ਦੇ ਰੁਝਾਨ ਨੂੰ ਕਾਫ਼ੀ ਹੱਦ ਤੱਕ ਠੱਲ੍ਹ ਪਈ ਅਤੇ ਆਮਦਨ ਵਿਚ ਵੀ ਵਾਧਾ ਹੋਇਆ।

ਕੌਟਨ ਮੋਨੋਪਲੀ ਸਕੀਮ ਤਹਿਤ ਕਿਸਾਨਾਂ ਨੂੰ ਏਜੰਟਾਂ ਅਤੇ ਵਪਾਰੀਆਂ ਦੀ ਲੁੱਟ ਤੋਂ ਬਚਾਉਣ ਲਈ ਮੰਡੀ ਨਾਲ ਸਿੱਧਾ ਸੰਪਰਕ ਬਣਾਇਆ। 'ਕੌਟਨ ਕੰਪਲੀਏਸ਼ਨ ਪ੍ਰੋਸੈਸ ਅਤੇ ਸੇਲਜ਼' ਐਕਟ ਲਾਗੂ ਕਰ ਕੇ ਕਿਸਾਨਾਂ ਦੇ ਹੱਕ ਵਿਚ ਫਤਵਾ ਦਿੱਤਾ। ਇਸ ਨਾਲ ਰੂੰਅ ਦੀ ਵਾਜਬ ਤੇ ਚੰਗੀ ਕੀਮਤ ਤੈਅ ਹੋਈ।

ਮੁਖ ਮੰਤਰੀ ਹੁੰਦਿਆਂ ਸ੍ਰੀ ਨਾਇਕ ਨੇ ਨਵੀਂ ਮੁੰਬਈ ਉਸਾਰ ਕੇ ਵਿਕਾਸ ਲਈ ਵਿਸ਼ੇਸ਼ ਉਦਮ ਕੀਤਾ। ਇਸ ਨਾਲ ਮੁੰਬਈ ਆਧੁਨਿਕ ਉਦਯੋਗਾਂ ਦੇ ਖੇਤਰ ਵਿਚ ਵਿਸ਼ੇਸ਼ ਮੋਹਰੀ ਬਣਿਆ। ਪਿੰਡਾਂ ਵਿਚ ਘਰ ਘਰ ਬਿਜਲੀ ਪਹੁੰਚਾਉਣ ਲਈ ਖਪਰਖੇੜਾ, ਪਾਰਸ, ਬੁਸਾਵਲ, ਪੋਫਾਲੀ ਅਤੇ ਜੇਲ੍ਹਦਾਰੀ ਹਾਈਡਰੋ-ਪ੍ਰੋਜੈਕਟਾਂ ਨੂੰ ਕਮਿਸ਼ਨ ਦੇ ਕੇ ਬਿਜਲੀ ਸਪਲਾਈ ਸ਼ੁਰੂ ਕਰਵਾਉਣ ਦਾ ਸਿਹਰਾ ਵੀ ਸ੍ਰੀ ਨਾਇਕ ਨੂੰ ਹੀ ਜਾਂਦਾ ਹੈ।



ਵਸੰਤਰਾਓ ਨਾਇਕ

***ਸ੍ਰੀ ਨਾਇਕ ਭਾਵੇਂ ਬੰਜਾਰਾ ਕਬੀਲਾਈ ਸਭਿਆਚਾਰ ਵਿਚੋਂ ਉਦੈ ਹੋ ਕੇ ਮਹਾਂਰਾਸ਼ਟਰ ਦੀ ਰਾਜ ਸੱਤਾ ਦੇ ਧਰੂ ਤਾਰੇ ਬਣ ਗਏ ਸਨ, ਪਰ ਉਨ੍ਹਾਂ ਆਪਣੇ ਰਾਜ ਅਤੇ ਲੋਕਾਂ ਪ੍ਰਤੀ ਆਤਮਿਕ ਅਹਿਦਨਾਮਾ ਕੀਤਾ ਹੋਇਆ ਸੀ ਜਿਸ ਨੂੰ ਉਹ ਲਾਗੂ ਕਰਨ ਲਈ ਹਰ ਵੇਲੇ ਤਤਪਰ ਰਹਿੰਦੇ ਸਨ। ਇਹੀ ਕਾਰਨ ਸੀ ਕਿ ਉਹ ਕਿਸਾਨਾਂ ਅਤੇ ਕਿਰਤੀਆਂ ਲਈ ਗਹਿਰੀ ਸਦਭਾਵਨਾ ਅਤੇ ਨਿਸ਼ਠਾ ਰੱਖਦੇ ਸਨ।***

1972 ਵਿਚ ਮਹਾਂਰਾਸ਼ਟਰ ਵਿਚ ਅਕਾਲ ਪਿਆ ਤਾਂ ਅਕਾਲ ਮਾਰੇ ਇਲਾਕਿਆਂ ਵਿਚ ਵਿਸ਼ੇਸ਼ ਕਾਰਜ ਕੀਤੇ। ਲੋਕਾਂ ਨੂੰ ਰੋਜ਼ੀ-ਰੋਟੀ ਦੇਣ ਦੇ ਨਾਲ ਨਾਲ ਬੱਚਿਆਂ ਦੀਆਂ ਫੀਸਾਂ ਦੇਣ ਦਾ ਪ੍ਰਬੰਧ ਕੀਤਾ।

ਖੇਤੀ ਯੂਨੀਵਰਸਿਟੀਆਂ ਬਣਾ ਕੇ ਖੇਤੀਬਾੜੀ ਸੈਕਟਰ ਵਿਚ ਉਨ੍ਹਾਂ ਨਵਾਂ ਇਨਕਲਾਬ ਲਿਆਂਦਾ। ਅਹਿਮਦਨਗਰ, ਅਕੋਲਾ, ਪਾਰਾਭਾਨੀ ਅਤੇ ਦਪੋਲੀ ਦੀਆਂ ਖੇਤੀਬਾੜੀ ਯੂਨੀਵਰਸਿਟੀਆਂ ਇਸ ਦੀ ਮਿਸਾਲ ਹਨ। ਇਹ ਉਨ੍ਹਾਂ ਦੀ ਦੂਰਅੰਦੇਸ਼ੀ ਅਤੇ ਦ੍ਰਿੜ ਨਿਸ਼ਚੇ ਦਾ ਹੀ ਪ੍ਰਮਾਣ ਸੀ ਕਿ ਉਨ੍ਹਾਂ 1965 ਵਿਚ ਭਾਸ਼ਣ ਦੌਰਾਨ ਮਹੱਤਵਪੂਰਨ ਤੇ ਬੇਬਾਕ ਟਿੱਪਣੀ ਕੀਤੀ ਸੀ: "ਜੇ ਮਹਾਂਰਾਸ਼ਟਰ ਦੋ ਸਾਲਾਂ ਵਿਚ ਅੰਨ-ਦਾਣੇ ਪੱਖੋਂ ਆਤਮ-ਨਿਰਭਰ ਨਾ ਬਣਿਆ, ਤਾਂ ਤੁਸੀਂ ਬੇਸ਼ੱਕ ਮੈਨੂੰ ਫਾਹੇ ਲਾ ਦਿਓ।"

ਇਸ ਟਿੱਪਣੀ ਤੋਂ ਸ੍ਰੀ ਨਾਇਕ ਦੀ ਸ਼ਕਤੀਸ਼ਾਲੀ ਸ਼ਖਸੀਅਤ ਸਾਕਾਰ ਹੋ ਜਾਂਦੀ ਹੈ। ਉਨ੍ਹਾਂ ਰਾਜ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਜਿਥੇ ਜ਼ਮੀਨੀ ਪੱਧਰ 'ਤੇ ਕੰਮ ਕੀਤਾ, ਉਥੇ ਪਾਣੀ ਲਈ ਖੂਹ/ਤਲਾਬ ਖੁਦਵਾ ਕੇ ਅਤੇ ਵੱਡੀ ਪੱਧਰ 'ਤੇ ਲਿੰਕ ਰੋਡ ਬਣਵਾ ਕੇ ਵਿਕਾਸ ਲਈ ਸਿਸਕਦੇ ਪਿੰਡਾਂ ਨੂੰ ਨਵੀਂ ਨੁਹਾਰ ਦਿੱਤੀ। ਖੇਤੀਬਾੜੀ ਸੈਕਟਰ ਦੀ ਉਨਤੀ ਲਈ ਚਾਰ ਯੂਨੀਵਰਸਿਟੀਆਂ ਦੀ ਸਥਾਪਨਾ ਕਰ ਕੇ ਹਰੇ ਅਤੇ ਚਿੱਟੇ ਇਨਕਲਾਬ ਲਈ ਮੀਲ ਪੱਥਰ ਧਰਿਆ। ਵਿਕਾਸ ਬਾਰੇ ਸ੍ਰੀ ਵਸੰਤਰਾਓ ਨਾਇਕ ਅਤੇ ਮਹਾਂਰਾਸ਼ਟਰ ਨੂੰ ਅਲੱਗ ਕਰ ਕੇ ਨਹੀਂ ਦੇਖਿਆ ਜਾ ਸਕਦਾ। ਉਨ੍ਹਾਂ ਆਪਣੇ ਗਿਆਰਾ ਸਾਲਾਂ ਦੇ ਕਾਰਜਕਾਲ ਦੌਰਾਨ ਮਹਾਂਰਾਸ਼ਟਰ ਦੇ ਨਵ-ਨਿਰਮਾਣ ਦੇ ਨਾਲ ਨਾਲ ਕੁਦਰਤੀ ਆਫ਼ਤਾਂ ਨਾਲ ਨਜਿੱਠਣ ਲਈ ਵੀ ਉਸਾਰੂ ਅਤੇ ਸਾਰਥਕ ਕਦਮ ਚੁੱਕੇ। ਉਹ ਆਪਣੀ ਨਿਮਰ, ਉਸਾਰੂ ਅਤੇ ਇਕਾਗਰ ਬਿਰਤੀ ਕਾਰਨ ਕੇਂਦਰੀ ਲੀਡਰਸ਼ਿਪ ਵਿਚ ਵੀ ਹਰਮਨ ਪਿਆਰੇ ਸਨ। ਆਪਣੇ ਇਨ੍ਹਾਂ ਸਦਗੁਣਾਂ ਕਾਰਨ ਉਹ ਕਾਂਗਰਸ ਪਾਰਟੀ ਦੀਆਂ ਪ੍ਰਸਿੱਧ ਸ਼ਖਸੀਅਤਾਂ ਦੇ ਬਹੁਤ ਨਜ਼ਦੀਕੀ ਸਨ। ਉਨ੍ਹਾਂ ਰਾਜਨੀਤੀ ਦੇ ਖੇਤਰ ਵਿਚ ਹਰ ਫੈਸਲਾ ਲੋਕ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ। ਸ੍ਰੀ ਨਾਇਕ ਬਾਰੇ ਉਘੇ ਨੇਤਾ ਸ਼ਰਦ ਪਵਾਰ ਦੇ ਇਹ ਵਿਚਾਰ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ: "ਇਹ ਕੋਈ ਅਤਿ-ਕਥਨੀ ਨਹੀਂ ਕਿ ਜੇ ਯਸ਼ਵੰਤ ਰਾਓ ਚਵਾਨ ਨੇ ਮਾਡਰਨ ਮਹਾਂਰਾਸ਼ਟਰ ਦਾ ਨੀਂਹ ਪੱਥਰ ਰੱਖਿਆ, ਤਾਂ ਵਸੰਤਰਾਓ ਨਾਇਕ ਨੇ ਇਸ ਨੂੰ ਵਿਕਾਸ ਦੇ ਸਿਖਰ 'ਤੇ ਪਹੁੰਚਾਇਆ।"

ਸਿਰਫ਼ ਇਹੀ ਨਹੀਂ, ਮਰਾਠੀ ਦੇ ਪ੍ਰਸਿੱਧ ਲੇਖਕ ਅਤੇ ਰੋਜ਼ਾਨਾ ਅਖਬਾਰ 'ਲੋਕਮੱਤ' ਦੇ ਸੰਪਾਦਕ ਸੁਰੇਸ਼ ਦਵਾਦਾਸ਼ੀਵਰ ਦੇ ਉਨ੍ਹਾਂ ਬਾਰੇ ਇਹ ਸ਼ਬਦ ਵਿਸ਼ੇਸ਼ ਮਹੱਤਤਾ ਦੇ ਧਾਰਨੀ ਹਨ ਕਿ ਉਹ ਆਪਣੇ ਸਾਹਮਣੇ ਸਮੱਸਿਆਵਾਂ ਵੇਖ ਕੇ ਭਾਰ ਮਹਿਸੂਸ ਨਹੀਂ ਸੀ ਕਰਦੇ ਅਤੇ ਨਾ ਹੀ ਇਨ੍ਹਾਂ ਸਮੱਸਿਆਵਾਂ ਕਾਰਨ ਆਪਣੀ ਦੂਰ-ਦ੍ਰਿਸ਼ਟੀ ਨੂੰ ਧੁੰਦਲਾ ਹੋਣ ਦਿੰਦੇ ਸਨ। ਉਘੇ ਨੇਤਾ ਸੁਸ਼ੀਲ ਕੁਮਾਰ ਸ਼ਿੰਦੇ ਨੇ ਉਨ੍ਹਾਂ ਦੀ ਅਜ਼ੀਮ ਸ਼ਖਸੀਅਤ ਬਾਰੇ ਕਿਹਾ ਸੀ, "ਸ੍ਰੀ ਵਸੰਤਰਾਓ ਨਾਇਕ ਨੇ ਆਪਣੇ ਆਲੇ-ਦੁਆਲੇ ਵਿਚਰ ਰਹੇ ਲੋਕਾਂ ਦੀਆਂ ਸਮੱਸਿਆਵਾਂ ਨੇੜੇ ਤੋਂ ਵੇਖੀਆਂ ਸਨ। ਇਹੀ ਕਾਰਨ ਸੀ ਕਿ ਉਨ੍ਹਾਂ ਨੇ ਕਿਸਾਨਾਂ, ਕਿਰਤੀਆਂ ਅਤੇ ਪੀੜਤ ਧਿਰਾਂ ਦੀ ਆਵਾਜ਼ ਤੇ ਧੜਕਨ ਨੂੰ ਦਿਲੋਂ ਮਹਿਸੂਸ ਕੀਤਾ।" ਮਰਹੂਮ ਦਲਿਤ ਨੇਤਾ ਜਗਜੀਵਨ ਰਾਮ ਦਾ ਕਥਨ ਸੀ, "ਸ੍ਰੀ ਨਾਇਕ ਸਫ਼ਲ ਪ੍ਰਸ਼ਾਸਕ ਹੋਣ ਦੇ ਨਾਲ ਨਾਲ ਮਜ਼ਬੂਤ ਅਤੇ ਨਿਡਰ ਸ਼ਖ਼ਸੀਅਤ ਦੇ ਮਾਲਕ ਹਨ।"

ਸ੍ਰੀ ਵਸੰਤਰਾਓ ਨਾਇਕ ਭਾਵੇਂ 18 ਅਗਸਤ 1979 ਨੂੰ 66 ਸਾਲ ਦੀ ਉਮਰ ਵਿਚ ਸਾਥੋਂ ਸਦਾ ਲਈ ਵਿਛੜ ਗਏ ਪਰ ਉਨ੍ਹਾਂ ਦੁਆਰਾ ਦੇਸ਼ ਦੇ ਵਿਕਾਸ ਲਈ ਕੀਤੇ ਕਾਰਜਾਂ ਲਈ ਉਨ੍ਹਾਂ ਨੂੰ ਸਦਾ ਯਾਦ ਰੱਖਿਆ ਜਾਵੇਗਾ। ਦੁਨੀਆਂ ਭਰ ਦੇ ਬੰਜਾਰਾ ਭਾਈਚਾਰੇ ਨੇ ਜੁਲਾਈ ਦੇ ਪਹਿਲੇ ਹਫਤੇ ਆਪਣੇ ਇਸ ਮਹਿਬੂਬ ਨੇਤਾ ਦਾ ਜਨਮ ਦਿਵਸ ਦਿਲ ਦੀਆਂ ਗਹਿਰਾਈਆਂ ਵਿਚੋਂ ਮਨਾਇਆ।

## ਅਮਰੀਕਾ ਤੇ ਕਿਊਬਾ ਦੂਤਘਰ ਖੋਲ੍ਹਣ ਲਈ ਰਾਜ਼ੀ

**ਵਾਸ਼ਿੰਗਟਨ:** ਅਮਰੀਕਾ ਤੇ ਕਿਊਬਾ ਨੇ ਵਾਸ਼ਿੰਗਟਨ ਤੇ ਹਵਾਨਾ ਵਿਚ ਦੂਤਘਰ ਖੋਲ੍ਹਣ ਲਈ ਸਮਝੌਤਾ ਕੀਤਾ ਹੈ।

ਸ਼ੀਤਯੁੱਧ ਦੇ ਸਮੇਂ ਤੋਂ ਚਲੀ ਆ ਰਹੀ ਦਹਾਕਿਆਂ ਪੁਰਾਣੀ ਦੁਸ਼ਮਣੀ ਨੂੰ ਖਤਮ ਕਰਨ ਦੀ ਦਿਸ਼ਾ ਵਿਚ ਇਸ ਨੂੰ ਇਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ। ਇਸ ਨੂੰ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਾਰਜਕਾਲ ਦੀ ਸਭ ਤੋਂ ਵੱਡੀ ਪ੍ਰਾਪਤੀ ਮੰਨਿਆ ਜਾ ਰਿਹਾ ਹੈ।


**SUPER TRAVEL**

847-676-9090, 773-465-5566

E-mail: supertravel2003@yahoo.com

*Lowest Fares With Excellent Service*

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545
London $250



# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

Special Price for Truck Wash Grand Opening

- 8 Drive Tires For $3300 Kelly KDA
- Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210

FAX: 209.547.9211
www.gfbontime.com, raj@gfbontime.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

ਵਿਚਾਰ-ਚਰਚਾ

# ਸਬਦੁ ਗੁਰੂ ਸੁਰਤਿ ਧੁਨਿ ਚੇਲਾ



ਡਾ. ਗੁਰਨਾਮ ਕੌਰ, ਕੈਨੇਡਾ

ਗੁਰੂ ਨਾਨਕ ਦੇਵ ਜੀ ਅਨੁਸਾਰ ਪਰਮਸਤਿ ਭਾਵ ਅਕਾਲ ਪੁਰਖ ਸ਼ਬਦ ਰੂਪ ਹੋ ਕੇ ਸਭ ਦੇ ਅੰਦਰ ਵਰਤ ਰਿਹਾ ਹੈ। ਪਰਮਸਤਿ ਹੀ ਸੱਚਾ ਸ਼ਬਦ ਹੈ ਤੇ ਇਸ ਦਾ ਅਨੁਭਵ ਵਾਹਿਗੁਰੂ ਦੀ ਮਿਹਰ ਰਾਹੀਂ ਪ੍ਰਾਪਤ ਹੁੰਦਾ ਹੈ। ਜਦੋਂ ਉਸ ਦੀ ਮਿਹਰ ਹੁੰਦੀ ਹੈ ਤਾਂ ਮਨੁੱਖ ਉਸ ਪਰਮਸਤਿ ਨਾਲ ਇੱਕਸੁਰ ਹੋ ਜਾਂਦਾ ਹੈ। ਇਹੀ ਸ਼ਬਦ ਦਾ ਮਰਮ ਜਾਂ ਭੇਦ ਹੈ। ਉਸ ਅਕਾਲ ਪੁਰਖ ਦੀ ਮਿਹਰ ਪ੍ਰਾਪਤ ਕਰਨ ਲਈ ਮਨੁੱਖ ਨੂੰ ਆਪਣੇ ਅੰਦਰੋਂ ਹਉਮੈ ਦੂਰ ਕਰਕੇ ਹਲੀਮੀ ਪੈਦਾ ਕਰਨੀ ਪੈਂਦੀ ਹੈ ਅਤੇ ਵਿਕਾਰਾਂ ਨੂੰ ਮਨ ਵਿਚੋਂ ਕੱਢਣਾ ਹੁੰਦਾ ਹੈ। ਉਦਾਹਰਣ ਰਾਹੀਂ ਸਮਝਾਇਆ ਗਿਆ ਹੈ ਕਿ ਜੇ ਲਮਢੀਂਗ ਪੰਛੀ ਉਚੇ ਆਕਾਸ਼ ਵਿਚ ਉਡ ਰਿਹਾ ਹੈ ਤਾਂ ਪਿਆਸ ਬੁਝਾਉਣ ਲਈ ਪਾਣੀ ਉਸ ਨੂੰ ਆਕਾਸ਼ ਵਿਚ ਨਹੀਂ ਮਿਲਣਾ ਕਿਉਂਕਿ ਪਾਣੀ ਤਾਂ ਨੀਚੇ ਸਮੁੰਦਰ ਵਿਚ ਹੈ। ਭਾਵ ਆਤਮਕ ਸ਼ਾਂਤੀ ਤਾਂ ਨਿਮਰਤਾ ਵਿਚ ਹੈ, ਹਉਮੈ ਵਿਚ ਨਹੀਂ। ਮਨੁੱਖ ਆਪਣੇ ਆਪ ਨੂੰ ਵਿਕਾਰਾਂ ਤੋਂ ਬਚਾਉਣ ਲਈ ਸਤਿਸੰਗ ਕਰਦਾ ਹੈ ਪਰ ਉਸ ਦੇ ਅੰਦਰ ਹਉਮੈ ਤੇ ਹੰਕਾਰ ਹਨ ਜੋ ਉਸ ਨੂੰ ਉਪਰ ਵੱਲ ਲਈ ਜਾ ਰਹੇ ਹਨ ਤਾਂ ਉਹ ਵਿਕਾਰਾਂ ਤੋਂ ਬਚ ਨਹੀਂ ਸਕਦਾ।

ਮਨੁੱਖ ਨੂੰ ਜੀਵਨ-ਰਸਤੇ ਦੀ ਸਮਝ ਗੁਰੂ ਦੇ ਸ਼ਬਦ 'ਤੇ ਵਿਚਾਰ ਕੀਤਿਆਂ ਆਉਂਦੀ ਹੈ। ਗੁਰੂ ਦੇ ਸ਼ਬਦ ਦੀ ਵਿਚਾਰ ਰਾਹੀਂ ਵਿਕਾਰਾਂ ਦੀ ਅੱਗ ਸ਼ਾਂਤ ਹੁੰਦੀ ਹੈ ਅਤੇ ਮਨੁੱਖ ਸੰਸਾਰ-ਸਮੁੰਦਰ ਤੋਂ ਪਾਰ ਲੰਘਦਾ ਹੈ। ਹਉਮੈ ਅੰਦਰੋਂ ਦੂਰ ਹੁੰਦੀ ਹੈ ਅਤੇ ਜੀਵਨ-ਰਸਤਾ ਖੁੱਲ੍ਹਾ ਹੋ ਜਾਂਦਾ ਹੈ। ਇਸ ਤਰ੍ਹਾਂ ਜਿਹੜਾ ਮਨੁੱਖ ਸਤਿਗੁਰੂ ਦੇ ਸ਼ਬਦ ਵਿਚਾਰ ਰਾਹੀਂ ਜੀਵਨ ਦੇ ਪੱਧਰੇ ਰਸਤੇ ਨੂੰ ਸਮਝ ਲੈਂਦਾ ਹੈ, ਉਹ ਇਸ ਜੀਵਨ-ਰਾਹ 'ਤੇ ਗੁਰੂ ਦੇ ਆਸਰੇ ਤੁਰਦਾ ਹੈ। ਅਕਾਲ ਪੁਰਖ ਦੇ ਨਾਮ ਦਾ ਸਹਾਰਾ ਲੈਂਦਾ ਹੈ ਅਤੇ ਸਤਿਗੁਰੂ ਦੀ ਬਾਣੀ ਰਾਹੀਂ ਅਕਾਲ ਪੁਰਖ ਦਾ ਨਾਮ ਆਪਣੇ ਅੰਦਰ ਵਸਾਉਂਦਾ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਜਦੋਂ ਉਸ ਪਰਵਦਗਾਰ ਦੀ ਮਿਹਰ ਹੁੰਦੀ ਹੈ ਤਾਂ ਮਨੁੱਖ ਉਸ ਦਾ ਦਰ ਪਛਾਣ ਕੇ ਲੱਭ ਲੈਂਦਾ ਹੈ।

ਗੁਰੂ ਅਮਰਦਾਸ ਸਾਹਿਬ ਅਨੁਸਾਰ ਗੁਰੂ ਦਾ ਸ਼ਬਦ ਅੰਮ੍ਰਿਤ ਹੈ ਜਿਸ ਨੂੰ ਪੀਣ ਨਾਲ ਮਨੁੱਖ ਦੇ ਅੰਦਰੋਂ ਹਰ ਤਰ੍ਹਾਂ ਦੀ ਤ੍ਰਿਸ਼ਨਾ ਅਤੇ ਭੁੱਖ, ਜੋ ਕਿ ਪਰਮਸਤਿ ਦੀ ਪ੍ਰਾਪਤੀ ਦੇ ਰਸਤੇ ਵਿਚ ਰੁਕਾਵਟ ਹੈ, ਦੂਰ ਹੋ ਜਾਂਦੀ ਹੈ। ਸ਼ਬਦ ਉਹ ਗਿਆਨ ਹੈ ਜਿਸ ਨੂੰ ਪ੍ਰਾਪਤ ਕਰਕੇ ਮਨੁੱਖ ਦੇ ਅੰਦਰ ਸਤਿ ਦਾ ਵਾਸਾ ਹੁੰਦਾ ਹੈ ਅਤੇ ਉਸ ਦਾ ਮਨ ਹਰ ਤਰ੍ਹਾਂ ਦੇ ਲੋਭ-ਮੋਹ ਆਦਿ ਵਿਕਾਰਾਂ ਤੋਂ ਉਤੇ ਉਠ ਕੇ ਸਹਿਜ-ਅਵਸਥਾ ਵਿਚ ਆ ਜਾਂਦਾ ਹੈ, ਜਿਸ ਦੀ ਇੱਕ ਪਰਤ ਸੰਤੋਖ ਹੈ। ਇਸ ਸਤਿ ਵਿਚ ਮਨ ਨੂੰ ਜੋੜ ਲੈਣ ਨਾਲ ਪਰਮ-ਪਦ ਦੀ ਪ੍ਰਾਪਤੀ ਹੋ ਸਕਦੀ ਹੈ ਅਤੇ ਪਰਮਸਤਿ ਸ਼ਬਦ ਦੇ (ਅਨਹਦ ਸ਼ਬਦ) ਰੂਪ ਵਿਚ ਮਨੁੱਖ ਨੂੰ ਸੁਣਾਈ ਦਿੰਦਾ ਹੈ। ਇਸ ਤਰ੍ਹਾਂ ਸ਼ਬਦ ਗਿਆਨ ਵੀ ਹੈ, ਗਿਆਨ ਦਾ ਸਾਧਨ ਵੀ ਹੈ ਅਤੇ ਪਰਮਸਤਿ ਦਾ ਪ੍ਰਗਟਾਵਾ ਵੀ। ਇਹ ਮਨੁੱਖ ਨੂੰ ਉਦੋਂ ਸੁਣਾਈ ਦਿੰਦਾ ਹੈ ਜਦੋਂ ਉਹ ਸਤਿਗੁਰੂ ਦੇ ਸ਼ਬਦ ਰਾਹੀਂ ਆਪਣੇ ਅੰਦਰ ਪਰਮਸਤਿ ਨੂੰ ਅਨੁਭਵ ਕਰ ਲੈਂਦਾ ਹੈ। ਇਸ ਨੂੰ ਜੋਤ ਦਾ ਪ੍ਰਕਾਸ਼ ਹੋਣਾ ਵੀ ਆਖ ਸਕਦੇ ਹਾਂ।

ਗੁਰੂ ਨਾਨਕ ਸਾਹਿਬ ਨੇ ਰਾਗ ਧਨਾਸਰੀ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਸਾਰਿਆਂ ਅੰਦਰ ਉਸ ਇੱਕ ਦੀ ਜੋਤਿ ਨਿਵਾਸ ਕਰ ਰਹੀ ਹੈ ਜਿਸ ਦੀ ਰੋਸ਼ਨੀ ਨਾਲ ਸਭ ਦਾ ਅੰਦਰ ਰੁਸ਼ਨਾਉਂਦਾ ਹੈ ਅਤੇ ਗੁਰੂ ਦੀ ਸਿੱਖਿਆ ਨਾਲ ਅਰਥਾਤ ਗੁਰੂ ਦੇ ਸ਼ਬਦ ਦਾ ਅਨੁਸਾਰੀ ਹੋ ਕੇ ਚੱਲਣ ਨਾਲ ਇਹ ਜੋਤਿ ਅੰਦਰ ਪ੍ਰਗਟ ਹੁੰਦੀ ਹੈ। ਸ਼ਬਦ ਇਸ ਜੋਤਿ-ਪ੍ਰਕਾਸ਼ਨ ਲਈ ਪ੍ਰਵਾਨਿਤ ਮਾਧਿਅਮ ਹੈ। ਪਰਮਸਤਿ ਦਾ ਅਨੁਭਵ ਇਸ ਗੁਰਸ਼ਬਦ 'ਤੇ ਵਿਚਾਰ ਕਰਨ ਨਾਲ ਸੰਭਵ ਹੋ ਸਕਦਾ ਹੈ। ਇਸ ਵਿਚ ਗੁਰੂ ਦੀ ਮਿਹਰ ਵੀ ਸ਼ਾਮਲ ਹੈ। ਇਸ ਦੇ ਨਾਲ ਨਾਲ, ਮਿਹਰ ਦੀ ਪ੍ਰਾਪਤੀ ਲਈ ਮਨ ਦਾ ਸੱਚਾ ਅਤੇ ਨਿਰਮਲ (ਵਿਕਾਰਾਂ ਦੀ ਮੈਲ ਤੋਂ ਰਹਿਤ) ਹੋਣਾ ਵੀ ਜ਼ਰੂਰੀ ਹੈ। ਅਜਿਹੇ ਸੱਚੇ ਅਤੇ ਨਿਰਮਲ ਮਨ ਵਿਚ ਸ਼ਬਦ (ਪਰਮਸਤਿ) ਦੀ ਪਿਆਸ ਜਾਗਦੀ ਹੈ। ਗੁਰਮਤਿ ਦਰਸ਼ਨ ਵਿਚ ਸ਼ਬਦ ਨੂੰ ਵਿਚਾਰ ਨਾਲ ਜੋੜਿਆ ਗਿਆ ਹੈ ਅਰਥਾਤ ਗੁਰੂ ਸਾਹਿਬਾਨ ਨੇ ਸ਼ਬਦ ਦੀ ਵਿਚਾਰ ਕਰਨ ਦਾ ਆਦੇਸ਼ ਕੀਤਾ ਹੈ। ਜਿਨ੍ਹਾਂ ਮਨੁੱਖਾਂ ਦਾ ਮਨ ਸ਼ਬਦ ਦੀ ਵਿਚਾਰ ਨਾਲ ਨਿਰਮਲ ਹੋ ਜਾਂਦਾ ਹੈ, ਉਨ੍ਹਾਂ ਦੇ ਮਨ ਵਿਚ ਸਤਿ ਦਾ ਵਾਸ ਹੋ ਜਾਂਦਾ ਹੈ। ਅਜਿਹੇ ਮਨੁੱਖਾਂ ਨੂੰ ਹੀ ਗੁਰਮਤਿ ਵਿਚ ਸਚਿਆਰ, ਗੁਰਮੁਖਿ ਅਤੇ ਬ੍ਰਹਮਗਿਆਨੀ ਕਿਹਾ ਹੈ। ਅਜਿਹੇ ਮਨੁੱਖਾਂ ਦੀ ਪ੍ਰਾਪਤੀ ਦਾ ਪ੍ਰਗਟਾਵਾ ਉਨ੍ਹਾਂ ਦੀ ਕਰਨੀ 'ਚੋਂ ਹੁੰਦਾ ਹੈ। ਗੁਰਮਤਿ ਅਨੁਸਾਰ ਸ਼ਬਦ ਦੀ ਪ੍ਰਾਪਤੀ ਵਾਲੇ ਮਨੁੱਖ ਦਾ ਵਿਅਕਤੀਤਵ ਵਿਕਾਸਮਈ ਹੋ ਜਾਂਦਾ ਹੈ, ਖੜੋਤ ਦੀ ਸੰਭਾਵਨਾ ਦਾ ਖਾਤਮਾ ਹੋ ਜਾਂਦਾ ਹੈ, ਜਿਸ ਨੂੰ ਗੁਰੂ ਮਹਾਰਾਜ ਨੇ 'ਗੁਰਮੁਖਿ ਬੁਢੇ ਕਦੇ ਨਾਹੀ' ਕਿਹਾ ਹੈ। ਇਹ ਗੁਰਮਤਿ ਵਿਚਾਰਧਾਰਾ ਦੀ ਰਵਾਇਤੀ ਭਾਰਤੀ ਵਿਚਾਰਧਾਰਾ ਨਾਲੋਂ ਵਿਲੱਖਣਤਾ ਹੈ।

ਗੁਰੂ ਰਾਮਦਾਸ ਸਾਹਿਬ ਨੇ ਸ਼ਬਦ ਨੂੰ ਅਨਹਦ, ਪਰਮਸਤਿ, ਗਿਆਨ ਅਤੇ ਗਿਆਨ ਪ੍ਰਾਪਤੀ ਦੇ ਸਾਧਨ ਰੂਪ ਵਿਚ ਦਰਸਾਇਆ ਹੈ। ਗੁਰੂ ਰਾਮਦਾਸ ਸਾਹਿਬ ਅਨੁਸਾਰ ਪਰਮਸਤਿ ਸ਼ਬਦ-ਰੂਪ ਹੋ ਕੇ ਸਾਰੀ ਰਚਨਾ ਵਿਚ ਰਮ ਰਿਹਾ ਹੈ। ਇਸ ਦਾ ਗਿਆਨ ਵੀ ਸ਼ਬਦ ਰਾਹੀਂ ਪ੍ਰਾਪਤ ਹੁੰਦਾ ਹੈ। ਰਾਗ ਵਡਹੰਸੁ ਵਿਚ ਗੁਰੂ ਰਾਮਦਾਸ ਸਾਹਿਬ ਦੀ ਰਚਨਾ 'ਘੋੜੀਆਂ' ਦੇ ਰੂਪ ਵਿਚ ਕੀਤੀ ਗਈ ਮਿਲਦੀ ਹੈ। 'ਘੋੜੀਆਂ' ਪੰਜਾਬੀ ਲੋਕ ਪਰੰਪਰਾ ਵਿਚ ਲੜਕੇ ਦੇ ਵਿਆਹ ਤੋਂ ਪਹਿਲਾਂ ਗਾਏ ਜਾਣ ਵਾਲੇ ਗੀਤ ਹਨ। ਇਥੇ ਗੁਰੂ ਰਾਮਦਾਸ ਸਾਹਿਬ ਦੱਸਦੇ ਹਨ ਕਿ ਜਿਸ ਮਨੁੱਖ ਦੇ ਹਿਰਦੇ ਵਿਚ ਗੁਰੂ ਨੇ ਆਤਮ ਜੀਵਨ ਦਾ ਗਿਆਨ ਦ੍ਰਿੜ ਕਰਵਾ ਦਿੱਤਾ ਹੈ, ਉਸ ਨੇ ਸਮਝੋ ਆਪਣੀ ਕਾਇਆ ਰੂਪੀ ਘੋੜੀ ਦੇ ਮੂੰਹ ਵਿਚ ਲਗਾਮ ਪਾ ਲਈ ਹੈ। ਅਜਿਹੇ ਹਿਰਦੇ ਵਿਚ ਅਕਾਲ ਪੁਰਖ ਦਾ ਪ੍ਰੇਮ ਪੈਦਾ ਹੁੰਦਾ ਹੈ ਜੋ ਇੱਕ ਤਰ੍ਹਾਂ ਨਾਲ ਕਾਇਆ-ਘੋੜੀ ਨੂੰ ਚਾਬਕ ਮਾਰਨਾ ਹੈ ਜਿਸ ਨਾਲ ਮਨ ਵੱਸ ਵਿਚ ਰਹਿੰਦਾ ਹੈ। ਪਰ ਇਸ ਮਨ ਨੂੰ ਗੁਰੂ ਦੀ ਸ਼ਰਨ ਪੈ ਕੇ ਹੀ ਜਿੱਤਿਆ ਜਾ ਸਕਦਾ ਹੈ। ਅਜਿਹਾ ਮਨੁੱਖ ਗੁਰੂ ਦਾ ਸ਼ਬਦ ਪ੍ਰਾਪਤ ਕਰਦਾ ਹੈ ਅਤੇ ਆਤਮਕ ਜੀਵਨ ਦੇਣ ਵਾਲਾ ਅਕਾਲ ਪੁਰਖ ਦਾ ਨਾਮ-ਰਸ ਪੀਂਦਾ ਰਹਿੰਦਾ ਹੈ ਅਤੇ ਆਪਣੇ ਅਲ੍ਹੜ ਮਨ ਨੂੰ ਸਾਧ ਲੈਂਦਾ ਹੈ। ਗੁਰੂ ਦੀ ਉਚਾਰੀ ਬਾਣੀ ਨੂੰ ਸੁਣਦਾ ਅਤੇ ਉਸ ਨੂੰ ਆਪਣੇ ਅੰਦਰ ਵਸਾਉਂਦਾ ਹੈ, ਜਿਸ ਨਾਲ ਪਰਮਾਤਮਾ ਦਾ ਪ੍ਰੇਮ ਪੈਦਾ ਹੁੰਦਾ ਹੈ ਅਤੇ ਕਾਇਆ-ਘੋੜੀ 'ਤੇ ਸਵਾਰ ਹੁੰਦਾ ਹੈ ਭਾਵ ਉਸ ਨੂੰ ਵੱਸ ਵਿਚ ਕਰ ਲੈਂਦਾ ਹੈ। ਗੁਰੂ ਰਾਮਦਾਸ ਦੱਸਦੇ ਹਨ ਕਿ ਇਹ ਜੀਵਨ ਦਾ ਪੰਧ ਬਹੁਤ ਔਖਾ ਹੈ ਪਰ ਗੁਰੂ ਦੇ ਸਨਮੁਖ ਹੋ ਕੇ ਮਨੁੱਖ ਇਸ ਨੂੰ ਪਾਰ ਕਰ ਲੈਂਦਾ ਹੈ।

ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਅਨੁਸਾਰ ਪਰਮਸਤਿ ਸ਼ਬਦ ਰੂਪ ਹੋ ਕੇ ਸਾਰੀ ਸ੍ਰਿਸ਼ਟੀ ਵਿਚ ਰਮ ਰਿਹਾ ਹੈ। ਜਦੋਂ ਜਗਿਆਸੂ ਉਸ ਪਰਮਸਤਿ ਨੂੰ ਆਪਣੇ ਅਨੁਭਵ ਵਿਚ ਉਤਾਰ ਲੈਂਦਾ ਹੈ ਤਾਂ ਅਨਹਦ ਸ਼ਬਦ ਸੁਣਾਈ ਦੇਣ ਲੱਗ ਪੈਂਦਾ ਹੈ। ਸ਼ਬਦ ਬਾਣੀ ਹੈ। ਗੁਰੂ ਸਾਹਿਬਾਨ ਨੂੰ ਪਰਮਸਤਿ ਦਾ ਜੋ ਰਹੱਸਾਤਮਕ ਅਨੁਭਵ ਹੋਇਆ, ਉਸ ਨੂੰ ਉਨ੍ਹਾਂ ਨੇ ਸ਼ਬਦ ਰਾਹੀਂ ਪ੍ਰਗਟ ਕੀਤਾ ਅਤੇ ਬਾਣੀ ਹੀ ਗੁਰੂ ਹੈ। ਗੁਰੂ ਰਾਮਦਾਸ ਸਾਹਿਬ ਗੁਰੂ ਗ੍ਰੰਥ ਸਾਹਿਬ ਦੇ ਪੰਨਾ 982 'ਤੇ ਰਾਗੁ ਨਟਨਾਰਾਇਣ ਵਿਚ ਇਹ ਤੱਥ ਸਪਸ਼ਟ ਕਰਦੇ ਹਨ ਕਿ ਗੁਰੂ ਦੀ ਬਾਣੀ ਗੁਰੂ ਹੈ ਅਰਥਾਤ ਸਿੱਖ ਦੀ ਰਾਹਨੁਮਾਈ ਕਰਦੀ ਹੈ ਅਤੇ ਗੁਰੂ ਬਾਣੀ ਵਿਚ ਮੌਜੂਦ ਹੈ। ਗੁਰੂ ਦੀ ਬਾਣੀ ਵਿਚ ਨਾਮ ਰੂਪੀ ਅੰਮ੍ਰਿਤ-ਜਲ ਹੈ ਜੋ ਮਨੁੱਖ ਨੂੰ ਆਤਮਕ ਜੀਵਨ ਦਿੰਦਾ ਹੈ, ਜਿਸ ਨੂੰ ਜਗਿਆਸੂ ਆਪਣੇ ਹਿਰਦੇ ਵਿਚ ਸਾਂਭ ਕੇ ਰੱਖਦਾ ਹੈ। ਗੁਰੂ ਬਾਣੀ ਉਚਾਰਦਾ ਹੈ ਅਤੇ ਗੁਰੂ ਦਾ ਸੇਵਕ (ਸਿੱਖ) ਉਸ ਬਾਣੀ ਉਤੇ ਸ਼ਰਧਾ ਧਾਰਦਾ ਹੈ। ਗੁਰੂ ਉਸ ਨੂੰ ਯਕੀਨਨ ਇਸ ਸੰਸਾਰ-ਸਾਗਰ ਤੋਂ ਪਾਰ ਲੰਘਾ ਦਿੰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਸਾਹਿਬਾਨ ਅਤੇ ਗੁਰੂ-ਸਿਧਾਂਤਾਂ ਨਾਲ ਸਮਸਵਰਤਾ ਰੱਖਣ ਵਾਲੀ ਭਗਤਾਂ, ਸੂਫੀ ਸੰਤਾਂ ਅਤੇ ਭੱਟਾਂ ਦੀ ਬਾਣੀ ਇੱਕ ਥਾਂ ਸੰਕਲਨ ਕਰਕੇ ਇਸ ਨੂੰ ਧਰਮ-ਗ੍ਰੰਥ ਦੇ ਰੂਪ ਵਿਚ 1604 ਈ. ਨੂੰ ਹਰਿਮੰਦਰ ਸਾਹਿਬ ਵਿਚ ਪਹਿਲਾ ਪ੍ਰਕਾਸ਼ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਬਾਕਾਇਦਾ ਗੁਰਮਤਿ ਪਰੰਪਰਾ ਅਨੁਸਾਰ 'ਗ੍ਰੰਥ ਸਾਹਿਬ' ਨੂੰ ਗੁਰਗੱਦੀ ਦੇ ਕੇ ਆਉਣ ਵਾਲੇ ਸਰਬ ਸਮਿਆਂ ਵਾਸਤੇ ਸ਼ਬਦ ਗੁਰੂ ਥਾਪ ਦਿੱਤਾ ਅਤੇ ਪੰਥ ਨੂੰ ਸ਼ਬਦ ਗੁਰੂ ਤੋਂ ਅਗਵਾਈ ਲੈਣ ਦਾ ਆਦੇਸ਼ ਕੀਤਾ।

ਇਸ ਸਾਰੀ ਵਿਚਾਰ-ਚਰਚਾ ਦਾ ਸਿੱਟਾ ਇਹ ਨਿਕਲਦਾ ਹੈ ਕਿ ਗੁਰਮਤਿ ਵਿਚ ਸ਼ਬਦ ਦਾ ਵੱਖ-ਵੱਖ ਸੰਦਰਭਾਂ ਵਿਚ ਇੱਕ ਤੋਂ ਵੱਧ ਅਰਥਾਂ ਵਿਚ ਪ੍ਰਯੋਗ ਹੋਇਆ ਹੈ। ਸ਼ਬਦ ਪਰਮਸਤਿ ਦਾ ਪ੍ਰਗਟਾਓ ਹੈ। ਪਰਮਸਤਿ ਮਨੁੱਖੀ ਮਨ ਵਿਚ ਸ਼ਬਦ-ਰੂਪ ਹੋ ਕੇ ਰਮ ਰਹਿਆ ਹੈ। ਸ਼ਬਦ

> ***ਗੁਰਮਤਿ ਅਨੁਸਾਰ ਸ਼ਬਦ ਗੁਰੂ ਹੈ ਅਤੇ ਗੁਰੂ ਸ਼ਬਦ ਹੈ। ਸ਼ਬਦ ਹੀ ਗਿਆਨ ਹੈ ਅਤੇ ਸ਼ਬਦ ਹੀ ਗਿਆਨ ਦਾ ਸਭ ਤੋਂ ਉਤਮ ਸਾਧਨ ਹੈ। ਇਸ ਵਿਚ ਕੋਈ ਵਿਰੋਧਾਭਾਸ ਨਹੀਂ ਹੈ, ਜਿਸ ਤਰ੍ਹਾਂ ਗੁਰਮਤਿ ਵਿਚ 'ਆਪੇ ਗੁਰ ਚੇਲਾ' ਵਿਚ ਕੋਈ ਵਿਰੋਧਾਭਾਸ ਨਹੀਂ ਹੈ। ਇਸੇ ਤਰ੍ਹਾਂ ਸ਼ਬਦ ਉਚਤਮ ਗਿਆਨ ਹੈ ਅਤੇ ਸ਼ਬਦ ਉਚਤਮ ਗਿਆਨ ਦਾ ਸਾਧਨ ਹੈ; ਇਸ ਵਿਚ ਵੀ ਕੋਈ ਵਿਰੋਧਾਭਾਸ ਨਹੀਂ ਹੈ। ਸ਼ਬਦ ਗਿਆਨ ਹੈ ਜੋ ਮਨੁੱਖ ਨੂੰ ਸੱਚੀ ਰਹਿਣੀ ਦਾ ਰਸਤਾ ਦੱਸਦਾ ਹੈ।***

ਉਚਤਮ ਸਤਿ ਦੇ ਪ੍ਰਕਾਸ਼ਨ ਦਾ ਸਾਧਨ ਹੈ। ਇਸ ਸਤਿ ਦੀ ਪ੍ਰਾਪਤੀ ਸ਼ਬਦ ਦੀ ਵਿਚਾਰ, ਮਨਣ ਅਤੇ ਧਿਆਨ ਰਾਹੀਂ ਹੁੰਦੀ ਹੈ। ਪਰਮਸਤਿ ਦਾ ਰਹੱਸਾਤਮਕ ਅਨੁਭਵ ਸ਼ਬਦ ਰਾਹੀਂ ਪ੍ਰਗਟ ਹੋ ਸਕਦਾ ਹੈ। ਜਦੋਂ ਜਗਿਆਸੂ ਦਾ ਮਨ ਪਰਮਸਤਿ ਦਾ ਅਨੁਭਵ ਕਰ ਲੈਂਦਾ ਹੈ ਤਾਂ ਪਰਮਸਤਿ ਉਸ ਦੇ ਹਿਰਦੇ ਅੰਦਰ ਅਨਹਦ-ਨਾਦ (ਸ਼ਬਦ) ਦੇ ਰੂਪ ਵਿਚ ਸੁਣਾਈ ਦੇਣ ਲੱਗ ਪੈਂਦਾ ਹੈ। ਗੁਰਮਤਿ ਅਨੁਸਾਰ ਇਸ ਅਨਹਦ-ਨਾਦ ਦੇ ਅਨੁਭਵ ਲਈ ਮਨੁੱਖ ਨੂੰ ਕਿਸੇ ਯੋਗ-ਅਭਿਆਸ ਜਾਂ ਤਪੱਸਵੀ-ਇਕਾਂਤਕਤਾ ਦੀ ਮਾਨਤਾ ਦੀ ਜ਼ਰੂਰਤ ਨਹੀਂ ਹੈ। ਮਨੁੱਖ ਨੂੰ ਹਉਮੈ ਅਤੇ ਮਾਇਆ 'ਤੇ ਕਾਬੂ ਪਾਉਣ ਦੀ ਲੋੜ ਹੈ ਜੋ ਮਨੁੱਖ ਦੇ ਅਕਾਲ ਪੁਰਖ ਨਾਲੋਂ ਵਿਛੋੜੇ ਦਾ ਕਾਰਨ ਬਣਦੀ ਹੈ। ਇਹ ਅਗਿਆਨ ਹੈ ਜਿਸ ਨੂੰ ਜਪੁਜੀ ਵਿਚ 'ਕੂੜੈ ਪਾਲਿ' ਕਿਹਾ ਹੈ। ਇਸ 'ਕੂੜੈ ਪਾਲਿ' ਨੂੰ ਤੋੜਨ ਲਈ ਗੁਰੂ ਰਾਹੀਂ ਜੋ ਸ਼ਬਦ ਪ੍ਰਾਪਤ ਹੋਇਆ ਹੈ, ਉਸ ਦੀ ਵਿਚਾਰ, ਮਨਣ ਤੇ ਧਿਆਨ ਸਮਰੱਥ ਸਾਧਨ ਹੈ।

ਗੁਰਮਤਿ ਅਨੁਸਾਰ ਸ਼ਬਦ ਗੁਰੂ ਹੈ ਅਤੇ ਗੁਰੂ ਸ਼ਬਦ ਹੈ। ਸ਼ਬਦ ਹੀ ਗਿਆਨ ਹੈ ਅਤੇ ਸ਼ਬਦ ਹੀ ਗਿਆਨ ਦਾ ਸਭ ਤੋਂ ਉਤਮ ਸਾਧਨ ਹੈ। ਇਸ ਵਿਚ ਕੋਈ ਵਿਰੋਧਾਭਾਸ ਨਹੀਂ ਹੈ, ਜਿਸ ਤਰ੍ਹਾਂ ਗੁਰਮਤਿ ਵਿਚ 'ਆਪੇ ਗੁਰ ਚੇਲਾ' ਵਿਚ ਕੋਈ ਵਿਰੋਧਾਭਾਸ ਨਹੀਂ ਹੈ। ਇਸੇ ਤਰ੍ਹਾਂ ਸ਼ਬਦ ਉਚਤਮ ਗਿਆਨ ਹੈ ਅਤੇ ਸ਼ਬਦ ਉਚਤਮ ਗਿਆਨ ਦਾ ਸਾਧਨ ਹੈ; ਇਸ ਵਿਚ ਵੀ ਕੋਈ ਵਿਰੋਧਾਭਾਸ ਨਹੀਂ ਹੈ। ਸ਼ਬਦ ਗਿਆਨ ਹੈ ਜੋ ਮਨੁੱਖ ਨੂੰ ਸੱਚੀ ਰਹਿਣੀ ਦਾ ਰਸਤਾ ਦੱਸਦਾ ਹੈ। ਸਿੱਖ ਧਰਮ ਵਿਚ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸ਼ਬਦ ਉਚਤਮ ਸਤਿ ਦੇ ਗਿਆਨ ਦੀ ਪ੍ਰਾਪਤੀ ਦਾ ਸਾਧਨ ਹੈ ਕਿਉਂਕਿ ਇਹ ਗਿਆਨ ਗੁਰੂ ਦੇ ਸ਼ਬਦ ਉਤੇ ਵਿਚਾਰ ਕਰਨ ਅਤੇ ਧਿਆਨ ਧਰਨ ਨਾਲ ਪ੍ਰਾਪਤ ਹੁੰਦਾ ਹੈ। ਜਗਿਆਸੂ ਨੂੰ ਪਰਮਸਤਿ ਦਾ ਜੋ ਅਨੁਭਵ ਹੁੰਦਾ ਹੈ, ਉਸ ਨੂੰ ਪ੍ਰਗਟ ਕਰਨ ਦਾ ਸ਼ਬਦ ਤੋਂ ਬਿਨਾ ਹੋਰ ਕੋਈ ਸਮਰੱਥ ਸਾਧਨ ਨਹੀਂ ਹੈ। ਗੁਰੂ ਸਾਹਿਬਾਨ ਨੂੰ ਅਕਾਲ ਪੁਰਖ ਨਾਲ ਇਕਸੁਰਤਾ ਦੇ ਪਲਾਂ ਵਿਚ ਸਤਿ ਦਾ ਜੋ ਇਲਹਾਮ ਹੋਇਆ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਰਾਹੀਂ ਉਸੇ ਦਾ ਪ੍ਰਗਟਾਓ ਸ਼ਬਦ ਰੂਪ ਵਿਚ ਕਾਇਮ ਹੈ। ਇਸ ਲਈ ਸ਼ਬਦ ਗੁਰੂ ਹੈ ਜਿਸ ਤੋਂ ਅਗਵਾਈ ਲੈਣੀ ਹੈ।

ਇਸ ਵਿਚਾਰ-ਚਰਚਾ ਤੋਂ ਇੱਕ ਹੋਰ ਅਹਿਮ ਗੱਲ ਸਾਹਮਣੇ ਆਉਂਦੀ ਹੈ। ਉਹ ਇਹ ਹੈ ਕਿ ਗੁਰੂ ਸਾਹਿਬਾਨ ਨੇ ਸ਼ਬਦ ਨੂੰ ਸੁਣਨ (ਜਪੁਜੀ ਵਿਚ ਇਸ ਦਾ ਵਿਸਥਾਰ ਪ੍ਰਾਪਤ ਹੈ), ਮਨਣ-ਵਿਚਾਰ ਅਤੇ ਧਿਆਨ ਨਾਲ ਜੋੜਿਆ ਹੋਇਆ ਹੈ। ਜਦੋਂ ਗੁਰੂ-ਸ਼ਬਦ 'ਤੇ ਵਿਚਾਰ ਕਰਨੀ ਹੈ, ਉਸ ਦਾ ਮਨਣ ਕਰਨਾ ਹੈ, ਉਸ ਨੂੰ ਆਪਣੇ ਧਿਆਨ ਵਿਚ ਵਸਾਉਣਾ ਹੈ ਤਾਂ ਹੀ ਉਸ ਨੇ ਮਨੁੱਖ ਦੇ ਵਿਅਕਤੀਤਵ ਦੀ ਘਾੜਤ ਕਰਨੀ ਹੈ ਅਤੇ ਉਸ ਦੇ ਵਿਅਕਤੀਤਵ ਦਾ ਹਿੱਸਾ ਬਣਨਾ ਹੈ। ਵਿਚਾਰ ਰਾਹੀਂ ਮਨੁੱਖ ਦੇ ਵਿਅਕਤੀਤਵ ਦਾ ਹਿੱਸਾ ਬਣਿਆ ਸ਼ਬਦ ਹੀ ਮਨੁੱਖ ਨੂੰ ਵਿਕਾਸਸ਼ੀਲ ਅਤੇ ਉਸਾਰੂ ਬਣਾਉਂਦਾ ਹੈ, ਜਿਸ ਨਾਲ ਇੱਕ ਵਿਲੱਖਣ ਵਿਅਕਤੀਤਵ ਪੈਦਾ ਹੁੰਦਾ ਹੈ। ਇਹ ਵਿਅਕਤੀਤਵ ਮਾਣਸ ਤੋਂ ਦੇਵਤਾ ਥੀਣ ਤੱਕ ਦਾ ਸਫਰ ਹੈ ਜਿਸ ਦੀ ਸਮਰੱਥਾ ਸ਼ਬਦ ਗੁਰੂ ਵਿਚ ਹੈ ਅਤੇ ਇਸੇ ਵਿਚ ਸ਼ਬਦ ਦੇ ਸੰਕਲਪ ਦਾ ਪਰਿਪੇਖ ਲੁਪਤ ਹੈ।

ਬਾਣੀ ਨੂੰ, ਸ਼ਬਦ ਨੂੰ ਕਿਉਂਕਿ ਸੁਣਨਾ ਹੈ, ਮਨਣ ਕਰਨਾ ਹੈ, ਵਿਚਾਰਨਾ ਹੈ ਅਤੇ ਧਿਆਨ ਵਿਚ ਵਸਾਉਣਾ ਹੈ; ਇਸ ਲਈ ਬਾਣੀ ਨਾ ਕੋਈ ਤੋਤੇ-ਰਟਣੀ ਹੈ ਅਤੇ ਨਾ ਹੀ ਮੰਤਰੀਕਰਣ ਹੈ ਜਿਸ ਦੇ ਜਪਣ ਨਾਲ ਕੋਈ ਕ੍ਰਿਸ਼ਮਾ ਜਾਂ ਮਿਰੇਕਲ ਵਾਪਰਨਾ ਹੈ ਜਿਸ ਤਰ੍ਹਾਂ ਕਈ ਹੋਰ ਧਰਮਾਂ ਵਿਚ ਮੰਨਿਆ ਜਾਂਦਾ ਹੈ। ਬਾਣੀ ਦਾ ਸਭ ਤੋਂ ਵੱਡਾ ਕ੍ਰਿਸ਼ਮਾ ਇਹ ਹੈ ਕਿ ਇਸ ਨੇ ਮਨੁੱਖ ਦੇ ਵਿਅਕਤੀਤਵ ਨੂੰ ਘੜਨਾ ਹੈ, ਉਸ ਨੂੰ ਮਾਨਸ ਤੋਂ ਦੇਵਤਾ ਬਣਾਉਣਾ ਹੈ ਅਰਥਾਤ ਉਸ ਦੀ ਸਖਸ਼ੀਅਤ ਵਿਚ ਦੇਵ-ਗੁਣ ਪੈਦਾ ਕਰਨੇ ਹਨ। ਅੱਜ ਕੱਲ੍ਹ ਕੀ ਹੋ ਰਿਹਾ ਹੈ? ਅਸੀਂ ਗੁਰੂ ਸਾਹਿਬਾਨ ਦੀ ਸ਼ਬਦ ਨੂੰ ਗ੍ਰਹਿਣ ਕਰਨ ਦੀ ਵਿਧੀ ਅਪਨਾਉਣ ਦੀ ਥਾਂ ਇਸ ਦਾ ਮੰਤਰੀਕਰਣ ਕਰ ਲਿਆ ਹੈ ਅਤੇ ਸ਼ਬਦ-ਗੁਰੂ ਦੀ ਸੇਵਾ ਇਹ ਹੈ ਕਿ ਉਸ ਵਿਚ ਦੱਸੀ ਜੀਵਨ ਜਾਚ ਨੂੰ ਅਪਨਾਈਏ; ਪਰ ਇਸ ਦੀ ਥਾਂ ਅਸੀਂ ਉਸ ਕਿਸਮ ਦੇ ਮੂਰਤੀ-ਪੂਜ ਹੋ ਗਏ ਹਾਂ ਜਿਸ ਦਾ ਖੰਡਨ ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਵਿਚ ਕੀਤਾ ਹੈ। ਸ਼ਬਦ ਗੁਰੂ ਦੀ ਸੇਵਾ ਅਸੀਂ ਸਰਦੀ ਦੇ ਮੌਸਮ ਵਿਚ ਗੁਰੂ ਗ੍ਰੰਥ ਸਾਹਿਬ ਦਾ ਸੁਖ-ਆਸਣ ਰਜਾਈ ਅਤੇ ਕੰਬਲ ਵਿਚ ਕਰਨਾ ਅਤੇ ਗਰਮ ਮੌਸਮ ਵਿਚ ਏ.ਸੀ. ਚਲਾਉਣ ਵਿਚ ਸਮਝਣ ਲੱਗ ਪਏ ਹਾਂ। ਸ਼ਬਦ ਦੇ ਅਨੁਸਾਰੀ ਹੋ ਕੇ ਚੱਲਣ ਦੀ ਥਾਂ ਸੁੱਖਣਾ ਸੁੱਖਣ ਲੱਗ ਪਏ ਹਾਂ ਕਿ ਜੇ ਫਲਾਣਾ ਕੰਮ ਹੋ ਜਾਵੇ ਤਾਂ ਫਲਾਣੇ ਗੁਰਦੁਆਰੇ ਅਖੰਡ ਪਾਠ ਕਰਵਾਵਾਂਗੇ। ਇੱਕ ਇੱਕ ਗੁਰਦੁਆਰੇ ਵਿਚ (ਸ਼੍ਰੋਮਣੀ ਕਮੇਟੀ ਇਸ ਕੰਮ ਲਈ ਸਭ ਤੋਂ ਅੱਗੇ ਹੈ) ਇੱਕੋ ਸਥਾਨ 'ਤੇ ਇੱਕੋ ਵੇਲੇ ਕਈ ਕਈ ਅਖੰਡ ਪਾਠ ਹੋ ਰਹੇ ਹੁੰਦੇ ਹਨ ਜੋ ਪਾਠੀ ਸਿੰਘ ਆਪਣੇ ਮੂੰਹ ਵਿਚ ਕਰ ਰਹੇ ਹੁੰਦੇ ਹਨ। ਬਾਣੀ ਤਾਂ ਸੁਣਨ ਅਤੇ ਮਨਣ ਕਰਨ ਲਈ ਹੈ। ਜਦੋਂ ਪਾਠੀ ਸਿੰਘ ਮੂੰਹ ਵਿਚ ਪਾਠ ਕਰ ਰਿਹਾ ਹੈ ਤਾਂ ਬਾਣੀ ਦਾ ਸੁਣਨਾ ਕਿੱਥੇ ਸ਼ਾਮਲ ਹੈ? ਉਹ ਮਨੁੱਖੀ ਵਿਅਕਤੀਤਵ ਤੇ ਕਿਸ ਤਰ੍ਹਾਂ ਅਸਰ-ਅੰਦਾਜ਼ ਹੋਵੇਗਾ? ਇਹੀ ਨਹੀਂ ਵਿਦੇਸ਼ਾਂ ਵਿਚ ਬੈਠੇ ਸ਼ਰਧਾਲੂ ਵੀ ਪੈਸੇ ਭੇਜ ਕੇ ਹਰਿਮੰਦਰ ਸਾਹਿਬ ਅਖੰਡ ਪਾਠ ਕਰਾਉਂਦੇ ਹਨ। ਕੀ ਬਾਣੀ ਨੂੰ ਸਰਵਣ ਕਰਨ, ਉਸ ਨੂੰ ਮਨ ਵਿਚ ਵਸਾਉਣ ਤੋਂ ਬਿਨਾ ਹੀ ਕੋਈ ਪਾਰ-ਉਤਾਰਾ ਹੋ ਸਕਦਾ ਹੈ? ਜੋ ਕਰਨਾ ਚਾਹੀਦਾ ਹੈ, ਉਸ ਨੂੰ ਛੱਡ ਕੇ ਹੋਰ ਕਿਸਮ ਦਾ ਵਪਾਰ ਕਰਨ ਲੱਗ ਪਏ ਹਾਂ। ਸੋਚਣ ਵਾਲੀ ਗੱਲ ਇਹ ਹੈ ਕਿ ਕੀ ਗੁਰੂ ਸਾਹਿਬ ਨੇ ਬਾਣੀ ਨੂੰ ਪੜ੍ਹਨ-ਸੁਣਨ ਤੋਂ ਬਿਨਾ ਹੀ ਇਸ ਕਿਸਮ ਦੀ ਕਿਸੇ ਪ੍ਰਾਪਤੀ ਵੱਲ ਸੰਕੇਤ ਮਾਤਰ ਵੀ ਕੀਤਾ ਹੈ?

ਗੁਰਬਾਣੀ ਗਿਆਨ

## ਹਰਿ ਨਾਮੁ ਲੇਹੁ ਮੀਤਾ ਲੇਹੁ

**ਰਾਗੁ ਗੌੜੀ ਮਾਲਵਾ ਮਹਲਾ ੫**

ਹਰਿ ਨਾਮੁ ਲੇਹੁ ਮੀਤਾ ਲੇਹੁ
ਆਗੈ ਬਿਖਮ ਪੰਥੁ ਭੈਆਨ॥੧॥ ਰਹਾਉ॥
ਸੇਵਤ ਸੇਵਤ ਸਦਾ ਸੇਵਿ
ਤੇਰੈ ਸੰਗਿ ਬਸਤੁ ਹੈ ਕਾਲੁ॥
ਕਰਿ ਸੇਵਾ ਤੂੰ ਸਾਧ ਕੀ
ਹੋ ਕਾਟੀਐ ਜਮ ਜਾਲੁ॥੧॥
ਹੋਮ ਜਗ ਤੀਰਥ ਕੀਏ
ਬਿਚਿ ਹਉਮੈ ਬਧੇ ਬਿਕਾਰ॥
ਨਰਕੁ ਸੁਰਗੁ ਦੁਇ ਭੁੰਚਨਾ
ਹੋਇ ਬਹੁਰਿ ਬਹੁਰਿ ਅਵਤਾਰ॥੨॥
ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ
ਨਿਹਚਲੁ ਕੋ ਥਾਉ ਨਾਹਿ॥
ਬਿਨੁ ਹਰਿ ਸੇਵਾ ਸੁਖੁ ਨਹੀ
ਹੋ ਸਾਕਤ ਆਵਹਿ ਜਾਹਿ॥੩॥
ਜੈਸੋ ਗੁਰਿ ਉਪਦੇਸਿਆ
ਮੈ ਤੈਸੋ ਕਹਿਆ ਪੁਕਾਰਿ॥
ਨਾਨਕੁ ਕਹੈ ਸੁਨਿ ਰੇ ਮਨਾ
ਕਰਿ ਕੀਰਤਨੁ ਹੋਇ ਉਧਾਰੁ॥੪॥

ਸੰਸਾਰ ਦੇ ਤਾਰਨਹਾਰ ਸਤਿਗੁਰੂ ਉਪਦੇਸ਼ ਕਰਦੇ ਆਖ ਰਹੇ ਹਨ- ਹਰਿ ਨਾਮੁ ਲੇਹੁ ਮੀਤਾ ਲੇਹੁ, ਹੇ ਮੀਤਾ! ਮੇਰੇ ਮਿੱਤਰ ਜੀਉ! ਉਸ ਮਿਹਰਵਾਨ ਹਰੀ ਪ੍ਰਭੂ ਦੇ ਨਾਮ ਦਾ ਸਿਮਰਨ ਕਰ; ਆਗੈ ਬਿਖਮ ਪੰਥੁ ਭੈਆਨ, ਹੇ ਭਾਈ! ਜ਼ਿੰਦਗੀ ਦੇ ਜਿਸ ਰਸਤੇ ਉਤੇ ਤੂੰ ਤੁਰ ਰਿਹਾ ਹੈਂ, ਉਹ ਰਸਤਾ ਮਾਇਆ ਰੂਪੀ ਵਿਕਾਰਾਂ ਨਾਲ ਭਰਿਆ ਹੋਇਆ ਅਤਿ ਬਿਖੜਾ ਤੇ ਡਰਾਉਣਾ ਹੈ, ਇਸ ਲਈ ਤੂੰ ਹਰੀ ਪ੍ਰਭੂ ਦਾ ਨਾਮ ਜਪ।

ਸੇਵਤ ਸੇਵਤ ਸਦਾ ਸੇਵਿ
ਤੇਰੈ ਸੰਗਿ ਬਸਤੁ ਹੈ ਕਾਲੁ॥
ਕਰਿ ਸੇਵਾ ਤੂੰ ਸਾਧ ਕੀ
ਹੋ ਕਾਟੀਐ ਜਮ ਜਾਲੁ॥੧॥

ਗੁਰਦੇਵ ਜੀ ਆਖਦੇ ਹਨ, ਹੇ ਮਿੱਤਰ! ਤੂੰ ਪ੍ਰਭੂ ਦਾ ਨਾਮ ਸਿਮਰ ਤੇ ਸਦਾ ਹੀ ਸਿਮਰਦਾ ਰਹਿ, ਕਿਉਂਕਿ ਮਿੱਤਰ ਜੀਉ! ਮੌਤ ਦਾ ਸਾਇਆ ਤਾਂ ਹਰ ਵੇਲੇ ਤੇਰੇ ਨਾਲ ਨਾਲ ਹੀ ਚੱਲ ਰਿਹਾ ਹੈ। ਹੇ ਭਾਈ! ਗੁਰੂ ਦੀ ਸ਼ਰਨ ਪੈ ਜਾ, ਤੇ ਗੁਰੂ ਦੀ ਸੇਵਾ ਕਰ, ਗੁਰੂ ਦੀ ਮੱਤ ਲੈ; ਗੁਰੂ ਦੇ ਦੱਸੇ ਮਾਰਗ 'ਤੇ ਤੁਰਦਿਆਂ ਜਮਾਂ ਦੀ ਫਾਹੀ ਦਾ ਜਾਲ ਕੱਟਿਆ ਜਾਂਦਾ ਹੈ।

ਹੋਮ ਜਗ ਤੀਰਥ ਕੀਏ
ਬਿਚਿ ਹਉਮੈ ਬਧੇ ਬਿਕਾਰ॥
ਨਰਕੁ ਸੁਰਗੁ ਦੁਇ ਭੁੰਚਨਾ
ਹੋਇ ਬਹੁਰਿ ਬਹੁਰਿ ਅਵਤਾਰ॥੨॥

ਸਤਿਗੁਰੂ ਜੀ ਆਖਦੇ ਹਨ ਕਿ ਜਿਹੜੇ ਜੀਵਾਂ ਨੇ ਉਸ ਅਕਾਲ ਪੁਰਖ ਦਾ ਨਾਮ ਸਿਮਰਨ ਛੱਡ ਕੇ ਸਿਰਫ ਹਵਨ ਜੱਗ ਕੀਤੇ ਤੇ ਤੀਰਥਾਂ ਉਤੇ ਇਸ਼ਨਾਨ ਕਰਦੇ ਰਹੇ, ਉਹ ਕਰਮ ਕਾਂਡਾਂ ਦੀ ਹਉਮੈ ਵਿਚ ਹੀ ਫਸੇ ਰਹੇ ਤੇ ਉਨ੍ਹਾਂ ਦੇ ਅੰਦਰ ਵਿਕਾਰ ਵੀ ਵਧਦੇ ਗਏ; ਨਰਕੁ ਸੁਰਗੁ ਦੁਇ ਭੁੰਚਨਾ, ਹੇ ਭਾਈ! ਇਨ੍ਹਾਂ ਵਿਕਾਰਾਂ ਕਰ ਕੇ ਨਰਕ ਅਤੇ ਸਵਰਗ ਵੀ ਭੋਗਣੇ ਪੈਂਦੇ ਹਨ, ਤੇ ਮੁੜ ਮੁੜ ਕੇ ਜਨਮ ਲੈਣ ਦਾ ਚੱਕਰ ਚਲਦਾ ਰਹਿੰਦਾ ਹੈ।

ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ
ਨਿਹਚਲੁ ਕੋ ਥਾਉ ਨਾਹਿ॥
ਬਿਨੁ ਹਰਿ ਸੇਵਾ ਸੁਖੁ ਨਹੀ
ਹੋ ਸਾਕਤ ਆਵਹਿ ਜਾਹਿ॥੩॥

ਜਗਤ ਦੇ ਜੀਵ ਹਵਨ, ਜੱਗ ਤੇ ਤੀਰਥਾਂ ਜਿਹੇ ਕਰਮ ਕਰ ਕੇ ਸ਼ਿਵ ਪੁਰੀ, ਬ੍ਰਹਮ ਪੁਰੀ ਤੇ ਇੰਦ੍ਰ ਪੁਰੀ ਦੀ ਪ੍ਰਾਪਤੀ ਦੀਆਂ ਆਸਾਂ ਲਾ ਬੈਠਦੇ ਹਨ ਕਿ ਸਾਨੂੰ ਇਨ੍ਹਾਂ ਪੁਰੀਆਂ ਦੀ ਪ੍ਰਾਪਤੀ ਹੋ ਜਾਵੇਗੀ, ਪਰ ਭਾਈ! ਇਨ੍ਹਾਂ ਪੁਰੀਆਂ ਵਿਚੋਂ ਤਾਂ ਕੋਈ ਵੀ ਥਾਂ ਸਦਾ ਟਿਕੇ ਰਹਿਣ ਵਾਲੀ ਨਹੀਂ ਹੈ; ਹਰੀ ਪ੍ਰਭੂ ਦੇ ਸਿਮਰਨ ਤੋਂ ਬਿਨਾਂ ਕਿਤੋਂ ਵੀ ਸੁੱਖ ਨਹੀਂ ਮਿਲਦਾ, ਤੇ ਪ੍ਰਭੂ ਨਾਲੋਂ ਵਿਛੜੇ ਜੀਵ ਜੰਮਦੇ ਹਨ, ਮਰਦੇ ਹਨ ਤੇ ਇਸੇ ਆਵਾਜਾਈ ਵਿਚ ਫਸੇ ਰਹਿੰਦੇ ਹਨ।

ਜੈਸੋ ਗੁਰਿ ਉਪਦੇਸਿਆ
ਮੈ ਤੈਸੋ ਕਹਿਆ ਪੁਕਾਰਿ॥
ਨਾਨਕੁ ਕਹੈ ਸੁਨਿ ਰੇ ਮਨਾ
ਕਰਿ ਕੀਰਤਨੁ ਹੋਇ ਉਧਾਰੁ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਆਖਦੇ ਹਨ ਕਿ ਹੇ ਭਾਈ! ਜਿਸ ਤਰ੍ਹਾਂ ਮੇਰੇ ਗੁਰੂ ਨੇ ਮੈਨੂੰ ਉਪਦੇਸ਼ ਦਿੱਤਾ ਹੈ, ਮੈਂ ਉਸ ਉਪਦੇਸ਼ ਨੂੰ ਉਸੇ ਤਰ੍ਹਾਂ ਹੀ ਉਚੀ ਬੋਲ ਕੇ ਸੰਸਾਰ ਨੂੰ ਦੱਸ ਦਿੱਤਾ ਹੈ; ਨਾਨਕ ਆਖਦਾ ਹੈ- ਹੇ ਮੇਰੇ ਮਨ! ਤੂੰ ਸੁਣ; ਉਸ ਜਗਤ ਦੇ ਮਾਲਕ ਮਿਹਰਵਾਨ ਪ੍ਰਭੂ ਦਾ ਕੀਰਤਨ ਸਦਾ ਹੀ ਕਰਦਾ ਰਿਹਾ ਕਰ, ਇਸ ਨਾਲ ਤੇਰਾ ਉਧਾਰ ਹੋ ਜਾਵੇਗਾ ਤੇ ਤੂੰ ਜਨਮ-ਮਰਨ ਦੇ ਗੇੜ ਤੋਂ ਬਚ ਜਾਵੇਂਗਾ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-35336

# ਵਿਵਾਦਾਂ ਵਿਚ ਘਿਰੀ ਸ਼ਖਸੀਅਤ-ਵੀਰ ਸਾਵਰਕਰ

***ਆਏ ਦਿਨ ਕਿਸੇ ਨਾ ਕਿਸੇ ਬਹਾਨੇ ਵੀਰ ਸਾਵਰਕਰ (28 ਮਈ 1883-26 ਫਰਵਰੀ 1966) ਦੀ ਚਰਚਾ ਛਿੜ ਜਾਂਦੀ ਹੈ। ਕਿਸੇ ਵੇਲੇ ਉਸ ਨੂੰ ਕਾਲੇ ਪਾਣੀ ਦੀ ਸਜ਼ਾ ਹੋਈ ਸੀ। ਜਦੋਂ ਗਦਰੀ ਸੂਰਬੀਰ ਕਾਲੇ ਪਾਣੀਆਂ ਦੀ ਸੈਲੂਲਰ ਜੇਲ੍ਹ ਵਿਚ ਜੂਝ ਰਹੇ ਸਨ, ਉਹ ਅੰਗਰੇਜ਼ਾਂ ਤੋਂ ਮਾਫੀ ਮੰਗ ਕੇ ਬਾਹਰ ਆ ਗਿਆ ਸੀ। ਇਹ ਉਹ ਸ਼ਖਸ ਹੈ ਜਿਸ ਨੇ ਮਗਰੋਂ 'ਹਿੰਦੂਤਵ' ਘੜਿਆ ਅਤੇ ਭਵਿੱਖ ਵਿਚ ਘੱਟ-ਗਿਣਤੀਆਂ ਨਾਲ ਹੋਣ ਵਾਲੀਆਂ ਵਧੀਕੀਆਂ ਦੀਆਂ ਨੀਂਹਾਂ ਭਰੀਆਂ। ਮਹਾਤਮਾ ਗਾਂਧੀ ਕਤਲ ਕੇਸ ਵਿਚ ਵੀ ਉਸ ਦਾ ਨਾਂ ਵੱਜਿਆ ਸੀ, ਪਰ ਸਬੂਤਾਂ ਦੀ ਘਾਟ ਕਾਰਨ ਉਹ ਬਰੀ ਹੋ ਗਿਆ। ਪ੍ਰੋ. ਹਰਪਾਲ ਸਿੰਘ ਪੰਨੂ ਨੇ ਇਸ ਲੇਖ ਵਿਚ ਇਸ ਵਿਵਾਦਗ੍ਰਸਤ ਸ਼ਖਸੀਅਤ ਬਾਰੇ ਕੁਝ ਤੱਥਾਂ 'ਤੇ ਰੋਸ਼ਨੀ ਪਾਈ ਹੈ। -ਸੰਪਾਦਕ***

ਇਨ੍ਹੀਂ ਦਿਨੀਂ ਵੀਰ ਸਾਵਰਕਰ ਦਾ ਨਾਮ ਪ੍ਰਿੰਟ ਮੀਡੀਆ ਅਤੇ ਟੀ.ਵੀ. ਉਪਰ ਚਰਚਾ ਵਿਚ ਹੈ। ਸੋਚਿਆ, ਪੰਜਾਬੀ ਪਾਠਕਾਂ ਨੂੰ ਇਸ ਬਾਰੇ ਕੁਝ ਜਾਣਕਾਰੀ ਹੋਣੀ ਚਾਹੀਦੀ ਹੈ ਜਿਸ ਦੀ ਤਸਵੀਰ ਭਾਰਤੀ ਪਾਰਲੀਮੈਂਟ ਵਿਚ ਲਾਉਣ ਦਾ ਸਰਕਾਰ ਨੇ ਫੈਸਲਾ ਕੀਤਾ ਹੈ। ਸੰਸਦ ਮੈਂਬਰ ਤਰਲੋਚਨ ਸਿੰਘ ਨੇ ਇਤਰਾਜ਼ ਕੀਤਾ ਹੈ ਕਿ ਸਾਵਰਕਰ ਦੀ ਫੋਟੋ ਸੰਸਦ ਵਿਚ ਲਾਉਣੀ ਸੀ ਤਾਂ ਮਾਸਟਰ ਤਾਰਾ ਸਿੰਘ ਦੀ ਫੋਟੋ ਕਿਉਂ ਨਹੀਂ ਨਾਲ ਦੀ ਨਾਲ ਲਾਈ ਗਈ, ਕਿਉਂਕਿ ਮਾਸਟਰ ਤਾਰਾ ਸਿੰਘ ਸਾਵਰਕਰ ਦੇ ਡਟ ਕੇ ਹਮਾਇਤੀ ਸਨ ਤੇ ਮੁਕੱਦਮਿਆਂ ਦੌਰਾਨ ਮਾਸਟਰ ਜੀ ਨੇ ਉਨਾਂ ਦੀ ਮਦਦ ਕੀਤੀ ਸੀ।

ਪੈਟਰੋਲੀਅਮ ਮੰਤਰੀ ਰਵੀ ਸ਼ੰਕਰ ਅੱਯਰ ਨੇ ਕਾਲੇਪਾਣੀ ਦੀ ਸੈਲੂਲਰ ਜੇਲ੍ਹ ਵਿਚੋਂ ਉਹ ਤਖਤੀ ਹਟਾਉਣ ਦਾ ਹੁਕਮ ਦਿੱਤਾ ਜਿਸ ਉਪਰ ਵੀਰ ਸਾਵਰਕਰ ਦਾ ਸੰਦੇਸ਼ ਉਕਰਿਆ ਹੋਇਆ ਸੀ, ਤਾਂ ਹਿੰਦੂਤਵ ਦੇ



**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਨਾਇਕ ਵੀਰ ਸਾਵਰਕਰ ਦੀਆਂ ਖਬਰਾਂ ਸੁਰਖੀਆਂ ਬਣੀਆਂ ਸਨ। ਵੀਰ ਸਾਵਰਕਰ ਕੌਣ ਸੀ, ਭਾਰਤੀ ਆਜ਼ਾਦੀ ਅੰਦੋਲਨ ਵਿਚ ਉਸ ਦੀ ਕੀ ਭੂਮਿਕਾ ਸੀ, ਉਹ ਇੰਨਾ ਵਿਵਾਦਮਈ ਕਿਉਂ ਰਿਹਾ ਆਦਿ ਸਵਾਲਾਂ ਦੇ ਜਵਾਬ ਲੱਭਣੇ ਚਾਹੀਦੇ ਹਨ।

ਉਸ ਦਾ ਪੂਰਾ ਨਾਮ ਵਿਨਾਇਕ ਦਮੋਦਰ ਵੀਰ ਸਾਵਰਕਰ ਸੀ, ਜਿਸ ਨੇ ਕਾਲੇ ਪਾਣੀ ਵਿਚ ਲੰਮਾ ਸਮਾਂ ਆਜ਼ਾਦੀ ਅੰਦੋਲਨ ਦੇ ਜੁਰਮ ਕਾਰਨ ਕੈਦ ਕੱਟੀ। ਉਹ ਪਹਿਲਾ ਸਖਸ਼ ਸੀ ਜਿਸ ਨੇ ਹਿੰਦੂਤਵ ਲਫਜ਼ ਘੜਿਆ ਅਤੇ ਇਸ ਦਾ ਫਲਸਫਾ ਸਿਰਜਿਆ। ਜਦੋਂ ਨੱਥੂ ਰਾਮ ਗੋਡਸੇ ਉਪਰ ਮਹਾਤਮਾ ਗਾਂਧੀ ਦੀ ਹੱਤਿਆ ਦਾ ਮੁਕੱਦਮਾ ਚੱਲਿਆ, ਉਸ ਦੀ ਸਾਜ਼ਿਸ਼ ਵਿਚ ਵੀਰ ਸਾਵਰਕਰ ਦਾ ਨਾਮ ਵੀ ਸੀ, ਪਰ ਉਹ ਸਬੂਤਾਂ ਦੀ ਘਾਟ ਕਾਰਨ ਬਰੀ ਹੋ ਗਿਆ।

ਉਸ ਦਾ ਜਨਮ 28 ਮਈ 1883 ਨੂੰ ਨਾਸਿਕ ਨਜ਼ਦੀਕ ਪਿੰਡ ਭਾਗਪੁਰ (ਮਹਾਂਰਾਸ਼ਟਰ) ਵਿਚ ਹੋਇਆ। ਜਦੋਂ ਮਾਪਿਆਂ ਦਾ ਦੇਹਾਂਤ ਹੋ ਗਿਆ, ਉਦੋਂ ਬਚਪਨ ਵਿਚ ਸੀ। ਵੱਡੇ ਭਰਾ ਗਣੇਸ਼ ਨੇ ਪਰਿਵਾਰਕ ਜ਼ਿੰਮੇਵਾਰੀਆਂ ਸੰਭਾਲੀਆਂ। 1898 ਵਿਚ ਇਕ ਗੋਰੇ ਅਫਸਰ ਨੂੰ ਕਤਲ ਕਰਨ ਦੇ ਦੋਸ਼ ਅਧੀਨ ਦੋ ਮਰਾਠਾ ਭਰਾਵਾਂ ਨੂੰ ਪੂਨੇ ਵਿਚ ਫਾਹੇ ਲਾਇਆ ਗਿਆ ਤਾਂ ਉਸ ਅੰਦਰ ਸਰਕਾਰ ਵਿਰੁੱਧ ਵਿਦਰੋਹ ਜਾਗਿਆ। ਪੂਨੇ ਦੇ ਫਰਗੂਸਨ ਕਾਲਜ ਵਿਚ 1901 ਵਿਚ ਦਾਖਲ ਹੋ ਕੇ ਅਭਿਨਵ ਭਾਰਤ ਸੁਸਾਇਟੀ ਬਣਾਈ ਜਿਸ ਦਾ ਮਕਸਦ ਗੋਰਿਆਂ ਵਿਰੁੱਧ ਸੰਘਰਸ਼ ਕਰਨਾ ਸੀ। ਵਜ਼ੀਫਾ ਲੈ ਕੇ 1906 ਵਿਚ ਇੰਗਲੈਂਡ ਕਾਨੂੰਨ ਦੀ ਪੜ੍ਹਾਈ ਕਰਨ ਚਲਾ ਗਿਆ। ਉਥੇ ਵੀ ਉਸ ਨੇ ਅੰਗਰੇਜ਼ੀ ਰਾਜ ਵਿਰੁੱਧ ਵਿਦਿਆਰਥੀ ਲਾਮਬੰਦ ਕੀਤੇ ਤੇ ਹਥਿਆਰਬੰਦ ਸੰਘਰਸ਼ ਵਿਢਿਆ। ਉਹ ਪਹਿਲਾ ਬੰਦਾ ਹੈ ਜਿਸ ਨੇ 1857 ਦੇ ਗਦਰ ਨੂੰ ਭਾਰਤੀ ਆਜ਼ਾਦੀ ਦੀ ਪਹਿਲੀ ਜੰਗ ਕਿਹਾ। ਇਹੀ ਨਾਮ ਆਜ਼ਾਦ ਭਾਰਤ ਦੀ ਸਟੇਟ ਨੇ ਸਵੀਕਾਰਿਆ ਅਤੇ ਪਾਠ ਪੋਥੀਆਂ ਵਿਚ ਲਿਖਿਆ। ਇਸ ਪਹਿਲੀ ਜੰਗ ਉਪਰ ਉਸ ਦੀ ਲਿਖੀ ਕਿਤਾਬ ਇੰਗਲੈਂਡ ਵਿਚ ਛਪਣੀ ਨਹੀਂ ਸੀ, ਹਾਲੈਂਡ ਵਿਚ ਛਪਵਾ ਕੇ ਇਸ ਨੂੰ ਭਾਰਤ ਵਿਚ ਸਮਗਲ ਕੀਤਾ ਗਿਆ।

ਇਹ ਕਿਤਾਬ ਭਾਰਤ ਵਿਚ ਬਹੁਤ ਚਾਅ ਅਤੇ ਜੋਸ਼ ਨਾਲ ਪੜ੍ਹੀ ਗਈ। ਦੂਜੀ ਐਡੀਸ਼ਨ ਭਾਰਤੀਆਂ ਨੇ ਅਮਰੀਕਾ ਵਿਚ ਛਪਵਾ ਕੇ ਵੰਡੀ ਅਤੇ ਤੀਜੀ ਐਡੀਸ਼ਨ ਭਗਤ ਸਿੰਘ ਨੇ ਛਪਵਾਈ। ਉਰਦੂ, ਪੰਜਾਬੀ ਅਤੇ ਤਮਿਲ ਵਿਚ ਤਰਜਮੇ ਛਪੇ। ਦਿਲਚਸਪ ਗੱਲ ਇਹ ਹੈ ਕਿ ਸੁਭਾਸ਼ ਚੰਦਰ ਬੋਸ ਦੀ ਫੌਜ ਦੇ ਸਿਪਾਹੀਆਂ ਵਾਸਤੇ ਇਹ ਕਿਤਾਬ ਪੜ੍ਹਨੀ ਲਾਜ਼ਮੀ ਹੁੰਦੀ ਸੀ।

13 ਮਾਰਚ 1910 ਨੂੰ ਲੰਡਨ ਵਿਚ ਗ੍ਰਿਫਤਾਰ ਕਰ ਕੇ ਮੁਕੱਦਮੇ ਵਾਸਤੇ ਉਸ ਨੂੰ ਭਾਰਤ ਤੋਰਿਆ ਗਿਆ। ਅੱਠ ਜੁਲਾਈ ਨੂੰ ਇਹ ਜਹਾਜ਼ ਫਰਾਂਸ ਦੇ ਕਿਨਾਰੇ ਲੱਗਾ ਤਾਂ ਉਹ ਝਕਾਨੀ ਦੇ ਕੇ ਭਗੌੜਾ ਹੋ ਗਿਆ। ਫਰਾਂਸੀਸੀ ਨਹੀਂ ਆਉਂਦੀ ਸੀ, ਮੁੜ ਫੜਿਆ ਗਿਆ। ਮੁਕੱਦਮਾ ਚੱਲਿਆ, 4 ਜੁਲਾਈ 1911 ਨੂੰ 50 ਸਾਲ ਦੀ ਬਾਮੁਸ਼ੱਕਤ ਕੈਦ ਦੀ ਸਜ਼ਾ ਸੁਣਾ ਕੇ ਕਾਲੇ ਪਾਣੀ ਤੋਰ ਦਿੱਤਾ। ਬਾਕੀ ਕੈਦੀਆਂ ਵਾਂਗ ਉਸ ਉਪਰ ਵੀ ਸਖਤੀਆਂ ਹੋਈਆਂ।

ਵੱਲਭ ਭਾਈ ਪਟੇਲ ਦੇ ਵੱਡੇ ਭਰਾ ਵਿਠਲ ਭਾਈ ਪਟੇਲ ਨੇ 1920 ਵਿਚ ਸਰਕਾਰ ਪਾਸੋਂ ਉਸ ਦੀ ਰਿਹਾਈ ਮੰਗੀ। ਪਿਛੋਂ ਗਾਂਧੀ ਅਤੇ ਨਹਿਰੂ ਨੇ ਵੀ ਉਸ ਦੀ ਰਿਹਾਈ ਚਾਹੀ। ਕਾਲੇ ਪਾਣੀ ਤੋਂ 2 ਮਈ 1921 ਵਿਚ ਉਸ ਨੂੰ ਪਹਿਲਾਂ ਬੰਗਾਲ, ਫਿਰ ਮਹਾਂਰਾਸ਼ਟਰ, ਰਤਨਾਗਿਰੀ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ। ਉਸ ਨੂੰ 6 ਜਨਵਰੀ 1924 ਦੇ ਦਿਨ ਇਸ ਸ਼ਰਤ 'ਤੇ ਰਿਹਾਅ ਕੀਤਾ ਕਿ ਉਹ ਰਤਨਾਗਿਰੀ ਜ਼ਿਲ੍ਹੇ ਤੋਂ ਬਾਹਰ ਨਹੀਂ ਜਾਵੇਗਾ, ਸੋ 1937 ਤੱਕ ਇਥੇ ਰਿਹਾ।

ਅੰਗਰੇਜ਼ ਸਰਕਾਰ ਨੇ ਉਸ ਨੂੰ ਇਸ ਸ਼ਰਤ 'ਤੇ ਰਿਹਾਅ ਕੀਤਾ ਕਿ ਉਹ ਵਾਅਦਾ ਕਰੇ, ਅੱਗੇ ਤੋਂ ਕਦੇ ਸਿਆਸਤ ਵਿਚ ਦਿਲਚਸਪੀ ਨਹੀਂ ਰੱਖੇਗਾ। ਇਥੋਂ ਹੀ ਉਸ ਬਾਰੇ ਵਿਵਾਦ ਦਾ ਦੌਰ ਸ਼ੁਰੂ ਹੁੰਦਾ ਹੈ; ਸਤਿਕਾਰ ਅਤੇ ਤ੍ਰਿਸਕਾਰ ਦਾ ਦੌਰ।

1915 ਵਿਚ ਹਿੰਦੂ ਮਹਾਂਸਭਾ ਸਥਾਪਤ ਹੋਈ, ਉਹ ਇਸ ਦਾ ਸਰਗਰਮ ਮੈਂਬਰ ਬਣ ਗਿਆ ਕਿ ਹਿੰਦੂਆਂ ਦੇ ਹਿਤਾਂ ਦੀ ਰਾਖੀ ਕੀਤੀ ਜਾਏ। ਜਿਹੜੇ ਹਿੰਦੂ ਕਾਂਗਰਸ ਅਤੇ ਗਾਂਧੀ ਦੀ ਸੈਕੂਲਰ ਨੀਤੀ ਵਿਰੁੱਧ ਹੁੰਦੇ, ਉਹ ਹਿੰਦੂ ਮਹਾਂਸਭਾ ਵਿਚ ਚਲੇ ਜਾਂਦੇ। ਗਰਮਦਲੀਆ ਹੋਣ ਕਰ ਕੇ ਨਾ ਉਹ ਅਹਿੰਸਾ ਦੀ ਨੀਤੀ ਉਪਰ ਚੱਲ ਸਕਦਾ ਸੀ, ਸਰਕਾਰ ਨਾਲ ਕੀਤੇ ਵਾਅਦੇ ਅਨੁਸਾਰ ਨਾ ਮਹਾਤਮਾ ਗਾਂਧੀ ਦੀ ਕਾਂਗਰਸ ਵਿਚ ਸਰਗਰਮ ਹੋ ਸਕਦਾ ਸੀ। ਉਸ ਨੇ ਹਿੰਦੂ ਕਲਚਰ ਨੂੰ ਮਜ਼ਬੂਤ ਕਰਨ ਵਾਸਤੇ ਲਿਖਣਾ ਸ਼ੁਰੂ ਕਰ ਦਿੱਤਾ। 'ਭਾਰਤ ਦੀ ਪਹਿਲੀ ਆਜ਼ਾਦੀ' ਤੋਂ ਬਾਅਦ ਅੰਗਰੇਜ਼ੀ ਵਿਚ ਉਸ ਨੇ ਦੂਜੀ ਕਿਤਾਬ ਲਿਖੀ, 'ਹਿੰਦੂ



*ਵੀਰ ਸਾਵਰਕਰ*

ਪਦਪਾਤਸ਼ਾਹੀ' ਜਿਸ ਵਿਚ ਉਸ ਨੇ ਮਰਾਠਾ ਹਕੂਮਤ ਦੇ ਸੋਹਲੇ ਗਾਏ।

1937 ਤੋਂ 1943 ਤੱਕ ਉਹ ਹਿੰਦੂ ਮਹਾਂਸਭਾ ਦਾ ਪ੍ਰਧਾਨ ਚੁਣਿਆ ਗਿਆ ਅਤੇ 'ਇਕ ਰਾਸ਼ਟਰ, ਇਕ ਕਲਚਰ, ਇਕ ਦੇਸ਼' ਦਾ ਮੁੱਦਈ ਰਿਹਾ। ਘੱਟ-ਗਿਣਤੀਆਂ ਦੇ ਹਿਤ ਉਸ ਦੇ ਸਿਲੇਬਸ ਦਾ ਹਿੱਸਾ ਨਹੀਂ ਸਨ। ਅਗਸਤ 1942 ਵਿਚ ਗਾਂਧੀ ਨੇ 'ਭਾਰਤ ਛੱਡੋ' ਦਾ ਨਾਹਰਾ ਦਿੱਤਾ, ਸਾਵਰਕਰ ਉਸ ਤੋਂ ਪਰ੍ਹੇ ਹਟਿਆ ਰਿਹਾ। ਉਸ ਨੇ ਭਾਰਤੀਆਂ ਨੂੰ ਅਪੀਲ ਕੀਤੀ ਕਿ ਦੂਜੀ ਸੰਸਾਰ ਜੰਗ ਵਿਚ ਅੰਗਰੇਜ਼ਾਂ ਦੀ ਮਦਦ ਕਰੋ। ਉਸ ਦੇ ਸਮਰਥਕਾਂ ਅਨੁਸਾਰ ਇਹ ਉਸ ਦੀ ਨੀਤੀ ਸੀ ਤਾਂ ਕਿ ਵਧ ਤੋਂ ਵਧ ਹਿੰਦੂ ਹਥਿਆਰਬੰਦ ਹੋ ਸਕਣ। ਸੀ. ਪੀ. ਆਈ. ਤੇ ਮੁਸਲਿਮ ਲੀਗ ਨੇ ਵੀ ਭਾਰਤ ਛੱਡੋ ਅੰਦੋਲਨ ਵਿਚ ਹਿੱਸਾ ਨਹੀਂ ਸੀ ਲਿਆ।

ਗਾਂਧੀ ਦੇ ਕਤਲ ਵਿਚ ਸਾਵਰਕਰ ਦੀ ਕੀ ਭੂਮਿਕਾ ਸੀ? ਨੱਥੂ ਰਾਮ ਗੋਡਸੇ ਅਤੇ ਨਾਰਾਇਣ ਆਪਟੇ (ਗਾਂਧੀ ਦੇ ਕਤਲ ਵਿਚ ਨਾਮਜ਼ਦ ਮੁਜਰਿਮ) ਸਾਵਰਕਰ ਦੇ ਵਾਕਫ ਸਨ ਤੇ ਉਸ ਕੋਲ ਅਕਸਰ ਆਉਂਦੇ ਜਾਂਦੇ ਰਹਿੰਦੇ ਸਨ। ਗਾਂਧੀ ਦੇ ਕਤਲ ਪਿਛੋਂ ਭੀੜ ਨੇ ਰਤਨਾਗਿਰੀ, ਮਹਾਂਰਾਸ਼ਟਰ ਉਸ ਦੇ ਘਰ ਉਪਰ ਪਥਰਾਉ ਕੀਤਾ। ਪੁਲਿਸ ਨੇ ਸਾਵਰਕਰ ਨੂੰ ਗ੍ਰਿਫਤਾਰ ਕਰ ਲਿਆ। ਉਸ ਦੀ ਇਕੱਲੇ ਦੀ ਰਿਹਾਈ ਹੋਈ। ਉਸ ਦੇ ਆਲੋਚਕ ਆਖਦੇ ਹਨ, ਭਾਰਤੀ ਘੱਟ-ਗਿਣਤੀਆਂ ਉਪਰ ਵਧੀਕੀਆਂ ਸਾਵਰਕਰ ਦੀ ਹਿੰਦੂਤਵ ਨੀਤੀ ਦਾ ਸਿੱਟਾ ਹਨ। ਆਰ.ਐਸ.ਐਸ. ਦੀ ਹਥਿਆਰਬੰਦ ਜਥੇਬੰਦੀ ਅੰਗਰੇਜ਼ਾਂ ਖਿਲਾਫ ਨਹੀਂ, ਘੱਟ-ਗਿਣਤੀਆਂ ਖਾਸ ਕਰ ਕੇ ਮੁਸਲਮਾਨਾਂ ਖਿਲਾਫ ਖੜ੍ਹੀ ਕੀਤੀ ਗਈ ਜਿਸ ਉਤੇ ਅੰਗਰੇਜ਼ਾਂ ਨੂੰ ਕੀ ਇਤਰਾਜ਼ ਹੋਣਾ ਸੀ?

ਜਦੋਂ ਫੈਸਲਾ ਹੋ ਗਿਆ ਕਿ ਅੰਗਰੇਜ਼ ਭਾਰਤ ਛੱਡ ਜਾਣਗੇ, 29 ਮਈ 1947 ਨੂੰ ਸਾਵਰਕਰ ਨੇ ਕਾਂਗਰਸ ਅੱਗੇ ਅਪੀਲ ਕੀਤੀ ਕਿ ਲੀਡਰ ਦੇਸ਼ ਵੰਡਣ ਦੀ ਸਹਿਮਤੀ ਨਾ ਦੇਣ, ਪਰ ਨਹਿਰੂ ਨੇ ਕਹਿ ਦਿੱਤਾ ਕਿ ਜੇ ਮੁਸਲਿਮ ਲੀਗ ਚਾਹੇ ਤਾਂ ਦੇਸ਼ ਵੰਡ ਹੋ ਸਕਦੀ ਹੈ। ਸਾਵਰਕਰ ਨੇ ਕਿਹਾ ਕਿ ਜੇ ਵੰਡ ਹੋਣੀ ਜ਼ਰੂਰੀ ਹੈ ਤਾਂ ਆਪਸੀ ਸਹਿਮਤੀ ਨਾਲ ਸ਼ਾਂਤਮਈ ਹੋ ਜਾਵੇ।

ਸਾਵਰਕਰ ਅਨੁਸਾਰ ਗਾਂਧੀ ਦੀ ਅਹਿੰਸਾਵਾਦੀ ਨੀਤੀ ਕਾਰਨ ਹਿੰਦੂ ਨਿਰਬਲ ਹੋ ਗਏ ਸਨ, ਉਨ੍ਹਾਂ ਨੇ ਆਪਣਾ ਖੱਤਰੀ ਧਰਮ ਛੱਡ ਦਿੱਤਾ ਸੀ। ਹਿੰਦੂ ਲੀਡਰਾਂ ਨੂੰ ਜਾਂ ਤਾਂ ਖੱਤਰੀ ਵਿਰਸੇ ਦੀ ਜਾਣਕਾਰੀ ਨਹੀਂ ਸੀ, ਜਾਂ ਉਨ੍ਹਾਂ ਨੇ ਭੁੱਲ ਜਾਣਾ ਹੀ ਬਿਹਤਰ ਸਮਝਿਆ। ਕਾਂਗਰਸ ਪਾਰਟੀ ਸਾਵਰਕਰ ਦੀ ਸਲਾਹ ਮੰਨਦੀ ਤਾਂ ਵੰਡ ਰੁਕ ਜਾਂਦੀ।

14 ਅਗਸਤ 1947 ਨੂੰ ਆਜ਼ਾਦੀ ਤੋਂ 24 ਘੰਟੇ ਪਹਿਲਾਂ ਭੜਕੀ ਹੋਈ ਭੀੜ ਨੇ ਗਾਂਧੀ ਦੀ ਰਿਹਾਇਸ਼ 'ਤੇ ਜ਼ਬਰਦਸਤ ਪਥਰਾਉ ਕੀਤਾ ਕਿਉਂਕਿ ਉਹ ਹਿੰਸਾ ਰੋਕਣ ਲਈ ਕੁਝ ਨਹੀਂ ਕਰ ਸਕਿਆ। ਪੰਜਾਬ ਅਤੇ ਬੰਗਾਲ ਵਿਚ ਭਿਆਨਕ ਕਤਲੋਗਾਰਤ ਸ਼ੁਰੂ ਹੋ ਚੁੱਕੀ ਸੀ। ਗਾਂਧੀ ਦੀ ਰੱਖਿਆ ਵਾਸਤੇ ਪੁਲਿਸ ਟੁਕੜੀਆਂ ਤਾਇਨਾਤ ਕਰਨੀਆਂ ਪਈਆਂ। ਇਸੇ ਘਟਨਾਕ੍ਰਮ ਵਿਚੋਂ ਗੁਜ਼ਰਦਿਆਂ ਨੱਥੂ ਰਾਮ ਗੋਡਸੇ ਨੇ 30 ਜਨਵਰੀ 1948 ਨੂੰ ਮਹਾਤਮਾ ਗਾਂਧੀ ਦਾ ਕਤਲ ਕੀਤਾ।

ਜੇ ਮਾਸਟਰ ਤਾਰਾ ਸਿੰਘ ਦੀ ਤਸਵੀਰ ਇਸ ਕਰ ਕੇ ਸੰਸਦ ਭਵਨ ਵਿਚ ਲਾਉਣੀ ਹੈ ਕਿ ਉਹ ਸਾਵਰਕਰ ਦਾ ਸਹਿਯੋਗੀ ਸੀ, ਤਾਂ ਨੱਥੂ ਰਾਮ ਗੋਡਸੇ ਦੀ ਤਸਵੀਰ ਕਿਉਂ ਨਹੀਂ ਲਾਈ ਜਾਂਦੀ; ਉਹ ਵੀ ਤਾਂ ਸਾਵਰਕਰ ਦਾ ਸਹਿਯੋਗੀ ਸੀ, ਸਗੋਂ ਮਾਸਟਰ ਜੀ ਤੋਂ ਵਧੀਕ ਸਹਿਯੋਗੀ।

ਗਾਂਧੀ ਦੇ ਕਤਲ ਪਿਛੋਂ ਪੜਤਾਲੀਆ ਕਮਿਸ਼ਨ ਥਾਪਿਆ ਗਿਆ ਸੀ ਜਿਸ ਵਿਚ ਸਵਾਲ ਉਠੇ ਸਨ ਕਿ ਸਰਦਾਰ ਪਟੇਲ ਕੇਂਦਰੀ ਗ੍ਰਹਿ ਮੰਤਰੀ ਸੀ, ਉਹ ਰਾਸ਼ਟਰ ਪਿਤਾ ਨੂੰ ਬਚਾਉਣ ਵਿਚ ਕਾਮਯਾਬ ਨਹੀਂ ਹੋਇਆ, ਫਿਰ ਹੋਰ ਕਿਸ ਨੂੰ ਬਚਾਏਗਾ? ਸਰਦਾਰ ਪਟੇਲ ਕਦੀ ਕਮਿਸ਼ਨ ਅੱਗੇ ਪੇਸ਼ ਨਹੀਂ ਹੋਇਆ। ਅੰਗਰੇਜ਼ਾਂ ਦੇ ਜਾਣ ਬਾਅਦ ਸਰਦਾਰ ਪਟੇਲ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਦਾਅਵੇਦਾਰ ਸੀ, ਪਰ ਮਹਾਤਮਾ ਗਾਂਧੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਪਸੰਦ ਕਰਦਾ ਸੀ, ਫਲਸਰੂਪ ਸਰਦਾਰ ਪਟੇਲ ਗਾਂਧੀ ਵੱਲੋਂ ਨਿਰਾਸ਼ ਸੀ।

ਇਥੇ ਪ੍ਰਸ਼ਨ ਇਹ ਉਠਦਾ ਹੈ ਕਿ ਮਾਸਟਰ




***ਭਾਰਤ ਸਰਕਾਰ ਵੱਲੋਂ ਵੀਰ ਸਾਵਰਕਰ ਦੀ ਯਾਦ ਵਿਚ ਜਾਰੀ ਕੀਤੀ ਡਾਕ ਟਿਕਟ।***

ਤਾਰਾ ਸਿੰਘ ਦੀ ਵੀਰ ਸਵਰਕਰ ਨਾਲ ਕੀ ਸਾਂਝ ਸੀ? ਮਾਸਟਰ ਤਾਰਾ ਸਿੰਘ ਸਮਕਾਲੀ ਸਿਆਸਤ ਦੀ ਘੁੰਮਣਘੇਰੀ ਵਿਚ ਹਤਾਸ਼ ਸੀ, ਉਸ ਸਾਹਮਣੇ ਕੋਈ ਸੁਰੱਖਿਅਤ ਰਾਸਤਾ ਨਹੀਂ ਸੀ। ਉਸ ਨੂੰ ਚਾਹੀਦਾ ਸੀ ਕਿ ਘੱਟ-ਗਿਣਤੀਆਂ ਦੀ ਹਮਦਰਦੀ ਜਿੱਤਦਾ। ਉਹ ਮੁਹੰਮਦ ਅਲੀ ਜਿਨਾਹ ਨਾਲ ਸਿਆਸੀ ਲੈਣ-ਦੇਣ ਕਰਨ ਵਿਚ ਨਾਕਾਮਯਾਬ ਰਿਹਾ। ਦੂਜੇ ਪਾਸੇ ਕਾਂਗਰਸ ਦੇ ਲੀਡਰਾਂ-ਗਾਂਧੀ ਤੇ ਨਹਿਰੂ ਤੋਂ ਸਿੱਖਾਂ ਦੇ ਸੁਰੱਖਿਅਤ ਭਵਿੱਖ ਵਾਸਤੇ ਉਹ ਕੁਝ ਨਹੀਂ ਕਰ ਸਕਿਆ। ਵੀਰ ਸਾਵਰਕਰ ਨਾਲ ਸਾਂਝ-ਭਿਆਲੀ ਦੇ ਕੀ ਅਰਥ ਸਨ ਜਿਸ ਦੀ ਨੀਤੀ ਘੱਟ-ਗਿਣਤੀਆਂ ਬਾਰੇ ਉੱਕਾ ਹਮਦਰਦੀ ਵਾਲੀ ਨਹੀਂ ਸੀ। ਮੋਦੀ ਸਰਕਾਰ ਦਾ ਏਜੰਡਾ ਉਹੀ ਹੈ ਜੋ ਵੀਰ ਸਾਵਰਕਰ ਦਾ ਸੀ, ਪਰ ਸਾਰੀਆਂ ਘੱਟ-ਗਿਣਤੀਆਂ ਨੂੰ ਚਾਹੀਦਾ ਸੀ ਕਿ ਉਹ ਵੀਰ ਸਾਵਰਕਰ ਦੀ ਤਸਵੀਰ ਸੰਸਦ ਵਿਚ ਲਗਾਉਣ ਦਾ ਵਿਰੋਧ ਕਰਦੀਆਂ। ਸ. ਤਰਲੋਚਨ ਸਿੰਘ, ਜਿਨ੍ਹਾਂ ਦਾ ਫਰਜ਼ ਘੱਟ-ਗਿਣਤੀਆਂ ਨੂੰ ਬਚਾਉਣਾ ਹੈ, ਮਾਸਟਰ ਤਾਰਾ ਸਿੰਘ ਦੀ ਤਸਵੀਰ ਇਸ ਕਰ ਕੇ ਸੰਸਦ 'ਚ ਰਖਵਾਉਣਾ ਚਾਹੁੰਦੇ ਹਨ ਕਿ ਉਹ ਵੀਰ ਸਾਵਰਕਰ ਦੇ ਸਮਰਥਕ ਸਨ। ਸਿਆਸਤ ਦੀ ਇਹ ਕੀ ਦਸ਼ਾ ਤੇ ਦਿਸ਼ਾ ਹੋਈ ਭਲਾ?

ਕੋਈ ਬੰਦਾ ਸੜਕ ਕਿਨਾਰੇ ਗੱਡੇ ਖੰਭੇ ਦੇ ਬੱਲਬ ਹੇਠ ਕੁਝ ਲੱਭ ਰਿਹਾ ਸੀ। ਕਿਸੇ ਰਾਹਗੀਰ ਨੇ ਪੁੱਛਿਆ, ਕੀ ਗੁੰਮ ਹੋ ਗਿਆ? ਉਤਰ ਸੀ, ਸੂਈ। ਰਾਹਗੀਰ ਨੇ ਪੁੱਛਿਆ, ਸੂਈ ਨਾਲ ਇਥੇ ਕੀ ਕਰ ਰਿਹਾ ਸੀ? ਉਤਰ, ਇਥੇ ਕਾਹਨੂੰ, ਸੂਈ ਤਾਂ ਘਰ ਗੁੰਮ ਹੋਈ ਹੈ ਪਰ ਘਰ ਬਿਜਲੀ ਨਹੀਂ, ਹਨੇਰਾ ਹੈ; ਉਥੇ ਸੂਈ ਕਿਥੋਂ ਲੱਭਣੀ ਹੈ? ਇਥੇ ਚਾਨਣਾ ਹੈ, ਇਥੋਂ ਲੱਭ ਜਾਏਗੀ।

# ਬਾਬੇ ਦੀ ਇੰਟਰਵਿਊ

"ਮੇਰੇ ਗੂੜ੍ਹੇ ਮਿੱਤਰਾਂ ਦੇ ਘਰਾਂ ਵਿਚ ਤਾਂ ਕਦੇ ਅਜਿਹੀ ਨੌਬਤ ਨਹੀਂ ਆਈ, ਪਰ ਮੇਰੇ ਦੋਸਤਾਂ ਵਰਗੇ ਜਾਣ-ਪਛਾਣ ਵਾਲੇ ਇਕ ਬੰਦੇ ਬਾਰੇ ਮੈਨੂੰ ਉਘ-ਸੁਘ ਮਿਲੀ ਕਿ ਉਹ ਬਜ਼ੁਰਗਾਂ ਨਾਲ ਚੰਗਾ ਵਿਹਾਰ ਨਹੀਂ ਕਰਦਾ। ਇਹ ਜਾਣ ਕੇ ਮਨ ਤੜਫਿਆ ਪਿਆ ਸੀ ਤੇ ਮੈਂ ਉਸ ਬਾਬੇ ਨੂੰ ਮਿਲਣਾ ਵੀ ਚਾਹੁੰਦਾ ਸੀ।"

ਮੈਂ ਵਿਚੋਂ ਟੋਕਿਆ, "ਤੂੰ ਕੀਹਦੀ ਗੱਲ ਕਰਦੈਂ?" ਅੱਗਿਉਂ ਗੁਰਚੇਤਨ ਬੋਲਿਆ, "ਉਹ ਜਿਸ ਨੂੰ ਦੋਸਤ ਸਮਝ ਲਿਆ, ਉਸ ਦੀ ਗੱਲ ਭਲਾ ਮੈਂ ਕਿਸੇ ਹੋਰ ਕੋਲ ਕਰੂੰਗਾ। ਦੱਸੇ ਬਿਨਾਂ ਰਹਿ ਨਹੀਂ ਸਕਦਾ, ਪਰ ਉਹ ਕੋਈ ਵੀ ਹੋਵੇ, ਤੂੰ ਕੀ ਲੈਣੈਂ। ਨਾਮ ਨਾ ਪੁੱਛੀਂ। ਇਹ ਮਾਮਲਾ ਦੋਵਾਂ ਵਿਚਕਾਰ ਹੀ ਰਹੇ।"

ਇਹ ਝਾੜ-ਝੰਬ ਕਰਵਾ ਕੇ ਮੈਂ ਉਹਦੇ ਮੂੰਹ ਵੱਲ ਤੱਕਦਾ ਰਿਹਾ। ਉਹ ਮੂੰਹ-ਫੱਟ, ਸੱਚੀ ਗੱਲ ਕਰਨ ਵਾਲਾ ਸੀ ਜਿਸ ਕਰ ਕੇ ਸਾਰੇ ਦੋਸਤ ਉਸ ਦੀ ਕਦਰ ਕਰਦੇ ਸਨ, ਪਰ ਇਸ ਤਰ੍ਹਾਂ ਕਈ ਵਾਰ ਗੱਲ ਵਿਚ ਰੁੱਖਾਪਣ ਵੀ ਝਲਕ ਪੈਂਦਾ।

"ਗੱਲ ਕੋਈ ਹੋਰ ਦੁਖਦਾਈ ਕਰਨ ਲੱਗਿਆ ਸੀ, ਤੂੰ ਵਿਚੋਂ ਟੋਕ ਦਿੱਤਾ।" ਗੁਰਚੇਤਨ ਦੀ ਆਵਾਜ਼ ਵਿਚ ਦਰਦ ਸੀ।

"ਸੌਰੀ ਮਿੱਤਰਾ, ਹੁਣ ਮੈਂ ਨਹੀਂ ਬੋਲੂੰਗਾ।" ਮੇਰੇ ਬੋਲਾਂ ਵਿਚ ਪਛਤਾਵਾ ਸੀ।

ਹਉਕਾ ਜਿਹਾ ਲੈ ਕੇ ਉਹ ਫਿਰ ਪਟੜੀ ਉਤੇ ਚੜ੍ਹਿਆ। ਕਹਿੰਦਾ, "ਦੋਵਾਂ ਪਤੀ-ਪਤਨੀ ਦੇ ਸਕੈਜੂਅਲ ਦਾ ਪਤਾ ਕੀਤਾ ਕਿ ਕਦੋਂ ਘਰ ਨਹੀਂ ਹੁੰਦੇ, ਤਾਂ ਕਿ ਬਾਬੇ ਨੂੰ ਮਿਲਿਆ ਜਾ ਸਕੇ।"

ਉਹ ਕੁਝ ਪਲ ਰੁਕਿਆ। ਮੈਂ ਉਹਦੇ ਮੂੰਹ ਵੱਲ ਵੇਖਦਾ ਰਿਹਾ। ਮੈਂ ਕਿਉਂ ਬੋਲਣਾ ਸੀ, ਟੋਕ ਜੋ ਦਿੱਤਾ ਸੀ।

ਉਹ ਅੱਧਾ ਮਿੰਟ ਤੱਕਦਾ ਰਿਹਾ। ਹੁੰਗਾਰਾ ਨਾ ਮਿਲਣ 'ਤੇ ਚੀਕਿਆ, "ਓ ਖੋਤਿਆ, ਕਹਾਣੀ ਸੁਣਨ ਦਾ ਪਤਾ ਨਹੀਂ ਤੈਨੂੰ? ਇਹਦੇ ਵਿਚ 'ਅੱਛਾ', 'ਹਾਂ ਜੀ', 'ਫਿਰ' ਬਗੈਰਾ ਲਫ਼ਜ਼ ਵਰਤੀਂਦੇ ਨੇ ਤਾਂ ਕਿ ਅਗਲਾ ਕਹਾਣੀ ਅੱਗੇ ਵਧਾਉਂਦਾ ਰਹੇ।"

ਮੈਨੂੰ ਗੁੱਸਾ ਚੜ੍ਹ ਗਿਆ ਤੇ ਮੈਂ ਬੁੜਕਿਆ, "ਗੱਲ ਸੁਣ ਉਏ ਚੇਤਨਾ, ਤੂੰ ਆਪੇ ਹੀ ਕਿਹਾ ਸੀ ਕਿ ਵਿਚੋਂ ਟੋਕਦੈਂ, ਤੇ ਮੈਂ ਚੁੱਪ ਕਰ ਗਿਆ; ਹੁਣ ਕਹਿੰਨੈਂ, ਬੋਲਦਾ ਨਹੀਂ। ਕਸੂਰ ਕਿਸਦੈ? ਨਾਲੇ ਤੈਨੂੰ ਦੱਸ ਦਿੰਨਾਂ, ਜਦੋਂ ਤੁਹਾਨੂੰ ਕੋਈ ਖੋਤਾ ਕਹੇ ਤਾਂ ਉਸ ਵਕਤ ਦੁਲੱਤੇ ਚਲਾਉਣ ਦਾ ਵਧੀਆ ਮੌਕਾ ਹੁੰਦਾ। ਸਮਝ ਗਿਆ ਕਿ ਨਹੀਂ!"

"ਸਮਝ ਗਿਆ ਯਾਰ, ਯੂਨੀਵਰਸਿਟੀ ਵੇਲੇ ਤੋਂ ਤੈਨੂੰ ਜਾਣਦੇ ਆਂ। ਇਹ ਗੱਲਾਂ ਛੱਡ, ਮੇਰਾ ਚਿੱਤ ਖਰਾਬ ਐ, ਆਪਾਂ ਅਗਲੀ ਗੱਲ ਵੱਲ ਆਈਏ।"

"ਫਿਰ ਡਰਾਮਾ ਕਿਸ ਲਈ ਕਰੀ ਜਾਨੈਂ। ਕਹਾਣੀ ਪੂਰੀ ਕਰ।"

"ਸੁਣ ਫਿਰ ਦਿਲ ਉਤੇ ਹੱਥ ਰੱਖ ਕੇ। ਇਕ ਦਿਨ ਮੈਂ ਜਾ ਕੁੰਡਾ ਖੜਕਾਇਆ। ਪਹਿਲਾਂ ਘਿਸਰ-ਘਿਸਰ ਤੁਰਨ ਦੀ ਆਵਾਜ਼, ਤੇ ਫਿਰ ਦਰਵਾਜ਼ੇ ਕੋਲ ਬਾਬੇ ਦੀ ਆਵਾਜ਼, "ਕੌਣ ਐ ਭਾਈ?"

"ਮੈਂ ਗੁਰਚੇਤਨ ਆਂ ਬਾਬਾ।"

ਬੂਹਾ ਖੁੱਲ੍ਹਿਆ, ਤੇ ਨਾਲ ਹੀ ਸ਼ੇਰ ਵਰਗਾ ਕੁੱਤਾ ਦਿਸਿਆ। ਮੈਂ ਕਿਹਾ, "ਬਾਬਾ, ਮੈਂ ਕੁੱਤੇ ਤੋਂ ਡਰਦਾਂ।" ਉਹ ਕਹਿੰਦਾ, "ਕੁਝ ਨਹੀਂ ਕਹਿੰਦਾ, ਇਕ ਵਾਰੀ ਤੇਰਾ ਹੱਥ ਸੁੰਘੂ, ਬੱਸ!" ਕੁੱਤੇ ਨੇ ਪੂਛ ਹਿਲਾਈ। ਆਗਿਆਕਾਰ ਸੀ ਬਾਬੇ ਦਾ। ਮੇਰਾ ਦਿਲ ਸ਼ਾਂਤ ਹੋ ਗਿਆ। ਜਾਣ ਦੀ ਕਾਹਲੀ ਸੀ, ਇਸ ਲਈ ਸਵਾਲ ਪੁੱਛਿਆ, "ਬਾਬਾ ਜੀ, ਕੀ ਹਾਲ ਐ ਤੁਹਾਡਾ?"

"ਪੁੱਤਰਾ, ਬਾਬੇ ਨਾਨਕ ਦੀ ਮਿਹਰ ਹੈ। ਆਹ ਕੁੱਤਾ ਮੇਰਾ ਖਿਆਲ ਰੱਖਦੈ। ਤੇਰਾ ਮਿੱਤਰ ਆਹ ਕੁੱਤੇ ਨੂੰ ਬਹੁਤ ਪਿਆਰ ਕਰਦੈ। ਇਕ ਦਿਨ ਤੇਰੀ ਅੰਮਾ ਨੂੰ ਪੇਟ ਦਰਦ ਸੀ। ਕਹਿੰਦੀ, ਪੁੱਤ! ਮੈਨੂੰ ਡਾਕਟਰ ਦੇ ਲੈ ਚੱਲ। ਉਹ ਕਹਿੰਦਾ, ਬੇਬੇ! ਕੁੱਤੇ ਦੇ ਨਹੁੰ ਕਟਾਉਣ ਦੀ ਅਪਾਇੰਟਮੈਂਟ ਲਈ ਐ। ਇਹ ਕੰਮ ਕਰਾ ਕੇ ਆਇਆ।"

ਕੁੱਤੇ ਨੇ ਬੁੱਲ੍ਹਾਂ ਉਤੇ ਜੀਭ ਫੇਰੀ ਤੇ ਪੂਛ ਹਿਲਾਈ। ਲਗਦਾ ਸੀ ਜਿਵੇਂ ਕੁੱਤੇ ਨੂੰ ਅੰਤਾਂ ਦਾ ਚਾਅ ਚੜ੍ਹਿਆ ਹੋਵੇ।

ਉਚਾ ਸਾਹ ਲੈ ਕੇ ਉਹ ਫਿਰ ਬੋਲਿਆ, "ਇਕ ਦਿਨ ਮਸ਼ੀਨ ਉਤੇ ਚੈੱਕ ਕੀਤਾ, ਮੇਰਾ ਬਲੱਡ ਪ੍ਰੈਸ਼ਰ ਕਾਫੀ ਵਧ ਗਿਆ। ਦਿਲ ਧੱਕ-ਧੱਕ ਕਰੀ ਜਾਵੇ। ਪਾਣੀ ਪੀਣ ਵੇਲੇ ਵੀ ਵੱਟ ਜਿਹੇ ਆਉਣ। ਮੈਂ ਕਿਹਾ, ਮੈਂ ਠੀਕ ਨਹੀਂ, ਮੈਨੂੰ ਡਾਕਟਰ ਦੇ ਲੈ ਚੱਲ। ਕਹਿੰਦਾ, ਆਹ ਤੇਰੇ ਯਾਰ ਦੇ ਵਾਲਾਂ ਨੂੰ ਕੰਘਾ ਕਰਨੈਂ। ਚੈਕਅੱਪ ਤਾਂ ਆਪਾਂ ਸ਼ਾਮ ਨੂੰ ਕਰਾ ਲਵਾਂਗੇ। ਬਹੁਤਾ ਹੀ ਪਿਆਰ ਕਰਦੈ ਕੁੱਤੇ ਨੂੰ ਤੇਰਾ ਆੜੀ। ਕੁੱਤੇ ਨਾਲ ਤਾਂ ਦੋਸਤੀ ਐ ਉਹਦੀ ਪੱਕੀ।"

ਕਹਿਣ ਨੂੰ ਤਾਂ ਹੁਣ ਕੁਝ ਬਚਿਆ ਨਹੀਂ ਸੀ, ਪਰ ਮੈਥੋਂ ਮੂਰਖਾਂ ਵਾਂਗ ਫਿਰ ਕਹਿ ਹੋ ਗਿਆ, "ਹੋਰ ਕੋਈ ਦੁਖ-ਤਕਲੀਫ਼ ਬਾਬਾ ਜੀ?"

ਬਾਬਾ ਬੋਲਿਆ, "ਪੁੱਤਰਾ! ਰੋਜ਼ ਹੀ ਪੜ੍ਹਦੇ ਹਾਂ, ਹੁਕਮ ਰਜਾਈ ਚੱਲਣਾ...ਉਹਦੇ ਹੁਕਮ ਵਿਚ ਚਲਦੇ ਹਾਂ, ਤਕਲੀਫ ਕਾਹਦੀ? ਤੂੰ ਹਾਲ ਪੁੱਛਣ ਆ ਗਿਆ, ਧੰਨਵਾਦ। ਦੱਸੀਂ ਨਾ ਉਹਨੂੰ, ਉਹ ਸ਼ੱਕ ਕਰੇਗਾ ਮੇਰੇ 'ਤੇ।"

ਘਰੋਂ ਤੁਰਨ ਵੇਲੇ ਬਾਬਾ ਤਾਂ ਉਠਿਆ ਹੀ, ਕੁੱਤੇ ਨੇ ਪੈਰ ਚੁੱਕ ਕੇ ਮੇਰੇ ਲੱਕ ਨਾਲ ਲਾ ਕੇ ਜੋ ਸਤਿਕਾਰ ਦਿੱਤਾ, ਭੁਲਾਇਆ ਨਹੀਂ ਜਾ ਸਕਦਾ। ਮੈਂ ਉਹਦਾ ਸਿਰ ਪਲੋਸਿਆ ਤੇ ਫਿਰ ਬਾਬੇ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਭਰੇ ਦਿਲ ਨਾਲ ਬਾਹਰ ਆ ਗਿਆ।

ਗੁਰਚੇਤਨ ਨੇ ਗੱਲ ਮੁਕਾਈ, ਤੇ ਮੂੰਹ ਲਟਕਾਈ ਬੈਠਾ ਰਿਹਾ। ਮੈਂ ਸ਼ਸ਼ੋਪੰਜ ਵਿਚ ਪੈ ਗਿਆ ਕਿ ਗੁਰਚੇਤਨ ਅੱਗੇ ਬੈਠਾ ਹਾਂ ਜਾਂ ਬਾਬੇ ਅੱਗੇ।

***-ਪ੍ਰੋ. ਸੁਖਦੇਵ ਸਿੰਘ ਗਿੱਲ***
***ਸੈਕਰਾਮੈਂਟੋ, ਕੈਲੀਫੋਰਨੀਆ।***
***ਫੋਨ: 916-410-8740***

## ਭਰਾਵਾਂ ਦਾ ਮਾਣ-4

# ਟੁੱਟਦੀਆਂ ਮਿੱਥਾਂ

*ਪੰਜਾਬੀ ਕਥਾ ਜਗਤ ਦੇ ਮਿਸਾਲੀ ਹਸਤਾਖਰ ਵਰਿਆਮ ਸਿੰਘ ਸੰਧੂ ਨੇ ਆਪਣੀਆਂ ਯਾਦਾਂ ਦੇ ਭਰੇ-ਭੁਕੰਨੇ ਬੋਹੀਏ ਵਿਚੋਂ ਕੁਝ ਯਾਦਾਂ 'ਭਰਾਵਾਂ ਦਾ ਮਾਣ' ਨਾਂ ਦੀ ਲੜੀ ਵਿਚ ਪਰੋਈਆਂ ਹਨ। ਇਨ੍ਹਾਂ ਯਾਦਾਂ ਦਾ ਬਿਰਤਾਂਤ ਕਹਾਣੀ ਰਸ ਦੇ ਵਲਟੋਹੇ ਤਾਂ ਵਰਤਾਉਂਦਾ ਹੀ ਹੈ, ਨਾਲ ਦੀ ਨਾਲ ਸਰੋਕਾਰਾਂ ਅਤੇ ਸੁਨੇਹਿਆਂ ਦਾ ਝੰਡਾ ਵੀ ਬੁਲੰਦ ਕਰਦਾ ਹੈ। ਵਰਿਆਮ ਦੀ ਹਰ ਰਚਨਾ ਬਹੁ-ਪਾਸਾਰੀ ਹੁੰਦੀ ਹੈ, ਇਸੇ ਕਰ ਕੇ ਹੀ ਪਾਠਕ ਨੂੰ ਉਹ ਸਹਿਜੇ ਹੀ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ। ਇਸ ਲੇਖ ਲੜੀ ਦੀਆਂ ਪਹਿਲੀਆਂ ਤਿੰਨ ਕੜੀਆਂ ਵਿਚ ਉਹਨੇ ਆਪਣੇ ਸੰਗੀ-ਸਾਥੀਆਂ ਦਾ ਜ਼ਿਕਰ ਬਹੁਤ ਹੁੱਬ ਕੇ ਕੀਤਾ ਹੈ। ਇਨ੍ਹਾਂ ਵਿਚ ਲੋਕ ਸ਼ਕਤੀ ਦੇ ਨੈਣ-ਨਕਸ਼ ਗੂੜ੍ਹੇ ਵਾਹੇ ਹੋਏ ਦਿਸਦੇ ਹਨ। ਇਸ ਚੌਥੀ ਅਤੇ ਆਖਰੀ ਕੜੀ 'ਟੁੱਟਦੀਆਂ ਮਿੱਥਾਂ' ਦਾ ਰੰਗ ਰਤਾ ਕੁ ਵੱਖਰਾ ਹੈ। ਇਸ ਵਿਚ ਖਿੰਡ ਤੇ ਖੱਖੜੀਆਂ ਹੋ ਚੁੱਕੇ ਏਕੇ ਤੋਂ ਬਾਅਦ ਦੀ ਬੇਵਸੀ ਵਾਰ ਵਾਰ ਹੁੱਝਾਂ ਮਾਰਦੀ ਹੈ। -ਸੰਪਾਦਕ*

ਅੱਠਵੇਂ ਦਹਾਕੇ ਦੇ ਅੰਤਲੇ ਸਾਲਾਂ ਦੀ ਗੱਲ ਹੈ। ਇਨ੍ਹਾਂ ਪਿਛਲੇ ਸਾਲਾਂ ਵਿਚ ਪੁਲਾਂ ਹੇਠੋਂ ਬਹਤ ਪਾਣੀ ਵਗ ਚੁੱਕਾ ਸੀ। 1975 ਵਿਚ ਲੱਗੀ ਐਮਰਜੈਂਸੀ ਨੇ ਇਕ ਵਾਰ ਤਾਂ ਲੋਕਾਂ ਨੂੰ ਨਿੱਸਲ ਕਰ ਦਿੱਤਾ ਸੀ। ਮੈਂ ਦੋ ਵਾਰ ਐਮਰਜੈਂਸੀ ਵਿਚ ਜੇਲ੍ਹ ਯਾਤਰਾ ਕਰ ਚੁੱਕਾ ਸਾਂ। ਨੌਜਵਾਨ ਭਾਰਤ ਸਭਾਵਾਂ ਦਾ ਪਹਿਲਾ ਢਾਂਚਾ ਉੱਖੜ-ਪੁੱਖੜ ਚੁੱਕਾ ਸੀ। ਮੇਰੇ ਪਿੰਡ ਦੇ ਕੁਝ ਨੌਜਵਾਨ ਆਪੋ ਆਪਣੇ ਕੰਮਾਂ ਧੰਦਿਆਂ 'ਤੇ ਜਾ ਲੱਗੇ ਸਨ। ਕੁਝ ਵਿਆਹੇ ਗਏ ਸਨ ਤੇ ਪਰਿਵਾਰ ਪਾਲਣ ਲੱਗ ਗਏ ਸਨ। ਉਂਝ ਵੀ ਮੈਂ ਨਕਸਲੀ ਸਿਆਸਤ ਤੋਂ ਕਿਨਾਰਾਕਸ਼ੀ ਕਰ ਲਈ ਸੀ। ਪਹਿਲਾਂ ਵੀ ਮੈਂ ਨੌਜਵਾਨ ਭਾਰਤ ਸਭਾ ਤੇ ਅਧਿਆਪਕ ਯੂਨੀਅਨ ਵਿਚ ਇਸ ਕਰ ਕੇ ਕੰਮ ਕਰਦਾ ਰਿਹਾ ਸਾਂ ਕਿਉਂਕਿ ਕੁਝ ਸਾਰਥਕ ਕਰਨ ਦਾ ਚਾਅ ਸੀ। ਉਸ ਗਰੁੱਪ ਦੀ ਸਿਆਸਤ ਵਿਚ ਸਰਗਰਮ ਸ਼ਮੂਲੀਅਤ ਤੋਂ ਮੈਂ ਪਹਿਲਾਂ ਈ ਟੇਢ ਵੱਟ ਲਈ ਸੀ।

ਐਮਰਜੈਂਸੀ ਦੀ ਜੇਲ੍ਹ ਭੁਗਤਣ ਬਾਅਦ ਮੈਂ ਪੰਜਾਬ ਯੂਨੀਵਰਸਿਟੀ ਤੋਂ ਐਮ.ਫ਼ਿਲ. ਕਰ ਲਈ ਸੀ ਤੇ ਇਨ੍ਹੀਂ ਦਿਨੀਂ ਆਦਰਸ਼ ਸਕੂਲ ਧਰਦਿਓ-ਬੁੱਟਰ ਵਿਚ ਪੰਜਾਬੀ ਦਾ ਲੈਕਚਰਾਰ ਜਾ ਲੱਗਾ ਸਾਂ। ਉਥੇ ਕਿਰਾਏ 'ਤੇ ਕਮਰਾ ਲੈ ਰੱਖਿਆ ਸੀ। ਕਦੀ ਕਦੀ ਉਥੇ ਵੀ ਰਹਿ ਪੈਂਦਾ ਪਰ ਬਹੁਤੀ ਵਾਰ ਤਾਂ ਰੋਜ਼ ਹੀ ਪਿੰਡ ਆ ਜਾਂਦਾ ਕਿਉਂਕਿ ਪਿੱਛੇ ਪਤਨੀ ਤੇ ਛੋਟੇ



**ਵਰਿਆਮ ਸੰਧੂ**
e-mail: waryamsandhu@gmail.com

ਬੱਚੇ ਇਕੱਲੇ ਰਹਿੰਦੇ ਸਨ। ਸਵੇਰੇ ਤੜਕੇ ਬੱਸ ਫੜ ਕੇ ਫਿਰ ਸਕੂਲ ਵੱਲ ਤੁਰ ਪੈਂਦਾ। ਸ਼ਨਿੱਚਰ-ਐਤ ਤਾਂ ਪਿੰਡ ਆਉਂਦਾ ਹੀ।

ਇਸ ਸ਼ਨਿੱਚਰ ਦੀ ਰਾਤ ਨੂੰ ਮੈਂ ਘਰ ਪਹੁੰਚਿਆ ਤਾਂ ਪਤਨੀ ਨੇ ਬੜੀ ਉਦਾਸ ਖ਼ਬਰ ਸੁਣਾਈ। ਪਿੰਡ ਦੇ ਹੀ ਕੁਝ ਬੰਦਿਆਂ ਨੇ ਪਿੰਡ ਦੀ ਔਰਤ ਨੂੰ ਗਲੀਆਂ ਵਿਚ ਨੰਗਿਆਂ ਕਰ ਕੇ ਫੇਰਿਆ ਸੀ। 'ਕਸੂਰ' ਉਸ ਦਾ ਇਹ ਸੀ ਕਿ ਉਸ ਦੇ ਮੁੰਡੇ ਨੇ ਅਗਲਿਆਂ ਦੀ ਕੁੜੀ ਨਾਲ ਬਦਤਮੀਜ਼ੀ ਕੀਤੀ ਸੀ। ਮੁੰਡੇ ਨੇ ਬੜੀ ਮਾੜੀ ਗੱਲ ਕੀਤੀ ਸੀ। ਪਿੰਡ ਦੀ ਧੀ-ਭੈਣ ਤਾਂ ਸਾਰੇ ਪਿੰਡ ਦੀ ਧੀ-ਭੈਣ ਹੁੰਦੀ ਸੀ। ਉਹਨੇ ਆਪਣੀ ਭੈਣ ਨਾਲ ਭੱਦਾ ਮਜ਼ਾਕ ਕੀਤਾ ਸੀ। ਉਹਨੂੰ ਬਣਦੀ ਸਜ਼ਾ ਮਿਲਣੀ ਚਾਹੀਦੀ ਸੀ। ਉਹ ਤਾਂ ਲੁਕ ਗਿਆ ਸੀ ਪਰ ਸਜ਼ਾ ਉਹਦੀ ਮਾਂ ਭੁਗਤ ਰਹੀ ਸੀ। ਪਹਿਲਾਂ ਉਸ ਨੇ ਆਪਣੀ 'ਭੈਣ' ਨੂੰ ਛੇੜਿਆ ਸੀ ਤੇ ਹੁਣ ਮਾਂ ਨੂੰ ਨੰਗੀ ਕਰਨ ਦਾ ਕਾਰਨ ਬਣ ਗਿਆ ਸੀ। ਜਟਕੇ ਜਿਹੇ ਤਰਕ ਮੁਤਾਬਕ ਮਾਂ ਦਾ 'ਕਸੂਰ' ਇਹ ਸੀ ਕਿ ਉਹਨੇ ਅਜਿਹੀ 'ਗੰਦੀ ਔਲਾਦ' ਜੰਮੀ ਹੀ ਕਿਉਂ ਸੀ! ਜੇ ਉਸ ਨੇ ਇਹੋ ਜਿਹਾ ਮੁੰਡਾ ਜੰਮਿਆਂ ਸੀ ਤਾਂ ਹੁਣ ਭੁਗਤੇ ਵੀ ਉਹੋ ਈ। ਅਗਲਿਆਂ ਨੇ ਬਦਲਾ ਲੈਣ ਲਈ ਇਹ ਕਾਰਵਾਈ ਕੀਤੀ ਸੀ।

ਮੇਰੀ ਪਤਨੀ ਨੂੰ ਗਿਲਾ ਸੀ ਕਿ ਪਿੰਡ ਦੇ ਬੰਦਿਆਂ ਨੇ ਉਸ ਔਰਤ ਨੂੰ ਛੁਡਾਉਣ ਦਾ ਕੋਈ ਚਾਰਾ ਨਹੀਂ ਸੀ ਕੀਤਾ। ਲੋਕ ਕੋਠਿਆਂ ਉਤੇ, ਗਲੀਆਂ ਦੇ ਮੋੜਾਂ 'ਤੇ ਖਲੋ ਕੇ 'ਤਮਾਸ਼ਾ' ਵੇਖਦੇ ਰਹੇ ਪਰ ਉਸ ਔਰਤ ਵੱਲੋਂ ਛੁਡਾਏ ਜਾਣ ਲਈ ਪਾਈਆਂ ਬਹੁੜੀਆਂ ਤੇ ਦੁਹਾਈਆਂ ਦਾ ਉਨ੍ਹਾਂ 'ਤੇ ਕੋਈ ਅਸਰ ਨਾ ਹੋਇਆ। ਅਸਰ ਤਾਂ ਹੋਇਆ ਹੋਵੇਗਾ ਪਰ ਕਿਸੇ ਵਿਚ ਅੱਗੇ ਵਧ ਕੇ ਛੁਡਾਉਣ ਦੀ ਹਿੰਮਤ ਨਹੀਂ ਸੀ। ਅਗਲਿਆਂ ਨੇ ਲਲਕਾਰਿਆ ਸੀ ਕਿ ਜਿਹੜਾ ਉਹਨੂੰ ਛੁਡਾਉਣ ਲਈ ਅੱਗੇ ਆਇਆ, ਉਹਦੀ ਜਾਨ ਦੀ ਖ਼ੈਰ ਨਹੀਂ। ਜਾਨ ਦੀ ਖ਼ੈਰ ਤਾਂ ਸਾਰੇ ਹੀ ਲੋੜਦੇ ਸਨ। ਹੋਰਨਾਂ ਵਾਂਗ ਕੋਠੇ 'ਤੇ ਖਲੋ ਕੇ ਔਰਤ ਨਾਲ ਹੁੰਦੀ ਬਦਸਲੂਕੀ ਵੇਖ ਕੇ ਮੇਰੀ ਪਤਨੀ ਨੇ ਅੱਖਾਂ 'ਚ ਗਲੇਡੂ ਭਰ ਕੇ ਨੇੜੇ ਆਣ ਖਲੋਤੀ ਗਵਾਂਢਣ ਸੁਰਜੀਤ ਕੌਰ ਨੂੰ ਕਿਹਾ ਸੀ, "ਨੀ ਸੁਰਜੀਤ ਕੁਰੇ! ਪਿੰਡ ਅਸਲੋਂ ਈ ਗਰਕ ਗਿਆ। ਵੇਖ! ਬੰਦੇ ਬੁਢੀਆਂ ਕੰਧਾਂ ਕੌਲਿਆਂ 'ਤੇ ਖਲੋਤੇ ਬੂਥੇ ਚੁੱਕੀ ਤਮਾਸ਼ਾ ਵੇਖੀ ਜਾਂਦੇ ਆ। ਉਹਨੂੰ ਇਨ੍ਹਾਂ ਰਾਖਸ਼ਾਂ ਤੋਂ ਛੁਡਾਉਂਦਾ ਕੋਈ ਨਹੀਂ ਅੜੀਏ!"

ਗਲੀ ਦੇ ਅਗਲੇ ਮੋੜ 'ਤੇ ਬਜ਼ੁਰਗ ਕਾਮਰੇਡ ਹਰਬੰਸ ਸਿੰਘ ਨੇ ਬੰਦੂਕ ਵਾਲੇ ਦਾ ਨਾਂ ਲੈ ਕੇ ਫਿਟਕਾਰਿਆ ਜ਼ਰੂਰ ਸੀ, "ਓ ਚੱਜ ਕਰੋ ਕੁਝ ਉਏ! ਬੰਦਿਆਂ ਵਾਲੀ ਗੱਲ ਕਰੋ। ਇਹਦਾ ਵਿਚਾਰੀ ਦਾ ਕੀ ਕਸੂਰ ਏ? ਮੁੰਡੇ ਨੂੰ ਫੜ ਕੇ ਭਾਵੇਂ ਗੋਲੀ ਮਾਰ ਦੋ।"

ਉਹ ਅੱਗੇ ਵਧਿਆ ਤਾਂ ਬੰਦੂਕ ਵਾਲੇ ਨੇ ਸੱਜੇ ਹੱਥ ਨਾਲ ਬੰਦੂਕ ਸੰਭਾਲੀ ਤੇ ਖੱਬੇ ਹੱਥ ਨਾਲ ਅੱਗੇ ਵਧੀ ਆਉਂਦੇ ਕਾਮਰੇਡ ਦੇ ਗਲੁੱਥਾ ਮਾਰਿਆ। ਕਾਮਰੇਡ ਪਿੱਠ ਪਰਨੇ ਗਲੀ ਵਿਚ ਡਿਗ ਪਿਆ। ਕਾਮਰੇਡ ਆਪਣੀ ਵਿੰਗੀ ਬਾਂਹ ਪਲੋਸਣ ਲੱਗਾ।

"ਕਾਮਰੇਡਾ! ਆਪਣਾ ਕੰਮ ਕਰ। ਅੱਗੇ ਤੇਰੀ ਖੱਬੀ ਬਾਂਹ ਟੁੱਟੀ ਆ; ਹੁਣ ਸੱਜੀ ਨਾ ਤੁੜਾ ਬਈ।"

ਕੋਠਿਆਂ 'ਤੇ ਖਲੋਤੇ ਲੋਕਾਂ ਨੇ ਸਭ ਕੁਝ ਵੇਖਿਆ ਸੀ। ਕਾਮਰੇਡ ਨੂੰ ਅੱਗੇ ਵਧਦਿਆਂ ਵੀ ਤੇ ਪਿੱਛੇ ਡਿੱਗਦਿਆਂ ਵੀ। ਉਹ ਕਾਮਰੇਡ ਨੂੰ ਵੇਖ ਕੇ ਅੱਗੇ ਵਧਦੇ, ਤਾਂ ਔਰਤ ਦੀ 'ਇੱਜ਼ਤ' ਤਾਂ ਗਈ ਹੀ ਸੀ, ਪਿੰਡ ਦੀ ਇੱਜ਼ਤ ਤਾਂ ਰਹਿ ਜਾਂਦੀ।

ਮੈਂ ਕਲਪਨਾ ਵਿਚ ਅਜੇ ਵੀ ਗਲੀ ਵਿਚ ਫਿਰ ਰਿਹਾ ਸਾਂ। ਕੋਲ ਪਈ ਪਤਨੀ ਹੌਲੀ ਜਿਹੀ ਫੁਸਫੁਸਾਈ, "ਮੈਂ ਤਾਂ ਸੁਰਜੀਤ ਕੌਰ ਨੂੰ ਆਂਹਦੀ ਸਾਂ ਕਿ ਜੇ ਉਹ ਇਥੇ ਹੁੰਦੇ, ਉਨ੍ਹਾਂ ਤਾਂ ਇਸ ਤਰ੍ਹਾਂ ਨਹੀਂ ਸੀ ਹੋਣ ਦੇਣਾ ਕਦੀ ਵੀ। ਭਾਵੇਂ ਕੁੱਝ ਹੁੰਦਾ, ਉਹ ਤਾਂ ਲੋਕਾਂ ਨੂੰ ਵੰਗਾਰ ਕੇ ਕਾਮਰੇਡ ਤੋਂ ਵੀ ਪਹਿਲਾਂ ਜਾ ਕੁੱਦਦੇ ਮੌਤ ਦੇ ਮੂੰਹ ਵਿਚ, ਪਰ ਉਹਨੂੰ ਨੰਗਿਆਂ ਨਹੀਂ ਸਨ ਹੋਣ ਦਿੰਦੇ!"

ਮੇਰੀ ਪਤਨੀ ਨੇ ਮੇਰੇ ਨਾਲ ਵਿਆਹ ਕਰਵਾਉਣ ਤੋਂ ਬਾਅਦ ਮੇਰੇ ਵੱਲੋਂ ਕਦੇ ਬਹੁਤੇ ਸੁਖ ਦੇ ਦਿਨ ਨਹੀਂ ਸਨ ਵੇਖੇ। ਇੰਨੇ ਕੁ ਸਾਲਾਂ ਵਿਚ ਤਿੰਨ-ਚਾਰ ਵਾਰ ਜੇਲ੍ਹ ਯਾਤਰਾ ਕਰ ਆਇਆ ਸਾਂ। ਇਕ-ਦੋ ਵਾਰ ਤਾਂ ਅਜਿਹਾ ਵੀ ਹੋਇਆ ਕਿ ਉਸ ਨੂੰ ਕਈ ਕਈ ਦਿਨ ਖ਼ਬਰ ਹੀ ਨਾ ਹੁੰਦੀ ਕਿ ਪੁਲਿਸ ਮੈਨੂੰ ਕਿੱਥੇ ਲੈ ਗਈ ਹੈ! ਉਹਨੂੰ ਇਹ ਵੀ ਧੁੜਕੂ ਰਹਿੰਦਾ ਕਿ ਪੁਲਿਸ ਨੇ ਮੈਨੂੰ ਮਾਰ ਖ਼ਪਾ ਹੀ ਨਾ ਦਿੱਤਾ ਹੋਵੇ ਜਾਂ ਕਿਸੇ ਵੇਲੇ ਵੀ ਅਜਿਹਾ ਭਾਣਾ ਵਾਪਰ ਨਾ ਜਾਵੇ! ਇਸ ਸਭ ਕੁਝ ਦੇ ਬਾਵਜੂਦ ਉਹਨੂੰ ਮੇਰੇ 'ਤੇ ਗਿਲਾ ਕੋਈ ਨਹੀਂ ਸੀ। ਉਹਨੂੰ ਅੰਦਰੋਂ ਸ਼ਾਇਦ ਇਹ ਲੱਗਦਾ ਸੀ ਕਿ ਮੈਂ ਗ਼ਲਤ ਨਹੀਂ ਸਾਂ, ਪਰ ਅਜਿਹਾ ਵੀ ਨਹੀਂ ਸੀ ਕਿ ਉਹ ਮੈਨੂੰ 'ਮੇਰੇ ਰਾਹ' ਉਤੇ ਤੁਰੇ ਜਾਣ ਲਈ ਕੋਈ ਉਚੇਚੀ ਹੱਲਾਸ਼ੇਰੀ ਦਿੰਦੀ ਹੋਵੇ। ਨਾ ਉਸ ਨੇ ਕਦੀ ਜ਼ਾਹਿਰਾ ਤੌਰ 'ਤੇ ਮੇਰੇ ਕੀਤੇ ਦੀ ਕੋਈ ਪ੍ਰਸ਼ੰਸਾ ਕੀਤੀ ਸੀ, ਨਾ ਨਿੰਦਿਆ। ਉਹ ਤਾਂ ਜਿਵੇਂ ਵੀ ਜ਼ਿੰਦਗੀ ਚੱਲਦੀ ਸੀ, ਉਸ 'ਤੇ ਖ਼ੁਸ਼ ਸੀ। ਅੱਜ ਪਹਿਲੀ ਵਾਰ ਸੀ ਕਿ ਉਸ ਨੇ ਮੇਰੇ ਬਾਰੇ ਅਜਿਹੀ ਟਿੱਪਣੀ ਕੀਤੀ ਸੀ- "ਮੈਂ ਤਾਂ ਸੁਰਜੀਤ ਕੌਰ ਨੂੰ ਆਂਹਦੀ ਸਾਂ ਕਿ ਜੇ ਉਹ ਇਥੇ ਹੁੰਦੇ, ਉਨ੍ਹਾਂ ਤਾਂ ਇਸ ਤਰ੍ਹਾਂ ਨਹੀਂ ਸੀ ਹੋਣ ਦੇਣਾ ਕਦੀ ਵੀ। ਭਾਵੇਂ ਕੁਝ ਹੁੰਦਾ, ਉਹ ਤਾਂ ਲੋਕਾਂ ਨੂੰ ਵੰਗਾਰ ਕੇ, ਕਾਮਰੇਡ ਤੋਂ ਵੀ ਪਹਿਲਾਂ, ਜਾ ਕੁੱਦਦੇ ਮੌਤ ਦੇ ਮੂੰਹ ਵਿਚ, ਪਰ ਉਹਨੂੰ ਨੰਗਿਆਂ ਨਹੀਂ ਸੀ ਹੋਣ ਦਿੰਦੇ!" ਉਹ ਤਾਂ ਹੁਣ ਵੀ ਚਾਹ ਰਹੀ ਸੀ ਕਿ ਜੇ ਮਜ਼ਲੂਮ ਧਿਰ ਦੀ ਮਦਦ ਕੀਤੀ ਜਾ ਸਕਦੀ ਹੋਵੇ ਤਾਂ ਜ਼ਰੂਰ ਕਰਾਂ!

ਮੈਨੂੰ ਇਕ ਪਲ ਲਈ ਉਹਦੇ 'ਤੇ ਲਾਡ ਆਇਆ ਤੇ ਆਪਣੇ ਆਪ 'ਤੇ ਮਾਣ ਵੀ ਹੋਇਆ। ਇਹ ਵੀ ਜਾਪਿਆ ਜਿਵੇਂ ਕਾਮਰੇਡ ਦੀ ਥਾਂ ਮੈਂ ਖ਼ੁਦ ਗਲੀ ਵਿਚ ਨਿੱਤਰ ਪਿਆ ਸਾਂ, ਪਰ ਮੈਂ ਤਾਂ ਇਕੱਲਾ ਸਾਂ! ਮੇਰੇ ਸਾਥੀ ਕਿੱਥੇ ਸਨ! ਅਗਲੇ ਪਲ ਮੈਂ ਪਿੱਠ ਪਰਨੇ ਧਰਤੀ 'ਤੇ ਡਿੱਗਾ ਪਿਆ ਸਾਂ।

ਇਕੱਲੇ ਕਾਮਰੇਡ ਤੋਂ ਬਿਨਾਂ ਸਾਰੇ ਪਿੰਡ 'ਚੋਂ ਕੋਈ ਮਰਦ ਨਿੱਤਰਿਆ ਈ ਨਾ ਜਿਹੜਾ ਉਸ ਅਬਲਾ ਦੀ ਮਦਦ ਕਰਦਾ! ਇਹ ਠੀਕ ਹੈ ਕਿ ਕਾਮਰੇਡ ਵੀ ਅੱਜ ਕੱਲ੍ਹ 'ਇਕੱਲਾ' ਹੀ ਰਹਿ ਗਿਆ ਸੀ। ਕਾਮਰੇਡੀ ਹਰਬੰਸ ਸਿੰਘ ਨੂੰ ਵਿਰਾਸਤ 'ਚੋਂ ਮਿਲੀ ਸੀ। ਕਦੀ ਉਹਦਾ ਬਜ਼ੁਰਗ ਬਾਪ ਫ਼ਤਹਿ ਸਿੰਘ ਕਾਮਰੇਡ ਪਿੰਡ ਵਿਚ ਵੱਡੇ ਵੱਡੇ ਜਲਸੇ ਕਰਵਾਉਂਦਾ ਹੁੰਦਾ ਸੀ। ਭੀੜਾਂ ਉਲਰ ਆਉਂਦੀਆਂ ਸਨ ਕਾਮਰੇਡਾਂ ਦਾ ਜਲਸਾ ਤੇ ਡਰਾਮਾ ਵੇਖਣ ਲਈ। ਕਮਿਊਨਿਸਟ ਲੀਡਰ ਤਕਰੀਰਾਂ ਕਰਦੇ ਤਾਂ ਨਾ ਉਹ ਇਲਾਕੇ ਤੇ ਪਿੰਡ ਦੇ ਚੌਧਰੀਆਂ ਤੋਂ ਡਰਦੇ, ਤੇ ਨਾ ਹੀ ਸਰਕਾਰ ਜਾਂ ਪੁਲਿਸ ਤੋਂ। ਉਹ ਤਾਂ ਲਲਕਾਰ ਕੇ ਆਖਦੇ, "ਜੇ ਕੋਈ ਇਨ੍ਹਾਂ ਧੱਕੜਾਂ ਤੇ ਬਦਮਾਸ਼ਾਂ ਦਾ ਟੁਕੜ-ਬੋਚ ਜਲਸੇ ਵਿਚ ਬੈਠਾ ਹੈ ਤਾਂ ਜਾ ਦੱਸੇ ਉਨ੍ਹਾਂ ਨੂੰ। ਉਨ੍ਹਾਂ ਦਾ ਧੱਕਾ ਹੁਣ ਲੋਕ ਚੱਲਣ ਨਹੀਂ ਦੇਣਗੇ। ਸੀ.ਆਈ.ਡੀ. ਵਾਲੇ ਵੀ ਕੰਨ ਖੋਲ੍ਹ ਕੇ ਸੁਣ ਲੈਣ। ਦੱਸ ਦੇਣ ਆਪਣੇ ਆਕਾਵਾਂ ਨੂੰ। ਲੋਕ ਹੁਣ ਜਾਗ ਪਏ ਨੇ। ਹੁਣ ਤੁਹਾਡੀਆਂ ਚੰਮ ਦੀਆਂ ਬਹੁਤੀ ਦੇਰ ਨਹੀਂ ਚੱਲਣ ਲੱਗੀਆਂ।"

ਫਿਰ ਵੀ ਸ਼ੁਕਰ ਸੀ; ਕਾਮਰੇਡ 'ਇਕੱਲਾ' ਰਹਿ ਜਾਣ ਦੇ ਬਾਵਜੂਦ 'ਮਰਿਆ' ਨਹੀਂ ਸੀ। ਉਸ ਵਿਚ ਇਸ ਪਿੰਡ ਦੀ ਆਤਮਾ ਜਿਉਂਦੀ ਸੀ ਅਜੇ। ਕੋਈ ਤਾਂ ਸੀ ਜਿਸ ਨੇ ਪਿੰਡ ਦੇ ਇਤਿਹਾਸ ਦਾ ਮੂੰਹ ਅਸਲੋਂ ਹੀ ਕਾਲਾ ਨਹੀਂ ਸੀ ਹੋਣ ਦਿੱਤਾ।



*ਪਿੰਡ ਸੁਰ ਸਿੰਘ ਦੇ ਭਾਈ ਬਿਧੀ ਚੰਦ ਵੱਲੋਂ ਲਾਹੌਰ ਦੇ ਕਿਲ੍ਹੇ ਵਿਚੋਂ ਘੋੜਾ ਭਜਾ ਲਿਆਉਣ ਦਾ ਇਕ ਚਿੱਤਰ।*

ਉਹ ਸਫ਼ਲ ਤਾਂ ਨਹੀਂ ਸੀ ਹੋਇਆ ਪਰ ਉਸ ਨੇ 'ਹਾਅ' ਦਾ ਨਾਅਰਾ ਤਾਂ ਮਾਰਿਆ ਹੀ ਸੀ। ਪਤਨੀ ਫਿਰ ਹੁੰਗਾਰੀ, "ਕਲਜੁਗ ਆ ਗਿਆ। ਹਨੇਰ ਸਾਈਂ ਦਾ! ਇਹ ਕਿਹੋ ਜਿਹਾ ਏ ਤੁਹਾਡਾ ਪਿੰਡ?"

ਮੈਂ ਸ਼ਰਮਸਾਰ ਹੋ ਗਿਆ। 'ਇਹੋ ਜਿਹਾ ਤਾਂ ਨਹੀਂ ਸੀ ਮੇਰਾ ਪਿੰਡ।' ਮੈਂ ਤਾਂ ਪਿੰਡ ਦੇ ਸ਼ਾਨਾਂ-ਮੱਤੇ ਇਤਿਹਾਸ ਦਾ ਬੜਾ ਮਾਣ ਕਰਦਾ ਸਾਂ। ਜਦੋਂ ਵੀ ਆਪਣੇ ਪਿੰਡ ਦਾ ਜ਼ਿਕਰ ਕਰਦਾ ਤਾਂ ਮੇਰੇ ਬੋਲਾਂ ਵਿਚ ਬੱਚਿਆਂ ਵਾਲਾ ਉਤਸ਼ਾਹ ਹੁੰਦਾ। ਮੈਂ ਹੁਣ ਵੀ ਅਕਸਰ ਬੜੇ ਮਾਣ ਨਾਲ ਆਪਣੇ ਪਿੰਡ ਦੇ ਇਸ ਵਿਰਾਸਤੀ ਗੌਰਵ ਦੀ ਵਡਿਆਈ ਕਰਦਾ ਰਹਿੰਦਾਂ। ਸੁਰ ਸਿੰਘ ਦਾ ਪੰਜਾਬ ਅਤੇ ਭਾਰਤ ਦੇ ਇਤਿਹਾਸ ਵਿਚ ਬਹੁਤ ਹੀ ਮਾਣਯੋਗ ਸਥਾਨ ਹੈ। ਗੁਰੂ-ਕਾਲ ਦੇ ਮੁਢਲੇ ਦਿਨਾਂ ਤੋਂ ਇਸ ਦੀ ਸਿੱਖੀ ਦੀ ਵਿਰਾਸਤੀ ਸ਼ਾਨ ਨਾਲ ਸਾਂਝ ਰਹੀ ਹੈ। ਗੁਰੂ ਅਰਜਨ ਤੇ ਗੁਰੂ ਹਰਗੋਬਿੰਦ ਵੇਲੇ ਸਾਡੇ ਪਿੰਡ ਦਾ ਭਾਈ ਬਿਧੀ ਚੰਦ ਉਨ੍ਹਾਂ ਦਾ ਸਿੱਖ ਤੇ ਸੰਗੀ-ਸਾਥੀ ਰਿਹਾ। ਸ਼ਾਹਜਹਾਨ ਦੇ ਫੌਜੀਆਂ ਵੱਲੋਂ ਗੁਰੂ ਹਰਗੋਬਿੰਦ ਦੀ ਭੇਟਾ ਲਿਆਂਦੇ ਜਾਣ ਵਾਲੇ ਕਾਬਲ ਦੇ ਸਿੱਖ ਕੋਲੋਂ ਖੋਹੇ ਗਏ ਘੋੜੇ, ਦਿਲਬਾਗ ਤੇ ਗੁਲਬਾਗ, ਭਾਈ ਬਿਧੀ ਚੰਦ ਹੀ ਇਕ ਵਾਰ ਘਾਹੀ ਤੇ ਇਕ ਵਾਰ ਨਜੂਮੀ ਦਾ ਭੇਸ ਧਾਰ ਕੇ ਲਾਹੌਰ ਦੇ ਕਿਲ੍ਹੇ ਵਿਚੋਂ ਕੱਢ ਕੇ ਲਿਆਇਆ ਸੀ। ਪੱਟੀ ਸ਼ਹਿਰ 'ਚੋਂ ਮੁਗ਼ਲਾਂ ਵੱਲੋਂ ਖੋਹੇ ਗੁਰੂ ਘਰ ਦੇ ਦੁਸ਼ਾਲੇ ਲਿਆਉਣ ਵਾਲਾ ਬਿਧੀ ਚੰਦ ਦਾ ਪ੍ਰਸੰਗ ਵੀ ਅਸੀਂ ਪੜ੍ਹਦੇ ਸੁਣਦੇ ਆਏ ਹਾਂ। ਗੁਰੂ ਹਰਗੋਬਿੰਦ ਨੇ ਅਕਾਲ ਤਖ਼ਤ ਦੀ ਸਾਜਨਾ ਕੀਤੀ ਤਾਂ ਸਿੱਖਾਂ ਵਿਚ ਹੱਕ-ਸੱਚ ਲਈ ਲੜ ਮਰਨ ਲਈ ਜੋਸ਼ ਪੈਦਾ ਕਰਨ ਲਈ, ਯੋਧਿਆਂ ਦੀਆਂ ਵਾਰਾਂ ਦਾ ਗਾਇਨ ਕਰਨ ਵਾਲੇ ਪਹਿਲੇ ਢਾਡੀ ਨੱਥਾ ਤੇ ਅਬਦੁੱਲਾ ਸੁਰ ਸਿੰਘ ਪਿੰਡ ਦੇ ਹੀ ਸਨ। ਗੁਰੂ ਗੋਬਿੰਦ ਸਿੰਘ ਲਈ ਜਾਨ ਦੀ ਬਾਜ਼ੀ ਲਾਉਣ ਵਾਲੇ ਅਤੇ ਟੁੱਟੀ ਗੰਢਣ ਵਾਲੇ ਚਾਲੀ ਮੁਕਤਿਆਂ ਦੇ ਆਗੂ ਜਥੇਦਾਰ ਭਾਈ ਮਹਾਂ ਸਿੰਘ ਇਸੇ ਹੀ ਪਿੰਡ ਦੇ ਸਨ।

ਪਤਨੀ ਨੇ ਗੁੱਸੇ ਅਤੇ ਹਿਰਖ਼ ਨਾਲ ਆਖਿਆ, "ਇਨ੍ਹਾਂ ਨੂੰ ਕੀਤੇ ਦੀ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਏ। ਕਰੋ ਕੁਝ ਤੁਸੀਂ। ਮੈਨੂੰ ਪਤੈ; ਕਰ ਸਕਦੇ ਜੇ। ਮੁੰਡੇ ਨੂੰ ਵੀ ਸਜ਼ਾ ਮਿਲੇ ਤੇ ਇਨ੍ਹਾਂ ਨੂੰ ਵੀ। ਪਹਿਲਾਂ ਵਾਂਗ ਬੰਦੇ 'ਕੱਠੇ ਕਰੋ। ਪੁਲਿਸ ਨੂੰ ਮਿਲੋ। ਕੁਝ ਵੀ ਕਰੋ। ਕੀ ਕਰਨੈ, ਤੁਸੀਂ ਜਾਣੋ। ਹੈ ਹਾਇ! ਇੰਨਾ ਕਲਜੁਗ!"

ਮੈਨੂੰ ਲੱਗਾ ਉਹਦੇ ਪਿੰਡ ਝਬਾਲ ਦੀ ਮਾਈ ਭਾਗੋ ਮੇਰੇ ਪਿੰਡ ਦੇ ਭਾਈ ਮਹਾਂ ਸਿੰਘ ਨੂੰ ਫਿਰ ਵੰਗਾਰ ਰਹੀ ਹੈ, "ਮਹਾਂ ਸਿੰਘਾ! ਤੇਰੇ ਪਿੰਡ ਦੇ ਸਿੰਘ ਗੁਰੂ ਤੋਂ ਫਿਰ ਬੇਮੁੱਖ ਹੋ ਗਏ ਈ। ਇਨ੍ਹਾਂ ਨੂੰ ਆਖ ਪਾ ਲੈਣ ਚੂੜੀਆਂ ਆਪਣੇ ਹੱਥੀਂ।"

ਗੁਰੂ ਗੋਬਿੰਦ ਸਿੰਘ ਕੋਲੋਂ ਅੰਮ੍ਰਿਤ ਛਕਣ ਵਾਲੇ ਸੁਰ ਸਿੰਘ ਦੇ ਜੱਦੀ ਵਸਨੀਕ ਤੇ ਜੱਸਾ ਸਿੰਘ ਰਾਮਗੜ੍ਹੀਏ ਦੇ ਬਾਬੇ ਭਾਈ ਹਰਦਾਸ ਸਿੰਘ ਨੇ ਬਚਿੱਤਰ ਸਿੰਘ ਵੱਲੋਂ ਹਾਥੀ ਦਾ ਮੱਥਾ ਵਿੰਨ੍ਹਣ ਵਾਲੀ ਆਪਣੇ ਹੱਥੀਂ ਬਣਾਈ ਨਾਗਣੀ ਮੇਰੇ ਮੱਥੇ ਵੱਲ ਸਿੱਧੀ ਕੀਤੀ ਹੋਈ ਸੀ।

ਮੁਗ਼ਲ ਰਾਜ ਹੀ ਨਹੀਂ, ਸਗੋਂ ਅੰਗਰੇਜ਼ੀ ਰਾਜ ਸਮੇਂ ਚੱਲੇ ਹਰ ਅੰਗਰੇਜ਼ ਵਿਰੋਧੀ ਅੰਦੋਲਨ ਵਿਚ ਸੁਰ ਸਿੰਘ ਪੇਸ਼-ਪੇਸ਼ ਰਿਹਾ। ਵੀਹਵੀਂ ਸਦੀ ਦੇ ਸ਼ੁਰੂ ਵਿਚ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਪੁੱਟਣ ਲਈ ਬਣੀ ਗ਼ਦਰ ਪਾਰਟੀ ਵਿਚ ਸੁਰ ਸਿੰਘ ਪਿੰਡ ਦਾ ਮੁੱਖ ਰੋਲ ਸੀ। ਮਾਝੇ ਵਿਚ ਇਸ ਪਿੰਡ ਨੂੰ ਗ਼ਦਰ ਪਾਰਟੀ ਦਾ ਸਭ ਤੋਂ ਵੱਡਾ ਗੜ੍ਹ ਸਮਝਿਆ ਜਾਂਦਾ ਸੀ। ਕਰਤਾਰ ਸਿੰਘ ਸਰਾਭਾ ਦੇ ਨਜ਼ਦੀਕੀ ਸਾਥੀਆਂ ਭਾਈ ਜਗਤ ਸਿੰਘ ਅਤੇ ਪ੍ਰੇਮ ਸਿੰਘ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਪ੍ਰੇਮ ਸਿੰਘ ਦੇ ਛੋਟੇ ਭਰਾ ਭਾਈ ਮਿਤ ਸਿੰਘ ਨੇ ਮੈਨੂੰ ਸਾਡੀ ਬਾਹਰਲੀ ਚੰਦੂ ਕੀ ਪੱਤੀ ਦੀ ਖੂਹੀ ਨੇੜੇ ਖਲੋ ਕੇ ਦੱਸਿਆ ਸੀ, "ਇਸ ਖੂਹੀ 'ਤੇ ਮੈਂ ਕਰਤਾਰ ਸੁੰਹ ਸਰਾਭੇ ਨੂੰ ਨਵ੍ਹਾਇਆ ਸੀ ਪਾਣੀ ਦੇ ਡੋਲ ਕੱਢ ਕੱਢ ਕੇ। ਉਹਦਾ ਗੋਰਾ ਚਿੱਟਾ ਪਿੰਡਾ ਤੇ ਥੱਬੇ ਥੱਬੇ ਦੇ ਲਿਸ਼ਕਦੇ ਪੱਟ ਸਨ। ਉਦੋਂ ਸਰਾਭਾ ਆਪਣੇ ਪਿੰਡ ਕਈ ਦਿਨ ਠਹਿਰਿਆ ਸੀ। ਉਹ ਪਾਰਟੀ ਬਣਾਉਣ ਲਈ ਦਿਨੇ ਨਿਕਲ ਜਾਂਦੇ ਤੇ ਰਾਤ-ਬਰਾਤੇ ਘਰ ਮੁੜਦੇ।"

ਸੁਰ ਸਿੰਘ ਦੇ ਹੀ ਗੁਰਦਿੱਤ ਸਿੰਘ, ਇੰਦਰ ਸਿੰਘ, ਕਾਲਾ ਸਿੰਘ, ਜਵੰਦ ਸਿੰਘ, ਬੁੱਢਾ ਸਿੰਘ, ਗੰਡਾ ਸਿੰਘ, ਕੇਸਰ ਸਿੰਘ ਆਦਿ ਨੂੰ ਉਮਰ ਕੈਦ, ਕਾਲੇ ਪਾਣੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ। 'ਕਾਮਾਗਾਟਾ ਮਾਰੂ' ਇਨਕੁਆਰੀ ਕਮੇਟੀ ਦੀ ਰਿਪੋਰਟ ਇਹ ਵੀ ਦੱਸਦੀ ਹੈ ਕਿ ਅੰਗਰੇਜ਼ ਸਰਕਾਰ ਬਾਬਾ ਗੁਰਦਿੱਤ ਸਿੰਘ ਤੋਂ ਬਿਨਾਂ ਜਿਨ੍ਹਾਂ ਹੋਰ ਵਿਅਕਤੀਆਂ ਨੂੰ ਖ਼ਤਰਨਾਕ ਲੀਡਰਾਂ ਵਿਚ ਗਿਣਦੀ ਸੀ, ਉਨ੍ਹਾਂ ਵਿਚ ਸ. ਸੁੱਚਾ ਸਿੰਘ, ਪਿੰਡ ਸੁਰ ਸਿੰਘ ਵੀ ਇਕ ਅਜਿਹਾ ਹੀ ਖ਼ਤਰਨਾਕ ਬਾਗ਼ੀ ਸੀ ਅਤੇ ਬਜਬਜ ਘਾਟ 'ਤੇ ਚੱਲੀ ਗੋਲੀ ਵਿਚ ਉਸ ਦੀ ਲੱਤ ਉੱਪਰ ਗੋਲੀ ਵੱਜੀ ਸੀ। ਸੁੱਚਾ ਸਿੰਘ ਵੀ ਸਾਡੀ ਪੱਤੀ ਦਾ ਸੀ। ਮੈਂ ਆਪਣੇ ਬਚਪਨ ਵਿਚ ਉਹਦੀ ਲੱਤ 'ਤੇ ਲੱਗਾ ਗੋਲੀ ਦਾ ਨਿਸ਼ਾਨ ਆਪ ਵੇਖਿਆ ਸੀ। ਇਨ੍ਹਾਂ ਸਭ ਲੀਡਰਾਂ ਤੋਂ ਇਲਾਵਾ ਇਨ੍ਹਾਂ ਦੇ ਪਿੱਛੇ ਸੈਂਕੜਿਆਂ ਦੀ ਗਿਣਤੀ ਵਿਚ ਹੋਰ ਵਰਕਰ ਵੀ ਦੇਸ਼ ਦੀ ਆਜ਼ਾਦੀ ਪ੍ਰਾਪਤ ਕਰਨ ਲਈ ਗ਼ਦਰ ਪਾਰਟੀ ਵਲੋਂ ਆਰੰਭ ਕੀਤੇ ਸੰਘਰਸ਼ ਵਿਚ ਜੁਟੇ ਹੋਏ ਸਨ। ਗ਼ਦਰੀਆਂ ਤੇ ਆਜ਼ਾਦੀ ਸੰਗਰਾਮੀਆਂ ਦੀ ਵੱਧ ਤੋਂ ਵੱਧ ਸਹਾਇਤਾ ਕਰਨ ਲਈ ਤਤਪਰ ਰਹਿਣ ਵਾਲਾ ਸਰਦਾਰ ਹਰਚੰਦ ਸਿੰਘ ਲਾਇਲਪੁਰ ਸੁਰ ਸਿੰਘ ਦਾ ਜੰਮ-ਪਲ ਹੀ ਸੀ। ਉਨ੍ਹੀਵੀਂ ਸਦੀ ਦੇ ਅਖ਼ੀਰ 'ਤੇ ਸ਼ਾਂਤ ਸਾਗਰ ਦੇ ਪੱਛਮੀ ਕੰਢੇ 'ਤੇ ਉਤਰਨ ਵਾਲਾ ਤੇ ਹੋਰ ਭਾਰਤੀਆਂ ਲਈ ਅਮਰੀਕਾ ਕੈਨੇਡਾ ਲਈ ਰਾਹ ਖੋਲ੍ਹਣ ਲਈ ਬਹਾਨਾ ਬਣਨ ਵਾਲਾ ਪਹਿਲਾ ਬੰਦਾ ਭਾਈ ਬਖ਼ਸ਼ੀਸ਼ ਸਿੰਘ ਵੀ ਸੁਰ ਸਿੰਘ ਦਾ ਸੀ। ਗ਼ਦਰ ਪਾਰਟੀ ਦਾ ਆਖ਼ਰੀ ਸਕੱਤਰ ਕੇਸਰ ਸਿੰਘ ਵੀ ਸੁਰ ਸਿੰਘ ਦਾ ਵਸਨੀਕ ਸੀ।

ਕਿਸਾਨ ਮੋਰਚਾ, ਅਕਾਲੀ ਮੋਰਚੇ ਤੇ ਹਰਛਾ ਛੀਨਾ ਮੋਘਾ ਮੋਰਚਾ ਵਿਚ ਵੀ ਸੁਰ ਸਿੰਘ ਦੇ ਅਨੇਕਾਂ ਕਿਸਾਨ ਜੇਲ੍ਹਾਂ ਵਿਚ ਗਏ। ਸਰਕਾਰ ਵਿਰੋਧੀ ਕਿਸਾਨ ਮੋਰਚੇ ਵਿਚ ਜੇਲ੍ਹ ਦੀਆਂ ਤੰਗੀਆਂ ਸਹਿੰਦੇ ਹੋਏ ਸੁਰ ਸਿੰਘ ਦਾ ਲਾਲ ਦੀਨ ਸ਼ਹੀਦੀ ਪਾ ਗਿਆ।

ਪਿੰਡ ਦਾ ਇਤਿਹਾਸ ਮੇਰੇ ਕੋਲੋਂ ਜਵਾਬ ਮੰਗ ਰਿਹਾ ਸੀ। ਸਾਰੀ ਰਾਤ ਮੈਂ ਅੱਜ ਵਾਲੀ ਦੁਖਦਾਈ ਘਟਨਾ ਨੂੰ ਇਸ ਪਿੰਡ ਦੇ ਬਹਾਦਰੀ ਭਰੇ ਇਤਿਹਾਸ ਨਾਲ ਜੋੜ ਕੇ ਸੋਚਦਾ ਰਿਹਾ। ਭਾਈ ਬਿਧੀ ਚੰਦ, ਜਥੇਦਾਰ ਮਹਾਂ ਸਿੰਘ, ਜੱਸਾ ਸਿੰਘ ਰਾਮਗੜ੍ਹੀਏ ਦੇ ਵਡੇਰਿਆਂ ਦਾ ਇਹ ਪਿੰਡ ਅਸਲੋਂ ਹੀ ਕਿਵੇਂ ਗ਼ਰਕ ਗਿਆ ਕਿ ਆਪਣੀ ਹੀ ਇਕ ਔਰਤ ਨੂੰ ਨੰਗਾ ਹੋਣੋਂ ਬਚਾ ਨਾ ਸਕਿਆ! ਇਹ ਤਾਂ ਉਨ੍ਹਾਂ ਗ਼ਦਰੀ ਸੂਰਬੀਰਾਂ ਦਾ ਪਿੰਡ ਸੀ ਜਿਹੜੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋ ਗਏ ਸਨ ਤੇ ਜਿਨ੍ਹਾਂ ਦੀ ਯਾਦਗ਼ਾਰ ਪਿੰਡ ਵਿਚ ਬਣਾਉਣ ਲਈ ਮੈਂ ਕਦੋਂ ਦਾ ਤਰਲੋ-ਮੱਛੀ ਹੋ ਰਿਹਾ ਸਾਂ।

ਉਸ ਰਾਤ ਮੈਨੂੰ ਨੀਂਦ ਨਹੀਂ ਸੀ ਆ ਰਹੀ। ਬੇਚੈਨੀ ਵਿਚ ਕਰਵਟਾਂ ਬਦਲ ਰਿਹਾ ਸਾਂ। ਅੱਖਾਂ ਮੀਟਦਾ ਤਾਂ ਸ਼ਰਮਿੰਦਿਆਂ ਕਰਨ ਵਾਲਾ ਦ੍ਰਿਸ਼ ਕਲਪਨਾ ਵਿਚ ਸਾਕਾਰ ਹੋ ਉਠਦਾ। ਭੂਤਾਂ ਦੀ ਭੀੜ ਵਿਚ ਘਿਰੀ ਅਲਫ਼ ਨੰਗੀ ਔਰਤ ਆਪਣੇ ਹੱਥਾਂ ਬਾਹਵਾਂ ਨਾਲ ਨੰਗੇਜ ਨੂੰ ਕੱਜਣ ਦੀ ਕੋਸ਼ਿਸ਼ ਕਰਦੀ ਹੈ। ਗੰਦੀਆਂ ਗਾਲ੍ਹਾਂ ਕੱਢਦੇ ਹੋਏ ਦੋ ਜਣੇ ਸੱਜੇ ਖੱਬਿਓਂ ਉਸ ਦੀਆਂ ਬਾਹਵਾਂ ਖਿੱਚਦੇ ਹਨ। ਇਕ ਦੇ ਹੱਥ ਕਿਰਪਾਨ, ਦੂਜੇ ਹੱਥ ਬਰਛਾ। ਇਕ ਜਣਾ ਉਨ੍ਹਾਂ ਦੇ ਪਿੱਛੇ ਦੁਨਾਲੀ ਬੰਦੂਕ ਫੜੀ ਕੰਧਾਂ ਕੋਠਿਆਂ 'ਤੇ ਚੜ੍ਹੇ ਤਮਾਸ਼ਬੀਨ ਲੋਕਾਂ ਵੱਲ ਇੰਜ ਵੇਖਦਾ ਹੈ ਜਿਵੇਂ ਹੁਣੇ ਹੁਣੇ ਜਮਰੌਦ ਦਾ ਕਿਲ੍ਹਾ ਫ਼ਤਹਿ ਕੀਤਾ ਹੋਵੇ ਤੇ ਹੁਣ ਸਿਖ਼ਰ ਦੁਪਹਿਰੇ ਪਿੰਡ ਦੀਆਂ ਗਲੀਆਂ ਵਿਚ ਜੇਤੂ ਜਲੂਸ ਨਿਕਲ ਰਿਹਾ ਹੈ! ਦੋ ਹਥਿਆਰਬੰਦ ਬੰਦੇ ਬੰਦੂਕ ਵਾਲੇ ਦੇ ਪਿੱਛੇ ਪਿੱਛੇ ਤੁਰ ਰਹੇ ਹਨ।

ਨੰਗੀ ਔਰਤ ਚੀਕਦੀ ਹੈ, ਰੋਂਦੀ ਹੈ। ਉਨ੍ਹਾਂ ਦੀ ਪਕੜ ਵਿਚੋਂ ਬਾਹਵਾਂ ਛੁਡਾਉਣ ਦੀ ਅਸਫ਼ਲ ਕੋਸ਼ਿਸ਼ ਕਰਦੀ ਹੈ। ਫਿਰ ਗੋਡਿਆਂ ਭਾਰ ਹੋ ਕੇ ਭੁੰਜੇ ਬਹਿ ਜਾਂਦੀ ਹੈ। ਜਿਸਮ ਦਾ ਅਗਲਾ ਹਿੱਸਾ ਲੁਕਾਉਣ ਲਈ ਆਪਣਾ ਸਿਰ ਜ਼ਮੀਨ ਵਿਚ ਗੱਡ

*(ਬਾਕੀ ਅਗਲੇ ਸਫੇ 'ਤੇ)*

ਦਿੰਦੀ ਹੈ। ਧਰਤੀ ਨੂੰ ਕਹਿ ਰਹੀ ਹੈ ਫਟ ਜਾਣ ਲਈ। ਧਰਤੀ ਫਟਦੀ ਨਹੀਂ। ਬੰਦੂਕ ਵਾਲਾ ਗਾਲ੍ਹ ਕੱਢ ਕੇ ਪਿੱਠ ਵਿਚ ਲੱਤ ਮਾਰਦਾ ਹੈ। ਬਰਛੇ ਵਾਲਾ ਗੁੱਤੋਂ ਫੜ ਕੇ ਉਠਾਉਂਦਾ ਹੈ। ਵਾਲਾਂ ਤੋਂ ਫੜ ਕੇ ਗਲੀ ਵਿਚ ਧੂਹੀ ਜਾ ਰਹੀ ਹੈ। ਬੰਦੂਕ ਵਾਲਾ ਨਾਲਦਿਆਂ ਨੂੰ ਗਾਲ੍ਹ ਕੱਢ ਕੇ ਆਖਦਾ ਹੈ, "ਭੈਣ...! ਇਹਨੂੰ ਮਾਂ ਨੂੰ ਸਿੱਧਾ ਖੜ੍ਹਾ ਕਰ ਕੇ ਤੋਰੋ।" ਉਹਦੀ ਮਾਂ-ਭੈਣ ਦੀ ਗਾਲ੍ਹ ਸੁਣ ਕੇ ਉਸ ਔਰਤ ਦੇ ਅਮੂਰਤ ਚਿਹਰੇ 'ਤੇ ਕਦੀ ਮੇਰੀ ਭੈਣ ਦਾ ਤੇ ਕਦੀ ਮੇਰੀ ਮਾਂ ਦਾ ਚਿਹਰਾ ਲੱਗ ਜਾਂਦਾ ਹੈ। ਮੈਂ ਸ਼ਰਮ ਨਾਲ ਪਾਣੀ ਪਾਣੀ ਹੋ ਜਾਂਦਾ ਹਾਂ। ਇਸ ਦ੍ਰਿਸ਼ ਨੂੰ ਅੱਖੋਂ ਓਹਲੇ ਕਰਨ ਲਈ ਜ਼ੋਰ ਨਾਲ ਸਿਰ ਝਟਕਦਾ ਹਾਂ। ਹਾੜ੍ਹੇ ਕੱਢਦੀ ਤੇ ਤਰਲੇ ਲੈਂਦੀ ਜ਼ਨਾਨਾ ਆਵਾਜ਼ ਕੰਨੀਂ ਮੱਚਣ ਲੱਗਦੀ ਹੈ, "ਵੇ ਲੋਕੋ! ਮੈਂ ਤੁਹਾਡੀ ਭੈਣ ਵੇ; ਮੈਂ ਤੁਹਾਡੀ ਮਾਂ ਵੇ; ਮੈਨੂੰ ਇਨ੍ਹਾਂ ਰਾਖ਼ਸ਼ਾਂ ਤੋਂ ਬਚਾਓ।"

ਲੱਗਦਾ ਹੈ ਇਹ ਆਵਾਜ਼ ਤਾਂ ਮੇਰੀ ਪਤਨੀ ਦੀ ਹੈ। ਮੈਂ ਉਭੜਵਾਹੇ ਸਿਰ ਚੁੱਕ ਕੇ ਨਾਲ ਪਈ ਪਤਨੀ ਵੱਲ ਵੇਖਦਾ ਹਾਂ।

"ਕੀ ਗੱਲ ਨੀਂਦ ਨਹੀਂ ਆਉਂਦੀ?" ਉਹ ਪੁੱਛਦੀ ਹੈ। ਮੇਰੇ ਜਵਾਬ ਦੇਣ ਤੋਂ ਪਹਿਲਾਂ ਮੁੜ ਬੋਲ ਪੈਂਦੀ ਹੈ, "ਮੈਨੂੰ ਤਾਂ ਅਜੇ ਵੀ ਵਿਚਾਰੀ ਦਿਸੀ ਜਾਂਦੀ ਹੈ। ਇਹ ਕੀ ਤਰੀਕਾ ਹੋਇਆ ਬਦਲਾ ਲੈਣ ਦਾ। ਕਸੂਰ ਪੁੱਤ ਦਾ ਤੇ ਭੁਗਤੇ ਮਾਂ? ਜਨਾਨੀ ਤਾਂ ਜੰਮੇ ਈ ਨਾ।"

ਸਾਰੀ ਰਾਤ ਆਪਣੀ ਤਾਕਤ ਨੂੰ ਜੋਹਦਾ ਰਿਹਾ। ਆਪਣੇ ਨਿੱਕੇ ਜਿਹੇ ਨਿੱਜੀ ਇਤਿਹਾਸ ਦੇ ਨਾਲ ਨਾਲ ਤੁਰਨ ਲੱਗਾ, ਪਰ ਮੈਂ ਵੀ ਤਾਂ ਇਸ ਇਤਿਹਾਸ ਦਾ ਹੀ ਹਿੱਸਾ ਸਾਂ। ਮੈਂ ਮਜ਼ਲੂਮ ਧਿਰ ਦੀ ਕੀ ਤੇ ਕਿਵੇਂ ਮਦਦ ਕਰ ਸਕਦਾ ਸਾਂ!

ਬਚਪਨ ਵਿਚ ਇਤਿਹਾਸ ਦੀ ਸੋਝੀ ਉਦੋਂ ਆਉਣ ਲੱਗੀ ਜਦੋਂ ਗੁਰੂ ਹਰਗੋਬਿੰਦ ਤੇ ਭਾਈ ਬਿਧੀ ਚੰਦ ਦੀ ਯਾਦ ਵਿਚ, ਪਿੰਡ ਵਿਚ, ਲੱਗਦੇ ਮੇਲਿਆਂ ਵਿਚ ਢਾਡੀਆਂ-ਕਵੀਸ਼ਰਾਂ ਤੋਂ ਇਤਿਹਾਸਕ ਪ੍ਰਸੰਗ ਸੁਣਦਾ। ਪਤਾ ਲੱਗਾ ਇਹ ਧਰਤੀ ਤਾਂ ਸ਼ਹੀਦ ਸੂਰਮੇ ਪੈਦਾ ਕਰਨ ਵਾਲੀ ਜਰਖ਼ੇਜ਼ ਜ਼ਮੀਨ ਹੈ। ਮੇਰੇ ਨਾਲ ਦੇ ਪਿੰਡ ਸਿੰਘਪੁਰੇ ਨਾਲ ਨਵਾਬ ਕਪੂਰ ਸਿੰਘ ਦੀ ਹਸਤੀ ਜੁੜੀ ਹੋਈ ਸੀ। ਦੂਜਾ ਪਿੰਡ ਭਾਈ ਤਾਰੂ ਸਿੰਘ ਦਾ ਸੀ। ਅਗਲਾ ਪਿੰਡ ਬਾਬੇ ਦੀਪ ਸਿੰਘ ਦਾ ਸੀ। ਉਸ ਤੋਂ ਦੋ ਪਿੰਡ ਛੱਡ ਕੇ ਮੱਸੇ ਰੰਘੜ ਦਾ ਸਿਰ ਵੱਢਣ ਵਾਲੇ ਭਾਈ ਸੁੱਖਾ ਸਿੰਘ ਦਾ ਪਿੰਡ ਮਾੜੀ ਕੰਬੋਕੇ ਸੀ। ਨੇੜੇ ਹੀ ਡੱਲ-ਵਾਂ ਵਾਲੇ ਭਾਈ ਤਾਰਾ ਸਿੰਘ ਦੀ ਯਾਦਗ਼ਾਰ ਸੀ।

ਇਤਿਹਾਸ ਦਾ ਇਹ ਖ਼ਮੀਰ ਮੇਰੀ ਆਤਮਾ ਵਿਚ ਰਚਦਾ ਰਿਹਾ ਸੀ। ਇਸ ਇਤਿਹਾਸ ਦੇ ਸਿਰ 'ਤੇ ਮੈਂ ਆਪਣੇ ਹਿੱਸੇ ਦੀ ਲੜਾਈ ਪਿਛਲੇ ਸਾਲਾਂ ਵਿਚ ਲੜਦਾ ਵੀ ਰਿਹਾ ਸਾਂ।

ਪਿੰਡ ਦੇ ਮਾਣ-ਮੱਤੇ ਇਤਿਹਾਸ ਦੇ ਨਾਲ ਨਾਲ ਮੈਨੂੰ ਆਪਣੇ ਇਸ ਨਿੱਜੀ ਇਤਿਹਾਸ 'ਤੇ ਵੀ ਬੜਾ ਮਾਣ ਸੀ। ਜਾਤਾਂ-ਗੋਤਾਂ ਨੂੰ ਮੰਨਣਾ ਹੈ ਤਾਂ ਗੱਲ ਮਾੜੀ ਪਰ ਸਦੀਆਂ ਤੋਂ ਇਹ ਸਾਡੇ ਸੰਸਕਾਰਾਂ ਦਾ ਹਿੱਸਾ ਬਣ ਕੇ ਧੁਰ ਅਵਚੇਤਨ ਵਿਚ ਧਸ ਕੇ ਬੈਠੀਆਂ ਹੋਈਆਂ ਨੇ, ਇਨ੍ਹਾਂ ਤੋਂ ਅਸਲੋਂ ਛੁਟਕਾਰਾ ਪਾਉਣਾ ਸੰਭਵ ਨਹੀਂ। ਇਸੇ ਕਰ ਕੇ ਮੈਨੂੰ ਆਪਣੇ 'ਸੰਧੂ ਜੱਟ' ਹੋਣ ਦਾ ਵੀ ਬੜਾ ਗੌਰਵ ਸੀ। ਮੈਂ ਆਪਣੇ ਆਪ ਨੂੰ ਭਾਈ ਬਾਲੇ, ਭਾਈ ਤਾਰੂ ਸਿੰਘ, ਸ਼ਹੀਦ ਭਗਤ ਸਿੰਘ ਦੀ ਸੰਧੂਆਂ ਦੀ ਵਿਰਾਸਤ ਨਾਲ ਵੀ ਜੋੜ ਲੈਂਦਾ ਸਾਂ। ਮੈਨੂੰ ਆਪਣੇ ਮਰਾਸੀ ਦੀ ਇਹ ਗੱਲ ਵੀ ਨਹੀਂ ਭੁੱਲੀ ਸੀ ਕਿ 'ਸੰਧੂਆਂ ਦੀਆਂ ਤਾਂ ਸੁੱਤਿਆਂ ਦੀਆਂ ਵੀ ਅੱਖਾਂ ਖੁੱਲ੍ਹੀਆਂ ਰਹਿੰਦੀਆਂ ਹਨ। ਇਕ ਵਾਰ ਕੋਈ ਦੁਸ਼ਮਣ ਸੁੱਤੇ ਪਏ ਕਿਸੇ ਸੂਰਮੇ ਸੰਧੂ ਨੂੰ ਮਾਰਨ ਲਈ ਅੱਗੇ ਵਧਿਆ ਤਾਂ ਸੁੱਤੇ ਪਏ ਸੰਧੂ ਦੀਆਂ ਖੁੱਲ੍ਹੀਆਂ ਅੱਖਾਂ ਤੋਂ ਹੀ ਭੈਅ-ਭੀਤ ਹੋ ਗਿਆ ਤੇ ਉਸ ਦਾ ਹੌਸਲਾ ਰੇਤ ਹੋ ਗਿਆ ਸੀ।'

ਅੱਜ ਮੇਰੇ ਪਿੰਡ ਦਾ ਸਮੂਹਿਕ ਇਤਿਹਾਸ ਤੇ ਮੇਰਾ ਨਿੱਜੀ ਇਤਿਹਾਸ ਮੈਨੂੰ ਮਜ਼ਲੂਮ ਔਰਤ ਦੀ ਸਹਾਇਤਾ ਕਰਨ ਲਈ ਵੰਗਾਰ ਰਿਹਾ ਸੀ, ਪਰ ਪਿਛਲੇ ਸਾਲਾਂ ਵਿਚ ਐਮਰਜੈਂਸੀ ਲੱਗ ਜਾਣ ਕਰ ਕੇ, ਤੇ ਮੇਰੇ ਦੋ ਵਾਰ ਗ੍ਰਿਫ਼ਤਾਰ ਹੋਣ ਅਤੇ ਫਿਰ ਐਮ.ਫ਼ਿਲ. ਕਰਨ ਜਾ ਲੱਗਣ ਕਰ ਕੇ ਪਿੰਡ ਦੀ ਨੌਜਵਾਨ ਭਾਰਤ ਸਭਾ ਕਾਰਜਹੀਣ ਹੋ ਗਈ ਸੀ। ਇਲਾਕੇ ਵਿਚਲਾ ਇਸ ਦਾ ਢਾਂਚਾ ਵੀ ਬਿਖ਼ਰ ਗਿਆ ਸੀ। ਪਿੰਡ-ਸੁਧਾਰ ਲਈ ਸਾਡੇ ਬਣਾਏ ਨਿਯਮ ਤਾਕਤ ਵਾਲਿਆਂ ਨੇ ਮੁੜ ਮੌਕਾ ਮਿਲਦੇ ਸਾਰ ਹੀ ਤੋੜ ਦਿੱਤੇ ਸਨ।

ਹੁਣ ਕਿਸੇ ਜਥੇਬੰਦਕ ਤਾਕਤ ਤੋਂ ਬਿਨਾਂ ਮੈਂ ਇਕੱਲਾ ਪੀੜਤ ਧਿਰ ਦੀ ਕੀ ਮਦਦ ਕਰ ਸਕਦਾ ਸਾਂ!

ਸਾਰੀ ਰਾਤ ਸੋਚਦਾ ਰਿਹਾ। ਪੁਲਿਸ ਨੂੰ ਮਿਲਾਂ; ਸਰਪੰਚ ਜਾਂ ਪੰਚਾਇਤ ਨੂੰ ਮਿਲਾਂ, ਜਾਂ ਪਹਿਲਾਂ ਵਾਂਗ ਪਿੰਡ ਦੇ ਮੋਹਤਬਰ ਬੰਦਿਆਂ ਦਾ ਇਕੱਠ ਬੁਲਾ ਕੇ ਮਸਲਾ ਵਿਚਾਰਿਆ ਜਾਏ? ਕਿਹੜੇ ਕਿਹੜੇ ਪੁਰਾਣੇ ਸਾਥੀ ਨਾਲ ਤੁਰ ਸਕਦੇ ਨੇ? ਕਾਮਰੇਡ ਹਰਬੰਸ ਸਿੰਘ ਤੇ ਕਾਮਰੇਡ ਸ਼ੇਰ ਸਿੰਘ ਨੂੰ ਮਿਲ ਕੇ ਉਨ੍ਹਾਂ ਦੀ ਸਲਾਹ ਲਵਾਂ? ਪਹਿਲਾ ਸੱਜੀ ਪਾਰਟੀ ਦਾ ਸੀ ਦੂਜਾ ਖੱਬੀ ਦਾ। ਇਹ ਵੀ ਸੋਚਿਆ ਕਿ ਇਲਾਕੇ ਦੇ ਸਾਰੇ ਖੱਬੇ ਪੱਖੀ ਵਿਚਾਰਾਂ ਵਾਲੇ ਬੰਦਿਆਂ ਨਾਲ ਤਾਲ-ਮੇਲ ਕਰਾਂ? ਕਰਾਂ ਤਾਂ ਕੀ ਕਰਾਂ? ਮਨ ਵਿਚ ਵਾਰ ਵਾਰ ਇਹ ਖ਼ਿਆਲ ਆਉਂਦਾ, 'ਜੇ ਕਿਤੇ ਪਹਿਲਾਂ ਵਰਗੇ ਦਿਨ ਤੇ ਤਾਕਤ ਹੁੰਦੀ ਤਾਂ ਧੱਕਾ ਕਰਨ ਵਾਲਿਆਂ ਨੂੰ ਗਿਆਨ ਕਰਾ ਦਿੰਦੇ ਇਕ ਵਾਰ!' ਖੱਬੇ ਪੱਖੀਆਂ ਦੀ ਆਪਸੀ ਫੁੱਟ ਤੇ ਕੁਸੋਧ ਨੇ ਜਥੇਬੰਦੀਆਂ ਦਾ ਢਾਂਚਾ ਖੰਡਿਤ ਕਰ ਦਿੱਤਾ ਸੀ। ਲੋਕਾਂ ਦੇ ਰਹਿੰਦੇ ਵੱਟ ਐਮਰਜੈਂਸੀ ਦੇ ਸੁਹਾਗੇ ਨੇ ਕੱਢ ਛੱਡੇ ਸਨ।

ਇਸੇ ਉਧੇੜ-ਬੁਣ ਵਿਚ ਰਾਤ ਲੰਘ ਗਈ। ਸਵੇਰੇ ਉਠਿਆ ਤਾਂ ਪਤਨੀ ਕਹਿੰਦੀ, "ਕਾਮਰੇਡ ਨੂੰ ਨਾਲ ਲੈ ਕੇ ਇਕ ਵਾਰ ਸਰਪੰਚ ਨੂੰ ਤਾਂ ਮਿਲੋ। ਢੇਰੀ ਢਾਹ ਕੇ ਨਾ ਬਹੋ। ਤੁਸੀਂ ਚਾਹੋ ਤਾਂ ਸਭ ਕੁਝ ਕਰ ਸਕਦੇ ਓ।"

ਘਰੋਂ ਬਾਹਰ ਨਿਕਲਿਆ। ਬਾਜ਼ਾਰ ਦੇ ਵਿਚਕਾਰਲੇ ਚੌਕ ਵਿਚ ਜੁੜ ਖਲੋਤੇ ਬੰਦੇ ਕੱਲ੍ਹ ਦੀ ਘਟਨਾ ਦੀ ਜੁਗਾਲੀ ਕਰ ਰਹੇ ਸਨ। ਮੈਂ ਵੀ ਉਨ੍ਹਾਂ ਵਿਚ ਇਕ ਪਾਸੇ ਖਲੋ ਗਿਆ। ਡਾ. ਤਰਲੋਕ ਸਿੰਘ ਸਮੁੰਦਰੀ ਵਾਲਾ ਆਖ ਰਿਹਾ ਸੀ, "ਬੜਾ ਘੋਰ ਜ਼ੁਲਮ ਹੋਇਐ ਜੀ। ਇਕ ਤਰ੍ਹਾਂ ਨਾਲ ਪੂਰੇ ਪਿੰਡ ਦੇ ਮੱਥੇ 'ਤੇ ਕਾਲਖ ਦਾ ਧੱਬਾ ਲੱਗ ਗਿਐ। ਮੈਂ ਤਾਂ ਆਖੂੰਗਾ ਜੀ ਕਿ ਇਕ ਬੀਬੀ ਨੰਗੀ ਨਹੀਂ ਹੋਈ, ਸਾਰਾ ਪਿੰਡ ਨੰਗਾ ਹੋ ਗਿਆ। ਭਾਰਤ ਮਾਂ ਨੰਗੀ ਹੋ ਗਈ।"

ਉਹਦਾ ਕੋਈ ਜੋਟੀਦਾਰ ਬੋਲਿਆ, "ਡਾਕਟਰ ਸਾਹਬ! ਭਾਰਤ ਮਾਂ ਦਾ ਐਨਾ ਫਿਕਰ ਸੀ ਤਾਂ ਕੱਲ੍ਹ ਅੱਗੇ ਹੁੰਦੋਂ। ਛੇਆਂ ਕਰਮਾਂ 'ਤੇ ਤੇਰੀ ਦੁਕਾਨ ਸੀ। ਉਦੋਂ ਤਾਂ...।"

ਡਾਕਟਰ ਦੀ ਮੇਰੇ ਵੱਲ ਨਜ਼ਰ ਗਈ। ਖਸਿਆਨੀ ਜਿਹੀ ਹਾਸੀ ਹੱਸ ਕੇ ਕਹਿੰਦਾ, "ਓ ਅਸੀਂ ਤਾਂ ਜੀ ਵੇਖੋ ਬੁੱਢੇ ਬੰਦੇ ਆਂ। ਇਹ ਤਾਂ ਇਨ੍ਹਾਂ ਵਰਗੇ ਬੰਦਿਆਂ ਦਾ ਕੰਮ ਏਂ; ਨੌਜਵਾਨਾਂ ਦਾ... ਲੜਨਾ ਭਿੜਨਾ।"

"ਹਾਹੋ... ਹਾਹੋ... ਇਹਨੂੰ ਫਿਰ ਦਿਓ ਖਾਂ ਬਲਦੀ ਦੇ ਬੁੱਥੇ। ਸੁਖ ਨਾਲ ਟੁੱਕ ਨਾ ਖਾਣ ਦਿਓ ਇਹਨੂੰ। ਇਹਨੇ ਬੋਡੀ ਬੰਦਿਆਂ ਲਈ ਫਾਟਾਂ ਭੰਨਾਉਣ ਦਾ ਠੇਕਾ ਲਿਐ? ਪਿੰਡ ਵਾਲੇ ਕਿੰਨੇ ਕੁ ਸੂਰਮੇ ਨੇ, ਇਹਦੀ ਭੁੱਲ ਨਹੀਂ ਇਹਨੂੰ। ਤੁਹਾਡੀ ਪਿੰਡ ਵਾਲਿਆਂ ਦੀ ਕਰਤੂਤ ਦਾ ਇਹਨੂੰ ਪਤਾ ਨਹੀਂ ਨਾ? ਦਲੀਪ ਸੁੰਹ ਅਟਾਰੀ ਵਾਲੇ ਦੀ ਗੱਲ ਭੁੱਲ ਗਈ ਹੋਣੀ ਆਂ ਇਹਨੂੰ? ਕਿਵੇਂ ਸਾਰੇ ਪਿੰਡ ਦੇ ਚੌਧਰੀ ਇਹਦੀ ਮਦਦ ਲਈ ਭੱਜੇ ਗਏ ਸੀ!"

"ਦਲੀਪ ਵਾਲੀ ਗੱਲ ਤਾਂ ਨਹੀਂ ਭੁੱਲੀ ਮੈਨੂੰ, ਪਰ ਇਹ ਗੱਲ ਵੀ ਤਾਂ ਬੜੀ ਮਾੜੀ ਹੋਈ ਐ।" ਮੈਂ ਆਖਿਆ।

"ਮਾੜੀ ਜੀ... ਬਿਲਕੁਲ ਮਾੜੀ... ਇੰਜ ਨਹੀਂ ਸੀ ਹੋਣਾ ਚਾਹੀਦਾ।" ਸਾਰੇ ਸਹਿਮਤ ਸਨ।

"ਮਾੜੀ ਸੀ ਤਾਂ ਅੱਗੇ ਹੋ ਕੇ ਛੁਡਾਉਣਾ ਸੀ ਫਿਰ? ਉਦੋਂ ਕਿਉਂ ਸਭ ਨੂੰ ਸੱਪ ਸੁੰਘ ਗਿਆ?" ਲਾਗੋਂ ਕੋਈ ਦੁਕਾਨਦਾਰ ਬੋਲਿਆ, "ਬਗਾਨੀ ਮੌਤੇ ਕੌਣ ਮਰਦੈ ਜੀ?"

"ਓ ਛੱਡੋ ਖਹਿੜਾ! ਜਾਓ ਆਪੋ ਆਪਣੇ ਘਰਾਂ ਨੂੰ... ਆਪਸ ਵਿਚ ਨਾ ਲੜ ਪਿਓ। ਉਨ੍ਹਾਂ ਉਨ੍ਹਾਂ ਦੀ ਕੁੜੀ ਛੇੜੀ, ਉਨ੍ਹਾਂ ਉਨ੍ਹਾਂ ਦੀ ਬੁੱਢੀ ਨੰਗੀ ਕਰ'ਤੀ। ਇਹਦੇ 'ਚ ਬਹੁਤੀ ਜਮ੍ਹਾਂ ਤਫ਼ਰੀਕ ਦੀ ਲੋੜ ਈ ਨਹੀਂ। ਸ੍ਹਾਬ ਦਾ ਸਿੱਧਾ ਸਵਾਲ ਆ। ਜੱਟ ਇੰਜ ਬਦਲੇ ਲੈਂਦੇ ਈ ਹੁੰਦੇ ਆ। ਨਾਲੇ ਹੋਣ ਵਾਲੀ ਗੱਲ ਤਾਂ ਹੋ ਗਈ। ਹੁਣ ਪਹਿਆ ਕੁੱਟੀ ਜਾਣ ਦਾ ਕੀ ਫ਼ਾਇਦਾ?" ਰੋਡਾ ਧੂਸ਼ ਦੋਵਾਂ ਹੱਥਾਂ ਨਾਲ ਨਾਲ ਇੰਜ ਇਸ਼ਾਰੇ ਕਰ ਰਿਹਾ ਸੀ ਜਿਵੇਂ ਭੇਡਾਂ ਬੱਕਰੀਆਂ ਦੇ ਇੱਜੜ ਨੂੰ ਖਿੰਡ ਜਾਣ ਲਈ ਸ਼ਿਸ਼ਕਾਰ ਰਿਹਾ ਹੋਵੇ।

ਮੈਨੂੰ ਉਸ ਵੱਲ ਮੁਸਕਰਾਉਂਦਾ ਤੱਕ ਕੇ ਰੋਡਾ ਕਹਿੰਦਾ, "ਓ ਤੂੰ ਵੀ ਜਾ ਸਰਦਾਰਾ! ਇਨ੍ਹਾਂ ਦੇ ਆਖੇ, ਚੁੱਕੇ ਫਿਰ ਨਾ ਕੋਈ ਪੰਗਾ ਲੈ ਬਹਿੰਦਾ ਹੋਵੀਂ। ਮਸਾਂ ਸਿੱਧੇ ਰਾਹੇ ਪੈ ਕੇ ਟੱਬਰ ਪਾਲਣ ਲੱਗੈਂ।"

***ਮੇਰੀ ਪਤਨੀ ਨੇ ਮੇਰੇ ਨਾਲ ਵਿਆਹ ਕਰਵਾਉਣ ਤੋਂ ਬਾਅਦ ਮੇਰੇ ਵੱਲੋਂ ਕਦੇ ਬਹੁਤੇ ਸੁਖ ਦੇ ਦਿਨ ਨਹੀਂ ਸਨ ਵੇਖੇ। ਇੰਨੇ ਕੁ ਸਾਲਾਂ ਵਿਚ ਤਿੰਨ-ਚਾਰ ਵਾਰ ਜੇਲ੍ਹ ਯਾਤਰਾ ਕਰ ਆਇਆ ਸਾਂ। ਇਕ-ਦੋ ਵਾਰ ਤਾਂ ਅਜਿਹਾ ਵੀ ਹੋਇਆ ਕਿ ਉਸ ਨੂੰ ਕਈ ਕਈ ਦਿਨ ਖ਼ਬਰ ਹੀ ਨਾ ਹੁੰਦੀ ਕਿ ਪੁਲਿਸ ਮੈਨੂੰ ਕਿੱਥੇ ਲੈ ਗਈ ਹੈ! ਇਸ ਸਭ ਕੁਝ ਦੇ ਬਾਵਜੂਦ ਉਹਨੂੰ ਮੇਰੇ 'ਤੇ ਗਿਲਾ ਕੋਈ ਨਹੀਂ ਸੀ। ਉਹਨੂੰ ਅੰਦਰੋਂ ਸ਼ਾਇਦ ਇਹ ਲੱਗਦਾ ਸੀ ਕਿ ਮੈਂ ਗ਼ਲਤ ਨਹੀਂ ਸਾਂ, ਪਰ ਅਜਿਹਾ ਵੀ ਨਹੀਂ ਸੀ ਕਿ ਉਹ ਮੈਨੂੰ 'ਮੇਰੇ ਰਾਹ' ਉਤੇ ਤੁਰੇ ਜਾਣ ਲਈ ਕੋਈ ਉਚੇਚੀ ਹੱਲਾਸ਼ੇਰੀ ਦਿੰਦੀ ਹੋਵੇ। ਨਾ ਉਸ ਨੇ ਕਦੀ ਜ਼ਾਹਿਰਾ ਤੌਰ 'ਤੇ ਮੇਰੇ ਕੀਤੇ ਦੀ ਕੋਈ ਪ੍ਰਸੰਸਾ ਕੀਤੀ ਸੀ, ਨਾ ਨਿੰਦਿਆ। ਉਹ ਤਾਂ ਜਿਵੇਂ ਵੀ ਜ਼ਿੰਦਗੀ ਚੱਲਦੀ ਸੀ, ਉਸ 'ਤੇ ਖ਼ੁਸ਼ ਸੀ। ਅੱਜ ਪਹਿਲੀ ਵਾਰ ਸੀ ਕਿ ਉਸ ਨੇ ਮੇਰੇ ਬਾਰੇ ਅਜਿਹੀ ਟਿੱਪਣੀ ਕੀਤੀ ਸੀ- "ਮੈਂ ਤਾਂ ਸੁਰਜੀਤ ਕੌਰ ਨੂੰ ਆਂਹਦੀ ਸਾਂ ਕਿ ਜੇ ਉਹ ਇਥੇ ਹੁੰਦੇ, ਉਨ੍ਹਾਂ ਤਾਂ ਇਸ ਤਰ੍ਹਾਂ ਨਹੀਂ ਸੀ ਹੋਣ ਦੇਣਾ ਕਦੀ ਵੀ। ਭਾਵੇਂ ਕੁਝ ਹੁੰਦਾ, ਉਹ ਤਾਂ ਲੋਕਾਂ ਨੂੰ ਵੰਗਾਰ ਕੇ, ਕਾਮਰੇਡ ਤੋਂ ਵੀ ਪਹਿਲਾਂ, ਜਾ ਕੁੱਦਦੇ ਮੌਤ ਦੇ ਮੂੰਹ ਵਿਚ, ਪਰ ਉਹਨੂੰ ਨੰਗਿਆਂ ਨਹੀਂ ਸੀ ਹੋਣ ਦਿੰਦੇ!" ਉਹ ਤਾਂ ਹੁਣ ਵੀ ਚਾਹ ਰਹੀ ਸੀ ਕਿ ਜੇ ਮਜ਼ਲੂਮ ਧਿਰ ਦੀ ਮਦਦ ਕੀਤੀ ਜਾ ਸਕਦੀ ਹੋਵੇ ਤਾਂ ਜ਼ਰੂਰ ਕਰਾਂ!***

ਮੈਂ ਖੇਤਾਂ ਨੂੰ ਨਿਕਲ ਗਿਆ। ਹੁਣੇ ਹੋਈ ਗੱਲ-ਬਾਤ ਨੂੰ ਚਿੱਥਦਾ ਰਿਹਾ। ਲੋਕ ਤਾਂ ਆਪਣੀ ਆਪਣੀ ਜਾਨ ਬਚਾਉਣ ਦੀ ਫ਼ਿਕਰ ਵਿਚ ਲੱਗੇ ਹੋਏ ਨੇ। ਵਾਕਿਆ ਈ ਬੇਗ਼ਾਨੀ ਮੌਤੇ ਕੌਣ ਮਰਦਾ ਏ?... ਰੋਡੇ ਦੀ ਆਵਾਜ਼ ਇਕ ਵਾਰ ਫਿਰ ਕੰਨਾਂ ਵਿਚ ਗੂੰਜੀ, "ਓ ਤੂੰ ਵੀ ਜਾ ਸਰਦਾਰਾ! ਇਨ੍ਹਾਂ ਦੇ ਆਖੇ, ਚੁੱਕੇ ਫਿਰ ਨਾ ਕੋਈ ਪੰਗਾ ਲੈ ਬਹਿੰਦਾ ਹੋਵੀਂ। ਮਸਾਂ ਸਿੱਧੇ ਰਾਹੇ ਪੈ ਕੇ ਟੱਬਰ ਪਾਲਣ ਲੱਗੈਂ।"

ਦੁਨੀਆਂਦਾਰ ਲੋਕਾਂ ਲਈ ਤਾਂ ਮੈਂ ਹੁਣ ਹੀ 'ਟੱਬਰ ਨੂੰ ਪਾਲਣ ਵਾਲੇ ਸਿੱਧੇ ਰਾਹ' ਤੁਰਿਆ ਸਾਂ। ਪਹਿਲਾਂ ਤਾਂ ਪੁੱਠੇ ਪੰਗੇ ਹੀ ਲੈਂਦਾ ਰਿਹਾ ਸਾਂ! ਮੇਰੀ ਭੈਣ ਦੀ ਸਹੇਲੀ ਦੇ ਚਿੰਤਤ ਬੋਲ ਮੇਰੇ ਅੰਦਰ ਖ਼ੌਰੂ ਪਾਉਣ ਲੱਗੇ। ਕਈ ਸਾਲ ਪਹਿਲਾਂ ਜਦੋਂ ਮੇਰੇ ਪਿਤਾ ਦੀ ਮੌਤ ਹੋਈ ਤਾਂ ਮੈਂ ਕੁਝ ਦਿਨ ਪਹਿਲਾਂ ਈ 'ਮੋਗਾ ਐਜੀਟੇਸ਼ਨ' ਵਿਚ ਜੇਲ੍ਹ ਵਿਚੋਂ ਛੁੱਟ ਕੇ ਆਇਆ ਸਾਂ। ਮੇਰੀ ਭੈਣ ਦੀ ਉਸ ਸਹੇਲੀ ਨੇ ਮੇਰੇ ਪਿਤਾ ਦੀ ਮੌਤ ਦਾ ਅਫ਼ਸੋਸ ਕਰਦਿਆਂ ਕਿਹਾ, "ਭੈਣੇ! ਬੜਾ ਮਾੜਾ ਹੋਇਆ। ਚਾਚੇ ਦੇ ਜਾਣ ਪਿੱਛੋਂ ਘਰ ਦਾ ਭਾਰ ਤਾਂ ਪੈ ਗਿਆ ਵਿਚਾਰੇ ਛੋਟੇ ਵੀਰ ਦੇ ਮੋਢਿਆਂ 'ਤੇ। ਵੱਡਾ ਵੀਰ ਤਾਂ ਸੁਣਿਐਂ ਨਲਾਇਕ ਈ ਨਿਕਲਿਆ।"

ਸਾਰਾ ਦਿਨ ਮੇਰੀ ਜ਼ਮੀਰ ਤੇ ਮੇਰੇ ਅੰਦਰਲੇ ਦੁਨੀਆਂਦਾਰ ਬੰਦੇ ਵਿਚ ਲੜਾਈ ਹੁੰਦੀ ਰਹੀ। ਆਖ਼ਰਕਾਰ ਦੁਨੀਆਂਦਾਰ ਬੰਦਾ ਜਿੱਤ ਗਿਆ।

ਮੇਰਾ ਮਨ ਬੜਾ ਦੁਖੀ ਹੋਇਆ। ਮੈਂ ਬਣਦੀ ਜ਼ਿੰਮੇਵਾਰੀ ਤੋਂ ਭਗੌੜਾ ਹੋ ਗਿਆ ਸਾਂ।

***

ਸੋਮਵਾਰ ਨੂੰ ਮੈਂ ਡਿਊਟੀ 'ਤੇ ਚਲਿਆ ਤਾਂ ਪਤਨੀ ਨੂੰ ਅੱਜ ਹੀ ਛੁੱਟੀ ਲੈ ਕੇ ਆਉਣ ਦਾ ਲਾਰਾ ਲਾਇਆ ਤੇ ਆਖਿਆ ਕਿ ਆ ਕੇ ਕੁਝ ਨਾ ਕੁਝ ਕਰਦੇ ਹਾਂ। ਬੱਚੀ ਰੂਪ ਨੂੰ ਲਾਡ ਲਡਾ ਕੇ ਦੋ ਕੁ ਸਾਲ ਦੇ ਸੁੱਤੇ ਪਏ ਬੇਟੇ ਸੁਪਨਦੀਪ ਵੱਲ ਵੇਖਿਆ। ਉਸ ਦਾ ਮੱਥਾ ਚੁੰਮਣ ਲਈ ਝੁਕਿਆ ਤਾਂ ਵੇਖਿਆ, ਉਸ 'ਸੁੱਤੇ ਪਏ ਸੰਧੂ' ਦੀਆਂ ਅੱਖਾਂ ਖੁੱਲ੍ਹੀਆਂ ਹੋਈਆਂ ਸਨ। ਇਹ ਖੁੱਲ੍ਹੀਆਂ ਅੱਖਾਂ ਜੋ ਮੇਰੇ ਲਈ ਸਦਾ 'ਸੰਧੂਆਂ ਦੀ ਬਹਾਦਰੀ' ਦਾ ਚਿੰਨ੍ਹ ਰਹੀਆਂ ਸਨ, ਅੱਜ ਮੇਰੀ 'ਬਹਾਦਰੀ' ਨੂੰ ਵੰਗਾਰ ਰਹੀਆਂ ਸਨ, ਜਿਹੜਾ 'ਮੈਦਾਨ' ਵਿਚੋਂ ਪਿੱਠ ਵਿਖਾ ਕੇ ਭੱਜ ਨਿਕਲਿਆ ਸੀ!

ਲੱਗਦਾ ਸੀ ਉਸ ਨੇ ਮੇਰੀ ਕਮਜ਼ੋਰੀ ਤੇ ਚੋਰੀ ਫੜ ਲਈ ਸੀ। ਉਹ ਖੁੱਲ੍ਹੀਆਂ ਅੱਖਾਂ ਅੱਜ ਵੀ ਜਦੋਂ ਮੈਨੂੰ ਯਾਦ ਆਉਂਦੀਆਂ ਹਨ ਤਾਂ ਜਿੱਥੇ ਇਸ ਹਕੀਕਤ ਦਾ ਖ਼ਿਆਲ ਆਉਂਦਾ ਹੈ ਕਿ ਜ਼ੁਲਮ ਨਾਲ ਲੜਨ ਲਈ ਹਮੇਸ਼ਾ ਜਥੇਬੰਦਕ ਏਕਾ ਲੋੜੀਂਦਾ ਹੈ, ਉਥੇ ਮੇਰੀ 'ਬਹਾਦਰੀ ਵਾਲੀ ਵਿਅਕਤੀਗਤ ਹਉਮੈ' ਦੀ ਨਿਕਲਦੀ ਫੂਕ ਮੈਨੂੰ ਹਰ ਵਾਰ ਸ਼ਰਮਿੰਦਾ ਕਰ ਜਾਂਦੀ ਹੈ।

ਪਿੱਛੋਂ ਆਪਣੇ ਅੰਦਰ ਦੀ ਇਹ ਲੜਾਈ ਮੈਂ 'ਦਲਦਲ' ਕਹਾਣੀ ਵਿਚ ਸਾਂਭ ਲਈ। ਜਦੋਂ ਵੀ ਕਦੀ ਮੈਂ ਇਸ ਕਹਾਣੀ ਦੀਆਂ ਅੱਖਾਂ ਨਾਲ ਅੱਖਾਂ ਮਿਲਾਉਣ ਦੀ ਕੋਸ਼ਿਸ਼ ਕਰਦਾ ਹਾਂ ਤਾਂ ਮੇਰੀਆਂ ਅੱਖਾਂ ਨੀਵੀਂਆਂ ਹੋ ਜਾਂਦੀਆਂ ਹਨ।

ਮੈਨੂੰ ਲੱਗਣ ਲੱਗਦਾ ਹੈ, ਮੇਰੇ ਵੱਲੋਂ ਪਹਿਲਾਂ ਸੁਣਾਈਆਂ ਗੱਲਾਂ ਤਾਂ ਨਿਰੀਆਂ ਗੱਪਾਂ ਜਾਂ ਫੜਾਂ ਹਨ। ਪਹਿਲਾਂ ਮੈਂ ਜੋ ਕੁਝ ਕਰ ਸਕਿਆ ਸਾਂ, ਆਪਣੇ ਸੰਗੀਆਂ ਦੇ ਸਾਥ ਵਿਚ ਹੀ ਕਰ ਸਕਿਆ ਸਾਂ। ਮੈਂ ਇਕੱਲਾ-ਕਾਰਾ ਕੀ ਸਾਂ? ਕੁਝ ਵੀ ਨਹੀਂ। ਬੰਦਾ ਬੰਦਿਆਂ ਨਾਲ ਮਿਲ ਕੇ ਈ ਬੰਦਿਆਈ ਲਈ ਲੜ ਸਕਦਾ ਹੈ। ਮੇਰੇ ਅੰਦਰ ਇਸ ਘਟਨਾ ਨੂੰ ਚੇਤੇ ਕਰਦਿਆਂ ਪੈਦਾ ਹੁੰਦੇ ਗਿਲਾਨੀ ਤੇ ਸ਼ਰਮਿੰਦਗੀ ਦੇ ਅਹਿਸਾਸ ਤੋਂ ਇਹ ਤਾਂ ਲੱਗਦਾ ਹੈ ਕਿ ਮੈਂ ਅਸਲੋਂ ਪੱਥਰ ਨਹੀਂ ਸਾਂ ਹੋ ਗਿਆ। ਮੇਰੀ ਜ਼ਮੀਰ ਅਸਲੋਂ ਹੀ ਮਰ ਖਪ ਨਹੀਂ ਸੀ ਗਈ, ਪਰ ਮੌਕੇ ਦੀ ਲੋੜ ਮੁਤਾਬਕ ਮੈਂ ਲੜ ਵੀ ਤਾਂ ਨਹੀਂ ਸਾਂ ਸਕਿਆ।

ਇਹ ਸੱਚ ਹੈ ਕਿ ਤੁਹਾਡਾ ਇਤਿਹਾਸ, ਤੁਹਾਡੀ ਬਹਾਦਰੀ ਦੀ ਮਿੱਥ ਤਾਂ ਹੀ ਤੁਹਾਡੇ ਹੱਕ ਵਿਚ ਭੁਗਤਦੀ ਹੈ ਜੇ ਤੁਹਾਡੇ ਨਾਲ ਭਰਾਵਾਂ ਦਾ ਸਾਥ ਹੋਵੇ। ਭਰਾਵਾਂ ਦੇ ਸਾਥ ਬਿਨਾਂ ਬੰਦਾ ਅੱਜ ਵੀ ਮਰਿਆ ਜਾਂ ਕੱਲ੍ਹ ਵੀ।

ਤੇ ਮੌਤ ਸਦਾ ਸਰੀਰਕ ਹੀ ਨਹੀਂ ਹੁੰਦੀ।

***(ਸਮਾਪਤ)***

# ਮੋਤੀਆਂ ਜਿਹੇ ਸ਼ਬਦਾਂ ਦਾ ਮਾਲਕ ਜਗਜੀਤ ਸਿੰਘ ਆਨੰਦ

## ***ਯਾਦ-ਝਲਕਾਂ***

**ਕਰਮਜੀਤ ਕੰਗ**
**ਬੇਕਰਜ਼ਫੀਲਡ (ਕੈਲੀਫੋਰਨੀਆ)**

ਸ਼ਬਦਾਂ ਨੂੰ ਮੋਤੀਆਂ ਵਾਂਗ ਲੜੀ ਵਿਚ ਪਰੋ ਕੇ ਇਸ ਮਾਲਾ ਨੂੰ ਕਲਮ ਜਾਂ ਸ਼ਬਦਾਂ ਰਾਹੀਂ ਜਗਜੀਤ ਸਿੰਘ ਆਨੰਦ ਲੋਕਾਂ ਵਿਚ ਵੰਡਦੇ ਸਨ ਤਾਂ ਲੱਗਦਾ, ਜਿਵੇਂ ਹਰ ਕੋਈ ਕੀਲਿਆ ਗਿਆ ਹੋਵੇ। ਉਹ ਪੱਤਰਕਾਰ, ਸਾਹਿਤਕਾਰ ਤੇ ਸਿਆਸਤਦਾਨ ਸਨ। ਸਿਆਸਤ ਦੀਆਂ ਗੋਲੀਆਂ ਨੂੰ ਉਹ ਪੱਤਰਕਾਰੀ ਰਾਹੀਂ ਅਤੇ ਸ਼ਬਦਾਂ ਨੂੰ ਸਾਹਿਤਕ ਸੁਆਦ ਦੇ ਕੇ ਵੰਡਦੇ ਸਨ। ਉਨ੍ਹਾਂ ਦੀ ਖ਼ੂਬਸੂਰਤ ਸ਼ਬਦਾਵਲੀ, ਚਾਹੇ ਉਹ ਕਲਮ ਵਿਚੋਂ ਨਿਕਲੀ ਹੋਵੇ ਜਾਂ ਮੂੰਹ ਵਿਚੋਂ, ਨੇ ਵੱਡੀ ਵਹੀਰ ਆਪਣੇ ਵਿਚਾਰਾਂ ਦੀ ਧਾਰਨੀ ਬਣਾ ਲਈ। ਸ਼ਬਦਾਂ ਦੇ ਇਸ ਵੱਡੇ ਜਾਦੂਗਰ ਦਾ 94 ਸਾਲਾਂ ਦੀ ਉਮਰ ਵਿਚ ਵਿਛੋੜਾ ਦੇ ਜਾਣਾ ਦੁਖਦਾਈ ਹੈ, ਪਰ ਉਮਰ ਕਿਸੇ ਦਾ ਲਿਹਾਜ਼ ਨਹੀਂ ਕਰਦੀ।

ਸ਼ਾਇਦ 1960 ਦੇ ਨੇੜੇ-ਤੇੜੇ ਦੀ ਗੱਲ ਹੈ ਜਦੋਂ ਉਹ ਪਹਿਲੀ ਵਾਰ ਮੇਰੇ ਬਾਪੂ ਜੀ ਜਗਜੀਤ ਸਿੰਘ ਬਾਗੀ ਕੋਲ ਸਮਰਾਲੇ ਆਏ ਸਨ। ਸ਼ਾਇਦ ਕੋਈ ਮੀਟਿੰਗ ਸੀ। ਮੈਂ ਤਾਂ ਹਾਲੇ ਇਨ੍ਹਾਂ ਗੱਲਾਂ ਵਿਚ ਅੱਧ-ਕੱਚਾ ਜਿਹਾ ਸੀ। ਇਸ ਤੋਂ ਬਾਅਦ ਕਈ ਵਾਰੀ ਉਹ ਆਏ, ਮੈਂ ਰੋਟੀ-ਪਾਣੀ ਦੀ ਸੇਵਾ ਕਰਨੀ। ਉਹ ਬਹੁਤ ਮਿੱਠੇ ਤੇ ਸੋਹਣੇ ਸ਼ਬਦ ਬੋਲਦੇ, ਮੈਨੂੰ ਬਹੁਤ ਪਿਆਰੇ ਲਗਦੇ।

ਫਿਰ ਮੈਂ ਉਨ੍ਹਾਂ ਨੂੰ ਕਈ ਕਾਨਫਰੰਸਾਂ ਵਿਚ ਦੇਖਿਆ ਜਿਥੇ ਬਾਹਰਲੇ ਲੀਡਰ ਆਉਂਦੇ ਜੋ ਅੰਗਰੇਜ਼ੀ ਵਿਚ ਤਕਰੀਰ ਕਰਦੇ ਸਨ। ਉਨ੍ਹਾਂ ਨਾਲ ਆਨੰਦ ਹੋਰੀਂ ਵੀ ਹੁੰਦੇ ਜੋ ਲੀਡਰ ਦੀ ਤਕਰੀਰ



***ਜਗਜੀਤ ਸਿੰਘ ਆਨੰਦ ਅਤੇ ਉਰਮਲਾ ਆਨੰਦ ਕਰਮਜੀਤ ਕੰਗ ਦੇ ਪਰਿਵਾਰ ਨਾਲ***



***ਅਮਨਦੀਪ ਕੰਗ ਦੇ ਵਿਆਹ 'ਤੇ ਆਨੰਦ***

ਨਾਲ ਦੀ ਨਾਲ ਪੰਜਾਬੀ ਵਿਚ ਅਨੁਵਾਦ ਕਰਦੇ ਸਨ। ਇੰਨਾ ਸੋਹਣਾ, ਸਰਲ ਤੇ ਸੁਆਦਲਾ ਅਨੁਵਾਦ ਕਰਦੇ ਕਿ ਲੜੀ ਟੁੱਟਦੀ ਹੀ ਨਹੀਂ ਸੀ। ਇਕੱਲੀ ਇਕੱਲੀ ਗੱਲ ਇੰਨੀ ਮਿੱਠੀ ਤੇ ਭਾਵਪੂਰਤ ਪੰਜਾਬੀ ਵਿਚ ਦੱਸਦੇ ਸਨ ਕਿ ਹਰ ਨੁਕਤਾ ਦਿਲਾਂ ਨੂੰ ਛੂਹ ਜਾਂਦਾ ਸੀ ਤੇ ਦਿਮਾਗ ਵਿਚ ਬੈਠ ਜਾਂਦਾ ਸੀ। ਬਾਪੂ ਜੀ ਕਰ ਕੇ ਸਾਡੇ ਪਰਿਵਾਰ ਦੀ ਉਨ੍ਹਾਂ ਨਾਲ ਕਾਫੀ ਨੇੜਤਾ ਸੀ। ਉਹ ਸਕੂਲ ਕਾਲਜ ਦੇ ਸਮੇਂ ਤੋਂ ਹੀ ਸਰਗਰਮ ਯੋਧੇ ਸਨ ਤੇ ਸਾਡੇ ਬਾਪੂ ਜੀ ਅੰਗਰੇਜ਼ਾਂ ਵਿਰੁਧ ਫੌਜ ਵਿਚੋਂ ਬਗਾਵਤ ਕਰ ਕੇ ਇਸ ਰਸਤੇ ਦੇ ਧਾਰਨੀ ਬਣੇ ਸਨ। ਦੋਨੋਂ ਇਕੋ ਹੀ ਰਸਤੇ ਦੇ ਧਾਰਨੀ ਸਨ, ਇਕੋ ਨਾਮ ਵਾਲੇ, ਪੰਜਾਬ ਦੇ ਉਪਰਲੇ ਲੀਡਰਾਂ ਵਿਚੋਂ ਸਨ।

ਉਹ ਦਿਨ ਵੀ ਕਿਹੋ ਜਿਹੇ ਸਨ... ਬਿਨਾਂ ਕਿਸੇ ਲਾਲਚ ਤੋਂ ਮਿਹਨਤੀ ਲੋਕਾਂ ਲਈ ਅਣਥੱਕ ਜੱਦੋ-ਜਹਿਦ ਕਰਦੇ ਰਹੇ। ਨਾ ਜੇਲ੍ਹਾਂ ਦਾ ਡਰ ਤੇ ਨਾ ਤਸ਼ੱਦਦ ਇਨ੍ਹਾਂ ਯੋਧਿਆਂ ਨੂੰ ਡਰਾ ਸਕਿਆ, ਤੇ ਨਾ ਕੋਈ ਲਾਲਚ ਇਨ੍ਹਾਂ ਨੂੰ ਭਰਮਾ ਸਕਿਆ। ਜੀਵਨ ਦੇ ਆਖਰੀ ਸਮੇਂ ਤੱਕ ਇਕੋ ਹੀ ਰਾਹ 'ਤੇ ਚੱਲਦੇ ਰਹੇ। ਉਨ੍ਹਾਂ ਦੇ ਸ਼ਬਦ 'ਨਵਾਂ ਜ਼ਮਾਨਾ' ਅਖਬਾਰ ਦੀ ਜਾਨ ਹੁੰਦੇ ਸਨ। ਉਨ੍ਹਾਂ ਦੇ ਲੇਖ ਤੋਂ ਬਿਨਾਂ 'ਨਵਾਂ ਜ਼ਮਾਨਾ' ਪੜ੍ਹਨ ਨੂੰ ਜੀਅ ਨਹੀਂ ਸੀ ਕਰਦਾ। ਮੈਨੂੰ ਯਾਦ ਹੈ, ਇਕ ਸਮੇਂ ਉਨ੍ਹਾਂ ਮੇਰੇ ਕੰਮ ਵਿਚ ਮੇਰੀ ਮਦਦ ਕੀਤੀ ਸੀ ਤੇ ਇਕ ਵਾਰ ਵੀ ਮੈਨੂੰ ਇਸ ਬਾਰੇ ਜਤਾਇਆ ਨਹੀਂ ਸੀ। ਮੈਂ ਮਦਦ ਵਾਪਸ ਕੀਤੀ ਤਾਂ ਉਹ ਲੈਣ ਨਾ, ਪਰ ਦੇਣੀ ਤਾਂ ਬਣਦੀ ਹੀ ਸੀ। ਅੱਜ ਤੱਕ ਉਨ੍ਹਾਂ ਦਾ ਅਹਿਸਾਨ ਹੈ।

1980 ਵਿਚ ਮੁਹਾਲੀ ਵਿਚ ਮੈਂ ਡਰਾਈ-ਕਲੀਨਿੰਗ ਦਾ ਆਟੋਮੈਟਿਕ ਪਲਾਂਟ ਲਾਇਆ। ਆਨੰਦ ਹੋਰਾਂ ਮੁਹਾਲੀ ਵਿਚ ਚੱਲਦੇ ਸਟੈਂਡਰਡ ਟੀ.ਵੀ. ਦੇ ਐਮ.ਡੀ. ਐਚ.ਐਸ. ਭੱਟੀ ਜੋ ਸਾਹਿਤਕ ਖੇਤਰ ਵਿਚ ਵੀ ਜਾਣੇ-ਪਛਾਣੇ ਸਨ, ਨੂੰ ਫੋਨ ਕਰ ਕੇ ਕਿਹਾ ਕਿ ਉਹ ਪਲਾਂਟ ਦਾ ਉਦਘਾਟਨ ਕਰਨ। ਭੱਟੀ ਹੋਰਾਂ ਉਨ੍ਹਾਂ ਦੀ ਗੱਲ ਨਾ ਟਾਲੀ, ਤੇ ਸਾਡੇ ਡਰਾਈ-ਕਲੀਨਿੰਗ ਪਲਾਂਟ ਦਾ ਫੀਤਾ ਕੱਟਿਆ ਤੇ ਵੇਲੇ-ਕੁਵੇਲੇ ਸਾਡੀ ਉਂਗਲ ਵੀ ਫੜਦੇ ਰਹੇ।

1991 ਦੇ ਲਾਗੇ ਦੀ ਗੱਲ ਹੈ ਜਦੋਂ ਸਾਡੇ ਬਾਪੂ ਜੀ ਸਾਡੇ ਕੋਲ ਹੀ ਰਹਿੰਦੇ ਸਨ। ਉਦੋਂ ਜਗਜੀਤ ਸਿੰਘ ਆਨੰਦ ਤੇ ਉਰਮਲਾ ਆਨੰਦ (ਸ. ਗੁਰਬਖਸ਼ ਸਿੰਘ ਪ੍ਰੀਤ ਲੜੀ ਦੀ ਬੇਟੀ) ਸਾਡੇ ਕੋਲ ਆ ਕੇ ਰੁਕੇ। 'ਨਵਾਂ ਜ਼ਮਾਨਾ' ਬਾਰੇ ਕਾਫ਼ੀ ਸੱਜਣਾਂ ਮਿੱਤਰਾਂ ਨਾਲ ਮੁਲਾਕਾਤ ਕੀਤੀ। ਫਿਰ ਸਾਡੀ ਬੇਟੀ ਦੀ ਸ਼ਾਦੀ ਮੌਕੇ ਵੀ ਦੋਨੋਂ 1997 ਵਿਚ ਸਾਡੇ ਕੋਲ ਆਏ ਸਨ। ਉਨ੍ਹਾਂ ਦਾ ਬੇਟਾ ਸੁਕੀਰਤ ਵੀ ਕਸ਼ਮੀਰ ਸਿੰਘ ਕਾਂਗਣਾ ਅਤੇ ਸਾਡੇ ਕੋਲ ਆਇਆ ਸੀ। ਉਨ੍ਹਾਂ ਦਾ ਵਿਛੋੜਾ ਅਤਿ ਦੁਖਦਾਈ ਹੈ, ਪਰ ਵਕਤ ਨੂੰ ਅਸੀਂ ਰੋਕ ਨਹੀਂ ਸਕਦੇ।

## ਕਹਾਣੀ

# ਸਮਰਪਣ

**ਦਿੱਲੀ ਵੱਸਦੇ ਕਹਾਣੀਕਾਰ ਰਣਜੀਤ ਸਿੰਘ ਦੀ ਕਹਾਣੀ 'ਸਮਰਪਣ' ਸੱਚੀ ਘਟਨਾ 'ਤੇ ਆਧਾਰਿਤ ਹੈ। ਇਸ ਵਿਚ ਦੂਜੀ ਸੰਸਾਰ ਜੰਗ ਵਿਚ ਹਿੱਸਾ ਲੈਣ ਵਾਲੇ ਭਾਰਤੀ ਫ਼ੌਜੀਆਂ ਦਾ ਨਿੱਕਾ ਜਿਹਾ ਬਿਰਤਾਂਤ ਪੇਸ਼ ਹੋਇਆ ਹੈ ਅਤੇ ਇਸ ਨਿੱਕੇ ਜਿਹੇ ਬਿਰਤਾਂਤ ਨਾਲ ਹੀ ਜੰਗ ਦੀ ਵਿਕਰਾਲਤਾ ਸਾਡੇ ਸਾਹਮਣੇ ਆ ਜਾਂਦੀ ਹੈ। ਇਹ ਵਿਕਰਾਲਤਾ ਫ਼ੌਜੀਆਂ ਨੂੰ ਕਿੰਜ ਟੱਕਰਦੀ ਹੈ ਅਤੇ ਪਿੱਛੇ ਰਹਿ ਰਹੇ ਪਰਿਵਾਰ ਦੇ ਜੀਆਂ ਉਤੇ ਕੀ ਕੀ ਕਹਿਰ ਢਾਹੁੰਦੀ ਹੈ, ਇਸ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ। -ਸੰਪਾਦਕ**

ਜੋ ਮੈਂ ਤੁਹਾਨੂੰ ਦੱਸਣ ਲੱਗਾ ਹਾਂ, ਉਹ ਅੱਜ ਹੀ ਦੱਸਿਆ ਜਾ ਸਕਦਾ ਹੈ। ਪਹਿਲਾਂ ਨਹੀਂ ਦੱਸ ਸਕਦਾ ਸਾਂ। ਅੱਜ ਤਕ ਜੇ ਮੈਂ ਚੁੱਪ ਰਿਹਾ ਤਾਂ ਕੋਈ ਮਸਲਤ ਤਾਂ ਹੋਏਗੀ ਹੀ। 1943-44 ਅਤੇ ਹੁਣ ਅੱਸੀਵਿਆਂ ਦੇ ਆਖ਼ਰੀ ਸਾਲ। ਬੜੇ ਸਾਲ ਚੁੱਪ ਰਿਹਾ ਹਾਂ। ਇੰਨੇ ਸਾਲ ਕੋਈ ਥੋੜ੍ਹੇ ਤਾਂ ਨਹੀਂ ਹੁੰਦੇ। ਜਦੋਂ ਤਕ ਤੁਹਾਡੀ ਚਾਚੀ, ਇਨ੍ਹਾਂ ਸੁਰਿੰਦਰ ਹੁਰਾਂ ਦੀ ਮਾਂ ਜਿਉਂਦੀ ਸੀ, ਕਿਵੇਂ ਦੱਸ ਸਕਦਾ ਸਾਂ ਉਸ ਦੇ ਪਤੀ ਦੇ ਆਖ਼ਰੀ ਦਿਨਾਂ ਦੀ ਕਹਾਣੀ।

ਮੈਥੋਂ ਬਹੁਤ ਪੁੱਛਿਆ ਗਿਆ, ਵਾਰ ਵਾਰ ਪੁੱਛਿਆ ਗਿਆ। ਤੁਹਾਡੇ ਪਿਤਾ ਜੀ ਦੇ ਕਿੰਨੇ ਖ਼ਤ ਆਏ ਅਤੇ ਕਿੰਨੀਆਂ ਤਾਰਾਂ, ਪਰ ਮੈਂ ਚੁੱਪ ਰਿਹਾ। ਕਿਵੇਂ ਕਹਿੰਦਾ: ਸੋਹਨ ਸਿੰਘ ਨਹੀਂ ਰਿਹਾ; ਸੋਹਨ ਸਿੰਘ ਮਰ ਚੁੱਕਿਆ ਹੈ; ਸੋਹਨ ਸਿੰਘ ਹੁਣ ਨਹੀਂ ਆਏਗਾ; ਖ਼ਾਸ ਤੌਰ 'ਤੇ ਉਦੋਂ ਜਦੋਂ ਉਸ ਦੀ

**ਰਣਜੀਤ ਸਿੰਘ**

ਪਤਨੀ ਨੇ ਉਸ ਦੀ ਉਡੀਕ 'ਚ ਸਾਰੀ ਉਮਰ ਔਸੀਆਂ ਪਾਈਆਂ, ਪਾਠ ਸਾਧੇ ਤੇ ਅਰਦਾਸਾਂ ਕੀਤੀਆਂ। ਆਪਣੇ ਆਪ ਨੂੰ ਸਦਾ ਸੁਹਾਗਣ ਸਮਝਣ ਵਾਲੀ ਨੂੰ ਕਿੰਜ ਕਹਿੰਦਾ, ਬੀਬੀ ਤੂੰ ਵਿਧਵਾ ਹੈਂ!

ਇੰਨਾ ਕਹਿ ਕੇ ਡਾਕਟਰ ਗੁਰਬਖ਼ਸ਼ ਸਿੰਘ ਚੁੱਪ ਹੋ ਗਿਆ। ਅਤੀਤ ਵਿਚ ਉਹ ਨਿਊ ਗਿਨੀ ਦੇ ਜੰਗਲਾਂ ਵਿਚ ਗੁਆਚ ਗਿਆ। ਉਸ ਨੂੰ ਉਥੋਂ ਆਉਣ ਵਿਚ ਚਿਰ ਲੱਗਣਾ ਹੀ ਸੀ।

ਡਾਕਟਰ ਸੋਹਨ ਸਿੰਘ ਦਾ ਵੱਡਾ ਭਰਾ ਡਾਕਟਰ ਮੋਹਨ ਸਿੰਘ ਫਾਜ਼ਿਲਕਾ ਨਹਿਰੀ ਕਲੋਨੀ ਦੀ ਡਿਸਪੈਂਸਰੀ ਦਾ ਇੰਚਾਰਜ ਸੀ। ਇਹ 1943-44 ਦਾ ਵਾਕਿਆ ਹੈ। ਛੇ ਮਹੀਨੇ, ਸਾਲ ਵੱਧ ਘੱਟ ਵੀ ਹੋ ਸਕਦੇ ਹਨ। ਮੇਰੇ ਬਚਪਨ ਦੀ ਯਾਦ ਹੈ, ਬਹੁਤ ਘਸਮੈਲੀ ਹੈ। ਮੈਂ ਉਦੋਂ ਮਸਾਂ ਪੰਜ ਛੇ ਸਾਲ ਦਾ ਹੋਵਾਂਗਾ। ਦਿਮਾਗ 'ਤੇ ਦਬਾਓ ਪਾਉਂਦਾ ਹਾਂ ਤਾਂ ਤਰਾਟ ਕਨਪਟੀਆਂ ਨੂੰ ਝੁਣਝੁਣੀ ਦਿੰਦੀ ਹੈ। ਡਿਸਪੈਂਸਰੀ ਦੇ ਨਾਲ ਲਗਦੇ ਅੰਗਰੇਜ਼ੀ-ਭਾਰਤੀ ਤਰਜ਼ ਦੇ ਬਣੇ ਮਕਾਨ ਦੇ ਵੱਡੇ ਬਰਾਮਦੇ ਵਿਚ ਅਸੀਂ ਛੇ ਭਰਾ ਖੇਡ ਰਹੇ ਸਾਂ। ਅਚਾਨਕ ਘਰ ਦੇ ਵੱਡੇ ਸੌਣ ਕਮਰੇ ਤੋਂ ਸਾਨੂੰ ਆਪਣੀ ਮਾਤਾ ਦੀ ਉਚੀ-ਉਚੀ ਰੋਣ ਦੀ ਆਵਾਜ਼ ਆਈ। ਸਾਨੂੰ ਸਾਰੀਆਂ ਖੇਡਾਂ ਵਿਸਰ ਗਈਆਂ। ਅਸੀਂ ਪੋਲੇ ਪੈਰੀਂ ਉਸ ਕਮਰੇ ਵੱਲ ਗਏ। ਸਭ ਤੋਂ ਵੱਡਾ ਭਰਾ ਸ਼ਰਨਜੀਤ ਸਿੰਘ ਅੱਗੇ ਸੀ। ਸਾਡੀ ਮਾਤਾ ਜ਼ਮੀਨ 'ਤੇ ਬੈਠੀ ਰੋ ਰਹੀ ਸੀ। ਪਿਤਾ ਜੀ ਨਜ਼ਦੀਕ ਕੁਰਸੀ 'ਤੇ ਬੈਠੇ ਸਨ। ਚੁੱਪ। ਅੱਖਾਂ ਵਿਚ ਰੋਕੇ ਰੋਕੇ ਅੱਥਰੂ। ਵੱਡਾ ਭਰਾ ਪੁੱਛਣ ਲਈ, ਕਿ 'ਕੀ ਹੋਇਆ' ਕੋਲ ਗਿਆ। ਪਿਤਾ ਜੀ ਨੇ ਕਿਹਾ, "ਸੋਹਨ ਸਿੰਘ ਨਹੀਂ ਰਿਹਾ। ਤੁਹਾਡਾ ਚਾਚਾ ਸੋਹਨ ਸਿੰਘ ਨਹੀਂ ਰਿਹਾ।"

***

ਵਕਤ ਗੁਜ਼ਰਦਾ ਗਿਆ। ਸਾਲਾਂ ਦੇ ਸਾਲ। ਪੈਂਤੀ ਚਾਲੀ। ਰੱਬ ਜਾਣੇ ਕਿੰਨੇ। ਪਿਤਾ ਜੀ ਗੁਜ਼ਰ ਗਏ। ਐਵੇਂ ਹੀ ਉਨ੍ਹਾਂ ਦੇ ਕਾਗਜ਼ ਫਰੋਲ ਰਿਹਾ ਸਾਂ, ਉਨ੍ਹਾਂ ਦੇ ਸਰਟੀਫਿਕੇਟ, ਸਰਵਿਸ ਰਿਕਾਰਡ। ਇਕ ਤਾਰ ਵੀ ਸੀ-ਭੂਰਾ ਭੁਰਭੁਰਾ ਸਰਕਾਰੀ ਕਾਗਜ਼। ਇਬਾਰਤ ਸੀ: 'ਸੋਹਨ ਸਿੰਘ ਲੌਸਟ ਇਨ ਨਿਊ ਗਿਨੀ ਜੰਗਲਜ਼, ਅਨਟ੍ਰੇਸੇਬਲ। ਪਰਜ਼ਿਊਮਡ ਡੈਡ।'

ਸਾਡੀ ਚਾਚੀ ਨੂੰ ਜਦੋਂ ਇਹ ਤਾਰ ਸੁਣਾਈ ਗਈ ਹੋਏਗੀ ਤਾਂ ਉਸ ਵਿਚ ਵੀ ਕਿੰਨੀ ਉਮੀਦ ਬਚੀ ਹੋਵੇਗੀ। ਗੁਆਚ ਗਿਆ? ਮਿਲਿਆ ਨਹੀਂ? ਲੱਭਣ ਵਿਚ ਅਣਗਹਿਲੀ ਵੀ ਤਾਂ ਹੋ ਸਕਦੀ ਹੈ। ਹੋਰ ਤਲਾਸ਼ ਕਰਨੀ ਚਾਹੀਦੀ ਹੈ। ਉਹ ਸੋਚਦੀ ਰਹੀ। ਇਕ ਖ਼ਿਆਲ, ਇਕ ਉਮੀਦ ਅਤੇ ਇਕ ਯਕੀਨ ਦੇ ਸਹਾਰੇ ਸਾਡੀ ਚਾਚੀ ਨੇ ਪੂਰੀ ਉਮਰ ਵਿਹਾ ਦਿੱਤੀ।

ਅੱਜ, ਹੁਣ ਸੱਚ ਦੇ ਸਾਕਾਰ ਹੋਣ ਦੀ ਘੜੀ ਸੀ। ਸਾਡੇ ਸਾਹਮਣੇ ਡਾਕਟਰ ਗੁਰਬਖ਼ਸ਼ ਸਿੰਘ ਬੈਠਾ ਸੀ ਮਾਜ਼ੀ ਵਿਚ ਗੁੰਮ।

ਡਾਕਟਰ ਸੋਹਨ ਸਿੰਘ ਸਾਡੇ ਚਾਚਾ ਜੀ ਸਨ। ਪਿਤਾ ਜੀ ਹੁਰੀਂ ਛੇ ਭਰਾ ਸਨ, ਦੋ ਭੈਣਾਂ। ਪਿਤਾ ਜੀ ਡਾਕਟਰ ਮੋਹਨ ਸਿੰਘ ਸਭ ਤੋਂ ਵੱਡੇ। ਦਾਦਾ-ਦਾਦੀ ਦੇ ਗੁਜ਼ਰਨ ਤੋਂ ਬਾਅਦ ਸਭ ਦੀ ਰੋਜ਼ੀ ਰੋਟੀ ਡਾਕਟਰ ਮੋਹਨ ਸਿੰਘ ਦੀ ਨੌਕਰੀ 'ਤੇ ਨਿਰਭਰ ਸੀ। ਸੋਹਨ ਸਿੰਘ ਦਸਵੀਂ ਪਾਸ ਕਰ ਕੇ ਅੰਮ੍ਰਿਤਸਰ ਮੈਡੀਕਲ ਸਕੂਲ ਚਲਾ ਗਿਆ। ਤਿੰਨ ਸਾਲ ਦਾ ਕੋਰਸ ਸੀ ਅਤੇ ਉਹ ਪੜ੍ਹਾਈ ਵਿਚ ਲਾਇਕ। 19 ਸਾਲ ਦੀ ਉਮਰ ਵਿਚ ਡਾਕਟਰ ਬਣ ਕੇ ਆ ਗਿਆ। ਡਿਪਲੋਮਾ ਹੋਲਡਰ ਆਮ ਤੌਰ 'ਤੇ ਛੋਟੇ ਕਸਬਿਆਂ ਦੀਆਂ ਡਿਸਪੈਂਸਰੀਆਂ ਵਿਚ ਲਗਾਏ ਜਾਂਦੇ ਸਨ, ਜਾਂ ਫਿਰ ਫ਼ੌਜ ਵਿਚ ਵਾਰੰਟ ਅਫ਼ਸਰ। ਇਹ ਅਹੁਦਾ ਲੈਫ਼ਟੀਨੈਂਟ ਤੋਂ ਹੇਠਾਂ ਸੀ ਅਤੇ ਸੂਬੇਦਾਰ ਤੋਂ ਉਪਰ। ਰਾਜ ਅੰਗਰੇਜ਼ਾਂ ਦਾ ਸੀ। ਕਮਿਸ਼ਨ ਆਮ ਕਰ ਕੇ ਉਨ੍ਹਾਂ ਨੂੰ ਹੀ ਮਿਲਦੀ ਸੀ। ਸਾਡੇ ਅੱਜ ਦੇ ਜਰਨੈਲਾਂ ਦੇ ਪਿਤਾ ਉਦੋਂ ਸੂਬੇਦਾਰੀ ਜਾਂ ਰਿਸਾਲਦਾਰੀ ਤਕ ਹੀ ਪਹੁੰਚਦੇ ਸਨ।

ਸੋਹਨ ਸਿੰਘ ਨੇ ਡਿਪਲੋਮਾ ਹਾਸਲ ਕਰਨ ਤੋਂ ਬਾਅਦ ਸਰਕਾਰੀ ਨੌਕਰੀ ਲੱਗਣ ਦੀ ਉਡੀਕ ਨਾ ਕਰਦਿਆਂ ਪ੍ਰਾਈਵੇਟ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਇਸ ਲਈ ਉਨ੍ਹਾਂ ਨੇ ਜਿਹੜਾ ਕਸਬਾ ਚੁਣਿਆ, ਉਹ ਡਸਕਾ ਸੀ ਜ਼ਿਲ੍ਹਾ ਸਿਆਲਕੋਟ। ਇਥੇ ਰਹਿੰਦਿਆਂ ਹੀ ਉਨ੍ਹਾਂ ਦੀ ਸ਼ਾਦੀ ਹੋ ਗਈ। ਚਾਚੀ ਮਹਿੰਦਰ ਕੌਰ ਨੇ ਆਪਣਾ ਘਰ ਸੰਭਾਲ ਲਿਆ। ਤਿੰਨ ਬੱਚੇ ਵੀ ਹੋਏ, ਤਿੰਨ ਲੜਕੇ, ਪਰ ਤੀਜਾ ਪੁੱਤਰ ਜੰਮ ਕੇ ਚਾਚੀ ਆਪ ਚੱਲ ਵਸੀ। ਉਦੋਂ ਦੂਜੇ ਵਿਆਹ ਆਮ ਸਨ। ਜਣੇਪੇ ਸਮੇਂ ਡਾਕਟਰੀ ਮਦਦ ਦੀ ਅਣਹੋਂਦ ਕਰ ਕੇ ਮੌਤਾਂ ਬਹੁਤ ਹੁੰਦੀਆਂ ਸਨ। ਕੌਣ ਦੇਖਦਾ ਸੀ ਕਿ ਕਿਸੇ ਦੇ ਕਿੰਨੇ ਬੱਚੇ ਸਨ। ਸੋਹਨ ਸਿੰਘ ਡਾਕਟਰ ਸੀ, ਸੋਹਣਾ ਜਵਾਨ ਅਤੇ ਉਮਰ ਕੁਲ ਤੀਹ ਸਾਲ।

ਨਵੀਂ ਆਈ ਚਾਚੀ ਸਤਵੰਤ ਕੌਰ ਬਹੁਤ ਪਿਆਰ ਵਾਲੀ ਸੀ। ਛੋਟਾ ਕੱਦ, ਇਕਹਿਰਾ ਬਦਨ, ਗੋਰਾ ਰੰਗ ਅਤੇ ਕੂਲੇ ਰੇਸ਼ਮੀ ਨੈਣ ਨਕਸ਼। ਹੌਲੇ ਅਤੇ ਮਿੱਠੇ ਬੋਲ। ਚਾਚੀ ਜਿਉਂ ਜਿਉਂ ਉਮਰ ਵਿਚ ਵਧਦੀ ਗਈ, ਹੋਰ ਸੋਹਣੀ ਹੁੰਦੀ ਗਈ। ਦੇਵੀ ਸਰੂਪ। ਜਦੋਂ ਗੁਜ਼ਰੀ, ਰਾਤੀਂ ਗੁਰੂ ਗ੍ਰੰਥ ਸਾਹਿਬ ਦੇ ਪੀੜ੍ਹੇ ਨਾਲ ਸਿਰ ਲਗਾ ਕੇ ਸੌਂ ਗਈ ਸੀ, ਫਿਰ ਸਵੇਰੇ ਜਾਗੀ ਨਹੀਂ।

ਗੁਰੂ ਘਰ 'ਚ ਸ਼ਰਧਾ, ਈਸ਼ਵਰ 'ਤੇ ਭਰੋਸਾ ਅਤੇ ਆਪਣੇ ਪਤੀ ਦੇ ਜ਼ਿੰਦਾ ਹੋਣ ਵਿਚ ਅਟੱਲ ਵਿਸ਼ਵਾਸ ਰੱਖਣ ਵਾਲੀ ਇਸ ਬੀਬੀ ਨੂੰ ਕੌਣ ਕਹਿ ਸਕਦਾ ਸੀ ਕਿ ਉਸ ਦਾ ਪਤੀ ਨਿਊ ਗਿਨੀ ਦੇ ਜੰਗਲਾਂ ਵਿਚ ਗੁੰਮ ਹੋ ਗਿਆ ਸੀ ਅਤੇ ਜਦੋਂ ਮਿਲਿਆ ਸੀ, ਕਿਸ ਹਾਲਤ ਵਿਚ ਮਿਲਿਆ ਸੀ।

ਕੁਝ ਕਹਿਣ ਤੋਂ ਪਹਿਲਾਂ ਡਾਕਟਰ ਗੁਰਬਖ਼ਸ਼ ਸਿੰਘ ਲੰਮੀਆਂ ਸੋਚਾਂ ਵਿਚ ਪੈ ਗਿਆ ਸੀ। ਹਲਕੀ ਮਾਇਆ ਲੱਗੀ ਅਸਮਾਨੀ ਰੰਗ ਦੀ ਪਗੜੀ, ਮੱਥੇ 'ਤੇ ਡੂੰਘੀਆਂ ਲਕੀਰਾਂ, ਚਿੱਟੀਆਂ ਭਵਾਂ, ਛਾਤੀ ਤਕ ਫੈਲੀ ਸਫ਼ੈਦ ਦਾੜ੍ਹੀ, ਭਖਦਾ ਚਿਹਰਾ। ਚਿਹਰੇ ਉਤੇ ਪਰਛਾਵਾਂ। ਅਸੀਂ ਕੁਰੂਕਸ਼ੇਤਰ, ਪਿਪਲੀ ਤੋਂ ਸ਼ਹਿਰ ਜਾਣ ਵਾਲੀ ਸੜਕ ਦੇ ਇਕ ਪਾਸੇ ਕੈਮਿਸਟ ਸ਼ਾਪ ਦੇ ਬਾਹਰ ਮੂੜ੍ਹਿਆਂ 'ਤੇ ਬੈਠੇ ਸੀ। ਡਾਕਟਰ ਸਾਹਿਬ ਦੇ ਪੁੱਤਰ ਅਮਰੀਕਾ ਜਾ ਵਸੇ ਸਨ। ਉਹ ਹੁਣ ਇਕੱਲੇ ਰਹਿ ਗਏ ਸਨ ਅਤੇ ਉਨ੍ਹਾਂ ਦੇ ਪੁੱਤਰ ਉਨ੍ਹਾਂ ਨੂੰ ਅਮਰੀਕਾ ਲੈ ਜਾਣਾ ਚਾਹੁੰਦੇ ਸਨ। ਵੈਸੇ ਵੀ ਉਹ ਬਿਰਧ ਅਵਸਥਾ ਵਿਚ ਸਨ। ਕੁਝ ਵੀ ਹੋ ਸਕਦਾ ਸੀ। ਫਿਰ ਡਾਕਟਰ ਸੋਹਨ ਸਿੰਘ ਦੀ ਕਹਾਣੀ ਵਿਚੇ ਰਹਿ ਜਾਣੀ ਸੀ।

ਡਾਕਟਰ ਗੁਰਬਖ਼ਸ਼ ਸਿੰਘ ਸਾਵਧਾਨ ਹੋ ਚੁੱਕੇ ਸਨ। ਉਨ੍ਹਾਂ ਗੱਲ ਸ਼ੁਰੂ ਕੀਤੀ: ਸੋਹਨ ਸਿੰਘ ਨਾਲ ਮੇਰੀ ਪਹਿਲੀ ਮੁਲਾਕਾਤ ਫ਼ੌਜੀ ਟ੍ਰੇਨਿੰਗ ਸਮੇਂ ਹੋਈ ਸੀ। ਦੂਜੀ ਵੱਡੀ ਲੜਾਈ ਸ਼ੁਰੂ ਹੋ ਚੁੱਕੀ ਸੀ ਅਤੇ ਭਰਤੀ ਜ਼ੋਰਾਂ 'ਤੇ ਸੀ। ਪਹਿਲੀ ਵੱਡੀ ਜੰਗ ਜਿੱਤਣ ਤੋਂ ਬਾਅਦ ਅੰਗਰੇਜ਼ਾਂ ਨੇ ਬਾਰਾਂ ਵਸਾਈਆਂ ਸਨ ਅਤੇ ਫ਼ੌਜੀਆਂ ਨੂੰ ਮੁਰੱਬੇ ਵੰਡੇ ਸਨ। ਪੰਜਾਬ ਦੀ ਲੋਕਾਈ ਨੂੰ ਮੁਰੱਬੇ ਦਿਸ ਰਹੇ ਸਨ ਅਤੇ ਕੰਗਣ-ਗੋਖੜੂ ਨਜ਼ਰ ਆ ਰਹੇ ਸਨ। ਅਸੀਂ ਵੀ ਭਰਤੀ ਹੋ ਗਏ। ਟ੍ਰੇਨਿੰਗ ਮਗਰੋਂ ਸਾਨੂੰ ਮਲਾਇਆ ਭੇਜ ਦਿੱਤਾ ਗਿਆ। ਮਲਾਇਆ, ਬਰਮਾ ਅਤੇ ਥਾਈਲੈਂਡ ਬ੍ਰਿਟਿਸ਼ ਅਧਿਕਾਰ ਹੇਠ ਸਨ। ਕੰਬੋਡੀਆ ਤੋਂ ਵੀਅਤਨਾਮ ਤਕ ਦਾ ਇਲਾਕਾ ਫਰਾਂਸ ਕੋਲ। ਉਸ ਸਮੇਂ ਇਨ੍ਹਾਂ ਮੁਲਕਾਂ ਨੂੰ ਫਰੈਂਚ ਇੰਡੋ-ਚਾਈਨਾ ਕਿਹਾ ਜਾਂਦਾ ਸੀ। ਪ੍ਰਸ਼ਾਂਤ ਸਾਗਰ ਵਿਚ ਬਹੁਤ ਸਾਰੇ ਜਜ਼ੀਰੇ ਸਨ, ਉਨ੍ਹਾਂ ਉਤੇ ਬ੍ਰਿਟਿਸ਼ ਅਤੇ ਅਮਰੀਕੀ ਕਾਬਜ਼ ਸਨ। ਪਰਲ ਹਾਰਬਰ ਬੰਦਰਗਾਹ ਅਮਰੀਕਾ ਦਾ ਬਹੁਤ ਸ਼ਕਤੀਸ਼ਾਲੀ ਸਮੁੰਦਰੀ ਅੱਡਾ ਸੀ।

ਅਮਰੀਕੀ, ਬ੍ਰਿਟਿਸ਼ ਅਤੇ ਫਰਾਂਸੀਸੀ ਬੇੜੇ ਇੰਜ ਚੱਕਰਵਿਊ ਰਚ ਕੇ ਜਾਪਾਨੀ ਬੇੜੇ ਦਾ ਇੰਤਜ਼ਾਰ ਕਰ ਰਹੇ ਸਨ। ਜਾਪਾਨੀ ਇਸ ਕੁੜਿੱਕੀ ਵਿਚ ਫਸਣਾ ਨਹੀਂ ਚਾਹੁੰਦੇ ਸਨ। ਉਨ੍ਹਾਂ ਆਪਣਾ ਘੱਟ-ਆਵਾਜ਼ ਵਾਲਾ ਸਮੁੰਦਰੀ ਬੇੜਾ ਪਰਲ ਹਾਰਬਰ ਭੇਜਿਆ। ਕੋਈ ਤਿੰਨ ਸੌ ਮੀਲ ਉਰ੍ਹਾਂ ਉਹ ਰੁਕ ਗਿਆ। ਉਥੇ ਬੰਬਾਰ ਹਵਾਈ ਜਹਾਜ਼ਾਂ ਨੇ ਪਰਵਾਜ਼ ਕੀਤਾ ਅਤੇ ਪਰਲ ਹਾਰਬਰ ਵਿਚ ਤਾਇਨਾਤ ਅਮਰੀਕੀ ਬੇੜੇ ਨੂੰ ਤਹਿਸ ਨਹਿਸ ਕਰ ਦਿੱਤਾ। ਜਾਪਾਨ ਦੀ ਪਿੱਠ ਸੁਰੱਖਿਅਤ ਹੋ ਗਈ ਅਤੇ ਉਸ ਨੇ ਆਪਣਾ ਧਿਆਨ ਦੂਜੇ ਪਾਸੇ ਕੀਤਾ। ਬ੍ਰਿਟਿਸ਼ ਅਤੇ ਫਰਾਂਸੀਸੀ ਬੇੜੇ ਆਪਣੀਆਂ ਬੰਦਰਗਾਹਾਂ ਵਿਚ ਦੜ ਵੱਟ ਕੇ, ਸਾਹ ਸੂਤ ਕੇ ਜਾਪਾਨੀ ਹਮਲੇ ਦੀ ਉਡੀਕ ਕਰਨ ਲੱਗੇ। ਤਿਆਰ-ਬਰ-ਤਿਆਰ ਇਤਿਹਾਦੀ ਬੰਦਰਗਾਹਾਂ ਉਤੇ ਹਮਲਾ ਕਰਨ ਦੀ ਬਜਾਏ ਜਾਪਾਨੀਆਂ ਨੇ ਜ਼ਮੀਨੀ ਹਮਲੇ ਦੀ ਯੋਜਨਾ ਬਣਾਈ, ਆਪਣੀਆਂ ਫ਼ੌਜਾਂ ਹਿੰਦ-ਚੀਨ ਦੇ ਸਮੁੰਦਰ ਕਿਨਾਰੇ ਉਤਾਰੀਆਂ ਅਤੇ ਉਥੋਂ ਚੱਲਦੀਆਂ ਥਾਈਲੈਂਡ-ਬਰਮਾ ਦੀ ਲਟਕਦੀ ਸਾਂਝੀ ਲੱਤ ਰਾਹੀਂ ਸਿੰਗਾਪੁਰ ਆ ਪਹੁੰਚੇ। ਬ੍ਰਿਟਿਸ਼ ਫ਼ੌਜਾਂ ਸਮੁੰਦਰ ਵੱਲ ਦੇਖਦੀਆਂ ਰਹਿ



ਗਈਆਂ ਅਤੇ ਮਲਾਇਆ ਜਾਪਾਨ ਦੇ ਕਬਜ਼ੇ ਹੇਠ ਆ ਗਿਆ।

ਤੀਹ ਹਜ਼ਾਰ ਜਾਪਾਨੀ ਫ਼ੌਜ ਸਾਹਮਣੇ ਡੇਢ ਲੱਖ ਇਤਿਹਾਦੀ ਫ਼ੌਜ ਨੇ ਹਥਿਆਰ ਰੱਖ ਦਿੱਤੇ। ਹਥਿਆਰ ਸੁੱਟਣ ਵਾਲੀ ਫ਼ੌਜ ਵਿਚ ਅਸੀਂ ਵੀ ਸਾਂ, ਕੋਈ ਚਾਲੀ ਹਜ਼ਾਰ ਭਾਰਤੀ ਮੂਲ ਦੇ ਫ਼ੌਜੀ। ਸਾਡੇ ਦੁੱਖਾਂ ਪ੍ਰੇਸ਼ਾਨੀਆਂ ਦੀ ਕਹਾਣੀ ਇਸ ਮੁਕਾਮ ਤੋਂ ਸ਼ੁਰੂ ਹੁੰਦੀ ਹੈ।

ਡਾਕਟਰ ਗੁਰਬਖ਼ਸ਼ ਸਿੰਘ ਨੇ ਐਨਕ ਉਤਾਰੀ ਤੇ ਸ਼ੀਸ਼ੇ ਸਾਫ਼ ਕੀਤੇ। ਫਿਰ ਕਿਹਾ: "ਅਸੀਂ ਹੁਣ ਜੰਗੀ ਕੈਦੀ ਸਾਂ ਅਤੇ ਜਨੇਵਾ ਕਨਵੈਨਸ਼ਨ ਮੁਤਾਬਕ ਸਾਡੇ ਕੁਝ ਹੱਕ ਸਨ। ਜ਼ਖ਼ਮੀ ਲਈ ਮਲ੍ਹਮ ਪੱਟੀ, ਬਿਮਾਰ ਲਈ ਦਵਾ, ਪਹਿਨਣ ਲਈ ਕੱਪੜਾ, ਵਾਜਬ ਖ਼ੁਰਾਕ ਅਤੇ ਰਹਿਣ ਲਈ ਛੱਤ ਤਾਂ ਉਨ੍ਹਾਂ ਸਾਨੂੰ ਮੁਹੱਈਆ ਕਰਨੀ ਹੀ ਸੀ, ਪਰ ਇਹ ਹੱਕ ਵੀ ਅਸੀਂ ਗਵਾ ਬੈਠੇ।

ਉਹ ਇਸ ਤਰ੍ਹਾਂ ਕਿ ਅਸੀਂ ਆਜ਼ਾਦ ਹਿੰਦ ਫ਼ੌਜ ਵਿਚ ਸ਼ਾਮਲ ਹੋ ਗਏ। ਜਨਰਲ ਮੋਹਨ ਸਿੰਘ ਨੇ ਭਾਰਤੀ ਮੂਲ ਦੇ ਜੰਗੀ ਕੈਦੀਆਂ ਦੀ ਆਜ਼ਾਦ ਹਿੰਦ ਫ਼ੌਜ ਬਣਾ ਲਈ। ਅਸੀਂ ਅੰਗਰੇਜ਼ਾਂ ਨਾਲ ਲੜਨ ਲਈ ਤਿਆਰ ਹੋ ਗਏ, ਪਰ ਇਸ ਨਾਲ ਸਾਡਾ ਜੰਗੀ ਕੈਦੀ ਵਾਲਾ ਹੱਕ ਖੁੱਸ ਗਿਆ। ਸਾਡੀਆਂ ਘਰ ਅੱਪੜਦੀਆਂ ਤਨਖ਼ਾਹਾਂ ਵੀ ਰੁਕ ਗਈਆਂ। ਸਾਡੀ ਹਾਲਤ ਬਹੁਤ ਖ਼ਰਾਬ ਹੁੰਦੀ ਚਲੀ ਗਈ।

ਸੁਭਾਸ਼ ਚੰਦਰ ਬੋਸ ਅਜੇ ਜਰਮਨੀ ਵਿਚ ਹੀ ਸੀ। ਉਸ ਦੇ ਆਉਣ ਅਤੇ ਆਜ਼ਾਦ ਹਿੰਦ ਫ਼ੌਜ ਦੀ ਕਮਾਨ ਸੰਭਾਲਣ ਤਕ ਬਹੁਤ ਕੁਝ ਵਾਪਰ ਗਿਆ। ਜਦੋਂ ਜਾਪਾਨੀਆਂ ਨੇ ਸਾਨੂੰ ਹਥਿਆਰ ਫੜਾ, ਬਗ਼ੈਰ ਕਿਸੇ ਸਾਧਨ ਅਤੇ ਰਸਦ ਦੇ ਬਰਮਾ ਦੇ ਜੰਗਲਾਂ ਨੂੰ ਪਾਰ ਕਰ ਕੇ ਅੰਗਰੇਜ਼ੀ ਫ਼ੌਜ ਨਾਲ ਲੜਨ ਲਈ ਚੱਲਣ ਵਾਸਤੇ ਕਿਹਾ, ਤਾਂ ਅਸੀਂ ਅੜ ਗਏ। ਦਿਲੋਂ ਅਸੀਂ ਅੰਗਰੇਜ਼ਾਂ ਨਾਲ ਲੜਨਾ ਨਹੀਂ ਸੀ ਚਾਹੁੰਦੇ।

ਜੰਗੀ ਕੈਦੀ ਅਸੀਂ ਰਹੇ ਨਹੀਂ ਸਾਂ। ਆਜ਼ਾਦ ਹਿੰਦ ਫ਼ੌਜ ਦੇ ਸਿਪਾਹੀ ਵੀ ਨਾ ਰਹੇ। ਅਸੀਂ ਜਾਪਾਨੀਆਂ ਦੇ ਗ਼ੁਲਾਮ ਹੋ ਗਏ। ਉਹ ਸਾਡੇ ਹੱਥ ਬੰਨ੍ਹ, ਗਲੇ ਵਿਚ ਰੱਸੇ ਪਾ ਆਪਣੇ ਜਹਾਜ਼ਾਂ ਵਿਚ ਸੁੱਟ ਨਿਊ ਗਿਨੀ ਦੇ ਜੰਗਲਾਂ ਵਿਚ ਲੈ ਗਏ। ਉਥੇ ਭਾਰੇ ਕੁਹਾੜੇ ਸਨ ਅਤੇ ਵੱਡੇ ਵੱਡੇ ਆਰੇ। ਸਾਨੂੰ ਦਰਖ਼ਤ ਕੱਟ ਕੇ ਗੋਲੀਆਂ ਅਤੇ ਸਲੀਪਰ ਬਣਾਉਣ ਦੇ ਕੰਮ 'ਤੇ ਲਗਾ ਦਿੱਤਾ। ਅਸੀਂ ਫ਼ੌਜੀ ਸਿਪਾਹੀ-ਡਾਕਟਰ ਅਤੇ ਇੰਜੀਨੀਅਰ; ਹਾੜੇ ਤਾਂ ਨਹੀਂ ਸੀ। ਜਾਪਾਨੀਆਂ ਦੇ ਵਤੀਰੇ ਤੋਂ ਅਸੀਂ ਬਹੁਤ ਦੁਖੀ ਸਾਂ। ਸੂਬ੍ਹਾ ਹੁੰਦੀ ਠੁੱਡਿਆਂ ਨਾਲ ਕੰਮ ਵੱਲ ਤੋਰਿਆ ਜਾਂਦਾ। ਕੰਮ ਵਿਚ ਢਿੱਲ ਹੁੰਦੀ ਤਾਂ ਮਾਰ ਪੈਂਦੀ ਬੈਂਤਾਂ ਨਾਲ। ਰਾਤ ਪੈਣ 'ਤੇ ਗਿਣਤੀ ਹੁੰਦੀ ਹੋਰ ਬੇਇੱਜ਼ਤੀ ਨਾਲ।"

ਡਾਕਟਰ ਸਾਹਿਬ ਥੱਕ ਜਾਂਦੇ ਸਨ। ਉਨ੍ਹਾਂ ਦਾ ਸਿਰ ਕਦੇ ਕੁਰਸੀ ਦੀ ਢੋਅ ਨਾਲ ਜਾ ਲੱਗਦਾ ਸੀ ਅਤੇ ਕਦੇ ਛਾਤੀ ਉਤੇ ਲੁੜਕ ਜਾਂਦਾ ਸੀ। ਵਕਫ਼ਾ ਪਾ ਕੇ ਮੈਂ ਪੁੱਛਿਆ, "ਜਿਨ੍ਹਾਂ ਦਾ ਤੁਹਾਡੇ ਨਾਲ ਵਤੀਰਾ ਅਜਿਹਾ ਸੀ, ਉਹ ਤੁਹਾਨੂੰ ਖਾਣ ਲਈ ਕੀ ਦਿੰਦੇ ਹੋਣਗੇ?"

"ਖਾਣ-ਪੀਣ ਨੂੰ ਬਚਿਆ-ਖੁਚਿਆ। ਜਾਪਾਨੀਆਂ ਦੇ ਜਹਾਜ਼ ਆਉਂਦੇ, ਰਾਸ਼ਨ ਦੇ ਜਾਂਦੇ ਅਤੇ ਗੋਲੀਆਂ ਸਲੀਪਰ ਲੈ ਜਾਂਦੇ। ਸਾਡੇ ਲਈ ਕੁਝ ਰਹਿੰਦ-ਖੂੰਹਦ ਉਨ੍ਹਾਂ ਦੀ ਮੈਸ ਤੋਂ ਆ ਜਾਂਦੀ, ਕੁਝ ਚੌਲ ਵਗੈਰਾ ਸਾਨੂੰ ਮਿਲ ਜਾਂਦੇ, ਪਰ ਇਹ ਉਹ ਵਕਤ ਸੀ ਜਦੋਂ ਜਾਪਾਨੀ ਚੜ੍ਹਤ 'ਤੇ ਸਨ। ਫਿਰ ਉਨ੍ਹਾਂ ਦੀ ਉਹ ਚੜ੍ਹਤ ਨਾ ਰਹੀ। ਜਹਾਜ਼ ਆਉਣੇ ਬੰਦ ਹੋ ਗਏ। ਵੱਡੀਆਂ ਕਿਸ਼ਤੀਆਂ ਕਦੇ ਕਦਾਈਂ ਆਉਂਦੀਆਂ; ਕੁਝ ਦੇ ਜਾਂਦੀਆਂ, ਕੁਝ ਲੈ ਜਾਂਦੀਆਂ। ਬਾਅਦ ਵਿਚ ਉਹ ਵੀ ਆਉਣੀਆਂ ਬੰਦ ਹੋ ਗਈਆਂ। ਗੋਲੀਆਂ ਸਲੀਪਰ ਜਾਣੇ ਬੰਦ ਹੋ ਗਏ। ਸਾਡੀ ਮੁਸ਼ੱਕਤ ਬੰਦ ਹੋ ਗਈ। ਜਾਪਾਨੀਆਂ ਦੇ ਮੈਸ ਵਿਚੋਂ ਜੋ ਜੂਠ ਆਉਂਦਾ ਸੀ, ਉਹ ਵੀ ਬੰਦ ਹੋ ਗਿਆ। ਅਸੀਂ ਤਾਂ ਸਾਗ-ਪੱਤੇ ਜੋਗੇ ਰਹਿ ਗਏ। ਹਾਲਤ ਜਾਪਾਨੀਆਂ ਦੀ ਵੀ ਬੁਰੀ ਸੀ। ਚੌਲ ਤਾਂ ਅਫ਼ਸਰਾਂ ਨੂੰ ਹੀ ਮਿਲਦੇ ਸਨ। ਬਾਕੀ ਤਾਂ ਪਿੱਛੇ 'ਤੇ ਜਿਉਂਦੇ ਸਨ। ਇਕ ਵਕਤ ਅਜਿਹਾ ਆ ਗਿਆ ਜਦੋਂ ਸਾਡਾ ਹਰ ਤਰ੍ਹਾਂ ਦਾ ਤਾਲਮੇਲ ਟੁੱਟ ਗਿਆ। ਭੁੱਖ ਵੀ ਘੱਟ ਲੱਗੇ। ਜਾਪਾਨੀ ਆਪਣੇ ਟੈਂਟਾਂ ਵਿਚ ਪਏ ਰਹਿੰਦੇ ਅਤੇ ਅਸੀਂ ਨਿਢਾਲ ਆਪਣੀਆਂ ਸ਼ੈਡੀਆਂ ਵਿਚ।

ਇਕ ਦਿਨ ਸਾਡੇ ਦੋ ਸਿਪਾਹੀ ਆਪਸ ਵਿਚ ਖਹਿਬੜ ਪਏ। ਜਾਪਾਨੀ ਉਨ੍ਹਾਂ ਨੂੰ ਫੜ ਕੇ ਲੈ ਗਏ। ਕਿੱਥੇ ਲੈ ਤੁਰੇ, ਪਤਾ ਨਹੀਂ ਲੱਗਾ। ਦੂਰ ਜੰਗਲ ਵਿਚੋਂ ਗੋਲੀਆਂ ਚੱਲਣ ਦੀ ਆਵਾਜ਼ ਆਈ। ਜਦੋਂ ਜਾਪਾਨੀ ਵਾਪਸ ਆਏ, ਉਨ੍ਹਾਂ ਦੀਆਂ ਅੱਖਾਂ ਭਖ ਰਹੀਆਂ ਸਨ ਤੇ ਪਿੰਡੇ ਭਰੇ ਹੋਏ ਸਨ। ਸਾਡੇ ਆਦਮੀ ਉਨ੍ਹਾਂ ਨਾਲ ਨਹੀਂ ਸਨ। ਉਸ ਰਾਤ ਜਾਪਾਨੀਆਂ ਦੇ ਮੈਸ ਵੱਲੋਂ ਮਾਸ ਰਿੱਝਣ ਦੀ ਵਾਸ਼ਨਾ ਆਉਂਦੀ ਰਹੀ। ਦੂਜੇ ਚੌਥੇ ਦਿਨ ਸਾਡੇ ਵਿਚੋਂ ਕਿਸੇ ਨਾ ਕਿਸੇ ਬਹਾਨੇ ਲੋਕ ਲਿਜਾਏ ਜਾਂਦੇ ਅਤੇ ਉਹ ਫਿਰ ਦਿਖਾਈ ਨਾ ਦਿੰਦੇ। ਇਕ ਦਿਨ ਸੋਹਨ ਸਿੰਘ ਮੇਰੇ ਕੋਲ ਆਇਆ। ਉਸ ਨੇ ਕਿਹਾ, "ਗੁਰਬਖ਼ਸ਼, ਅਸਾਂ ਅੱਜ ਰਾਤ ਦੌੜ ਜਾਣਾ ਹੈ।" ਮੈਂ ਕਿਹਾ, "ਜਾਓਗੇ ਕਿੱਥੇ?"

ਉਸ ਕਿਹਾ, "ਕਿਧਰੇ ਵੀ, ਪਰ ਫਿਰ ਜਾਪਾਨੀਆਂ ਦੇ ਹੱਥ ਨਹੀਂ ਆਉਣਾ।" ਮੈਂ ਬਥੇਰਾ ਸਮਝਾਇਆ, "ਸੋਹਨ, ਜੰਗ ਜਾਪਾਨੀਆਂ ਦੇ ਹੱਕ ਵਿਚ ਜਾਂਦੀ ਨਹੀਂ ਲੱਗਦੀ। ਨੇਵੀ ਅਤੇ ਏਅਰ ਫੋਰਸ ਤਬਾਹ ਹੋ ਚੁੱਕੀ ਲੱਗਦੀ ਹੈ। ਨਹੀਂ ਤਾਂ ਇਨ੍ਹਾਂ ਦੀ ਆ ਕੇ ਕੋਈ ਵਾਤ ਪੁੱਛਦਾ। ਕੱਲ੍ਹ ਦਾ ਕੀ ਪਤਾ!"

ਸੋਹਨ ਸਿੰਘ ਨੇ ਕਿਹਾ, "ਗੁਰਬਖ਼ਸ਼, ਕੱਲ੍ਹ ਦਾ ਹੀ 'ਤੇ ਡਰ ਹੈ। ਅੱਜ ਅਸੀਂ ਬੈਠੇ ਸੀ ਤਾਂ ਕੁਝ ਜਾਪਾਨੀ ਸਾਡੇ ਕੋਲੋਂ ਸਾਨੂੰ ਘੂਰਦੇ ਲੰਘੇ।" ਮੈਂ ਕਿਹਾ, "ਕੋਈ ਭੁਲੇਖਾ ਵੀ ਹੋ ਸਕਦਾ ਹੈ। ਇਨ੍ਹਾਂ ਦੀ ਕਮਰ ਟੁੱਟ ਚੁੱਕੀ ਹੈ।"

"ਨਹੀਂ ਗੁਰਬਖ਼ਸ਼, ਅਸਾਂ ਕੋਈ ਚਾਂਸ ਨਹੀਂ ਲੈਣਾ। ਜਾਪਾਨੀਆਂ ਦੀਆਂ ਨਜ਼ਰਾਂ ਵਿਚੋਂ ਉਨ੍ਹਾਂ ਦੀ ਨੀਅਤ ਸਾਫ਼ ਝਲਕ ਰਹੀ ਸੀ।" ਉਸ ਰਾਤ ਸੋਹਨ ਸਿੰਘ ਅਤੇ ਉਸ ਦੇ ਦੋ ਸਾਥੀ ਦੌੜ ਗਏ। ਦੂਜੇ ਦਿਨ ਜਾਪਾਨੀ ਰਾਈਫ਼ਲਾਂ 'ਤੇ ਸੰਗੀਨਾਂ ਚੜ੍ਹਾ ਉਨ੍ਹਾਂ ਦੇ ਮਗਰ ਵੀ ਗਏ, ਪਰ ਜਲਦੀ ਹੀ ਵਾਪਸ ਆ ਗਏ। ਖ਼ਾਲੀ ਹੱਥ।

ਵਾਇਰਲੈੱਸ ਖੜਕ ਰਹੀਆਂ ਸਨ। ਜਾਪਾਨੀ ਇਧਰ ਉਧਰ ਬੌਖਲਾਏ ਆਉਂਦੇ ਜਾਂਦੇ ਨਜ਼ਰ ਆ ਰਹੇ ਸਨ। ਕਿਧਰੇ ਕੋਈ ਗੋਡਿਆਂ ਵਿਚ ਸਿਰ ਦੇ ਰੋਂਦਾ ਵੀ ਦਿਖਾਈ ਦਿੰਦਾ ਸੀ। ਦੁਪਹਿਰ ਦਾ ਵਕਤ ਸੀ। ਇਕ ਜਾਪਾਨੀ ਅਫ਼ਸਰ ਮੇਰੇ ਕੋਲ ਆਇਆ। ਉਸ ਕਿਹਾ, "ਵਾਰੰਟ ਆਫ਼ੀਸਰ ਡਾਕਟਰ ਗੁਰਬਖ਼ਸ਼ ਸਿੰਘ ਸਰ?" ਉਸ ਦਾ ਲਹਿਜਾ ਤਾਂ ਚਲੋ ਜੈਸਾ ਵੀ ਸੀ, 'ਸਰ' ਸ਼ਬਦ ਸੁਣ ਕੇ ਮੈਂ ਹੈਰਾਨ ਹੋ ਗਿਆ। ਮੈਂ ਕਿਹਾ, "ਯੈੱਸ ਸਰ।" ਉਸ ਕਿਹਾ, "ਸਰ, ਜੰਗ ਖ਼ਤਮ ਹੋ ਚੁੱਕੀ ਹੈ। ਜਾਪਾਨ ਨੇ ਹਾਰ ਮਨਜ਼ੂਰ ਕਰ ਲਈ ਹੈ। ਹੁਕਮ ਹੈ ਜਾਪਾਨੀ ਫ਼ੌਜ ਜਿਥੇ ਵੀ ਹੈ, ਇਤਿਹਾਦੀ ਫ਼ੌਜ ਦੇ ਸੀਨੀਅਰ ਆਫ਼ੀਸਰ ਸਾਹਮਣੇ ਹਥਿਆਰ ਸਰੰਡਰ ਕਰ ਦੇਵੇ। ਇਥੇ ਸਭ ਤੋਂ ਸੀਨੀਅਰ ਤੁਸੀਂ ਹੋ; ਕਮਾਂਡਰ ਸਾਹਿਬ ਆਪਣੀ ਯੂਨਿਟ ਸਮੇਤ ਆਤਮ ਸਮਰਪਣ ਲਈ ਹਾਜ਼ਰ ਹਨ।"

ਸੋਹਨ ਸਿੰਘ ਮੈਥੋਂ ਸੀਨੀਅਰ ਸੀ। ਪਿਛਲੀ ਰਾਤ ਜੇ ਉਹ ਦੌੜਦਾ ਨਾ, ਤਾਂ ਜਾਪਾਨੀ ਸੀ.ਓ. ਨੇ ਆਪਣਾ ਪਿਸਤੌਲ ਉਸ ਦੇ ਕਦਮਾਂ 'ਤੇ ਰੱਖਣਾ ਸੀ। ਇਕ ਜ਼ੁਲਮ ਜੋ ਜਾਪਾਨੀਆਂ ਨੇ ਸਾਡੇ ਉਪਰ ਹੋਰ ਕੀਤਾ, ਉਹ ਸੀ ਸਾਡੇ ਕੋਲੋਂ ਛੁਪਾਈ ਰੱਖਣਾ ਕਿ ਜਦੋਂ ਅਸਾਂ ਉਨ੍ਹਾਂ ਨਾਲ ਰਲ ਕੇ ਅੰਗਰੇਜ਼ਾਂ ਨਾਲ ਲੜਨ ਤੋਂ ਇਨਕਾਰ ਕਰ ਦਿੱਤਾ ਸੀ, ਤਾਂ ਬ੍ਰਿਟਿਸ਼ ਸਰਕਾਰ ਨੇ ਸਾਡਾ ਜੰਗੀ ਕੈਦੀ ਹੋਣਾ ਦੁਬਾਰਾ ਐਲਾਨ ਕਰ ਦਿੱਤਾ ਸੀ ਅਤੇ ਸਾਡੀਆਂ ਘਰ ਜਾਂਦੀਆਂ ਤਨਖ਼ਾਹਾਂ ਫਿਰ ਤੋਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਸਨ।"

ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਡਾਕਟਰ ਗੁਰਬਖ਼ਸ਼ ਸਿੰਘ ਆਪਣੀ ਕਹਾਣੀ ਖ਼ਤਮ ਕਰ ਚੁੱਕਿਆ ਸੀ, ਪਰ ਜੋ ਸਵਾਲ ਮੈਂ ਲੈ ਕੇ ਆਇਆ ਸੀ, ਉਸ ਅੱਗੇ ਤਾਂ ਅਜੇ ਵੀ ਸਵਾਲੀਆ ਨਿਸ਼ਾਨ ਖੜ੍ਹਾ ਸੀ। ਮੈਂ ਪੁੱਛਿਆ, "ਚਾਚਾ ਜੀ ਦਾ ਕੀ ਬਣਿਆ?"

"ਦੱਸਦਾ ਹਾਂ, ਦੱਸਦਾ ਹਾਂ। ਹੁਣ ਦੱਸ ਸਕਦਾ ਹਾਂ।...ਜਾਪਾਨੀ ਅਤੇ ਆਪਣੇ ਫ਼ੌਜੀਆਂ ਦੀ ਇਕ ਟੋਲੀ ਮੈਂ ਉਨ੍ਹਾਂ ਦੀ ਤਲਾਸ਼ ਵਾਸਤੇ ਭੇਜੀ। ਤਿੰਨ ਦਿਨਾਂ ਬਾਅਦ ਵਾਪਸ ਆਈ। ਉਨ੍ਹਾਂ ਕੋਲੋਂ ਪਤਾ ਲੱਗਾ ਕਿ ਸੋਹਨ ਸਿੰਘ ਅਤੇ ਉਸ ਦੇ ਸਾਥੀ ਜੰਗਲ ਵਿਚ ਬਹੁਤ ਦੂਰ ਨਿਕਲ ਗਏ। ਅੱਗੇ ਬਹੁਤ ਗਹਿਰੀ ਖੱਡ ਸੀ। ਨਿਊ ਗਿਨੀ ਨੂੰ ਦੋ ਮੁਲਕਾਂ-ਡੱਚ ਅਤੇ ਬ੍ਰਿਟਿਸ਼ ਨਿਊ ਗਿਨੀ ਵਿਚ ਵੰਡਦੀ। ਖੱਡ ਵਿਚ ਦੂਰ ਹੇਠਾਂ ਸ਼ੂਕਦੀ ਨਦੀ ਵਗ ਰਹੀ ਸੀ। ਉਹ ਲੋਕ ਪਰਲੇ ਪਾਰ ਜਾ ਨਹੀਂ ਸਨ ਸਕਦੇ ਅਤੇ ਨਾ ਹੀ ਵਾਪਸ ਆ ਸਕਦੇ ਸਨ। ਉਹ ਆਪਣੀਆਂ ਪਗੜੀਆਂ ਦੇ ਰੱਸੇ ਵੱਟ ਕੇ ਟਾਹਣ ਨਾਲ ਲਟਕ ਗਏ ਸਨ।"

...ਡਾਕਟਰ ਗੁਰਬਖ਼ਸ਼ ਸਿੰਘ ਦੀ ਕਹਾਣੀ ਖ਼ਤਮ ਹੋ ਚੁੱਕੀ ਸੀ ਅਤੇ ਨਾਲ ਹੀ ਵਾਰੰਟ ਆਫ਼ੀਸਰ ਡਾਕਟਰ ਸੋਹਨ ਸਿੰਘ ਚੋਪੜਾ ਦੀ ਵੀ।

ਦੇਵਿੰਦਰ ਸਤਿਆਰਥੀ-5

# 1929 ਵਿਚ ਸੰਪੂਰਨ ਸਵਰਾਜ ਦੇ ਦੋ ਮਤੇ



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com

*ਦੇਵਿੰਦਰ ਸਤਿਆਰਥੀ ਨੇ ਹਿੰਦੀ, ਉਰਦੂ ਅਤੇ ਪੰਜਾਬੀ-ਤਿੰਨਾਂ ਹੀ ਭਾਸ਼ਾਵਾਂ ਵਿਚ ਸਾਹਿਤ ਰਚਨਾ ਕੀਤੀ। ਉਨ੍ਹਾਂ ਦਾ ਅਸਲ ਨਾਂ ਦੇਵਿੰਦਰ ਬੱਤਾ ਸੀ। ਦੇਸ਼ ਦੇ ਕੋਨੇ ਕੋਨੇ ਦੀ ਯਾਤਰਾ ਕਰ ਕੇ ਉਥੋਂ ਦੇ ਲੋਕ ਜੀਵਨ, ਲੋਕ ਸਾਹਿਤ, ਗੀਤਾਂ ਅਤੇ ਪਰੰਪਰਾਵਾਂ ਬਾਰੇ ਜਾਣਕਾਰੀ ਇਕੱਤਰ ਕਰਕੇ ਉਨ੍ਹਾਂ ਕਿਤਾਬਾਂ ਅਤੇ ਵਾਰਤਾਵਾਂ ਵਿਚ ਸਾਂਭ ਦਿੱਤੀ। ਦਿੱਲੀ ਦੇ ਸਾਹਿਤਕ ਹਲਕਿਆਂ ਵਿਚ ਉਨ੍ਹਾਂ ਦੀ ਸਾਹਿਤ ਰਚਨਾ ਲਈ ਖਬਤ ਕਰਕੇ ਉਨ੍ਹਾਂ ਬਾਰੇ ਕਈ ਲਤੀਫੇ ਬਣੇ ਹੋਏ ਸਨ। ਨਾਮੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ 'ਸਤਿਯੁਗੀ ਬੰਦੇ' ਨਾਂ ਦੀ ਆਪਣੀ ਲੇਖ ਲੜੀ ਵਿਚ ਇਕ ਲੇਖ ਸਤਿਆਰਥੀ ਬਾਰੇ ਲਿਖਿਆ ਸੀ। ਇਸ ਲੜੀ ਨੂੰ ਅਗੇ ਤੋਰਦਿਆਂ ਉਨ੍ਹਾਂ ਮਰਹੂਮ ਦੇਵਿੰਦਰ ਸਤਿਆਰਥੀ ਬਾਰੇ ਕੁਝ ਹੋਰ ਲੇਖ ਭੇਜੇ ਹਨ। -ਸੰਪਾਦਕ*

ਲੇਖਕਾਂ ਦੇ ਹਾਣ ਅਤੇ ਸਾਥ ਬਾਰੇ ਸਤਿਆਰਥੀ ਦਾ ਕਹਿਣਾ ਸੀ ਕਿ ਉਮਰ-ਭੋਗੀ ਬੈਠੇ ਸਾਹਿਤਕਾਰਾਂ ਨਾਲ ਮਿਲਣ-ਜੁਲਣ ਦੀ ਥਾਂ ਉਨ੍ਹਾਂ ਨੇ ਨਵਿਆਂ ਨਾਲ ਜੁੜ ਕੇ ਤੁਰਨ ਦੀ ਵਾਦੀ ਚਿਰੋਕਣੀ ਪਾਈ ਹੋਈ ਹੈ। ਆਖਦੇ ਸਨ, "ਭੁੱਲਰ ਜੀ, ਬੁੱਢੇ ਬਲ੍ਹਦਾਂ ਨਾਲ ਪੰਜਾਲੀ ਜੁੜਨ ਦਾ ਕੀ ਫ਼ਾਇਦਾ! ਸਾਥ ਵਹਿੜਕਿਆਂ ਦਾ ਹੀ ਠੀਕ ਰਹਿੰਦਾ ਹੈ। ਬੁੱਢੇ ਲੋਕ ਸਾਹਿਤ ਦੀ ਗੱਲ ਘੱਟ, ਸਿਹਤ ਦੀ ਜ਼ਿਆਦਾ ਕਰਦੇ ਨੇ। ਤੁਸੀਂ ਦਿਲ ਦੇ ਦਰਦ ਦੀ ਬਾਤ ਪਾਉਂਦੇ ਹੋ, ਉਹ ਗੋਡਿਆਂ ਦੇ ਦਰਦ ਦੀ ਕਥਾ ਸੁਣਾਉਂਦੇ ਨੇ। ਤੁਸੀਂ ਰਚਨਾ ਦੇ ਅੱਜ ਜਾਂ ਭਲਕ ਦਾ ਜ਼ਿਕਰ ਕਰਦੇ ਹੋ, ਉਹ ਆਪਣਾ ਰਚਨਾਕਾਰ ਅਤੀਤ ਲੈ ਬੈਠਦੇ ਨੇ। ਕਹਿਣਗੇ, ਮੈਂ ਐਹ ਕੀਤਾ, ਮੈਂ ਔਹ ਕੀਤਾ, ਮੇਰੀ ਕਦਰ ਨਹੀਂ ਪਈ। ਭੁੱਲਰ ਜੀ, ਲੇਖਕ ਦੀ ਕਦਰ ਕੋਈ ਹੋਰ ਥੋੜ੍ਹੋ ਪਾਉਂਦਾ ਹੈ, ਲੇਖਕ ਨੇ ਤਾਂ ਜੀ ਆਪਣੀ ਕਦਰ ਆਪ ਪਾਉਣੀ ਹੁੰਦੀ ਹੈ!"

ਇਕ ਦਿਨ ਕਹਿਣ ਲੱਗੇ, "ਨਾਲੇ ਮੇਰੇ ਨਾਲ ਤਾਂ ਇਨ੍ਹਾਂ ਦਾ ਇਕ ਰਿਸ਼ਤਾ ਹੋਰ ਵੀ ਹੈ ਸੀ।"

ਗੱਲ ਇਉਂ ਹੋਈ, ਇਕ ਦਿਨ ਮੈਂ ਨਵਯੁਗ ਪਹੁੰਚਿਆ ਤਾਂ ਇਹ ਪਹਿਲਾਂ ਹੀ ਬਿਰਾਜਮਾਨ ਸਨ। ਭਾਪਾ ਜੀ ਕਈ ਵਾਰ ਮਖੌਲ ਵਿਚ ਜਾਣੂਆਂ ਨੂੰ ਮਿਲਾਉਣ ਲਗਦੇ। ਬੋਲੇ, 'ਸਤਿਆਰਥੀ ਜੀ, ਤੁਹਾਡੇ ਪਿੰਡਾਂ ਦਾ ਮੁੰਡਾ ਮਿਲਾਵਾਂ।' ਉਹ ਹੱਸੇ, 'ਲਓ ਜੀ, ਇਹ ਤਾਂ ਹੋਏ ਮੇਰੇ ਪੌੜੀ-ਸਾਂਢੂ, ਮੈਂ ਇਨ੍ਹਾਂ ਤੋਂ ਅਣਜਾਣ ਕਿਵੇਂ ਰਹਿ ਸਕਦਾਂ!' ਮੇਰਾ ਹੈਰਾਨ ਹੋਣਾ ਕੁਦਰਤੀ ਸੀ, 'ਸਤਿਆਰਥੀ ਜੀ, ਮੈਂ ਤੁਹਾਡਾ ਬੱਚਾ, ਇਹ ਸਾਂਢੂਪੁਣੇ ਦਾ ਪਾਪ ਤਾਂ ਮੇਰੇ ਸਿਰ ਨਾ ਚਾੜ੍ਹੋ।...ਨਾਲੇ ਆਪਾਂ ਸਾਂਢੂ ਲੱਗੇ ਕਿਧਰੋਂ?' ਭਾਪਾ ਜੀ ਨੇ ਵੀ ਸਵਾਲ ਕੀਤਾ, ਤੇ ਇਹ ਪੌੜੀ-ਸਾਂਢੂ ਕੀ ਹੋਇਆ?" ਸਤਿਆਰਥੀ ਜੀ ਮੁੱਛਾਂ ਵਿਚ ਹੱਸੇ, "ਇਨ੍ਹਾਂ ਨੂੰ ਵੀ ਉਹ ਪੌੜੀਆਂ ਚੜ੍ਹਨੀਆਂ ਵਰਜਿਤ ਹੋ ਗਈਆਂ ਨੇ ਜੋ ਮੈਨੂੰ ਵਰਜਿਤ ਨੇ।" ਉਨ੍ਹਾਂ ਦਾ ਇਸ਼ਾਰਾ ਉਨ੍ਹਾਂ ਨਾਲ ਤੇ ਮੇਰੇ ਨਾਲ ਅੰਮ੍ਰਿਤਾ ਜੀ ਦੇ ਰੋਸੇ ਵੱਲ ਸੀ। ਭਾਪਾ ਜੀ ਨੇ ਮੱਥੇ ਉਤੇ ਹੱਥ ਮਾਰਿਆ, "ਇਹਦੀ ਤਾਂ ਬੇਸ਼ੱਕ ਹੋ ਜਾਵੇ, ਤੁਹਾਡੀ ਗਤੀ ਤਾਂ, ਸਤਿਆਰਥੀ ਜੀ, ਉਹ ਪੌੜੀਆਂ ਚੜ੍ਹਨ ਦੀ ਆਗਿਆ ਮਿਲੇ ਬਿਨਾਂ ਹੋਣੀ ਨਹੀਂ! ਮਰ ਕੇ ਵੀ ਤੁਹਾਡੀ ਆਤਮਾ ਦਾ ਪ੍ਰੇਤ ਉਨ੍ਹਾਂ ਪੌੜੀਆਂ ਦੁਆਲੇ ਚੱਕਰ ਕਟਦਾ ਰਹਿਣਾ ਵੇ।" ਝਿਜਕਣ ਦੀ ਜਾਂ ਕੱਚੇ ਹੋਣ ਦੀ ਥਾਂ ਸਤਿਆਰਥੀ ਨੇ ਅਰਜ਼ੀ ਪਾਈ, "ਭਾਪਾ ਜੀ, ਤੁਸੀਂ ਕਿਰਪਾ-ਨਿਧਾਨ ਹੋ, ਸਭ ਕਰਨ-ਕਰਾਵਣਹਾਰ ਹੋ, ਕਰੋ ਕੋਈ ਹੀਲਾ!" ਤੇ ਖਿੜਖਿੜਾ ਕੇ ਖਚਰੀ ਹਾਸੀ ਹੱਸ ਪਏ।

ਹਰ ਸੋਹਣੀ ਇਸਤਰੀ ਨੂੰ ਪਹਿਲੀ ਵਾਰ ਦੇਖਦਿਆਂ ਹੀ ਉਹ ਆਖਦੇ ਸਨ, ਇਹ ਤਾਂ ਜੀ ਚਿਰੋਕਣੀ ਮੇਰੀ ਜਾਣੀ-ਪਛਾਣੀ ਹੈ। ਤੇ ਜਦੋਂ ਗੱਲ ਘਰੇ ਜਾ ਅੱਪੜਦੀ ਤਾਂ ਲੋਕ ਮਾਤਾ ਚੁੱਲ੍ਹੇ ਦੀ ਅੱਗ ਬੁਝਾ ਕੇ ਆਪਣੀ ਅੱਗ ਬਾਲ ਬੈਠਦੀ ਜਿਸ ਦਾ ਸੇਕ ਉਨ੍ਹਾਂ ਲਈ ਸਹਿਣਾ ਔਖਾ ਹੋ ਜਾਂਦਾ। ਕਾਂਗਰਸ ਦੇ ਜੈਪੁਰ ਸਮਾਗਮ ਸਮੇਂ ਅਮਰੀਕਾ ਅਤੇ ਚੈਕੋਸਲੋਵਾਕੀਆ ਦੀਆਂ ਦੋ ਮੁਟਿਆਰਾਂ ਆਈਆਂ ਹੋਈਆਂ ਸਨ। ਸਬੱਬ ਨਾਲ ਉਹ ਆਪੋ-ਆਪਣੀ ਭਾਸ਼ਾ ਦੇ ਲੋਕਯਾਨ ਦੀਆਂ ਮਾਹਿਰ ਸਨ। ਸਤਿਆਰਥੀ ਦੀ ਸੰਤੁਸ਼ਟੀ, "ਉਹ ਲੋਕਯਾਨ ਬਾਰੇ ਮੇਰੇ ਅੰਗਰੇਜ਼ੀ ਵਿਚ ਛਪੇ ਲੇਖ ਪੜ੍ਹ ਕੇ ਭਾਰਤ ਆਉਣ ਤੋਂ ਪਹਿਲਾਂ ਹੀ ਮੇਰੇ ਨਾਂ ਤੋਂ ਚੰਗੀ ਤਰ੍ਹਾਂ ਜਾਣੂ ਸਨ। ਲਓ ਜੀ, ਸੁਭਾਗ ਸਮਝ ਲਵੋ ਜਾਂ ਦੁਰਭਾਗ, ਉਨ੍ਹਾਂ ਨੇ ਮੈਨੂੰ ਵਿਚਕਾਰ ਖੜ੍ਹਾ ਕਰ ਕੇ ਮੁਸਕਰਾਉਂਦਿਆਂ ਹੋਇਆਂ ਤਸਵੀਰ ਖਿਚਵਾ ਲਈ।" ਸਤਿਆਰਥੀ ਦਾ ਹਉਕਾ, "ਮੇਰੇ ਨਾਲ ਖਹਿ ਕੇ ਖਲੋਤੀਆਂ ਕੁੜੀਆਂ ਨੂੰ ਮੁਸਕਰਾਉਂਦੀਆਂ ਦੇਖ ਲੋਕ ਮਾਤਾ ਦੇ ਤਾਂ ਜੀ ਇਕਦਮ ਮੱਥੇ ਤਿਊੜੀ ਪੈ ਗਈ। ਜਿੰਨਾ ਚਿਰ ਉਹਨੇ ਉਹ ਮੂਰਤ ਐਲਬਮ ਵਿਚੋਂ ਕੱਢ ਨਾ ਦਿੱਤੀ, ਉਹਨੂੰ ਚੈਨ ਨਾ ਆਇਆ।"

ਉਹ ਕਹਿੰਦੇ ਸਨ, ਵਿਆਹ ਸਮੇਂ ਲਾੜੀ ਦੀਆਂ ਸਹੇਲੀਆਂ ਨੇ ਉਹਦੀ ਤਲੀ ਉਤੇ ਕਾਲੇ ਤਿਲ ਰੱਖ ਕੇ ਇਨ੍ਹਾਂ ਤੋਂ ਚਬਵਾਏ ਸਨ, ਜਿਸ ਕਰਕੇ ਉਹ ਉਸੇ ਪਲ਼ ਤੋਂ ਪਤਨੀ ਦੇ ਦਬੇਲ ਬਣੇ ਤੁਰੇ ਆ ਰਹੇ ਹਨ। ਇਸੇ ਕਰਕੇ ਜਦੋਂ ਵੀ ਨਾਰੀ-ਸੁੰਦਰਤਾ ਨੇ ਖਿੱਚ ਪਾਈ, ਅੰਦਰਲੇ ਨੇ ਕਿਹਾ, "ਜਾ ਉਏ ਵਡਿਆ ਮੁਨੀਆ, ਤੂੰ ਤਾਂ ਕਾਲੇ ਤਿਲ ਚੱਬੇ ਹੋਏ ਨੇ!" ਉਹ ਇਕਬਾਲ ਕਰਦੇ ਸਨ, "ਮੇਰੀ ਦਬੇਲਤਾ ਦਾ ਤਾਂ ਜੀ ਇਹ ਹਾਲ ਐ, ਮੈਂ ਇਸੇ ਇਕੋ ਪਤਨੀ ਦਾ ਨਾਂ ਬਦਲ-ਬਦਲ ਕੇ ਬਹੁਤੇ ਵਿਆਹਾਂ ਦਾ ਸੁਆਦ ਲੈਂਦਾ ਰਿਹਾ ਹਾਂ। ਇਹਦਾ ਮੁੱਢਲਾ ਨਾਂ ਸ਼ਾਂਤੀ ਹੈ। ਸ਼ਾਂਤੀ ਬਦਲ ਕੇ ਮੈਂ ਜੈਜੈਵੰਤੀ ਕੀਤਾ ਤੇ ਫੇਰ ਜੈਜੈਵੰਤੀ ਬਦਲ ਕੇ ਰੇਖਾ ਕੀਤਾ।" ਉਨ੍ਹਾਂ ਦੇ ਹਿੰਦੀ ਕਹਾਣੀ-ਸੰਗ੍ਰਹਿ 'ਚਾਏ ਕਾ ਰੰਗ' ਦਾ ਸਮਰਪਨ ਹੈ: ਤੀਸਰੀ ਬਾਰ ਤੁਮ੍ਹਾਰਾ ਨਾਮ ਬਦਲ ਕਰ ਤੀਸਰੇ ਵਿਵਾਹ ਕਾ ਮਜ਼ਾ ਲੇ ਰਹਾ ਹੂੰ! ਹਾਂ ਤੋ ਬੜ੍ਹਾ ਦੋ ਚਾਏ ਕਾ ਪਿਆਲਾ ਮੇਰੀ ਓਰ, ਰੇਖਾ ਡਾਰਲਿੰਗ!

ਦਿੱਲੀ ਤਾਂ ਉਹ ਬਹੁਤ ਸਾਲਾਂ ਤੋਂ ਟਿਕੇ ਹੋਏ ਸਨ। ਦਿੱਲੀ ਨਾਲ ਉਨ੍ਹਾਂ ਦਾ ਘਿਓ-ਖਿਚੜੀ ਰੂਪ ਦੇਖ ਕੇ ਅਨਜਾਣ ਲੋਕਾਂ ਨੂੰ ਲਗਦਾ ਜਿਵੇਂ ਉਹ ਇਥੇ ਹੀ ਜੰਮੇ-ਪਲ਼ੇ ਹੋਣ। ਉਨ੍ਹਾਂ ਨਾਲ ਜ਼ਿਕਰ ਚਲਦਾ ਤਾਂ ਉਹ ਲੰਮੀ ਧੌਲ਼ੀ ਦਾੜ੍ਹੀ ਉਤੇ ਹੱਥ ਫੇਰ ਕੇ ਆਖਦੇ, "ਦਿੱਲੀ ਦੀ ਤਾਂ, ਭੁੱਲਰ ਜੀ, ਮੋੜ੍ਹੀ ਹੀ ਮੈਂ ਗੱਡੀ ਸੀ!" ਫੇਰ ਵੀ ਜੇ ਦਿੱਲੀ-ਨਿਵਾਸ ਦਾ ਸਮਾਂ ਪੁੱਛਣ ਦੀ ਰਿਹਾੜ ਕੀਤੀ ਜਾਂਦੀ, ਉਨ੍ਹਾਂ ਦਾ ਉਹੋ ਘੜਿਆ-ਘੜਾਇਆ ਜਵਾਬ ਹੁੰਦਾ:

ਚਾਲ਼ੀ ਬੂਟ ਹੰਢਾ ਲਏ ਦਿੱਲੀ ਵਸਦਿਆਂ,
ਕੋਟ ਮੇਰੇ ਨੂੰ ਸ਼ਰਮ ਨਾ ਆਵੇ ਦਸਦਿਆਂ!

ਪਰ ਉਨ੍ਹਾਂ ਦੀ ਆਵਾਰਗੀ ਦੀ, ਖ਼ਾਨਾਬਦੋਸ਼ੀ ਦੀ, ਘਰ ਹੁੰਦਿਆਂ ਬੇਘਰੇ ਰਹਿਣ ਦੀ ਆਦਤ ਗਈ ਨਹੀਂ ਸੀ। ਲੋਕ ਮਾਤਾ ਨੇ ਉਨ੍ਹਾਂ ਨੂੰ ਘਰ ਦੇ ਕੰਮਾਂ ਤੋਂ ਉਕਾ ਹੀ ਮੁਕਤ ਕਰ ਛੱਡਿਆ ਸੀ। ਕਾਰਨ ਇਹ ਨਹੀਂ ਸੀ ਕਿ ਉਹ ਇਨ੍ਹਾਂ ਦੀ ਰਚਨਾਕਾਰੀ ਵਿਚ ਵਿਘਣ ਨਹੀਂ ਸੀ ਪਾਉਣਾ ਚਾਹੁੰਦੀ। ਉਹ ਚੁੱਲ੍ਹੇ ਚੜ੍ਹੀ ਚਾਹ ਵਾਸਤੇ ਖੰਡ ਲੈਣ ਭੇਜਦੀ, ਇਹ ਜਾਂ ਤਾਂ ਹਲ਼ਦੀ-ਮਿਰਚਾਂ ਲੈ ਆਉਂਦੇ ਤੇ ਜਾਂ ਫੇਰ ਕਈ ਕਈ ਹਫ਼ਤੇ ਜਾਂ ਮਹੀਨੇ ਮੁੜਦੇ ਹੀ ਨਾ। ਲੋਕ ਮਾਤਾ ਕੋਲ ਉਨ੍ਹਾਂ ਨੂੰ ਕੰਮਾਂ ਤੋਂ ਮੁਕਤ ਕਰਨ ਬਿਨਾਂ ਹੋਰ ਚਾਰਾ ਹੀ ਕੋਈ ਨਹੀਂ ਸੀ। ਇਕ ਵਾਰ ਬਾਜ਼ਾਰ ਭੇਜੇ ਤਾਂ ਤਿੰਨ ਮਹੀਨਿਆਂ ਮਗਰੋਂ ਘਰ ਮੁੜੇ ਅਤੇ ਲੋਕ ਮਾਤਾ ਨੂੰ ਕਹਿਣ ਲਗੇ, "ਮੈਂ ਤਿੰਨ ਹਜ਼ਾਰ ਲੋਕ ਗੀਤ ਇਕੱਠੇ ਕਰ ਲਿਆਇਆ ਹਾਂ।" ਇਕ ਵਾਰ ਲਾਹੌਰ ਇਕ ਕਵੀ ਦਰਬਾਰ ਲਈ ਗਏ ਹੋਏ ਛੇਤੀ ਨਾ ਪਰਤੇ। ਲੋਕ ਮਾਤਾ ਨੇ ਬੜੀ ਮੁਸ਼ਕਲ ਨਾਲ ਕਰਾਚੀ ਦੀ ਉਘ-ਸੁੱਘ ਕੱਢ ਕੇ ਤਾਰ ਦਿਤੀ, ਬੱਚੀ ਬੀਮਾਰ ਹੈ। ਜਵਾਬੀ ਤਾਰ ਮਿਲੀ, ਡਾਕਟਰ ਨੂੰ ਵਿਖਾਉ, ਮੈਂ ਛੇਤੀ ਹੀ ਆਵਾਂਗਾ। ਵਾਪਸੀ ਘਰੋਂ ਜਾਣ ਤੋਂ ਚਾਰ ਮਹੀਨੇ ਮਗਰੋਂ ਹੋਈ। ਬੱਚੀ ਇਸ ਫ਼ਾਨੀ ਦੁਨੀਆਂ ਤੋਂ ਵਿਦਾ ਹੋ ਚੁਕੀ ਸੀ। ਏਨਾ ਕੁਝ ਗੁਆ ਕੇ, ਖੱਟਣ ਗਏ, ਕੀ ਖੱਟ ਕੇ ਲਿਆਂਦਾ? ਖੱਟ ਕੇ ਲਿਆਂਦਾ ਇਕ ਨਾਵਲ!

"ਤੁਹਾਡੀਆਂ ਇਨ੍ਹਾਂ ਉਦਾਸੀਆਂ ਸਮੇਂ ਬੇਬੇ ਅਕਦੀ-ਰੁਸਦੀ ਨਹੀਂ ਸੀ?" ਮੈਂ ਹੈਰਾਨ ਹੋਇਆ।

"ਮੈਂ ਜੀ ਆਪਣੀ ਇਸ ਆਦਤ ਬਾਰੇ ਇਹਨੂੰ ਵਿਆਹ ਵੇਲੇ ਹੀ ਦੱਸ ਦਿੱਤਾ ਸੀ। ਫੇਰ ਵੀ ਇਕ ਵਾਰ ਚਿਰਾਂ ਪਿਛੋਂ ਘਰ ਪਰਤੇ ਨੂੰ ਬੂਹਾ ਖੋਲ੍ਹਣ ਮਗਰੋਂ ਇਹਦੇ ਪਹਿਲੇ ਬੋਲ ਸਨ, ਤੁਸੀਂ ਜਿਹੇ ਜਿਉਂਦੇ, ਤਿਹੇ ਮੋਏ! ਮੈਂ ਗਦਗਦ ਹੋ ਗਿਆ।" ਉਹ ਮੈਨੂੰ ਇਹ ਗੱਲ ਸੁਣਾਉਂਦਿਆਂ ਵੀ ਪੂਰੇ ਖ਼ੁਸ਼ ਸਨ, "ਦੇਖੋ ਨਾ ਜੀ, ਜਦੋਂ ਬੰਦੇ ਦਾ ਜਿਉਣਾ-ਮਰਨਾ ਇਕ ਸਮਾਨ ਹੋ ਜਾਵੇ, ਉਹ ਤਾਂ ਬ੍ਰਹਮਗਿਆਨ ਨੂੰ ਪ੍ਰਾਪਤ ਹੋ ਗਿਆ ਸਮਝੋ। ਆਪਣੀ ਇਕ ਕਵਿਤਾ ਦੀ ਇਕ ਸਤਰ ਮੈਂ ਲੋਕ ਮਾਤਾ ਵਲੋਂ ਹੀ ਲਿਖ ਦਿੱਤੀ: ਮੈਂ ਭੁੱਲੀ ਵਿਆਹ ਕਰਾ ਕੇ ਵੇ ਮਨ ਪਛੋਤਾਣਾ!" ਮੈਂ ਹੱਸਿਆ, "ਤੁਸੀਂ ਲੋਕ ਮਾਤਾ ਨੂੰ ਇਹ ਨਹੀਂ ਸੀ ਦੱਸਿਆ ਕਿ ਭਦੌੜ ਦਾ ਤਾਂ ਮਤਲਬ ਹੀ ਭੱਜ-ਦੌੜ ਹੈ?" ਸਤਿਆਰਥੀ ਜੀ ਹੈਰਾਨ ਹੋਏ, "ਉਹ ਕਿਵੇਂ ਜੀ?"

ਮੈਂ ਵਿਆਖਿਆ ਕੀਤੀ, "ਜਦੋਂ ਪਿੰਡਾਂ ਦੇ ਬੱਚੇ ਬਿੱਲੀ-ਕੁੱਕੜ ਖੇਡਦੇ ਹਨ, ਆਖਣਾ ਤਾਂ ਹੁੰਦਾ ਹੈ, ਭੱਜ-ਭੱਜ ਕੁੱਕੜਾ, ਭੱਜ-ਦੌੜ ਬਿੱਲੀ ਆਈ ਐ, ਪਰ ਆਖਦੇ ਹਨ, ਭੱਜ-ਭੱਜ ਕੁੱਕੜਾ, ਭਦੌੜ ਬਿੱਲੀ ਆਈ ਐ। ਸੋ ਭਦੌੜ ਤਾਂ ਭੱਜ-ਦੌੜ ਦੇ ਉਚਾਰਨ ਦੀਆਂ ਨੁੱਕਰਾਂ ਘਸਾ ਕੇ ਗੋਲ ਬਣਾਇਆ ਗਿਆ ਸ਼ਬਦ ਹੀ ਹੈ।"

ਸਤਿਆਰਥੀ ਜੀ ਆਪਣੇ ਹੀ ਪਿੰਡ ਦੇ ਨਾਂ ਦੀ ਇਹ ਨਵੀਂ ਵਿਆਖਿਆ ਸੁਣ ਕੇ ਹੈਰਾਨ ਤਾਂ ਹੋਏ ਹੀ, ਖ਼ੁਸ਼ ਉਸ ਤੋਂ ਵੀ ਵਧੀਕ ਹੋਏ। ਫੇਰ ਉਨ੍ਹਾਂ ਨੇ ਇਹ ਗੱਲ ਇਕ ਕਾਗ਼ਜ਼ ਉਤੇ ਲਿਖ ਕੇ ਸਾਂਭ ਲਈ। ਜੇ ਉਨ੍ਹਾਂ ਨੂੰ ਸਾਰਾ ਥਲ ਨਿਚੋੜ ਕੇ ਇਕ ਬੂੰਦ ਵੀ ਮਿਲ ਜਾਂਦੀ, ਉਹ ਆਪਣੀ ਮਿਹਨਤ ਨੂੰ ਅਕਾਰਥ ਨਹੀਂ ਸਨ ਸਮਝਦੇ ਅਤੇ ਅਜਿਹੀਆਂ ਬੂੰਦਾਂ ਨਾਲ ਆਪਣੀ ਗੰਗਾਜਲੀ ਅੰਤ ਨੂੰ ਭਰ ਲੈਣਾ ਉਨ੍ਹਾਂ ਦਾ ਸੁਫ਼ਨਾ ਸੀ। ਇਸੇ ਸੁਫ਼ਨੇ ਦੀ ਸਾਕਾਰਤਾ ਦੀ ਭਟਕਣ ਉਨ੍ਹਾਂ ਨੂੰ ਅਮੁੱਕ ਰਾਹਾਂ ਉਤੇ ਤੋਰੀ ਫਿਰਦੀ ਰਹੀ। ਸਾਲਾਂ-ਦਹਾਕਿਆਂ-ਸਦੀਆਂ ਤੋਂ ਨਿਰੰਤਰ ਤੁਰਦੇ ਦੇਖ ਉਨ੍ਹਾਂ ਦਾ ਨਾ-ਤੁਰਨਾ ਮਾੜੀ ਗੱਲ ਹੋ ਗਈ। ਇਕ ਵਾਰ ਪਤਾ ਨਹੀਂ ਉਹਦੇ ਜਾਂ ਸਤਿਆਰਥੀ ਜੀ ਦੇ ਜਾਂ ਦੋਵਾਂ ਦੇ ਮਨ ਵਿਚ ਕੀ ਆਈ ਕਿ ਲੋਕ ਮਾਤਾ ਭਾਪਾ ਜੀ ਦੇ ਫ਼ਾਰਮ ਵਾਲੀ ਧੁੱਪ ਦੀ ਮਹਿਫ਼ਲ ਵਿਚ ਸਤਿਆਰਥੀ ਜੀ ਦੇ ਨਾਲ ਆ ਪਧਾਰੀ। ਮੈਂ ਪੁੱਛਿਆ, "ਬੇਬੇ, ਇਕੱਲੇ ਤੋਰਨ ਤੋਂ ਡਰਦਿਆਂ ਆਖ਼ਰ ਇਨ੍ਹਾਂ ਨਾਲ ਬਾਹਰ ਆਉਣਾ ਹੀ ਪਿਆ?" ਕਹਿਣ ਲੱਗੀ, "ਇਨ੍ਹਾਂ ਲੰਡੇ ਚਿੜਿਆਂ ਦੀ ਕਾਹਦੀ ਰਾਖੀ ਪੁੱਤ! ਹੁਣ ਤਾਂ ਇਨ੍ਹਾਂ ਦੇ ਤੁਰਨ ਤੋਂ ਨਹੀਂ, ਨਾ-ਤੁਰਨ ਤੋਂ ਡਰ ਲਗਦਾ ਹੈ। ਰਾਮ ਜੀ ਇਨ੍ਹਾਂ ਦੀ ਆਵਾਰਾਗਰਦੀ ਬਣਾਈ ਰਖਣ। ਹੁਣ ਤਾਂ ਮੈਨੂੰ ਇਹ ਬੂਟ ਘਸਾਉਂਦੇ ਹੀ ਚੰਗੇ ਲਗਦੇ ਨੇ। ਜੇ ਕਿਸੇ ਦਿਨ ਘਰ ਰਹਿ ਪੈਣ, ਸੰਸੇ ਨਾਲ ਕਾਲਜੇ ਮਰੋੜ ਚੜ੍ਹਦੇ ਨੇ, ਹੇ ਮੇਰੇ ਰਾਮ, ਅੱਜ ਰਾਜੀ ਤਾਂ ਹਨ!"

ਇਸੇ ਆਵਾਰਾਗਰਦ ਸੁਭਾਅ ਸਦਕਾ ਉਨ੍ਹਾਂ ਨੂੰ ਬੰਨ੍ਹਣ ਦੇ, ਵਿਆਹ ਸਮੇਤ, ਸਭ ਯਤਨ ਅਸਫਲ ਰਹੇ ਸਨ। ਸ਼ੁਰੂ ਵਿਚ ਧਕੇ-ਧਕਾਇਆਂ ਛੋਟੇ-ਮੋਟੇ ਇਕਾ-ਦੁੱਕਾ ਕੰਮ ਕੀਤੇ, ਫਿਰ ਸਭ ਛੱਡ ਦਿੱਤੇ।

1929 ਵਿਚ ਸਤਿਆਰਥੀ ਜੀ ਕਾਂਗਰਸ ਦੇ ਲਾਹੌਰ ਮਹਾਂ-ਸੰਮੇਲਨ ਵਿਚ ਸ਼ਾਮਲ ਹੋਏ। ਸੰਮੇਲਨ ਵਿਚ ਸੰਪੂਰਨ ਸਵਰਾਜ ਦਾ ਮਤਾ ਪੇਸ਼ ਹੋਇਆ ਤੇ ਵਿਚਾਰਿਆ ਗਿਆ। ਫੇਰ ਉਸ ਮਤੇ ਦੇ ਪੱਖ ਵਿਚ ਹੱਥ ਖੜ੍ਹੇ ਕਰਨ ਲਈ ਕਿਹਾ ਗਿਆ। ਬਾਕੀ ਸਭ ਲੋਕਾਂ ਨੇ ਤਾਂ ਇਕ ਇਕ ਹੱਥ ਖੜ੍ਹਾ ਕੀਤਾ, ਇਨ੍ਹਾਂ ਨੇ ਦੋਵੇਂ ਬਾਹਾਂ ਉਚੀਆਂ ਕਰ ਦਿੱਤੀਆਂ, ਇਕ ਦੇਸ ਦੇ ਸੰਪੂਰਨ ਸਵਰਾਜ ਦੇ ਕਾਂਗਰਸੀ ਮਤੇ ਵਾਸਤੇ ਅਤੇ ਦੂਜੀ ਉਥੇ ਹੀ ਮਨ ਵਿਚ ਪਾਸ ਕੀਤੇ ਅਗੇ ਲਈ ਸਾਹਿਤਕਾਰੀ ਤੋਂ ਬਿਨਾਂ ਹੋਰ ਕੋਈ ਵੀ ਕੰਮ ਨਾ ਕਰਨ ਦੇ ਆਪਣੇ ਸੰਪੂਰਨ ਸਵਰਾਜ ਦੇ ਮਤੇ ਵਾਸਤੇ!

---

# ਬਾਬੇ ਦਾ ਘਰ ਤੇ ਕੁਰੀਤੀਆਂ

ਜਦੋਂ ਵੀ ਕਦੇ ਬਾਬੇ ਨਾਨਕ ਵਲੋਂ ਸਥਾਪਤ ਕੀਤੇ ਗਏ ਸਿੱਖ ਧਰਮ ਵਿਚ ਆ ਰਹੀਆਂ ਕੁਰੀਤੀਆਂ ਤੇ ਪਾਖੰਡ ਦੀ ਗੱਲ ਕਰੀਦੀ ਹੈ ਅਤੇ ਕਿਸੇ ਹੱਲ ਜਾਂ ਸੁਧਾਰ ਦੀ ਗੱਲ ਕਰਦੇ ਹਾਂ ਤਾਂ ਲੋਕ ਚੁੱਪ ਕਰ ਜਾਂਦੇ ਹਨ। ਜਿਸ ਹਿਸਾਬ ਨਾਲ ਸਿੱਖੀ ਵਿਚ ਬ੍ਰਾਹਮਣਵਾਦ ਦੀ ਵੇਖਾ-ਵੇਖੀ ਦਿਨ-ਬਦਿਨ ਪਾਖੰਡਵਾਦ ਭਾਰੂ ਹੋ ਰਿਹਾ ਹੈ, ਤੇ ਸਿੱਖੀ ਜਾਂ ਪੰਜਾਬੀਅਤ ਨੂੰ ਖਤਮ ਕਰਨ ਦੀਆਂ ਜੋ ਸਾਜ਼ਿਸ਼ਾਂ ਚੱਲ ਰਹੀਆਂ ਹਨ, ਉਸ ਤੋਂ ਜਾਪਦਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਮਾੜੀ ਸੋਚ ਵਾਲੇ ਲੋਕਾਂ ਦੇ



ਬੌਬ ਖਹਿਰਾ ਮਿਸ਼ੀਗਨ
ਫੋਨ: 734-925-0177

ਮਨਸੂਬੇ ਪੂਰੇ ਹੋ ਜਾਣਗੇ।

ਹੁਣੇ ਹੁਣੇ ਦੋ ਘਟਨਾਵਾਂ ਵਾਪਰੀਆਂ ਹਨ; ਇਕ ਸਿਆਟਲ ਦੇ ਇਕ ਗੁਰਦੁਆਰੇ ਵਿਚ ਅਤੇ ਦੂਜੀ ਟਰਲਕ ਦੇ ਗੁਰਦੁਆਰੇ ਵਿਚ। ਕਿੱਦਾਂ ਪੱਗਾਂ ਲੱਥੀਆਂ ਤੇ ਗਾਲੀ-ਗਲੋਚ ਕੀਤਾ ਗਿਆ, ਇਹ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਕੀ ਇਹ ਉਹੀ ਲੋਕ ਹਨ ਜਿਨ੍ਹਾਂ ਨੇ ਗੁਰਦੁਆਰੇ ਦਾ ਨਾਮ ਬਦਲ ਕੇ ਹੁਣ ਗੁਰੂ ਘਰ ਰੱਖ ਦਿੱਤਾ ਹੈ? ਕੀ ਗੁਰੂ ਘਰ ਵਿਚ ਇਹ ਸਭ ਕਰਨਾ ਕਿਸੇ ਵੀ ਸਿੱਖ ਨੂੰ ਸੋਭਾ ਦਿੰਦਾ ਹੈ? ਇਹ ਕਿਸ ਗੁਰੂ ਦਾ ਘਰ ਹੈ? ਕੀ ਗੁਰੂ ਦਾ ਇਨ੍ਹਾਂ ਨੂੰ ਕੋਈ ਡਰ ਨਹੀਂ? ਉਸ ਗੁਰੂ ਲਈ ਕੋਈ ਸਤਿਕਾਰ ਨਹੀਂ ਇਨ੍ਹਾਂ ਲੋਕਾਂ ਨੂੰ? ਜੇ ਨਹੀਂ ਤਾਂ ਫਿਰ ਉਥੇ ਕਿਉਂ ਜਾਂਦੇ ਹਨ? ਸਿਰਫ ਲੰਗਰ ਜਾਂ ਲੜਾਈਆਂ ਲਈ?

ਇੰਨਾ ਪੈਸਾ ਲਾ ਕੇ ਬਣਾਏ ਗੁਰਦੁਆਰੇ ਕੀ ਸਿਰਫ਼ ਲੰਗਰ ਅਤੇ ਲੜਾਈ ਲਈ ਹੀ ਹਨ? ਅਸੀਂ ਜਦੋਂ ਪੰਜਾਬ ਤੋਂ ਤੁਰੇ ਸੀ, ਕੀ ਅਜਿਹਾ ਕੁਝ ਸੋਚ ਕੇ ਤੁਰੇ ਸੀ? ਜੇ ਨਹੀਂ, ਤਾਂ ਫਿਰ ਕਿਉਂ ਹੋ ਰਿਹਾ ਹੈ ਇਹ ਸਭ? ਸਾਨੂੰ ਅਜੇ ਵੀ ਸਮਝ ਨਹੀਂ ਆ ਰਹੀ ਕਿ ਇਸ ਤਰ੍ਹਾਂ ਕਰਨ ਨਾਲ ਸਾਡੀਆਂ ਆਉਣ ਵਾਲੀਆਂ ਨਸਲਾਂ 'ਤੇ ਕੀ ਅਸਰ ਪੈ ਰਿਹਾ ਹੈ ਜਾਂ ਪਵੇਗਾ।

ਅਸੀਂ ਧਾਰਮਿਕ ਹੋਣ ਦੇ ਦਾਅਵੇ ਕਰਦੇ ਹਾਂ, ਵਿਖਾਵਾ ਵੀ ਕਰਦੇ ਹਾਂ, ਪਰ ਬਿਨਾਂ ਸੋਚੇ ਸਮਝੇ ਹਿੰਦੂਆਂ ਵਾਲੇ ਸਾਰੇ ਕਰਮਕਾਂਡ ਵੀ ਕਰੀ ਜਾਂਦੇ ਹਾਂ, ਜਿਨ੍ਹਾਂ ਗੋਰਿਆਂ ਨੂੰ ਅਸੀਂ ਮਾੜੇ ਕਹਿੰਦੇ ਸੀ, ਉਨ੍ਹਾਂ ਤੋਂ ਮੁਕਤੀ ਲਈ ਕਿੰਨੀਆਂ ਕੁਰਬਾਨੀਆਂ ਦਿੱਤੀਆਂ, ਪਰ ਹੁਣ ਸਭ ਕੁਝ ਸਾਡੀਆਂ ਅੱਖਾਂ ਦੇ ਸਾਹਮਣੇ ਹੈ। ਜੋ ਸਾਡੇ ਆਪਣੇ ਹਨ, ਉਹ ਕੀ ਕਰ ਰਹੇ ਹਨ ਭਲਾ? ਅਸੀਂ ਉਨ੍ਹਾਂ ਆਪਣਿਆਂ ਨੂੰ ਛੱਡ ਕੇ ਬਿਗਾਨੇ ਮੁਲਕ ਵਿਚ ਆਏ ਹਾਂ, ਚੰਗੀ ਜ਼ਿੰਦਗੀ ਜਿਉਣ ਲਈ, ਪਰ ਇਥੇ ਆਉਣ ਤੋਂ ਬਾਅਦ ਵੀ ਅਸੀਂ ਗੋਰਿਆਂ ਦੀਆਂ ਚੰਗੀਆਂ ਗੱਲਾਂ ਨਹੀਂ ਸਿੱਖਦੇ। ਇਹ ਦੇਸ਼ ਖੁਸ਼ਹਾਲ ਕਿਉਂ ਹੈ, ਇਸ ਬਾਰੇ ਕਦੀ ਜਾਣਨ ਦੀ ਕੋਸ਼ਿਸ਼ ਨਹੀਂ ਕਰਦੇ। ਇਥੇ ਇੰਨੀ ਸਖ਼ਤ ਮਿਹਨਤ ਕਰਦੇ ਹਾਂ, ਵੱਡੇ ਵੱਡੇ ਘਰ ਲੈਂਦੇ ਹਾਂ, ਮਹਿੰਗੀਆਂ ਕਾਰਾਂ ਰੱਖਦੇ ਹਾਂ, ਪਰ ਸੋਚ ਉਥੇ ਦੀ ਉਥੇ ਹੈ; ਇਸ ਵਿਚ ਕੋਈ ਤਬਦੀਲੀ ਨਹੀਂ ਹੋਈ।

ਸਵਾਲ ਹੈ ਕਿ ਸਾਡੀ ਸੋਚ ਦਾ ਦਾਇਰਾ ਕਿਉਂ ਉਹੋ ਜਿਹਾ ਹੀ ਰਹਿੰਦਾ ਹੈ? ਹਾਲਾਂਕਿ ਇਥੇ ਸਭ ਨੂੰ ਖੁੱਲ੍ਹ ਹੈ, ਤੇ ਹਰ ਕੰਮ ਕਰਨ ਦੀ ਆਜ਼ਾਦੀ ਹੈ। ਇੰਨੀ ਆਜ਼ਾਦੀ ਤਾਂ ਅਸੀਂ ਪੰਜਾਬ ਵਿਚ ਪਰਵਾਸੀ ਮਜ਼ਦੂਰਾਂ ਨੂੰ ਵੀ ਨਹੀਂ ਦਿੰਦੇ। ਫਿਰ ਕਿਉਂ ਅਸੀਂ ਇੰਨੇ ਵਧੀਆ ਮੁਲਕਾਂ ਵਿਚ ਆ ਕੇ ਵੀ ਆਪਣੀ ਸੋਚ ਨਹੀਂ ਬਦਲਦੇ। ਜੋ ਵੀ ਬੰਦਾ ਇਥੇ ਆ ਕੇ ਰਹਿਣ ਲੱਗ ਪਿਆ, ਵਾਪਸ ਨਹੀਂ ਜਾਂਦਾ; ਫਿਰ ਕਿਉਂ ਨਹੀਂ ਅਸੀਂ ਗੋਰਿਆਂ ਕੋਲੋਂ ਕੁਝ ਸਿੱਖਦੇ?

ਅਸੀਂ ਇਥੇ ਆ ਕੇ ਵੱਡੇ ਵੱਡੇ ਗੁਰਦੁਆਰੇ ਬਣਾਏ; ਗੋਰਿਆਂ ਨੇ ਵੀ ਭਾਵੇਂ ਚਰਚ ਬਣਾਏ ਹਨ, ਪਰ ਉਹ ਉਥੇ ਹਫ਼ਤੇ ਵਿਚ ਇਕ ਦਿਨ ਜਾਂਦੇ ਹਨ। ਉਸ ਤੋਂ ਬਾਅਦ ਨਾ ਤਾਂ ਕੋਈ ਰੋਜ਼ ਸਵੇਰੇ-ਸ਼ਾਮ ਉਠ ਕੇ ਪਾਠ ਪੂਜਾ ਕਰਦਾ ਹੈ ਤੇ ਨਾ ਹੀ ਘਰ ਟੀ.ਵੀ. ਜਾਂ ਗੱਡੀਆਂ ਵਿਚ ਕਿਸੇ ਤਰ੍ਹਾਂ ਦਾ ਕੋਈ ਕਥਾ ਜਾਂ ਕੀਰਤਨ ਸੁਣਦਾ ਹੈ। ਫਿਰ ਵੀ ਉਹ ਪੂਰੀ ਦੁਨੀਆਂ 'ਤੇ ਰਾਜ ਕਰ ਰਹੇ ਹਨ। ਇਥੇ ਬਹੁਤ ਸਾਰੇ ਘਰ ਪਰਿਵਾਰ ਅਜਿਹੇ ਹਨ ਜਿਨ੍ਹਾਂ ਨੇ ਹਿੰਦੂਆਂ ਦੀ ਰੀਸ ਨਾਲ ਘਰਾਂ ਵਿਚ ਵੱਖਰਾ ਕਮਰਾ ਰੱਖਿਆ ਹੁੰਦਾ ਹੈ ਜਿਸ ਨੂੰ ਬਾਬੇ ਦਾ ਕਮਰਾ ਦੱਸਿਆ ਜਾਂਦਾ ਹੈ। ਉਥੇ ਗੁਰੂ ਮਹਾਰਾਜ ਅਗੇ ਮੱਥਾ ਵੀ ਟੇਕਿਆ ਜਾਂਦਾ ਹੈ ਤੇ ਗੁਰਬਾਣੀ ਦਾ ਪਾਠ ਵੀ ਕੀਤਾ ਜਾਂਦਾ ਹੈ ਪਰ ਸਵਾਲ ਹੈ ਕਿ ਅਸੀਂ ਗੁਰੂ ਮਹਾਰਾਜ ਵਲੋਂ ਆਪਣੀ ਬਾਣੀ ਵਿਚ ਦਰਸਾਏ ਮਾਰਗ 'ਤੇ ਕਿੰਨਾ ਕੁ ਚਲਦੇ ਹਾਂ? ਜੇ ਅਸੀਂ ਗੁਰੂ ਦੇ ਦਰਸਾਏ ਮਾਰਗ 'ਤੇ ਨਹੀਂ ਚਲਣਾ ਤਾਂ ਇਸ ਨੂੰ ਬੁਤਪ੍ਰਸਤੀ ਹੀ ਕਿਹਾ ਜਾਣਾ ਬਣਦਾ ਹੈ ਜਿਸ ਦੀ ਗੁਰੂ ਸਾਹਿਬਾਨ ਨੇ ਸਖਤ ਮਨਾਹੀ ਕੀਤੀ ਹੈ। ਕਈ ਘਰਾਂ ਵਿਚ ਟੀ.ਵੀ. 'ਤੇ ਪਾਠ ਚੱਲ ਰਿਹਾ ਹੁੰਦਾ ਹੈ ਤੇ ਘਰ ਵਾਲੇ ਸਭ ਉਸ ਤਰ੍ਹਾਂ ਹੀ ਕਰਦੇ ਹਨ ਜਿਵੇਂ ਗੁਰਦੁਆਰੇ ਵਿਚ ਬੈਠੇ ਹੋਣ। ਇਹ ਸਭ ਹਿੰਦੂਆਂ ਵਾਲੇ ਪਾਖੰਡ ਹਨ।

ਬੜਾ ਦੁੱਖ ਹੁੰਦਾ ਹੈ ਕਿ ਗੁਰੂ ਸਾਹਿਬਾਨ ਨੇ ਤਾਂ ਲੋਕਾਈ ਨੂੰ ਇਨ੍ਹਾਂ ਸਭ ਪਾਖੰਡਾਂ ਵਿਚੋਂ ਬਾਹਰ ਕੱਢਿਆ ਸੀ, ਪਰ ਨਿੱਤ ਨਵੇਂ ਪਾਖੰਡ ਕਿਥੋਂ ਸ਼ੁਰੂ ਹੋ ਜਾਂਦੇ ਹਨ ਤੇ ਲੋਕ ਚੁੱਪ-ਚਾਪ ਜਾਂ ਤਾਂ ਉਸ ਪਾਖੰਡ ਵਿਚ ਉਨ੍ਹਾਂ ਦਾ ਸਾਥ ਦਿੰਦੇ ਹਨ, ਤੇ ਜਾਂ ਵੇਖਦੇ ਰਹਿੰਦੇ ਹਨ। ਕੋਈ ਵੀ ਆਵਾਜ਼ ਨਹੀਂ ਉਠਾਉਂਦਾ ਕਿ ਇਹ ਸਭ ਕਿਉਂ ਹੋ ਰਿਹਾ ਹੈ। ਜੇ ਕੋਈ ਬੋਲਦਾ ਹੈ ਤਾਂ ਉਸ ਨੂੰ ਨਾਸਤਿਕ ਕਹਿ ਕੇ ਭੰਡਣ ਲੱਗ ਪੈਂਦੇ ਹਨ।

ਪਿਛੇ ਜਿਹੇ ਪੰਜਾਬ ਦੇ ਇਕ ਪਿੰਡ ਗਿਆ। ਦੇਖਿਆ ਕਿ ਪੰਜ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਚੁੱਕ ਕੇ ਖੇਤਾਂ ਵਿਚ ਤੁਰ-ਫਿਰ ਰਹੇ ਸਨ। ਜਿਸ ਦੋਸਤ ਦੀ ਮੋਟਰ 'ਤੇ ਬੈਠੇ ਸਾਂ, ਉਹਨੂੰ ਪੁੱਛਿਆ ਕਿ ਮਾਜਰਾ ਕਿਆ ਹੈ? ਪਤਾ ਲੱਗਾ ਕਿ ਹਫਤੇ ਵਿਚ ਦੋ-ਤਿੰਨ ਵਾਰ ਇਹ ਲੋਕ ਇਸ ਤਰ੍ਹਾਂ ਕਰਦੇ ਹਨ; ਅਖੇ, ਅਸੀਂ ਗੁਰੂ ਸਾਹਿਬ ਨੂੰ ਸੈਰ ਕਰਾ ਰਹੇ ਹਾਂ। ਹੁਣ ਜ਼ਰਾ ਸੋਚੋ...ਜਦੋਂ ਅਸੀਂ ਬਾਬੇ ਦਾ ਵੱਖਰਾ ਕਮਰਾ ਰੱਖਦੇ ਹਾਂ ਘਰ ਵਿਚ, ਗੁਰਦੁਆਰੇ ਸੁੱਖ ਆਸਣ ਵਾਲੇ ਕਮਰੇ ਵਿਚ ਏ.ਸੀ. ਜਾਂ ਪੱਖੇ ਜਾਂ ਹੀਟਰ ਤੇ ਪਾਣੀ ਦਾ ਗਿਲਾਸ ਰੱਖਦੇ ਹਾਂ, ਫਿਰ ਇਹੋ ਜਿਹੇ ਸੈਰ ਕਰਾਉਣ ਵਾਲਿਆਂ ਨੂੰ ਕੀ ਕਹਿ ਸਕਾਂਗੇ ਜਾਂ ਕਿਵੇਂ ਰੋਕਾਂਗੇ? ਇਸ ਨੂੰ ਬੁਤਪ੍ਰਸਤੀ ਨਹੀਂ ਤਾਂ ਹੋਰ ਭਲਾ ਕੀ ਕਿਹਾ ਜਾਏਗਾ?

ਪਤਾ ਨਹੀਂ ਇਹ ਕਿੰਨਾ ਕੁ ਸੱਚ ਹੈ, ਇਕ ਵਾਰ ਇੰਗਲੈਂਡ ਤੋਂ ਫੋਨ ਕਰ ਕੇ ਇਕ ਸੱਜਣ ਨੇ ਦੱਸਿਆ ਕਿ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਲੈਮੀਲੇਸ਼ਨ ਕੀਤਾ ਜਾ ਰਿਹਾ ਹੈ; ਅਖੇ, ਰੋਜ਼ ਸਵੇਰੇ ਇਸ਼ਨਾਨ ਕਰਵਾਇਆ ਕਰਨਾ ਹੈ। ਜਿਸ ਪੂਜਾ ਤੇ ਪਾਖੰਡ ਤੋਂ ਗੁਰੂ ਨਾਨਕ ਨੇ ਵਰਜਿਆ ਸੀ, ਉਹੀ ਕਰ ਰਹੇ ਹਾਂ। ਅਸੀਂ ਤਾਂ ਸੋਭਾ ਸਿੰਘ ਵੱਲੋਂ ਬਣਾਈਆਂ ਗੁਰੂਆਂ ਦੀਆਂ ਤਸਵੀਰਾਂ ਨੂੰ ਵੀ ਹਿੰਦੂਆਂ ਵਾਂਗ ਧੂਫ-ਬੱਤੀ ਕਰੀ ਜਾਂਦੇ ਹਾਂ। ਬਹੁਤ ਲੋਕ ਦੇਖੇ ਹਨ ਜੋ ਫੋਟੋ ਅੱਗੇ ਅਗਰਬੱਤੀ ਲਾ ਕੇ ਅਰਦਾਸ ਕਰਦੇ ਹਨ, ਫਿਰ ਮੰਗਦੇ ਹਨ ਕਿ ਬਾਬਾ ਜੀ, ਸਾਨੂੰ ਇਹ ਦੇ ਦਿਓ, ਅਹੁ ਦੇ ਦਿਓ।

## ਚਲਦੇ-ਚਲਦੇ

ਅਸੀਂ ਜਾਣਦੇ ਹਾਂ ਕਿ ਗੁਰੂ ਸਾਹਿਬਾਨ ਦੀ ਕੋਈ ਤਸਵੀਰ ਅਸਲੀ ਨਹੀਂ, ਸਭ ਕਲਾਕਾਰ ਦੀ ਕਲਪਨਾ ਹੈ ਫਿਰ ਵੀ ਹਰ ਗੱਡੀ ਵਿਚ ਗੁਰੂਆਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ ਤੇ ਡਰਾਈਵਰ ਗੱਡੀ ਤੋਰਨ ਤੋਂ ਪਹਿਲਾਂ ਉਸ ਨੂੰ ਹੱਥ ਲਾ ਕੇ ਅੱਖਾਂ ਤੇ ਮੱਥੇ ਨੂੰ ਲਾਉਂਦਾ ਹੈ, ਭਾਵੇਂ ਸ਼ਰਾਬ ਹੀ ਪੀਤੀ ਹੋਵੇ। ਇਹ ਸਭ ਕੁਰੀਤੀਆਂ ਹਨ ਜੋ ਦੂਰ ਹੋਣੀਆਂ ਚਾਹੀਦੀਆਂ ਹਨ, ਚੰਗੇ ਦੇਸ਼ ਵਿਚ ਆ ਕੇ ਚੰਗੀ ਸੋਚ ਰੱਖਣੀ, ਚੰਗੇ ਇਨਸਾਨ ਬਣਨਾ ਤੇ ਬੱਚਿਆਂ ਨੂੰ ਚੰਗਾ ਇਨਸਾਨ ਬਣਾਉਣਾ ਸਾਡਾ ਫਰਜ਼ ਹੈ। ਅਸੀਂ ਚੰਗੇ ਤਾਂ ਹੀ ਬਣਾਂਗੇ ਜੇ ਕੁਰੀਤੀਆਂ ਨੂੰ ਸਮਝਾਂਗੇ, ਪਾਖੰਡਾਂ ਤੋਂ ਛੁਟਕਾਰਾ ਪਾਵਾਂਗੇ। ਪੂਜਾ ਤੇ ਅਗਰਬੱਤੀਆਂ ਤੋਂ ਉਪਰ ਉਠਾਂਗੇ, ਸੋਚ ਨੂੰ ਉਪਰ ਚੁੱਕਾਂਗੇ।

ਇਕੱਲੇ ਧਾਰਮਿਕ ਹੋਣ ਨਾਲ ਹੀ ਅਸੀਂ ਚੰਗੇ ਇਨਸਾਨ ਨਹੀਂ ਬਣ ਸਕਦੇ। ਚੰਗੀ ਸੋਚ ਤੇ ਚੰਗੇ ਕੰਮ ਕਰਨ ਨਾਲ ਹੀ ਚੰਗੇ ਇਨਸਾਨ ਬਣ ਸਕਦੇ ਹਾਂ ਤੇ ਦੂਜਿਆਂ ਵਿਚ ਚੰਗਿਆਈ ਵੰਡ ਸਕਦੇ ਹਾਂ। ਇਸ ਲਈ ਹਰ ਇਕ ਨੂੰ ਚਾਹੀਦਾ ਹੈ ਕਿ ਚੰਗਿਆਈ ਦੀ ਰੋਸ਼ਨੀ ਸਭ ਪਾਸੇ ਫੈਲਾਏ ਤਾਂ ਕਿ ਅੰਧ-ਵਿਸ਼ਵਾਸ ਤੇ ਪਾਖੰਡਵਾਦ ਦਾ ਹਨੇਰਾ ਦੂਰ ਹੋਵੇ।

# ਇੱਦਾਂ ਹੁੰਦੀਆਂ ਜਿੰਦੜੀਆਂ ਅਮਰ ਲੋਕੋ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਮਾਂਵਾਂ ਨੂੰ ਪੁੱਤ ਜਾਨ ਤੋਂ ਵੱਧ ਪਿਆਰੇ ਹੁੰਦੇ ਨੇ, ਪੁੱਤਾਂ ਨੂੰ ਮਾਂਵਾਂ ਦੀ ਗੋਦ ਜੰਨਤ ਵਰਗੀ ਲੱਗਦੀ ਹੈ, ਪਰ ਇਹ ਦੋਵੇਂ ਸ਼ਬਦ ਹੀ ਮੇਰੇ ਅਤੇ ਮੇਰੀ ਮਾਂ ਦੇ ਦਿਲ ਵਿਚੋਂ ਗਾਇਬ ਹੀ ਰਹੇ ਨੇ। ਮੇਰਾ ਜਨਮ ਚਾਰ ਭੈਣਾਂ ਤੋਂ ਬਾਅਦ ਹੋਣ ਕਰ ਕੇ ਵੀ ਮੈਂ ਨਾ ਤਾਂ ਮਾਂ ਦਾ ਰਾਜਾ ਪੁੱਤ ਬਣਿਆ, ਤੇ ਨਾ ਨਵਾਬ ਪੁੱਤ। ਲੋਕਾਂ ਦੇ ਦੋ ਧੀਆਂ ਤੋਂ ਬਾਅਦ ਹੋਏ ਪੁੱਤ ਦਾ ਨਾਂ ਜਿਵੇਂ ਪ੍ਰਿੰਸ ਰੱਖਿਆ ਹੁੰਦਾ ਹੈ, ਮੇਰਾ ਨਾਂ ਮਾਂ ਨੇ ਪਿਛੋਂ ਹੋਣ ਕਰ ਕੇ ਪਿਸ਼ੌਰਾ ਸਿੰਘ ਰੱਖਿਆ ਸੀ। ਮਾਂ ਦਾ ਪੇਕਾ ਪਿੰਡ ਵੀ ਬੜਾ ਨਿਰਦਈ ਸੀ। ਮਾਮੇ ਤਾਂ ਬੰਦਾ ਵੱਢ ਕੇ ਝੱਟ ਦੱਬ ਦਿੰਦੇ ਸਨ, ਤੇ ਮਾਂ ਵੀ ਤਾਂ ਉਨ੍ਹਾਂ ਦੀ ਭੈਣ ਸੀ। ਮਾਂ ਦਾ ਹੱਥ ਅੱਠ ਇੰਚ ਲੰਮਾ ਸੀ। ਜਦੋਂ ਉਹ ਕਦੇ ਭੈਣਾਂ ਦੇ ਜਾਂ ਮੇਰੇ ਮਾਰਦੀ, ਲੱਗਦਾ ਧਰਤੀ ਘੁੰਮ ਗਈ ਹੋਵੇ। ਪਿਤਾ ਹੋਰੀਂ ਤਿੰਨ ਭਰਾ ਸਨ। ਪਿਤਾ, ਫੌਜੀ ਚਾਚਾ ਤੇ ਸਭ ਤੋਂ ਛੋਟਾ ਚਾਚਾ ਜਿਹੜਾ ਸਿੱਧਾ ਸਾਦਾ ਬੰਦਾ ਸੀ। ਪਿਤਾ ਵਾਲੇ ਪਾਸੇ ਸਾਰਾ ਪਰਿਵਾਰ ਮਿਹਨਤੀ ਤੇ ਸਾਊ ਸੀ। ਮਾਂ ਦਾ ਰਿਸ਼ਤਾ ਕਰਵਾਉਣ ਵਾਲਾ ਵਿਚੋਲਾ ਵੀ ਬੜਾ ਸਾਊ ਸੀ, ਪਰ ਪਤਾ ਨਹੀਂ ਫਿਰ ਕਿਉਂ ਉਸ ਨੇ ਪਿਤਾ ਦਾ ਵਾਹ ਬੰਦੇ-ਵੱਢ ਬੰਦਿਆਂ ਨਾਲ ਪਾ ਦਿੱਤਾ।

ਮੇਰੇ ਦਾਦਾ-ਦਾਦੀ ਪਿਤਾ ਦੇ ਵਿਆਹ ਤੋਂ ਛੇਤੀ ਬਾਅਦ ਹੀ ਜਹਾਨੋਂ ਕੂਚ ਕਰ ਗਏ ਸਨ। ਚਾਚਾ ਖੇਤ ਵਿਚ ਹੀ ਫੌਜ ਵਿਚ ਭਰਤੀ ਹੋ ਗਿਆ ਸੀ। ਸਾਡਾ ਖੂਹ ਸਵਰਗਾਂ ਤੋਂ ਘੱਟ ਨਹੀਂ ਸੀ। ਛੇ ਤੂਤ ਗੋਲ ਘੇਰੇ ਵਿਚ ਲਾਏ ਹੋਏ ਸਨ ਤੇ ਦੋਹੀਂ ਪਾਸੀਂ ਅੰਬ ਦੇ ਵੱਡੇ ਰੁੱਖ ਸਨ। ਦੋਹੀਂ ਪਾਸੀਂ ਦੋ ਧਰੇਕਾਂ ਸਨ। ਕਣਕ ਦੀ ਵਾਢੀ ਤੋਂ ਬਾਅਦ ਖੇਤ ਵਿਹਲੇ ਹੋਣ ਕਰ ਕੇ ਫੌਜੀ ਖੇਤਾਂ ਵਿਚ ਆ ਜਾਂਦੇ, ਰਾਤਾਂ ਨੂੰ ਲੜਾਈ ਦੀ ਟਰੇਨਿੰਗ ਚੱਲਦੀ। ਖੂਹ 'ਤੇ ਸਾਰੇ ਅਫਸਰ ਠਹਿਰਦੇ। ਉਨ੍ਹਾਂ ਸ਼ਾਨਦਾਰ ਤੰਬੂ ਲਾਏ ਹੁੰਦੇ।

ਇਕ ਦਿਨ ਇਕ ਅਫ਼ਸਰ ਨੇ ਚਾਚੇ ਨੂੰ ਖੂਹ 'ਤੇ ਨਹਾਉਂਦੇ ਨੂੰ ਦੇਖ ਲਿਆ। ਉਹ ਪੰਜਾਬੀ ਅਫ਼ਸਰ ਚਾਚੇ ਦਾ ਸਰੀਰ ਦੇਖ ਕੇ ਹੈਰਾਨ ਹੋ ਗਿਆ ਕਿ ਜਵਾਨ ਨੇ ਸਰੀਰ ਐਨਾ ਸਾਂਭਿਆ ਹੋਇਆ ਹੈ। ਉਹ ਚਾਚੇ ਨੂੰ ਕਹਿੰਦਾ, "ਕਿਹੜੀ ਕਸਰਤ ਕਰਦਾ ਏਂ।" ਚਾਚਾ ਕਹਿੰਦਾ, "ਖੇਤਾਂ ਦਾ ਕੰਮ ਕਰੀਦੈ। ਗਰੀਬੀ ਹੋਣ ਕਰ ਕੇ ਬਲਦ ਇਕ ਹੀ ਹੈ, ਤੇ ਮੈਂ ਦੂਜਾ ਬਲਦ ਬਣ ਕੇ ਪੰਜਾਲੀ ਥੱਲੇ ਧੌਣ ਕਰ ਲੈਂਦਾਂ, ਤੇ ਖੂਹ ਜੋੜ ਲਈਦਾ।" ਅਫ਼ਸਰ ਹੈਰਾਨ ਹੋ ਗਿਆ। ਉਹਨੇ ਅੰਬ ਦੇ ਰੁੱਖ 'ਤੇ ਰੱਸਾ ਬੰਨ੍ਹਵਾ ਲਿਆ ਤੇ ਚਾਚੇ ਨੂੰ ਕਹਿਣ ਲੱਗਾ, "ਚੜ੍ਹ ਜਾ ਉਤੇ", ਤੇ ਚਾਚਾ ਝੱਟ ਅੰਬ 'ਤੇ ਚੜ੍ਹ ਗਿਆ। ਫਿਰ ਡੰਡ ਲਵਾ ਕੇ ਦੇਖੇ, ਫੌਜੀਆਂ ਨਾਲ ਦੌੜ ਲਵਾ ਕੇ ਦੇਖੀ, ਤੇ ਚਾਚਾ ਭਰਤੀ ਹੋ ਗਿਆ। ਅਫ਼ਸਰ ਨੇ ਬਲਦ ਦੇ ਰੁਪਏ ਪਿਤਾ ਦੇ ਹੱਥ ਰੱਖ ਕੇ ਕਿਹਾ, "ਲੈ ਜਵਾਨਾ! ਤੇਰਾ ਭਰਾ ਹੋ ਗਿਆ ਜੇ ਭਰਤੀ, ਤੇ ਤੂੰ ਦੂਜਾ ਬਲਦ ਖਰੀਦ ਲਈਂ, ਇਸ ਨੂੰ ਅਸੀਂ ਆਪਣੇ ਨਾਲ ਲੈ ਜਾਣਾ ਹੈ।" ਇਕ ਫ਼ਾਰਮ 'ਤੇ ਪਿਤਾ ਦਾ ਅੰਗੂਠਾ ਲਵਾ ਲਿਆ ਤੇ ਚਾਚੇ ਦੇ ਸਾਈਨ ਕਰਵਾ ਲਏ। ਛੇ ਦਿਨ ਸਾਡਾ ਖੇਤ ਛਾਉਣੀ ਬਣਿਆ ਰਿਹਾ ਤੇ ਸੱਤਵੇਂ ਦਿਨ ਚਾਚੇ ਨੂੰ ਲੁਧਿਆਣੇ ਫੌਜੀ ਭਰਤੀ ਦਫ਼ਤਰ ਸੱਦ ਕੇ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਏ ਰਾਮਗੜ੍ਹ-ਰਾਂਚੀ ਦੀ ਰੇਲ ਬਿਠਾ ਦਿੱਤਾ, ਤੇ ਪਿਤਾ ਅੱਖਾਂ ਮਲਦਾ ਤਾਂਗੇ ਵਿਚ ਬੈਠ ਗਿਆ।

ਫੌਜੀ ਚਾਚੇ ਦੀ ਤਨਖਾਹ ਨਾਲ ਘਰ ਦੀ ਗਰੀਬੀ ਹੌਲੀ ਹੌਲੀ ਘਟਦੀ ਗਈ। ਚਾਰ ਸਾਲਾਂ ਵਿਚ ਬਹੁਤ ਫਰਕ ਪੈ ਗਿਆ। ਚਾਚਾ ਕੰਮ ਦੀ ਰੁੱਤੇ ਹੀ ਛੁੱਟੀ ਲੈ ਕੇ ਪਿੰਡ ਆਉਂਦਾ, ਤੇ ਪਿਤਾ ਨਾਲ ਕੰਮ ਕਰਵਾ ਕੇ ਮੁੜ ਜਾਂਦਾ। ਫਿਰ ਚਾਚੇ ਦਾ ਵਿਆਹ ਹੋ ਗਿਆ। ਚਾਚੀ ਸਾਡੀ ਚੰਨ ਦਾ ਟੁਕੜਾ ਸੀ। ਚਾਚੀ ਦਾ ਪੇਕਾ ਪਿੰਡ ਸਾਊ ਤੇ ਦਿਆਲੂ-ਕਿਰਪਾਲੂ ਸੀ, ਮਾਂ ਦੇ ਪਰਿਵਾਰ ਤੋਂ ਐਨ ਉਲਟ।

ਚਾਚੀ ਦੇ ਭਰਾ ਪੂਰੇ ਅਕਾਲੀ ਸਨ। ਸ਼ਹੀਦਾਂ ਦੇ ਪਰਿਵਾਰ ਵਿਚ ਚਾਚੀ ਦਾ ਜਨਮ ਹੋਇਆ ਸੀ। ਉਹ ਗੁਰ-ਇਤਿਹਾਸ ਜਾਣਦੀ ਸੀ। ਉਹਦੇ ਮੁਬਾਰਕ ਕਦਮਾਂ ਨੇ ਸਾਡੇ ਘਰ ਦੇ ਭਾਗ ਜਗਾ ਦਿੱਤੇ। ਉਹਨੇ ਜਦੋਂ ਤੜਕਿਓਂ ਮਧਾਣੀ ਰਿੜਕਣੀ, ਤੇ ਗੁਰਬਾਣੀ ਦੇ ਸ਼ਬਦ ਗਾਉਣੇ, ਮਨ ਨਿਹਾਲ ਹੋ ਜਾਂਦਾ। ਮਾਂ ਨੂੰ ਤਾਂ ਸ਼ਾਇਦ ਧੀਆਂ ਨੇ ਕਮਲੀ ਕਰ ਦਿੱਤਾ ਸੀ, ਪਰ ਚਾਚੀ ਨੇ ਸਭ ਨੂੰ ਹਿੱਕ ਨਾਲ ਲਾ ਕੇ ਠੰਢ ਪਾ ਦਿੱਤੀ ਸੀ। ਚਾਚੀ ਨੇ ਸਾਰੀਆਂ ਭੈਣਾਂ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਕੇ ਮਾਂ ਨੂੰ ਧੀਆਂ ਤੋਂ ਮੁਕਤੀ ਦਿਵਾ ਦਿੱਤੀ। ਭੈਣਾਂ ਨੂੰ ਤਿਆਰ ਕਰ ਕੇ ਸਕੂਲ ਭੇਜਣਾ, ਉਨ੍ਹਾਂ ਦੇ ਬਸਤਿਆਂ ਵਿਚ ਪਰੌਂਠੇ ਤੇ ਲੱਸੀ ਦੀ ਬੋਤਲ ਪਾ ਦੇਣੀ। ਭੈਣਾਂ ਸਕੂਲੀ ਪੜ੍ਹਾਈ ਨਾਲ ਚਾਚੀ ਤੋਂ ਗੁਰ-ਇਤਿਹਾਸ ਵੀ ਸੁਣਦੀਆਂ। ਮਾਂ ਨੇ ਸਾਡੇ ਨਾਲੋਂ ਪਿਆਰ ਤੋੜ ਕੇ ਜਿਵੇਂ ਪਸ਼ੂਆਂ ਨਾਲ ਪਾ ਲਿਆ ਹੋਵੇ। ਉਹ ਸਾਰਾ ਦਿਨ ਪਸ਼ੂ ਸਾਂਭਦੀ ਰਹਿੰਦੀ, ਕੱਟੀਆਂ ਵੱਛੀਆਂ ਨੂੰ ਪਿਆਰ ਕਰਦੀ।

ਚਾਚੇ ਦੇ ਵਿਆਹ ਨੂੰ ਪੰਜ ਸਾਲ ਹੋ ਗਏ ਸਨ, ਪਰ ਕੋਈ ਬੱਚਾ ਨਹੀਂ ਸੀ ਹੋਇਆ। ਚਾਚੀ ਨੇ ਕਦੇ ਬੱਚੇ ਦੀ ਘਾਟ ਮਹਿਸੂਸ ਵੀ ਨਹੀਂ ਸੀ ਕੀਤੀ। ਨਾ ਹੀ ਉਸ ਨੂੰ ਬੱਚੇ ਦੀ ਕੋਈ ਲਾਲਸਾ ਸੀ। ਮੇਰੀ ਮਾਂ ਨੇ ਵੀ ਕਦੇ ਮਿਹਣਾ ਨਹੀਂ ਸੀ ਮਾਰਿਆ। ਚਾਚੀ ਦੇ ਸੁਭਾਅ ਨੇ ਮਾਂ ਨੂੰ ਥੋੜ੍ਹਾ ਥੋੜ੍ਹਾ ਬਦਲ ਦਿੱਤਾ ਸੀ, ਪਰ ਜਦੋਂ ਮਾਮਿਆਂ ਦੇ ਗੇੜਾ ਵੱਜਦਾ, ਮਾਂ ਨੂੰ ਜਿਵੇਂ ਗੁੱਸੇ ਵਾਲੀ ਚਾਬੀ ਭਰ ਹੋ ਜਾਂਦੀ। ਫਿਰ ਉਹ ਚਾਰ ਦਿਨ ਦੀਵਾਲੀ ਦੇ ਅਨਾਰ ਵਾਂਗ ਚੰਗਿਆੜੇ ਜਿਹੇ ਕੱਢੀ ਜਾਂਦੀ।

ਮਾਂ ਤਾਂ ਭੈਣਾਂ ਦੇ ਸਕੂਲ ਜਾਣ 'ਤੇ ਵੀ ਡਾਢੀ ਔਖੀ ਰਹਿੰਦੀ। ਚਾਚੀ ਨੂੰ ਆਖਦੀ, "ਤੂੰ ਇਨ੍ਹਾਂ ਨੂੰ ਪੜ੍ਹਾ ਕੇ ਲਾ ਲਈਂ ਜੱਜ...ਗੋਹਾ-ਕੂੜਾ ਹੀ ਕਰਨਾ ਹੈ, ਚਾਹੇ ਪੜ੍ਹ ਲੈਣ, ਚਾਹੇ ਨਾ ਪੜ੍ਹਨ।" ਚਾਚੀ ਨੇ ਪਿਆਰ ਭਰੇ ਬੋਲਾਂ ਨਾਲ ਮਾਂ ਨੂੰ ਜਵਾਬ ਦੇਣਾ, "ਵੱਡੀ ਭੈਣ! ਇੰਜ ਨਹੀਂ ਕਹੀਦਾ ਕੰਨਿਆ ਨੂੰ। ਜੱਜ ਕਿਹੜਾ ਰੱਬ ਤੋਂ ਡਿੱਗਦੇ ਨੇ ਭਲਾ! ਉਹ ਵੀ ਤਾਂ ਮਾਂਵਾਂ ਦੇ ਪੇਟੋਂ ਜਨਮ ਲੈ ਕੇ ਪੜ੍ਹ ਲਿਖ ਕੇ ਲੱਗਦੇ ਨੇ, ਤੇ ਸਾਡੀਆਂ ਧੀਆਂ ਜੱਜਾਂ ਤੋਂ ਘੱਟ ਨਹੀਂ।" ਮਾਂ ਗੁੱਸੇ ਨਾਲ ਮੂੰਹ ਮੋਟਾ ਕਰਦੀ ਅਗਲੀ ਗੱਲ ਕੱਢ ਮਾਰਦੀ, ਪਰ ਚਾਚੀ ਸ਼ਾਂਤੀ ਦੀ ਮੂਰਤ ਸੀ। ਨਿਰਮਲ ਜਲ ਵਾਂਗ ਸਾਫ਼। ਹੌਲੀ ਹੌਲੀ ਇਸੇ ਤਰ੍ਹਾਂ ਦਿਨ ਟੱਪਦੇ ਗਏ। ਵੱਡੀਆਂ ਦੋ ਭੈਣਾਂ ਪੰਜਵੀਂ ਜਮਾਤ ਪਾਸ ਕਰ ਗਈਆਂ। ਅਗਲੀ ਜਮਾਤ ਦਾ ਸਕੂਲ ਲਾਗਲੇ ਪਿੰਡ ਸੀ। ਮਾਂ ਕਹੇ, ਧੀਆਂ ਜੂਹ ਨਹੀਂ ਟੱਪਣ ਦੇਣੀਆਂ। ਫਿਰ ਮਾਮੇ ਸੱਦ ਲਏ। ਉਨ੍ਹਾਂ ਚੰਗਾ ਖੌਰੂ ਪਾਇਆ, ਪਰ ਚਾਚੀ ਦੀ ਸਿਆਣਪ ਨੇ ਮਾਮਿਆਂ ਦੁਆਲੇ ਘੇਰਾ ਪਾਉਂਦਿਆਂ ਉਨ੍ਹਾਂ ਨੂੰ ਮਨਾ ਲਿਆ ਤੇ ਦੋਵੇਂ ਭੈਣਾਂ ਪਿੰਡ ਦੀਆਂ ਹੋਰ ਕੁੜੀਆਂ ਨਾਲ ਤੁਰ ਕੇ ਲਾਗਲੇ ਪਿੰਡ ਪੜ੍ਹਨ ਜਾਣ ਲੱਗ ਪਈਆਂ।

ਸਾਡੇ ਘਰ ਦੇ ਵਿਹੜੇ ਵਿਚ ਬੜੀ ਭਾਰੀ ਨਿੰਮ ਸੀ ਜਿਸ ਦੀ ਬੜੀ ਸੰਘਣੀ ਛਾਂ ਹੁੰਦੀ ਸੀ। ਆਂਢ-ਗੁਆਂਢ ਦੀਆਂ ਕੁੜੀਆਂ ਗਰਮੀ ਦੇ ਦਿਨਾਂ ਵਿਚ ਚਾਚੀ ਕੋਲ ਆ ਕੇ ਕਰੋਸ਼ੀਆ ਤੇ ਸਲਾਈਆਂ ਸਿੱਖਦੀਆਂ, ਚਾਦਰਾਂ ਕੱਢਦੀਆਂ। ਚਾਚੀ ਸਭ ਨੂੰ ਪਿਆਰ ਕਰਦੀ, ਤੇ ਜੇ ਘੂਰਦੀ ਵੀ ਤਾਂ ਸੱਸ ਕੋਲੋਂ ਮਿਲਣ ਵਾਲੀਆਂ ਗਾਲਾਂ ਦਾ ਡਰ ਦਿਖਾਉਂਦੀ, "ਸੱਸਾਂ ਆਪਣੀਆਂ ਨੂੰਹਾਂ ਨੂੰ ਜੁੱਤੀ ਥੱਲੇ ਰੱਖਦੀਆਂ। ਜੇ ਕੁਝ ਨਾ ਸਿੱਖ ਕੇ ਗਈਆਂ ਤਾਂ ਸੱਸ ਨੇ ਕਹਿਣਾ, ਕੁੰਡੇਰ ਮੱਥੇ ਮਾਰੀ।" ਚਾਚੀ ਦੀਆਂ ਇਨ੍ਹਾਂ ਗੱਲਾਂ ਨਾਲ ਕੁੜੀਆਂ ਘੁੱਟੇ ਬੁੱਲ੍ਹਾਂ ਨਾਲ ਹੱਸਦੀਆਂ।

ਇਕ ਵਾਰ ਸਾਡੇ ਪਿੰਡ ਦੀ ਇਕ ਬੁੱਢੀ ਨੇ ਚਾਚੀ ਨੂੰ ਗੱਲਾਂ ਗੱਲਾਂ ਵਿਚ ਟਕੋਰ ਮਾਰੀ, "ਨੀ ਅਮਰ ਕੁਰੇ! ਕੁੜੀਆਂ ਨੂੰ ਆਪਣੇ ਤੋਂ ਦੂਰ ਹੀ ਰੱਖਿਆ ਕਰ। ਤੂੰ ਤਾਂ ਢਿੱਡੋਂ ਫੁੱਟੀ ਨਹੀਂ, ਤੇ ਕੁੜੀਆਂ ਨੂੰ ਨਾ ਜੂਠਾ ਪਾਣੀ ਪਿਆ ਦੇਈਂ।"

"ਬੇਬੇ ਜੀ! ਆਹ ਸਾਰਾ ਬਾਗ-ਪਰਿਵਾਰ ਮੇਰੇ ਪੁੱਤ-ਧੀਆਂ ਨੇ।" ਚਾਚੀ ਨੇ ਕੁੜੀਆਂ ਵੱਲ ਹੱਥ ਕਰ ਕੇ ਕਿਹਾ, "ਤੁਸੀਂ ਬਹੁਤਾ ਫਿਕਰ ਨਾ ਕਰਿਆ ਕਰੋ, ਨਾਮ ਜਪਿਆ ਕਰੋ। ਜਿੰਨੀ ਤੁਹਾਡੀ ਉਮਰ ਹੋ ਗਈ ਹੈ, ਹੁਣ ਤਾਂ ਤੁਸੀਂ ਲੱਕੜਾਂ ਵੱਲ ਦੇਖਿਆ ਕਰੋ।" ਚਾਚੀ ਦੀ ਗੱਲ ਸੁਣ ਕੇ ਸਾਰੇ ਹੱਸ ਪਏ, ਤੇ ਬੁੱਢੀ ਨਿੰਮੋਝੂਣੀ ਹੋ ਕੇ ਤੁਰ ਗਈ।

ਚਾਚੀ ਨੇ ਦੋਵੇਂ ਭੈਣਾਂ ਪੜ੍ਹਾ ਕੇ ਮਾਸਟਰਨੀਆਂ ਲਵਾ ਦਿੱਤੀਆਂ, ਤੇ ਦੋਵੇਂ ਛੋਟੀਆਂ ਅਜੇ ਪੜ੍ਹਦੀਆਂ ਸਨ। ਚਾਚੀ ਨੇ ਮੇਰੇ ਕੇਸਾਂ ਨੂੰ ਕੈਂਚੀ ਨਹੀਂ ਲਾਉਣ ਦਿੱਤੀ। ਉਹ ਨਾਲੇ ਜੂੜਾ ਕਰਦੀ, ਤੇ ਨਾਲੇ ਸ਼ਬਦ ਸੁਣਾਉਂਦੀ। ਝੜੇ ਹੋਏ ਕੇਸਾਂ ਨੂੰ ਸਤਿਕਾਰ ਨਾਲ ਗੁਥਲੀ ਵਿਚ ਪਾਉਂਦੀ, ਫਿਰ ਕੇਸਾਂ ਦਾ ਅੰਗੀਠੇ ਵਿਚ ਸਸਕਾਰ ਕਰਦੀ। ਜਦੋਂ ਚਾਚੀ ਦਾ ਭਰਾ ਜਾਂ ਬਾਪੂ ਆਉਂਦਾ ਤਾਂ ਸਾਡੇ ਘਰ ਬੰਦਿਆਂ ਦਾ ਇਕੱਠ ਜੁੜ ਜਾਂਦਾ। ਸਾਡੇ ਪਿੰਡ ਵਾਲੇ ਉਨ੍ਹਾਂ ਤੋਂ ਗੁਰ-ਇਤਿਹਾਸ ਸੁਣਦੇ, ਦਸਵੇਂ ਪਾਤਸ਼ਾਹ ਦੀਆਂ ਜੰਗਾਂ ਦੀਆਂ ਬਹਾਦਰੀ ਭਰੀਆਂ ਗੱਲਾਂ ਸੁਣਦੇ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਪਿੰਡ ਦੇ ਕਈ ਬੰਦੇ ਨਸਵਾਰ ਸੁੰਘਣੋਂ ਹਟ ਗਏ, ਕਈਆਂ ਨੇ ਅਫੀਮ ਤੱਕ ਛੱਡ ਦਿੱਤੀ। ਸੱਚ ਜਾਣਿਓਂ, ਜਿਹੜੇ ਬੰਦੇ ਕਦੇ ਗੁਰਦੁਆਰੇ ਨਹੀਂ ਸਨ ਗਏ, ਉਨ੍ਹਾਂ ਉਤੇ ਵੀ ਬਹੁਤ ਅਸਰ ਹੋਇਆ, ਤੇ ਉਹ ਗੁਰੂ ਦੇ ਲੜ ਲੱਗ ਗਏ।

ਫੌਜੀ ਚਾਚਾ ਪੈਨਸ਼ਨ ਆ ਗਿਆ। ਉਹ ਬਾਪੂ ਨਾਲ ਖੇਤੀ ਕਰਨ ਲੱਗ ਪਿਆ। ਸਭ ਤੋਂ ਛੋਟਾ ਚਾਚਾ ਰੇਲ ਥੱਲੇ ਆ ਕੇ ਖੁਦਕਸ਼ੀ ਕਰ ਗਿਆ। ਉਸ ਦੇ ਭੋਗ ਤੋਂ ਬਾਅਦ ਮੇਰੇ ਮਾਮੇ ਆਏ ਤੇ ਬਾਪੂ ਨੂੰ ਕਹਿੰਦੇ, "ਆਪਣੇ ਛੋਟੇ ਭਰਾ ਦੀ ਜ਼ਮੀਨ ਦਾ ਹਿੱਸਾ ਤੂੰ ਇਕੱਲਾ ਲੈ, ਫੌਜੀ ਨੂੰ ਅੱਧ ਨਹੀਂ ਮਿਲਣਾ ਚਾਹੀਦਾ।" ਬਾਪੂ ਨੂੰ ਗੁੱਸਾ ਆ ਗਿਆ, ਕਹਿੰਦਾ, "ਮੇਰੇ ਭਰਾ ਦਾ ਸਿਵਾ ਠੰਢਾ ਨਹੀਂ ਹੋਇਆ, ਤੇ ਤੁਸੀਂ ਜ਼ਮੀਨਾਂ 'ਤੇ ਕਬਜ਼ਾ ਕਰਨ ਆ ਗਏ।" ਗੱਲ ਚਾਚੀ ਕੋਲ ਪਹੁੰਚ ਗਈ। ਚਾਚੀ ਨੇ ਗੱਲੀਂ-ਬਾਤੀਂ ਮਾਮਿਆਂ ਦੀ ਉਹ ਰੇਲ ਬਣਾਈ ਕਿ ਉਹ ਮੁੜ ਕੇ ਨਹੀਂ ਆਏ।

ਫਿਰ ਦੋਹਾਂ ਵੱਡੀਆਂ ਭੈਣਾਂ ਨੂੰ ਚੰਗੇ ਘਰਾਂ ਦੇ ਪੜ੍ਹੇ-ਲਿਖੇ ਮੁੰਡਿਆਂ ਨਾਲ ਵਿਆਹ ਦਿੱਤਾ। ਭੈਣਾਂ ਤੋਰ ਕੇ ਮਾਂ ਨਾਲੋਂ ਚਾਚੀ ਵੱਧ ਰੋਈ। ਚਾਚੀ ਦੀ ਸਿਆਣਪ ਦੀਆਂ ਗੱਲਾਂ ਸਾਰੇ ਪਿੰਡ ਵਿਚ ਹੁੰਦੀਆਂ। ਚਾਚੀ ਨੇ ਛੋਟੀਆਂ ਭੈਣਾਂ ਨੂੰ ਵੀ ਮਾਸਟਰਨੀਆਂ ਬਣਾਉਣ ਲਈ ਜ਼ਿਦ ਫੜੀ ਹੋਈ ਸੀ। ਜੇ ਕਦੀ ਪੈਸੇ-ਧੇਲੇ ਦੀ ਘਾਟ ਰੜਕਦੀ ਤਾਂ ਚਾਚੀ ਆਪਣੇ ਬਾਪੂ ਜੀ ਤੋਂ ਲੈ ਆਉਂਦੀ। ਮੈਂ ਵੀ ਪਿੰਡੋਂ ਪੜ੍ਹ ਕੇ ਲਾਗਲੇ ਪਿੰਡ ਪੜ੍ਹਨ ਲੱਗ ਪਿਆ। ਚਾਚੇ ਨੇ ਮੈਨੂੰ ਸਾਇਕਲ ਲੈ ਦਿੱਤਾ ਸੀ। ਮੈਂ ਚਾਵਾਂ ਨਾਲ ਭਰਿਆ ਸਕੂਲ ਜਾਣ ਲੱਗਿਆ।

ਮਾਂ ਦੇ ਦੁਆਲੇ ਅਸੀਂ ਘੱਟ ਹੀ ਬੈਠਦੇ। ਹਮੇਸ਼ਾ ਮਾਂ ਦੇ ਭਾਰੇ ਹੱਥ ਤੋਂ ਡਰਦੇ ਰਹਿੰਦੇ, ਪਰ ਚਾਚੀ ਦਾ ਪਿੱਛਾ ਨਾ ਛੱਡਦੇ। ਘਰ ਵੜਦਿਆਂ ਹੀ ਮੂੰਹੋਂ ਨਿਕਲਣਾ, "ਚਾਚੀ ਕਿੱਥੇ ਐ?" ਮਾਂ ਨੇ ਗੁੱਸੇ ਵਿਚ ਕਹਿਣਾ, "ਮਾਂ ਤੁਹਾਡੀ ਅੰਦਰ ਹੈ।" ਫਿਰ ਚਾਚੀ ਦੀ ਮਿਹਨਤ ਫਲ ਲਿਆਈ। ਛੋਟੀਆਂ ਭੈਣਾਂ ਵੀ ਮਾਸਟਰਨੀਆਂ ਲੱਗ ਗਈਆਂ। ਜਿਨ੍ਹਾਂ ਸਮਿਆਂ ਵਿਚ ਲੋਕ ਕੁੜੀਆਂ ਨੂੰ ਪੜ੍ਹਨ ਨਹੀਂ ਸਨ ਭੇਜਣਾ ਚਾਹੁੰਦੇ, ਉਦੋਂ ਮੇਰੀ ਚਾਚੀ ਨੇ ਚਾਰੇ ਭੈਣਾਂ ਨੂੰ ਮਾਸਟਰਨੀਆਂ ਬਣਾ ਦਿੱਤਾ। ਚਾਚੇ ਨਾਲ ਹੀ ਰਿਟਾਇਰ ਹੋਏ ਬ੍ਰਿਗੇਡੀਅਰ ਦੇ ਦੋਵੇਂ ਮੁੰਡਿਆਂ ਨੂੰ ਮੇਰੀਆਂ ਦੋਵਾਂ ਭੈਣਾਂ ਦਾ ਰਿਸ਼ਤਾ ਕਰਵਾ ਦਿੱਤਾ। ਚਾਰੇ ਭੈਣਾਂ ਸੁੱਖੀ ਵੱਸਣ ਲੱਗੀਆਂ।

ਮੇਰੇ ਵੀ ਮੱਸ ਫੁੱਟਣ ਲੱਗ ਪਈ ਸੀ। ਚਾਚੀ ਨੇ ਚੜ੍ਹਦੀ ਜਵਾਨੀ ਨੂੰ ਸਾਂਭਣ ਲਈ ਮੈਨੂੰ ਪੰਜ ਗ੍ਰੰਥੀ ਦਾ ਪਾਠ ਸਿਖਾਉਣਾ ਸ਼ੁਰੂ ਕਰ ਦਿੱਤਾ। ਫਿਰ ਦਸ ਗ੍ਰੰਥੀ ਸਿਖਾਈ। ਜਦੋਂ ਮੈਂ ਭਗਤਾਂ ਦੀ ਬਾਣੀ ਦੀ ਸੰਥਿਆ ਲਈ, ਸੱਚੀਂ ਫਕੀਰ ਹੀ ਹੋ ਗਿਆ। ਮੈਂ ਅੱਖਾਂ ਭਰਦੇ ਨੇ ਚਾਚੀ ਦੇ ਪੈਰ ਫੜ ਲਏ। ਚਾਚੀ ਨੇ ਮੋਢਿਆਂ ਤੋਂ ਫੜ ਕੇ ਬੁੱਕਲ ਵਿਚ ਲੈ ਲਿਆ, "ਮੇਰਾ ਸੋਹਣਾ ਪੁੱਤ। ਪੈਰ ਨਾ ਫੜ, ਸੀਨੇ ਲੱਗ। ਤੂੰ ਤਾਂ ਸਾਡੇ ਘਰ ਦਾ ਚਿਰਾਗ ਏਂ। ਤੇਰੇ ਨਾਲ ਹੀ ਸਾਡੇ ਘਰ ਵਿਚ ਰੋਸ਼ਨੀ ਹੈ।"

ਚਾਚੀ ਦੀ ਸਿੱਖਿਆ ਨਾਲ ਮੈਂ ਪਾਠੀ, ਰਾਗੀ ਤੇ ਕਥਾਵਾਚਕ ਬਣ ਗਿਆ। ਫਿਰ ਚਾਚੀ ਨੇ ਆਪਣੀ ਭਤੀਜੀ ਦਾ ਰਿਸ਼ਤਾ ਮੈਨੂੰ ਕਰਵਾ ਦਿੱਤਾ। ਨਾ ਮਾਂ ਨੇ ਕੁਝ ਕਿਹਾ ਤੇ ਨਾ ਮਾਮਿਆਂ ਨੇ। ਚਾਚੀ ਦੀ ਭਤੀਜੀ ਵੀ ਚਾਚੀ ਦੇ ਸੁਭਾਅ ਦੀ ਕਾਰਬਨ ਕਾਪੀ ਸੀ। ਮੈਂ ਵਿਆਹ ਕਰਵਾ ਕੇ ਖੁਸ਼ ਸੀ। ਚਾਚੀ ਨੇ ਕਿਹਾ, "ਖੇਤੀਬਾੜੀ ਕਰ, ਬਾਰਾਂ ਕਿਲੇ ਜ਼ਮੀਨ ਹੈ। ਕਦੇ ਵੀ ਪਾਠ ਕੀਰਤਨ ਦੀ ਭੇਟਾ ਘਰ ਨਹੀਂ ਲਿਆਉਣੀ, ਸਾਰੀ ਭੇਟਾ ਗੁਰਦੁਆਰੇ ਜਾਣੀ ਚਾਹੀਦੀ ਹੈ, ਤੇ ਤੈਨੂੰ ਕਿਸੇ ਚੀਜ਼ ਦੀ ਕਦੇ ਵੀ ਘਾਟ ਨਹੀਂ ਰਹੇਗੀ।" ਮੈਂ ਚਾਚੀ ਦੀਆਂ ਦਿੱਤੀਆਂ ਨਸੀਹਤਾਂ ਪੱਲ ਬੰਨ੍ਹ ਲਈਆਂ।

ਮਾਂ ਅਚਾਨਕ ਮੰਜੇ 'ਤੇ ਪੈ ਗਈ। ਇਕ ਦਿਨ ਕਹਿੰਦੀ, "ਮੇਰਾ ਸਮਾਂ ਨੇੜੇ ਆ ਗਿਆ ਹੈ।" ਮਾਂ ਆਖਰੀ ਸਮੇਂ ਚਾਚੀ ਦੇ ਹੱਥ ਘੁੱਟ ਕੇ ਕਹਿੰਦੀ, "ਅਮਰ ਕੁਰੇ, ਜੇ ਮੈਂ ਤੇਰੀ ਥਾਂ ਹੁੰਦੀ, ਤਾਂ ਮੈਂ ਇੰਜ ਨਾ ਕਰ ਸਕਦੀ ਜਿਵੇਂ ਤੂੰ ਮੇਰੇ ਬੱਚਿਆਂ ਨੂੰ ਆਪਣੇ ਤੋਂ ਵੱਧ ਸਮਝ ਕੇ ਬਲਹਾਰਿਆ ਹੈ। ਮੈਂ ਤਾਂ ਤੇਰਾ ਦੇਣਾ ਸੱਤ ਜਨਮਾਂ ਵਿਚ ਵੀ ਨਹੀਂ ਉਤਾਰ ਸਕਦੀ। ਆਪਣੇ ਪਿਸ਼ੌਰੇ ਦਾ ਖਿਆਲ ਰੱਖੀਂ। ਪਿਸ਼ੌਰਾ ਮੈਨੂੰ ਜਾਨ ਤੋਂ ਵੀ ਵੱਧ ਪਿਆਰਾ ਹੈ। ਮੈਂ ਇਸ ਨੂੰ ਆਪਣੇ ਤੋਂ ਦੂਰ ਇਸ ਲਈ ਰੱਖਿਆ ਕਿਉਂਕਿ ਉਹ ਚੀਜ਼ ਹਮੇਸ਼ਾ ਖੁੱਸ ਜਾਂਦੀ ਹੈ ਜੋ ਜਾਨ ਤੋਂ ਵੱਧ ਪਿਆਰੀ ਹੁੰਦੀ ਹੈ। ਹੁਣ ਮੈਨੂੰ ਲੱਗਦਾ ਹੈ, ਉਹ ਤੈਨੂੰ ਮੇਰੇ ਤੋਂ ਵੱਧ ਪਿਆਰ ਹੈ।" ਕਹਿੰਦੀ ਮਾਂ ਸਦਾ ਲਈ ਚੁੱਪ ਹੋ ਗਈ ਤੇ ਸਾਡੀ ਧਾਹ ਨਿਕਲ ਗਈ। ਫਿਰ ਚਾਚੇ-ਚਾਚੀ ਨੇ ਆਪਣੇ ਹਿੱਸੇ ਦੀ ਜ਼ਮੀਨ ਮੇਰੇ ਨਾਂ ਕਰਵਾ ਦਿੱਤੀ। ਬਾਪੂ, ਚਾਚਾ, ਚਾਚੀ ਵਾਰੀ ਵਾਰੀ ਤੁਰ ਗਏ। ਮੈਂ ਆਪਣੀ ਪਹਿਲੀ ਧੀ ਦਾ ਨਾਂ ਅਮਰ ਕੌਰ ਰੱਖਿਆ ਜੋ ਮੇਰੇ ਵਿਹੜੇ ਵਿਚ ਮੇਰੇ ਸਾਹਮਣੇ ਰਹਿੰਦੀ ਰਹੀ। ਚਾਚੀ ਸੱਚੀਂ ਅਮਰ ਹੋ ਗਈ।

# ਅਮਰੀਕਾ ਦੀ ਤਰੱਕੀ ਦਾ ਰਾਜ, ਸ਼ਕਤੀਆਂ ਦਾ ਵਿਕੇਂਦਰੀਕਰਨ



ਡਾ. ਚਰਨਜੀਤ ਸਿੰਘ ਗੁਮਟਾਲਾ
ਡੇਅਟਨ, ਓਹਾਇਓ
ਫੋਨ: 937-573-9812

ਅਮਰੀਕਾ ਨੇ ਬਰਤਾਨੀਆ ਪਾਸੋਂ ਹਥਿਆਰਬੰਦ ਲੜਾਈ ਲੜ ਕੇ ਆਜ਼ਾਦੀ ਲਈ। ਇਹੋ ਕਾਰਨ ਹੈ ਕਿ ਉਨ੍ਹਾਂ ਨੇ ਬਰਤਾਨੀਆ ਨਾਲੋਂ ਵੱਖਰੀ ਤਰ੍ਹਾਂ ਦਾ ਪ੍ਰਬੰਧਕੀ ਢਾਂਚਾ ਕਾਇਮ ਕੀਤਾ, ਜਿਸ ਨੂੰ ਫੈਡਰਲ ਸਿਸਟਮ ਕਿਹਾ ਜਾਂਦਾ ਹੈ। ਜੇ ਅਮਰੀਕਾ ਦੇ ਝੰਡੇ 'ਤੇ ਝਾਤ ਮਾਰੀਏ ਤਾਂ ਉਸ ਵਿਚ 13 ਪੱਟੀਆਂ ਅਤੇ 50 ਤਾਰੇ ਹਨ। ਜਦ ਅਮਰੀਕਾ ਆਜ਼ਾਦ ਹੋਇਆ ਤਾਂ ਉਸ ਸਮੇਂ 13 ਸੂਬੇ (ਕਲੋਨੀਆਂ) ਸਨ। 13 ਪੱਟੀਆਂ ਇਨ੍ਹਾਂ 13 ਸੂਬਿਆਂ ਦੀਆਂ ਪ੍ਰਤੀਕ ਹਨ। ਹੌਲੀ ਹੌਲੀ ਨਾਲ ਦੇ ਸੂਬੇ ਰਲਦੇ ਗਏ ਤੇ ਸੂਬਿਆਂ ਦੀ ਗਿਣਤੀ 50 ਹੋ ਗਈ। 50 ਤਾਰੇ 50 ਸੂਬਿਆਂ ਦੇ ਪ੍ਰਤੀਕ ਹਨ।

ਅਮਰੀਕਾ ਵਿਚ ਕੇਂਦਰ ਸਰਕਾਰ ਪਾਸ ਬਹੁਤ ਘਟ ਸ਼ਕਤੀਆਂ ਹਨ। ਉਸ ਪਾਸ ਕੇਵਲ ਕਰੰਸੀ ਛਾਪਣ, ਫ਼ੌਜ ਰੱਖਣ, ਦੂਜੇ ਦੇਸ਼ਾਂ ਨਾਲ ਸਮਝੌਤੇ ਕਰਨ, ਲੜਾਈ ਦਾ ਐਲਾਨ ਕਰਨ ਵਰਗੇ ਅਹਿਮ ਕੰਮ ਹਨ। ਕੇਂਦਰੀ ਕਾਨੂੰਨ ਸਾਰੇ ਰਾਜਾਂ 'ਤੇ ਲਾਗੂ ਹੁੰਦੇ ਹਨ। ਜਿੱਥੋਂ ਤੀਕ ਸੂਬਿਆਂ ਦਾ ਸਬੰਧ ਹੈ, ਸੂਬੇ ਆਪਣੇ ਆਪ ਵਿਚ ਖੁਦਮੁਖਤਿਆਰ ਹਨ। ਇਥੋਂ ਤੀਕ ਕਿ ਜੇ ਕੋਈ ਸੂਬਾ ਅਮਰੀਕਾ ਨਾਲੋਂ ਵਖ ਹੋਣਾ ਚਾਹੇ ਤਾਂ ਉਹ ਵੱਖ ਹੋ ਸਕਦਾ ਹੈ ਪਰ ਅਜੇ ਤਕ ਅਜਿਹਾ ਹੋਇਆ ਨਹੀਂ।

ਹਰ ਸੂਬੇ ਦੇ ਆਪੋ ਆਪਣੇ ਕਾਨੂੰਨ ਹਨ। ਇਹੋ ਕਾਰਨ ਹੈ ਕਿ ਕਈ ਸੂਬਿਆਂ ਵਿਚ ਫਾਂਸੀ ਦੀ ਸਜ਼ਾ ਹੈ ਤੇ ਕਈਆਂ ਵਿਚ ਨਹੀਂ। ਟ੍ਰੈਫਿਕ ਨਿਯਮ ਵੀ ਅਲਗ ਅਲਗ ਹਨ। ਸੂਬਿਆਂ ਨੇ ਵੀ ਅੱਗੋਂ ਸ਼ਕਤੀਆਂ ਨਗਰ ਨਿਗਮਾਂ (ਕਾਰਪੋਰੇਸ਼ਨਾਂ) ਨੂੰ ਦਿੱਤੀਆਂ ਹੋਈਆਂ ਹਨ। ਹਰ ਨਗਰ ਨਿਗਮ (ਸਿਟੀ) ਦੀ ਆਪਣੀ ਪੁਲਿਸ ਹੈ, ਜੋ ਆਪਣੇ ਖੇਤਰ ਵਿਚ ਕੰਮ ਕਰਦੀ ਹੈ। ਉਸ ਵਿਚ ਸਰਕਾਰ ਦਾ ਕੋਈ ਦਖਲ ਨਹੀਂ। ਨਕਸ਼ੇ ਵੀ ਨਗਰ ਨਿਗਮ ਹੀ ਪਾਸ ਕਰਦੀ ਹੈ, ਉਸ ਵਿਚ ਰਾਜ ਸਰਕਾਰ ਦਾ ਕੋਈ ਦਖਲ ਨਹੀਂ। ਪੰਜਾਬ ਵਿਚ ਵਪਾਰਕ ਨਕਸ਼ੇ ਵਗੈਰਾ ਸਥਾਨਕ ਸਰਕਾਰ ਮੰਤਰੀ ਤੇ ਫਿਰ ਮੁਖ ਮੰਤਰੀ ਪਾਸ ਜਾਂਦੇ ਹਨ। ਲਾਲ ਫੀਤਾ ਹੋਣ ਕਰਕੇ ਮੋਟੀਆਂ ਰਕਮਾਂ ਲਈਆਂ-ਦਿਤੀਆਂ ਜਾਂਦੀਆਂ ਹਨ। ਅਮਰੀਕਾ ਵਿਚ ਜਿਹੜੇ ਨਕਸ਼ੇ ਪਾਸ ਹੁੰਦੇ ਹਨ, ਉਹ ਪਹਿਲਾਂ ਇੰਟਰਨੈਟ ਉਪਰ ਪਾ ਦਿੱਤੇ ਜਾਂਦੇ ਹਨ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ। ਜਦ ਨਕਸ਼ੇ ਪਾਸ ਕਰਨ ਵਾਲੀ ਕਮੇਟੀ ਦੀ ਮੀਟਿੰਗ ਹੁੰਦੀ ਹੈ ਤਾਂ ਉਸ ਦਾ ਸਿੱਧਾ ਪ੍ਰਸਾਰਨ ਸਥਾਨਕ ਟੀ.ਵੀ. ਚੈਨਲ ਉਪਰ ਹੁੰਦਾ ਹੈ ਤੇ ਉਸ ਮੀਟਿੰਗ ਵਿਚ ਕੋਈ ਵੀ ਵਿਅਕਤੀ ਸ਼ਾਮਲ ਹੋ ਸਕਦਾ ਹੈ। ਹਸਪਤਾਲ ਪ੍ਰਾਈਵੇਟ ਹਨ। ਵਿਦਿਅਕ ਮਹਿਕਮਾ ਹੈ ਪਰ ਉਹ ਸਾਡੇ ਵਾਂਗ ਸਕੂਲ ਨਹੀਂ ਚਲਾਉਂਦਾ ਤੇ ਨਾ ਕੋਈ ਅਧਿਆਪਕ ਵਗੈਰਾ ਭਰਤੀ ਕਰਦਾ ਹੈ। ਬਾਰਵੀਂ ਤੀਕ ਮੁਫ਼ਤ ਵਿਦਿਆ ਹੈ। ਜਿਸ ਪਿੰਡ ਜਾਂ ਸ਼ਹਿਰੀ ਖੇਤਰ ਦਾ ਸਕੂਲ ਹੈ, ਉਥੋਂ ਦੇ ਵਸਨੀਕ ਵੋਟਾਂ ਪਾ ਕੇ ਚਾਰ ਸਾਲ ਲਈ ਕਮੇਟੀ ਚੁਣਦੇ ਹਨ, ਜੋ ਅਧਿਆਪਕ ਭਰਤੀ ਕਰਦੀ ਹੈ ਤੇ ਸਕੂਲ ਨੂੰ ਚਲਾਉਂਦੀ ਹੈ। ਸਕੂਲ ਲਈ ਕੁਝ ਰਕਮ ਸਰਕਾਰ ਦਿੰਦੀ ਹੈ ਤੇ ਬਾਕੀ ਰਕਮ ਘਰਾਂ ਉਪਰ ਟੈਕਸ ਲਾ ਕੇ ਇਕੱਠੀ ਕੀਤੀ ਜਾਂਦੀ ਹੈ। ਬੱਸਾਂ ਵੀ ਸਕੂਲਾਂ ਦੀਆਂ ਆਪਣੀਆਂ ਹਨ ਤੇ ਇਨ੍ਹਾਂ ਲਈ ਕੋਈ ਕਿਰਾਇਆ ਨਹੀਂ ਲਿਆ ਜਾਂਦਾ।

ਦੁਨੀਆਂ ਨਾਲੋਂ ਅਮਰੀਕਾ ਦੀ ਇਕ ਵਿਲਖਣਤਾ ਇਹ ਹੈ ਕਿ ਇਥੇ ਵੋਟਾਂ ਰਾਹੀਂ ਸਭ ਦੀ ਸਿੱਧੀ ਚੋਣ ਹੁੰਦੀ ਹੈ, ਕੋਈ ਚੋਰ ਮੋਰੀ ਜਾਂ ਨਾਮਜ਼ਦਗੀ ਨਹੀਂ ਜਿਵੇਂ ਭਾਰਤ ਵਿਚ ਹੈ। ਸ਼ਹਿਰੀ ਪੱਧਰ 'ਤੇ ਮੇਅਰ ਦੀ ਚੋਣ ਸਿੱਧੀ ਹੈ, ਰਾਜ ਪੱਧਰ 'ਤੇ ਗਵਰਨਰ ਦੀ ਚੋਣ ਸਿੱਧੀ ਹੈ ਤੇ ਕੇਂਦਰੀ ਪੱਧਰ 'ਤੇ ਰਾਸ਼ਟਰਪਤੀ ਦੀ ਚੋਣ ਸਿੱਧੀ ਹੈ। ਇਸ ਦਾ ਲਾਭ ਇਹ ਹੈ ਕਿ ਰਾਸ਼ਟਰਪਤੀ ਨੂੰ ਸਾਰੇ ਸੂਬਿਆਂ ਵਿਚ ਵੋਟਾਂ ਮੰਗਣ ਲਈ ਜਾਣਾ ਪੈਂਦਾ ਹੈ ਤੇ ਚੋਣ ਜਿੱਤਣ ਪਿੱਛੋਂ ਸਾਰੇ ਸੂਬਿਆਂ ਦਾ ਧਿਆਨ ਰੱਖਣਾ ਪੈਂਦਾ ਹੈ। ਇਸੇ ਤਰ੍ਹਾਂ ਗਵਰਨਰ ਨੂੰ ਸੂਬੇ ਦੇ ਹਰ ਵੋਟਰ ਤਕ ਪਹੁੰਚ ਕਰਨੀ ਪੈਂਦੀ ਹੈ।

ਭਾਰਤ ਵਿਚ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਦੀਆਂ ਆਸਾਮੀਆਂ ਹਨ। ਭਾਰਤ ਵਿਚ ਵੀ ਰਾਸ਼ਟਰਪਤੀ ਦੀ ਆਸਾਮੀ ਖਤਮ ਕਰਕੇ ਪ੍ਰਧਾਨ ਮੰਤਰੀ ਦੀ ਸਿੱਧੀ ਚੋਣ ਹੋਣੀ ਚਾਹੀਦੀ ਹੈ। ਸੂਬਾਈ ਪੱਧਰ 'ਤੇ ਮੁਖ ਮੰਤਰੀ ਦੀ ਚੋਣ ਸਿੱਧੀ ਹੋਵੇ ਤੇ ਗਵਰਨਰ ਦੀ ਆਸਾਮੀ ਖਤਮ ਕਰਨੀ ਚਾਹੀਦੀ ਹੈ। ਭਾਰਤ ਵਾਂਗ ਅਮਰੀਕਾ ਵਿਚ ਕੌਮੀ ਪੱਧਰ 'ਤੇ ਦੋ ਸਦਨ ਹਨ। ਲੋਕ ਸਭਾ ਦੇ ਮੁਕਾਬਲੇ 'ਤੇ ਹਾਊਸ ਆਫ ਰੈਪਰੈਜ਼ੈਂਟੇਟਿਵ ਹੈ, ਜਿਸ ਦੇ 435 ਮੈਂਬਰ ਹਨ ਪਰ ਇਨ੍ਹਾਂ ਦੀ ਚੋਣ ਹਰ 2 ਸਾਲ ਬਾਅਦ ਹੁੰਦੀ ਹੈ ਤਾਂ ਜੋ ਇਨ੍ਹਾਂ ਦਾ ਲੋਕਾਂ ਨਾਲ ਸੰਪਰਕ ਬਣਿਆ ਰਹੇ। ਜੇ ਭਾਰਤ ਵਿਚ ਵੀ ਲੋਕ ਸਭਾ ਚੋਣਾਂ 2 ਸਾਲਾਂ ਪਿਛੋਂ ਹੋਣ ਤਾਂ ਲੋਕ ਸਭ ਮੈਂਬਰਾਂ ਨੂੰ ਆਪਣੇ ਵੋਟਰਾਂ ਨਾਲ ਸੰਪਰਕ ਕਾਇਮ ਰੱਖਣ ਲਈ ਮਜ਼ਬੂਰ ਹੋਣਾ ਪਵੇਗਾ। ਅਮਰੀਕਾ ਵਿਚ ਸਟੇਟ ਪੱਧਰ ਉਤੇ ਵਿਧਾਇਕਾਂ ਦੀ ਚੋਣ ਵੀ 2 ਸਾਲ ਲਈ ਹੁੰਦੀ ਹੈ। ਭਾਰਤ ਵਿਚ ਵੀ ਵਿਧਾਇਕ 2 ਸਾਲ ਲਈ ਚੁਣੇ ਜਾਣੇ ਚਾਹੀਦੇ ਹਨ। ਅਮਰੀਕਾ ਵਿਚ ਲੋਕ ਨੁਮਾਇੰਦਿਆਂ ਨੂੰ ਮੁੜ ਵਾਪਸ ਬੁਲਾਉਣ ਦੀ ਵਿਵਸਥਾ ਹੈ ਪਰ ਸਾਡੇ ਨਹੀਂ, ਜੋ ਹੋਣੀ ਚਾਹੀਦੀ ਹੈ ਤਾਂ ਜੋ ਨਾ ਕੰਮ ਕਰਨ ਵਾਲਿਆਂ ਨੂੰ ਘਰ ਭੇਜਿਆ ਜਾ ਸਕੇ।

ਜਿਥੋਂ ਤੀਕ ਰਾਜ ਸਭਾ ਦਾ ਸਬੰਧ ਹੈ, ਅਮਰੀਕਾ ਵਿਚ ਸੈਨੇਟ ਹੈ। ਭਾਰਤ ਵਿਚ ਚੋਰ ਮੋਰੀ ਰਾਹੀਂ ਜਣਾ-ਖਣਾ ਰਾਜ ਸਭਾ ਦਾ ਮੈਂਬਰ ਬਣ ਕੇ ਮੰਤਰੀ ਤੇ ਪ੍ਰਧਾਨ ਮੰਤਰੀ ਬਣ ਸਕਦਾ ਹੈ। ਲੋਕ ਸਭਾ ਚੋਣਾਂ ਹਾਰ ਕੇ ਕਈ ਰਾਜ ਸਭਾ ਮੈਂਬਰ ਬਣ ਕੇ ਮੰਤਰੀ ਬਣੇ ਹੋਏ ਹਨ ਪਰ ਅਮਰੀਕਾ ਵਿਚ ਅਜਿਹਾ ਨਹੀਂ। ਅਮਰੀਕਾ ਵਿਚ ਹਰ ਸੂਬੇ ਤੋਂ 2 ਸੈਨੇਟਰ ਚੁਣੇ ਜਾਂਦੇ ਹਨ ਜਿਨ੍ਹਾਂ ਨੂੰ ਸੂਬੇ ਦੇ ਵੋਟਰ ਵੋਟਾਂ ਪਾ ਕੇ ਚੁਣਦੇ ਹਨ। ਭਾਰਤ ਨੂੰ ਵੀ ਚਾਹੀਦਾ ਹੈ ਕਿ ਉਹ ਹਰ ਸੂਬੇ ਵਿਚੋਂ 2 ਮੈਂਬਰ ਸਿੱਧੀਆਂ ਵੋਟਾਂ ਪਾ ਕੇ ਚੁਣੇ।

ਅਮਰੀਕਾ ਦੇ ਟਾਕਰੇ 'ਤੇ ਇੰਗਲੈਂਡ, ਕੈਨੇਡਾ, ਫਰਾਂਸ ਆਦਿ ਦੇਸ਼ਾਂ ਵਿਚ ਭਾਰਤ ਵਾਂਗ ਮਿਸ਼ਰਤ ਆਰਥਕ ਵਿਵਸਥਾ ਹੈ ਭਾਵ ਪ੍ਰਾਈਵੇਟ ਤੇ ਪਬਲਿਕ ਸੈਕਟਰ ਹਨ ਤੇ ਸਭ ਨੂੰ ਰੁਜ਼ਗਾਰ, ਸਿਹਤ ਸੇਵਾਵਾਂ, ਸਿੱਖਿਆ ਵਗੈਰਾ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਸਮਝੀ ਜਾਂਦੀ ਹੈ।

ਅਮਰੀਕਾ ਵਿਚ ਸਰਮਾਏਦਾਰੀ ਨਿਜ਼ਾਮ ਹੈ। ਭਾਰਤ ਨੇ ਅਜੇ ਵੀ ਅੰਗਰੇਜ਼ੀ ਰਾਜ ਦੇ ਕਾਨੂੰਨ ਲਾਗੂ ਕੀਤੇ ਹੋਏ ਹਨ, ਜੋ ਵੇਲਾ ਵਿਹਾ ਚੁੱਕੇ ਹਨ। ਇਸ ਲਈ ਸਮੁੱਚੇ ਸੰਵਿਧਾਨਕ ਢਾਂਚੇ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਇਕ ਵਿਸ਼ੇਸ਼ ਟੀਮ ਕਾਇਮ ਕੀਤੀ ਜਾਣੀ ਚਾਹੀਦੀ ਹੈ ਤੇ ਅਮਰੀਕਾ ਵਾਂਗ ਸੂਬਿਆਂ ਨੂੰ ਵਧੇਰੇ ਸ਼ਕਤੀਆਂ ਦੇਣੀਆਂ ਚਾਹੀਦੀਆਂ ਹਨ। ਜੇ ਅਮਰੀਕਾ, ਕੈਨੇਡਾ, ਇੰਗਲੈਂਡ ਜਿਥੇ ਕਿ ਸੂਬਿਆਂ ਨੂੰ ਵੱਖ ਹੋਣ ਦੇ ਅਧਿਕਾਰ ਹਨ, ਨਹੀਂ ਟੁੱਟੇ ਤਾਂ ਭਾਰਤ ਕਿਵੇਂ ਟੁੱਟ ਸਕਦਾ ਹੈ?

#

# ਨਮਾਜ਼ ਬਨਾਮ ਨਮਸਕਾਰ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

‘ਨਮੋ’- ਨ(ਨਰਿੰਦਰ)+ਮੋ(ਦੀ)- ਦੀ ਮਿਹਰਬਾਨੀ ਸਦਕਾ ਯੋਗ ਦਾ ਪ੍ਰਹਾਰਾ ਦੇਸ਼-ਦੇਸ਼ਾਂਤਰ ਵਿਚ ਫੈਲ ਗਿਆ ਹੈ। ਇਸ ਵਿਚ ਕੋਈ ਬੁਰਾਈ ਨਹੀਂ ਭਾਵੇਂ ਯੋਗ ਦਾ ਉਦਭਵ ਧਾਰਮਿਕ ਵਿਰਸੇ ਵਿਚੋਂ ਹੀ ਹੋਵੇ। ਸਰਲਤਮ ਰੂਪ ਵਿਚ ਯੋਗ ਦੀਆਂ ਕਸਰਤਾਂ ਦਾ ਧਰਮ ਨਾਲ ਕੋਈ ਲੈਣਾ-ਦੇਣਾ ਨਹੀਂ। ਬਹੁਤ ਸਾਰੇ ਲੋਕ ਸਿਹਤ ਲਈ ਇਸ ਦੇ ਲਾਭਾਂ ਦਾ ਦਾਅਵਾ ਕਰਦੇ ਹਨ। ਐਪਰ ਬਿਨਾ ਸ਼ੱਕ ਹਿੰਦੁਤਵ-ਪ੍ਰਣਾਈ ਸ਼ਾਸਕ ਪਾਰਟੀ ਵਲੋਂ ਇਸ ਦੇ ਵਿਆਪਕ ਪੱਧਰ ’ਤੇ ਜਸ਼ਨ ਪਿਛੇ ਸੁਆਰਥੀ ਰਾਜਸੀ ਹਿੱਤ ਹਨ। ਹੋਰ ਗੱਲਾਂ ਤੋਂ ਇਲਾਵਾ ‘ਸੂਰਜ ਨਮਸਕਾਰ’ ਨਾਮਕ ਆਸਣ ਵਿਚ ਨਿਸਚੇ ਹੀ ਹਿੰਦੂ ਧਰਮ ਦੇ ਚਿੰਨ੍ਹ ਪ੍ਰਗਟ ਹੁੰਦੇ ਹਨ। ਇਸ ਆਸਣ ਵਿਚ ਬਾਰਾਂ ਮੰਤਰ ਉਚਾਰੇ ਜਾਂਦੇ ਹਨ ਤੇ ਹਰ ਇਕ ਵਿਚ ਸੂਰਜ ਦਾ ਅਲੱਗ ਨਾਂ ਹੈ, ਹਰ ਇਕ ਦੇ ਸ਼ੁਰੂ ਵਿਚ ਓਮ ਆਉਂਦਾ ਹੈ। ਸਭ ਮੰਤਰਾਂ ਦਾ ਸਰਲ ਅਰਥ ਹੈ, “ਸੂਰਜ ਨੂੰ ਮੇਰਾ ਨਮਸਕਾਰ ਹੈ।” ਓਮ ਹਿੰਦੂਆਂ ਦਾ ਧਾਰਮਕ ਚਿੰਨ੍ਹ ਹੈ ਤੇ ਸੂਰਜ ਉਨ੍ਹਾਂ ਦਾ ਦੇਵਤਾ। ਨਿਸਚੇ ਹੀ ਕਠੋਰ ਧਾਰਮਿਕ ਵੰਡੀਆਂ ਵਿਚ ਵੰਡੇ ਭਾਰਤ ਦੇ ਜਨ ਸਮੂਹ ਵਿਚੋਂ ਹੋਰ ਧਰਮਾਂ ਜਿਵੇਂ ਮੁਸਲਮਾਨ, ਈਸਾਈ ਤੇ ਸਿੱਖ ਆਦਿ ਦੀਆਂ ਜਥੇਬੰਦੀਆਂ ਵਲੋਂ ਇਸ ਦਾ ਵਿਰੋਧ ਹੋਣਾ ਸੀ। ਸਿਧਾਂਤਕ ਤੌਰ ’ਤੇ ਇਕ-ਈਸ਼ਵਰਵਾਦੀ ਧਰਮਾਂ ਦਾ ਦੇਵਤਿਆਂ ਵਿਚ ਵਿਸ਼ਵਾਸ ਨਹੀਂ, ਨਾਸਤਕਾਂ ਦਾ ਤਾਂ ਹੋਣਾ ਹੀ ਕੀ ਹੈ। ਇਸ ਸਥਿਤੀ ਵਿਚ ਇਕ ਧਰਮ ਦੀਆ ਮਾਨਤਾਵਾਂ ਨੂੰ ਰਾਜਸੱਤਾ ਦੇ ਬਲਬੂਤੇ ਦੂਸਰਿਆਂ ’ਤੇ ਠੋਸਣਾ ਆਪਹੁਦਰੇਪਣ ਦਾ ਸਿਖਰ ਹੈ। ਕੁਝ ਹਿੰਦੂ ਹਲਕਿਆਂ ਵਲੋਂ ਸੁਝਾਅ ਆਇਆ ਸੀ ਕਿ ਜੇ ਮੁਸਲਮਾਨਾਂ ਨੂੰ ‘ਸੂਰਜ ਨਮਸਕਾਰ’ ਬੋਲਣ ’ਤੇ ਇਤਰਾਜ਼ ਹੈ ਤਾਂ ਉਹ ‘ਅੱਲਾ ਨਮਸਕਾਰ’ ਕਹਿ ਸਕਦੇ ਹਨ। ਮਤਲਬ ਕਿ ਉਹ ਰਿਆਇਤ ਦੇ ਰਹੇ ਹਨ ਅਤੇ ਰਿਆਇਤ ਦੇਣ ਦਾ ਹੱਕ ਰੱਖਦੇ ਹਨ। ਪ੍ਰਸ਼ਨ ਹੈ ਕਿ ਭਾਰਤ ਦੇ ਧਰਮ-ਨਿਰਪੱਖ ਰਾਜ ਹੁੰਦਿਆਂ ਇਸ ਦੀ ਸਰਪ੍ਰਸਤੀ ਅਧੀਨ ਕਿਸੇ ਵੀ ਵਿਸ਼ੇਸ਼ ਧਰਮ ਦਾ ਪ੍ਰਚਾਰ-ਪ੍ਰਸਾਰ ਕਿਉਂ ਹੋਵੇ?

ਆਓ ਜ਼ਰਾ ਹਿੰਦੂ ਧਾਰਮਿਕ ਜਨੂਨ ਅਧੀਨ ਹਿੰਦੁਤਵ ਦੇ ਬੋਲਬਾਲੇ ਦਾ ਇਕ ਨਮੂਨਾ ਦੇਖੀਏ। ਮੁਸਲਮਾਨ ਐਕਟਰਾਂ ਸ਼ਾਹਰੁਖ ਖਾਂ, ਆਮਿਰ ਖਾਂ ਤੇ ਸਲਮਾਨ ਖਾਂ ਦੇ ਬਾਈਕਾਟ ਕਰਨ ਦਾ ਹੋਕਾ ਦੇਣ ਵਾਲੀ ਭਾਜਪਾ ਸੰਸਦ ਮੈਂਬਰ ਸਾਧਵੀ ਪਰਾਚੀ ਨੇ ਪਿਛਲੇ ਦਿਨੀਂ ਜਲੰਧਰ ਵਿਖੇ ਇਕ ਟੀ.ਵੀ. ਚੈਨਲ ਵਿਚ ਬੋਲਦਿਆਂ ਜੋ ਕਿਹਾ ਉਸ ਦੀ ਖਬਰ ਇਸ ਪ੍ਰਕਾਰ ਪੜ੍ਹਨ ਨੂੰ ਮਿਲੀ, “ਸਾਧਵੀ ਪ੍ਰਾਚੀ ਨੇ ਸੂਰਜ ਨਮਸਕਾਰ ’ਤੇ ਰੋਕ ਲਾਉਣ ਵਾਲਿਆਂ ਨੂੰ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੂਰਿਆ ਨਮਸਕਾਰ ’ਤੇ ਨਹੀਂ, ਸਗੋਂ ਮੁੱਖ ਮਾਰਗਾਂ ਅਤੇ ਚੌਕਾਂ ਖਾਸ ਕਰਕੇ ਨੈਸ਼ਨਲ ਹਾਈਵੇ ’ਤੇ ਨਮਾਜ਼ ਅਦਾ ਕਰਨ ਵਾਲਿਆਂ ’ਤੇ ਰੋਕ ਲੱਗਣੀ ਚਾਹੀਦੀ ਹੈ ਕਿਉਂਕਿ ਸੂਰਿਆ ਨਮਸਕਾਰ ਨਾਲ ਕਿਸੇ ਨੂੰ ਨੁਕਸਾਨ ਨਹੀਂ ਹੁੰਦਾ...।” ਸਾਧਵੀ ਦੀ ਦਲੀਲ ਕਿ ਜੇ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਦਾ ਦੇ ਅਨੁਸਾਰ ਕਿਹਾ ਜਾ ਸਕਦਾ ਹੈ ਕਿ ਤਥਾ ਕਥਿਤ ਅਛੂਤਾਂ ਨੂੰ ਨਾ ਛੂਹ ਲੈਣ ਨਾਲ ਵੀ ਅਛੂਤਾਂ ਦਾ ਕੀ ਵਿਗੜਦਾ ਹੈ ਤੇ ਫਿਰ ਉਹ ਇਤਰਾਜ਼ ਕਿਉਂ ਕਰਦੇ ਹਨ?

ਕੁਝ ਹਲਕਿਆਂ ਵਲੋਂ ਇਸ ਗੱਲ ਨੂੰ ਵੀ ਉਭਾਰਿਆ ਗਿਆ ਕਿ ਮੁਸਲਮਾਨਾਂ ਦੀ ਨਮਾਜ਼ ਅਦਾ ਕਰਦੇ ਵਕਤ ਅਨੇਕਾਂ ਰਕਾਤਾਂ ਯੋਗ ਦੇ ਆਸਣ ਹਨ। ਉਂਜ ਸਿੱਖ ਵੀ ਅਰਦਾਸ ਕਰਦੇ ਵਕਤ ਘਟੋ ਘਟ ਦੋ ਵਾਰ ਤਾਂ ਉਠਕ ਬੈਠਕ ਕਰਦੇ ਹਨ ਤੇ ਇਸ ਨੂੰ ਹੋਰ ਰੀਤੀਬਧ ਬਣਾਉਣ ਦੀ ਪ੍ਰਵਿਰਤੀ ਹਮੇਸ਼ਾ ਰਹਿੰਦੀ ਹੈ। ਅਨੇਕਾਂ ਧਰਮਾਂ ਵਿਚ ਆਪਣੇ ਇਸ਼ਟ ਪ੍ਰਤੀ ਸ਼ਰਧਾ ਸਿਰ ਜਾਂ ਕਈ ਵਾਰੀ ਪੂਰਾ ਸਰੀਰ ਝੁਕਾ ਕੇ ਹੀ ਪ੍ਰਗਟਾਈ ਜਾਂਦੀ ਹੈ। ਨਮਾਜ਼ ਫਾਰਸੀ ਦਾ ਸ਼ਬਦ ਹੈ ਜਿਸ ਨੂੰ ਮੋਟੇ ਤੌਰ ’ਤੇ ਮੁਸਲਮਾਨੀ ਪ੍ਰਾਰਥਨਾ ਕਿਹਾ ਜਾ ਸਕਦਾ ਹੈ। ਇਹੀ ਸ਼ਬਦ ਬਾਅਦ ਵਿਚ ਉਰਦੂ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਦਾਖਿਲ ਹੋਇਆ। ਫਾਰਸੀ ਭਾਸ਼ਾ ਦੇ ਦੇਸ਼ ਇਰਾਨ ਵਿਚ ਇਸਲਾਮ ਧਰਮ ਅਰਬਾਂ ਦੇ ਜ਼ੋਰ ਨਾਲ ਆਇਆ। ਕੁਰਾਨ ਸ਼ਰੀਫ ਵਿਚ ਇਸ ਲਈ ਅਰਬੀ ਸ਼ਬਦ ਹੈ, ਸਲਾਤ। ਇਰਾਨੀਆਂ ਨੇ ਇਸਲਾਮ ਨਾਲ ਸਬੰਧਤ ਬਹੁਤ ਸਾਰੇ ਅਰਬੀ ਸ਼ਬਦ ਆਪਣੀ ਭਾਸ਼ਾ ਫਾਰਸੀ ਵਿਚ ਆਪਣੇ ਲਈ ਪਰ ਸਲਾਤ ਲਈ ਆਪਣਾ ਪੁਰਾਣਾ ਸ਼ਬਦ ਨਮਾਜ਼ ਹੀ ਰੱਖਿਆ ਜੋ ਨਿਸਚੇ ਹੀ ਪਾਰਸੀ ਧਰਮ ਵਾਲੇ ਵਰਤਦੇ ਸਨ। ਹਾਂ, ਉਨ੍ਹਾਂ ਨਮਾਜ਼ ਦਾ ਰੀਤੀਬਧ ਢੰਗ ਅਰਬੀ ਮੁਸਲਮਾਨਾਂ ਵਾਲਾ ਹੀ ਅਪਨਾਇਆ ਕਿਉਂਕਿ ਕਿਸੇ ਧਰਮ ਵਿਸ਼ੇਸ਼ ਦੀ ਪੂਜਾ ਵਿਧੀ ਨੂੰ ਉਸ ਧਰਮ ਤੋਂ ਨਿਖੇੜਿਆ ਨਹੀਂ ਜਾ ਸਕਦਾ। ਮੁਸਲਮਾਨਾਂ ਲਈ ਦਿਨ ਵਿਚ ਪੰਜ ਵਾਰੀ ਨਮਾਜ਼ ਪੜ੍ਹਨ ਦੀ ਹਦਾਇਤ ਹੈ, ਨਮਾਜ਼ ਤੋਂ ਪਹਿਲਾਂ ਪਾਣੀ ਨਾਲ ਵੁਜ਼ੂ ਕਰਨਾ, ਮੂੰਹ ਕਾਅਬੇ ਵੱਲ ਕਰਨਾ ਤੇ ਰੱਬ ਦੀ ਮਹਾਨਤਾ ਚਿਤਵਦਿਆਂ ਅਤਿ ਦੀ ਨਿਮਰਤਾ ਵਿਚ ਰਹਿਣਾ ਹੁੰਦਾ ਹੈ। ‘ਪੰਜੇ ਵਖਤ’ ਨਮਾਜ਼ ਗੁਜ਼ਾਰਨ ਦੀ ਹਦਾਇਤ ਕੁਰਾਨ ਵਿਚ ਨਹੀਂ ਬਲਕਿ ਹਦੀਸਾਂ ਵਿਚ ਹੈ। ਹਰ ਭਾਸ਼ਾ ਦਾ ਮੁਸਲਮਾਨ ਨਮਾਜ਼ ਕੇਵਲ ਅਰਬੀ ਵਿਚ ਪੜ੍ਹਦਾ ਹੈ। ਨਮਾਜ਼ ਦੀ ਅਦਾਇਗੀ ਸਮੇਂ ਕਈ ਰਕਾਤਾਂ ਹੁੰਦੀਆਂ ਹਨ ਜਿਵੇਂ ਧਿਆਨਪੂਰਬਕ ਖਲੋਣਾ (ਕਯਾਮ), ਨਿਮਰ ਹੋ ਕੇ ਝੁਕਣਾ (ਰਕੂਅ), ਸਜਦਾ ਕਰਨਾ (ਸਜੂਦ)। ਹਰ ਰਕਾਤ ਵੇਲੇ ਕਲਮੇ ਤੋਂ ਇਲਾਵਾ ਆਇਤਾਂ ਦਾ ਪਾਠ ਵੀ ਕੀਤਾ ਜਾਂਦਾ ਹੈ। ਇਨ੍ਹਾਂ ਕਿਰਿਆਵਾਂ ਵਿਚ ਪਿਆ ਨਮਾਜ਼ੀ ਯੋਗ ਕਰਦਾ ਹੀ ਤਾਂ ਪ੍ਰਤੀਤ ਹੁੰਦਾ ਹੈ।




ਇਕ ਕਹਾਵਤ ਪ੍ਰਸਿਧ ਹੈ ਕਿ ਨਮਾਜ਼ਾਂ ਬਖਸ਼ਾਣ ਗਏ, ਰੋਜ਼ੇ ਗਲ ਪੈ ਗਏ। ਦੱਸਿਆ ਜਾਂਦਾ ਹੈ ਕਿ ਜਦ ਮੁਹੰਮਦ ਸੱਤਵੇਂ ਅਕਾਸ਼ ਗਏ ਤਾਂ ਅੱਲ੍ਹਾ ਦਾ ਹੁਕਮ ਹੋਇਆ ਕਿ ਉਸ ਦੀ ਉਮੱਤ ਰੋਜ਼ 50 ਨਮਾਜ਼ਾਂ ਪੜ੍ਹੇ। ਜਦੋਂ ਹਜ਼ਰਤ ਛੇਵੇਂ ਅਸਮਾਨ ਪਰਤੇ ਤਾਂ ਮੂਸਾ ਮਿਲ ਪਿਆ ਜਿਸ ਨੇ ਟਿੱਪਣੀ ਕੀਤੀ ਕਿ ਏਨੀਆਂ ਨਮਾਜ਼ਾਂ ਪੜ੍ਹਨੀਆ ਸੰਭਵ ਨਹੀਂ। ਹਜ਼ਰਤ ਨੇ ਵਾਪਿਸ ਅੱਲਾ ਕੋਲ ਜਾ ਕੇ ਨਮਾਜ਼ਾਂ ਦੀ ਗਿਣਤੀ ਘਟਾ ਕੇ ਪੰਜ ਕਰਵਾ ਦਿੱਤੀ ਪਰ ਅੱਲਾ ਨੇ ਨਾਲ ਹੀ ਰੋਜ਼ੇ ਰੱਖਣ ਦੀ ਤਾਗੀਦ ਕਰ ਦਿੱਤੀ। ਉਪਰੋਕਤ ਅਖਾਣ ਇਥੋਂ ਹੀ ਬਣਿਆ ਦੱਸਿਆ ਜਾਂਦਾ ਹੈ। ਮੁਢਲੇ ਸੂਫੀਆਂ ਨੇ ਨਮਾਜ਼ ਪੜ੍ਹਨ ’ਤੇ ਜ਼ੋਰ ਦਿੱਤਾ ਹੈ ਜਿਵੇਂ “ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ” ਪਰ ਬੁਲ੍ਹੇ ਸ਼ਾਹ ਦੇ ਵੇਲੇ ਇਸ ਨੂੰ ਪਖੰਡ ਸਮਝਿਆ ਗਿਆ, “ਭੱਠ ਨਮਾਜ਼ਾਂ ਚਿਕੜ ਰੋਜ਼ੇ, ਕਲਮੇ ਤੇ ਫਿਰ ਗਈ ਸਿਆਹੀ...।” ਗੁਰੂਆਂ ਭਗਤਾਂ ਨੇ ਕਰਮ ਕਾਂਡ ਦਾ ਵਿਰੋਧ ਕੀਤਾ ਤਾਂ ਨਮਾਜ਼ ਵੀ ਇਸੇ ਲਪੇਟ ਵਿਚ ਆ ਗਈ, “ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ॥” (ਭਗਤ ਕਬੀਰ) ਹਾਂ ਇਸ ਦੇ ਭਾਵੀਕ੍ਰਿਤ ਰੂਪ ਵੱਲ ਵੀ ਸੰਕੇਤ ਹੈ, “ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥” (ਗੁਰੂ ਨਾਨਕ ਦੇਵ)

ਭਾਰਤ ਵਿਚ ਇਕ ਦੂਸਰੇ ਨੂੰ ਪ੍ਰਣਾਮ ਕਰਨ ਲਈ ਨਮਸਕਾਰ ਸ਼ਬਦ ਦੀ ਵਰਤੋਂ ਹੁੰਦੀ ਹੈ, “ਨਮਸਕਾਰ ਡੰਡਉਤ ਬੰਦਨਾ”; ਨਾਨਕ ਗੁਰ ਪੂਰੇ ਨਮਸਕਾਰ (ਗੁਰੂ ਅਰਜਨ ਦੇਵ); “ਕੂੰਚਰੁ ਪੋਟ ਲੈ ਲੈ ਨਮਸਕਾਰੈ” (ਭਗਤ ਕਬੀਰ)। ਬਾਣੀ ਵਿਚ ਨਮਸਕਾਰ ਸ਼ਬਦ ਦੀ ਵਰਤੋਂ ਆਪਣੇ ਤੋਂ ਵੱਡੇ ਭਾਵ ਪਰਮਾਤਮਾ ਜਾਂ ਗੁਰੂ ਲਈ ਪ੍ਰਣਾਮ ਵਾਸਤੇ ਕੀਤੀ ਗਈ ਹੈ। ਆਮ ਜੀਵਨ ਵਿਚ ਵੀ ਅਸੀਂ ਇਸ ਦੀ ਵਰਤੋਂ ਆਪਣੇ ਤੋਂ ਵੱਡੇ ਲਈ ਕਰਦੇ ਹਾਂ, ਜੇਕਰ ਛੋਟੇ ਲਈ ਵੀ ਕੀਤੀ ਜਾਂਦੀ ਹੈ ਤਾਂ ਉਸ ਨੂੰ ਵੱਡਾ ਜਾਣ ਕੇ, ਨਿਮਰਤਾ ਦੇ ਭਾਵਾਂ ਨਾਲ ਕਿਉਂਕਿ ਨਮਸਕਾਰ ਵਿਚ ਭਾਵ ਹੀ ਨਿਵਣ, ਝੁਕਣ ਦਾ ਹੈ। ਸੂਰਜ ਨਮਸਕਾਰ ਵਿਚ ਵੀ ਸੂਰਜ ਅੱਗੇ ਨਿਵਿਆ ਹੀ ਜਾਂਦਾ ਹੈ। ਕਹਿਣਾ ਹੋਵੇਗਾ ਕਿ ਧਰਮ ਦੇ ਪ੍ਰਸੰਗ ਵਿਚ ਇਸ ਸ਼ਬਦ ਦੀ ਵਧੇਰੇ ਵਰਤੋਂ ਹੁੰਦੀ ਹੈ ਕਿਉਂਕਿ ਕੋਈ ਵੀ ਇਸ਼ਟ ਮਨੁੱਖ ਤੋਂ ਉਪਰ ਹੈ ਤੇ ਮਨੁਖ ਆਪਣੇ ਇਸ਼ਟ ਪ੍ਰਤੀ ਸਤਿਕਾਰ ਉਸ ਅੱਗੇ ਨਿਵ ਕੇ ਹੀ ਕਰਦਾ ਹੈ। ਨਮਸਕਾਰ ਸ਼ਬਦ ਸੰਸਕ੍ਰਿਤ ਧਾਤੂ ‘ਨਮ’ ਤੋਂ ਬਣੇ ਨਮਸ ਸ਼ਬਦ ਤੋਂ ਬਣਿਆ ਹੈ ਜਿਸ ਵਿਚ ਝੁਕਣ, ਨਿਵਣ ਦੇ ਭਾਵ ਹਨ। ਗੁਰੂ ਅਰਜਨ ਦੇਵ ਦੀਆਂ ਇਨ੍ਹਾਂ ਤੁਕਾਂ ਤੋਂ ਇਹ ਭਾਵ ਸਪਸ਼ਟ ਹੋ ਜਾਂਦੇ ਹਨ, “ਨਾਨਕ ਅਨਿਕ ਬਾਰ ਨਮੋ ਨਮਹ” ਅਤੇ “ਓਂ ਨਮੋ ਭਗਵੰਤ ਗੁਸਾਈ।” ਨਮੋ ਸ਼ਬਦ ਦੀ ਇਸ ਰੋਸ਼ਨੀ ਵਿਚ ਪਾਠਕ ਸਮਝ ਗਏ ਹੋਣਗੇ ਕਿ ਨਰਿੰਦਰ ਮੋਦੀ ਦੇ ਭਗਤ ਉਸ ਲਈ ਹੁਬ ਕੇ ‘ਨਮੋ’ ਨਾਮ ਦੀ ਵਰਤੋਂ ਕਿਉਂ ਕਰਦੇ ਹਨ! ਅਸਲ ਵਿਚ ਨਿਮਰ, ਨਿਮਰਤਾ ਤੇ ਫਿਰ ਵਿਨਿਮ੍ਰਤਾ ਸ਼ਬਦ ਵੀ ਇਸੇ ਤੋਂ ਬਣੇ ਹਨ ਜਿਨ੍ਹਾਂ ਵਿਚ ਇਹੀ ਭਾਵ ਹੈ। ਬੇਨਤੀ ਸ਼ਬਦ ਵੀ ਇਥੇ ਢੁਕਦਾ ਹੈ। “ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ”, “ਨੀਚ ਨੀਚ ਨਿਮ੍ਰਿਤ ਘਨੀ ਕਰਨੀ ਕਮਲ ਜਮਾਲ” (ਗੁਰੂ ਅਰਜਨ ਦੇਵ)। ਇਸ ਤੋਂ ਬਣੇ ‘ਨਮਸਤੇ’ ਸ਼ਬਦ ਦਾ ਅਰਥ ਵੀ ‘ਆਪ ਨੂੰ ਨਮਸਕਾਰ ਹੈ’ ਹੁੰਦਾ ਹੈ। ਹੋਰ ਤਾਂ ਹੋਰ ਪ੍ਰਣਾਮ ਵਿਚ ਵੀ ਸ਼ਰਧਾ ਪੂਰਬਕ ਝੁਕਣ ਦਾ ਹੀ ਭਾਵ ਹੈ। ਪ੍ਰਣਾਮ=ਪ੍ਰ+ਣਾਮ। ਣਾਮ ‘ਨਮ’ ਧਾਤੂ ਦਾ ਬਣਿਆ ਹੈ। ਇਸ ਤੋਂ ਬਣੇ ਪ੍ਰਣਵ ਵਿਚ ਵੀ ਨਮਸਕਾਰ ਦਾ ਭਾਵ ਹੈ, “ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ॥” ਪ੍ਰਣਵਤ ਪ੍ਰਣਾਮ ਕਰਨ ਵਾਲਾ ਹੈ, “ਪ੍ਰਣਵਤਿ ਨਾਮਦੇਉ ਇਹੁ ਜੀਉ ਚਿਤਵੈ ਸੁ ਲਹੈ॥”

ਸੰਕੀਰਣ ਸੋਚ ਵਾਲੇ ਹਿੰਦੁਤਵਵਾਦੀਆਂ ਨੇ ਨਮਾਜ਼ ਅਤੇ ਨਮਸਕਾਰ ਦੀਆਂ ਕਿਰਿਆਵਾਂ ਵਿਚ ਯੋਗ ਮੁਦਰਾਵਾਂ (ਠੇਠ ਪੰਜਾਬੀ:ਜੋਗ) ਦੀ ਝੂਠੀ ਸਮਾਨਤਾ ਦੇਖੀ ਹੈ ਪਰ ਦਰਅਸਲ ਦੋਵਾਂ ਸ਼ਬਦਾਂ ਵਿਚ ਝੁਕਣ ਦੇ ਭਾਵ ਦੀ ਸਾਂਝ ਸਪਸ਼ਟ ਝਲਕਦੀ ਹੈ। ਅਸੀਂ ਪਹਿਲਾਂ ਦੇਖ ਚੁੱਕੇ ਹਾਂ ਕਿ ਨਮਾਜ਼ ਵਿਚ ਵੀ ਸਜਦਾ ਕਰਦੇ ਸਮੇਂ ਝੁਕਣ ਜਾਂ ਸਿਰ ਨੀਵਾਂ ਕਰਨ ਦੀ ਕਿਰਿਆ ਨਿਭਾਈ ਜਾਂਦੀ ਹੈ। ਅਵੇਸਤਾ ਵਾਲੀ ਪੁਰਾਣੀ ਫਾਰਸੀ ਅਤੇ ਸੰਸਕ੍ਰਿਤ ਸਕੀਆਂ ਭਾਸ਼ਾਵਾਂ ਹਨ। ਅਵੇਸਤਾ ਦੀ ਇਕ ਗਾਥਾ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ: ‘ਅਹਯ ਯਸਅ ਨਿਮੰਹਯ ਉਸਤੰਜ਼ਸਤੋਂ ਅਰਥਾਤ (ਮੈਂ) ਹੁਣ ਨਿਵ ਕੇ (ਅਤੇ) ਹੱਥ ਉਠਾ ਕੇ ਪ੍ਰਾਰਥਨਾ ਕਰਦਾ ਹਾਂ।’ ਅਸਲ ’ਚ ਦੋਨਾਂ ਭਾਸ਼ਾਵਾਂ ਨੂੰ ਭਾਰੋਪੀ ਪਰਿਵਾਰ ਦੇ ਉਪ-ਪਰਿਵਾਰ ਦੀ ਹਿੰਦ-ਇਰਾਨੀ ਸ਼ਾਖਾ ਵਿਚ ਰੱਖਿਆ ਜਾਂਦਾ ਹੈ। ਨਮਾਜ਼ ਸ਼ਬਦ ਦੇ ਪੁਰਾਤਨ ਰੂਪ ਇਸ ਪ੍ਰਕਾਰ ਹਨ: ਜ਼ੰਦ, ਨਮਾਂਹ; ਪਹਿਲਵੀ, ਨਮਾਜ਼ ਪੁਰਾਣੀ ਫਾਰਸੀ, ਨਮਾਜ਼ਹ। ਇਸ ਵਿਉਤਪਤੀ ਵਿਚ ਇਸ ਸ਼ਬਦ ਦੇ ਪੁਰਤਨਤਮ ਰੂਪ ਨਮਾਂਹ ਦਾ ਸੰਸਕ੍ਰਿਤ ‘ਨਮਸ’ ਨਾਲ ਸਪਸ਼ਟ ਸਾਂਝ ਦਿਸ ਰਹੀ ਹੈ। ਇਹ ਵੀ ਸਪਸ਼ਟ ਹੈ ਕਿ ਇਸਲਾਮ ਤੋਂ ਪਹਿਲਾਂ ਇਰਾਨ ਦੇ ਜ਼ਰਥੁਸ਼ਟਰੀ ਧਰਮ (ਪਾਰਸੀ) ਵਿਚ ਨਮਾਜ਼ ਅਦਾ ਕੀਤੀ ਜਾਂਦੀ ਸੀ ਭਾਵੇਂ ਕਿਸੇ ਹੋਰ ਰੂਪ ’ਚ ਪਰ ਬਾਅਦ ਵਿਚ ਇਸਲਾਮ ਧਰਮ ਅਧੀਨ ਸ਼ਬਦ ਤਾਂ ਉਹੋ ਰਿਹਾ ਪਰ ਇਸ ਕਿਰਿਆ ’ਤੇ ਸਲਾਤ ਦੀ ਪਾਣ ਚੜ੍ਹ ਗਈ।

ਦਿਲਚਸਪ ਤੱਥ ਹੈ ਕਿ ਪਾਰਸੀ ਧਰਮ ਵਿਚ ਵੀ ਪ੍ਰਾਰਥਨਾ ਦਿਨ ਵਿਚ ਪੰਜ ਵਾਰ ਕੀਤੀ ਜਾਂਦੀ ਹੈ ਤੇ ਮੂੰਹ ਅਗਨੀ ਦੀ ਦਿਸ਼ਾ ਵੱਲ ਕੀਤਾ ਜਾਂਦਾ ਹੈ। ਅੱਜ ਨਮਾਜ਼ ਸ਼ਬਦ ਹਿੰਦ-ਉਪਦੀਪ ਦੇ ਦੇਸ਼ਾਂ ਜਿਵੇਂ ਭਾਰਤ, ਪਾਕਿਸਤਾਨ, ਨੇਪਾਲ, ਬਰਮਾ, ਸ੍ਰੀਲੰਕਾ, ਤਜਾਕਿਸਤਾਨ ਆਦਿ ਵਿਚ ਤਾਂ ਵਰਤਿਆ ਹੀ ਜਾਂਦਾ ਹੈ, ਇਸ ਦਾ ਪ੍ਰਚਲਨ ਇੰਡੋਨੇਸ਼ੀਆ, ਮਲੇਸ਼ੀਆ, ਥਾਈਲੈਂਡ, ਕੋਰੀਆ ਆਦਿ ਦੇਸ਼ਾਂ ’ਚ ਵੀ ਫੈਲ ਚੁੱਕਾ ਹੈ। ਨਮਾਜ਼ ਤੋਂ ਬਣੇ ਕੁਝ ਹੋਰ ਸ਼ਬਦ ਹਨ ਨਮਾਜ਼ੀ, ਨਮਾਜ਼ੇ ਈਦ, ਨਮਾਜ਼ਗਾਹ, ਨਮਾਜ਼ੇ ਜਨਾਜ਼ਾ। ਬੇਨਮਾਜ਼ੀ ਦਾ ਸ਼ਾਬਦਿਕ ਅਰਥ ਹੁੰਦਾ ਹੈ, ਨਮਾਜ਼ਰਹਿਤ। ਦਰਅਸਲ ਬੇਨਿਮਾਜ਼ੀ ਮਾਹਵਾਰੀ ਕਾਰਨ ਔਰਤਾਂ ਦੀ ਨਮਾਜ਼ ਨਾ ਕਰਨ ਦੀ ਸਥਿਤੀ ਹੈ ਕਿਉਂਕਿ ਇਸਲਾਮ ਅਨੁਸਾਰ ਇਸ ਸਮੇਂ ਔਰਤਾਂ ਨਾਪਾਕ ਹੁੰਦੀਆਂ ਹਨ, ਇਸ ਲਈ ਨਮਾਜ਼ ਦੀ ਮਨਾਹੀ ਹੈ।

## ਕਾਵਿ-ਕਿਆਰੀ

### ਸੜਦਾ ਪੰਜਾਬ

ਮੈਂ ਧੀ ਆਪਣੇ ਪੰਜਾਬ ਦੀ ਪੰਜਾਬ ਨੂੰ ਵੇਖਣ ਆਈ।
ਪੰਜਾਬ ਨੂੰ ਸੜਦਾ ਵੇਖ ਕੇ ਅੱਜ ਰੂਹ ਮੇਰੀ ਕੁਰਲਾਈ।

ਦਰਿਆਵਾਂ ਵਿਚੋਂ ਪਾਣੀ ਮੁੱਕਿਆ ਹੜ੍ਹ ਨਸ਼ਿਆਂ ਦੇ ਆਏ,
ਇਸ ਹੜ੍ਹ ਦੇ ਵਿਚ ਰੁੜ੍ਹਦੇ ਜਾਂਦੇ ਅੱਜ ਪੰਜਾਬ ਦੇ ਜਾਏ।
ਬੇਈਮਾਨ ਨਸ਼ਿਆਂ ਦੇ ਤਸਕਰ ਸ਼ਰਮ ਨਾ ਕਰਦੇ ਕਾਈ।
ਪੰਜਾਬ ਨੂੰ ਸੜਦਾ ਵੇਖ ਕੇ...।

ਨਿਤ ਦਿਹਾੜੇ ਰੇਪ ਨੇ ਹੁੰਦੇ ਵਿਚ ਬਾਜ਼ਾਰਾਂ ਗਲੀਆਂ,
ਮੌਤ ਦੇ ਮੂੰਹੇ ਪਾਈ ਜਾਵਣ ਅੱਧ-ਖਿੜੀਆਂ ਫੁੱਲ-ਕਲੀਆਂ।
ਮਰ ਜਾਣੇ ਗੱਦਾਰ ਲੀਡਰਾਂ ਅੰਨ੍ਹੀ ਲੁੱਟ ਮਚਾਈ।
ਪੰਜਾਬ ਨੂੰ ਸੜਦਾ ਵੇਖ ਕੇ...।

ਇਕ ਇਕ ਪਿੰਡ ਵਿਚ ਪੰਜ ਪੰਜ ਠੇਕੇ, ਲੋਕ ਸ਼ਰਾਬਾਂ ਪੀਂਦੇ,
ਰੋਟੀ ਦੀ ਥਾਂ ਭੁਕੀਆਂ ਖਾਂਦੇ ਮੁਰਦਿਆਂ ਵਾਂਗਰ ਜੀਂਦੇ।
ਵਾੜ ਖੇਤ ਨੂੰ ਖਾਈ ਜਾਵੇ ਰਾਜੇ ਬਣੇ ਕਸਾਈ।
ਪੰਜਾਬ ਨੂੰ ਸੜਦਾ ਵੇਖ ਕੇ...।

‘ਸਰਮ ਧਰਮ ਦੁਇ’ ਛਿਪ ਗਏ ਕਿਧਰੇ ਕੂੜ ਰਾਜ ਪਿਆ ਕਰਦਾ,
ਗਲੀ ਬਾਜ਼ਾਰ ਜਾਣ ਤੋਂ ਪਹਿਲਾਂ ਸੋਚ ਕੇ ਹਰ ਕੋਈ ਡਰਦਾ,
ਮਹਿਲਾਂ ਦੇ ਵਿਚ ਐਸਾ ਕਰਦੇ ਦਰਯੋਧਨ ਦੇ ਭਾਈ।
ਪੰਜਾਬ ਨੂੰ ਸੜਦਾ ਵੇਖ ਕੇ...।

ਅੰਨ੍ਹਾ ਰਾਜਾ ਗੂੰਗੀ ਪਰਜਾ ਕੌਣ ਸੁਣੇ ਅਰਜੋਈ,
ਰੋਂਦੀ ਵੇਖ ਲੁਕਾਈ ਨੂੰ ‘ਸੁਰਜੀਤ’ ਵੀ ਕਮਲੀ ਹੋਈ।
ਧਰਮ ਸਮਾਜ ਦੇ ਬੂਹੇ ਬੰਦ ਨੇ ਹੋਂਦੀ ਨਹੀਂ ਸੁਣਵਾਈ।
ਪੰਜਾਬ ਨੂੰ ਸੜਦਾ ਵੇਖ ਕੇ ਅੱਜ ਰੂਹ ਮੇਰੀ ਕੁਰਲਾਈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

---

### ਗਜ਼ਲ

ਕੁਟੱਲਜ ਰਾਜਨੀਤੀ, ਜਨਤਾ ਦੀ ਸੇਵਾ ਯਾਨੀ।
ਆਪਾਂ ਵੀ ਏਸ ਧੰਦੇ, ਵਿਚ ਪੈਣ ਦੀ ਹੈ ਠਾਣੀ।

ਮੇਲੇ ਕਬੱਡੀਆਂ ਦੇ, ਕੁਝ ਤੇ ਸਿੱਖਾ ਗਏ ਨੇ,
ਹਰ ਕੋਈ ਹਰ ਕਿਸੇ ਨੂੰ, ਦੇਵੇ ਪਿਆ ਭਕਾਨੀ।

ਖੁਸ਼ਹਾਲ ਕਿਸ ਤਰ੍ਹਾਂ ਨਾ, ਉਹ ਦੇਸ਼ ਹੋਵੇ ਜਿਸ ਦੇ,
ਦਰਿਆ ਦੀ ਰੇਤ ਵਿਕਦੀ, ਵਿਕਦੀ ਹੈ ਜਿਸ ਦੀ ਕਾਨੀ।

ਮੋਦੀ ਜੀ ਇਨ੍ਹਾਂ ਲੋਕਾਂ ਦਾ, ਕੀ ਇਲਾਜ ਹੋਵੇ,
ਆਪੇ ਹੀ ਪੌਣ ਵੋਟਾਂ, ਆਪੇ ਹੀ ਮਾਰਨ ਭਾਨੀ।

ਰਾਜਾ ਹੈ ਸ਼ੀਂਹ, ਮੁਕੱਦਮ ਨੇ ਕੁੱਤਿਆਂ ਦਾ ਟੋਲਾ,
ਬੱਸ ਏਕ ਨੇ ਕਹੀ ਤੇ, ਫਿਰ ਦੂਸਰੇ ਨੇ ਮਾਨੀ।

ਐਨ ਆਰ ਆਈ ਨੂੰ, ਪਿੰਡ ਚੇਤੇ ਕਰਾਵੇ ਮਾਪੇ,
ਅਫਸਰ, ਭਰਾ, ਭਤੀਜੇ, ਚੇਤੇ ਕਰੌਣ ਨਾਨੀ।

ਪ੍ਰਧਾਨਗੀ, ਵਜ਼ੀਰੀ, ਦੋ ਮੂਰਤੀ ਸਹੀ ਪਰ,
ਇੱਕੋ ਹੀ ਜੋਤ ਦੋਹਾਂ ’ਚ ਜਗ ਰਹੀ ਨੂਰਾਨੀ।

ਮਿਲਦੀ ਹੈ ਕਿੱਥੇ ਦੱਸੋ, ਏਨੀਂ ਕਤੀੜ ਸਸਤੀ,
ਆਨੇ ਦੇ ਦੋ ਵਿਧਾਇਕ, ਤੇ ਆਈ. ਜੀ. ਦੁਆਨੀ।

ਸੱਭੋ ਹੀ ਦਾਨ ਬਦਲੇ, ਮੰਗਦੇ ਨੇ ਪਾਤਸ਼ਾਹੀਆਂ,
ਕੀ ਹੈ ਜੇ ਨਕਦ ਮੰਗੇ, ਅੱਜ ਦਾ ਇਹ ਮੱਤਦਾਨੀ।

ਕੁਲਬੀਰ ਸੱਚਾ ਸੌਦਾ, ਇਹਨੂੰ ਕਿਵੇਂ ਨਾ ਕਹੀਏ,
ਨੋਟਾਂ ਦੇ ਬੈਗ ਗੁੱਝੇ, ਤੇ ਦਸਤਕਾਂ ਜ਼ੁਬਾਨੀ।

-ਕੁਲਬੀਰ ਪੱਡਾ

---

### ਗਜ਼ਲ

ਫਸੀ ਹੈ ਮੁਸ਼ਕਿਲਾਂ ਵਿਚ ਜ਼ਿੰਦਗੀ ਮਜਬੂਰੀਆਂ ਕਰਕੇ।
ਕਦੇ ਹੋਣੀ ਨਹੀਂ ਹੈ ਇਹ ਰਵਾਂ ਮਗ਼ਰੂਰੀਆਂ ਕਰਕੇ।
ਨਾ ਜ਼ਖ਼ਮੀ ਇਸ ਤਰ੍ਹਾਂ ਕਰਦੀ ਦਿਲਾ! ਤੈਨੂੰ ਨਜ਼ਰ ਉਸ ਦੀ,
ਹੈ ਹੋਇਆ ਹਾਦਸਾ ਇਹ ਤੇਰੀਆਂ ਮਜਬੂਰੀਆਂ ਕਰਕੇ।
ਅਧੂਰਾ ਹਾਂ ਮੈਂ ਤੇਰੇ ਬਿਨ, ਤੂੰ ਮੇਰੇ ਬਿਨ ਅਧੂਰਾ ਹੈਂ,
ਜੋ ਵਖਰੇਵਾਂ ਪਿਆ ਹੈ, ਹੈ ਦਿਲਾਂ ਵਿਚ ਦੂਰੀਆਂ ਕਰਕੇ।
ਤਬਾਹੀ ਕਰਨ ਦੀ ਹਿੰਮਤ ਇਨ੍ਹਾਂ ਪੌਣਾਂ ’ਚ ਕਿੱਥੇ ਸੀ,
ਇਹ ਕੱਚੇ ਘਰ ਗਿਰੇ ਹਨ ਆਪਣੀਆਂ ਮਜਬੂਰੀਆਂ ਕਰਕੇ।
ਪਿਆ ਸ਼ੋਹਰਤ ’ਚ ਕੀ ਹੈ ਵੇਖ ਲੈ ਉਸ ਫੁੱਲ ਦੀ ਹਾਲਤ,
ਗਈ ਹੈ ਜਾਨ ਉਸ ਦੀ, ਉਸ ਦੀਆਂ ਮਸ਼ਹੂਰੀਆਂ ਕਰਕੇ।
ਜਿਵੇਂ ਦਰਿਆ ਕਦੇ ਸਾਰੇ ਨਹੀਂ ਜਾਂਦੇ ਸਮੁੰਦਰ ਤੱਕ,
ਗਿਆ ਹੈ ਕੌਣ ਇਸ ਜੱਗ ਤੋਂ ਇਛਾਵਾਂ ਪੂਰੀਆਂ ਕਰਕੇ।
ਬੜੇ ਚਿਰ ਤੋਂ ਉਡੀਕਾਂ ਰੌਸ਼ਨੀ ਦਾ ਕਾਫਲਾ ‘ਰੇਸ਼ਮ’
ਜੋ ਰਾਹਾਂ ਨ੍ਹੇਰੀਆਂ ਨੂੰ ਲੰਘ ਜਾਏ ਸੰਧੂਰੀਆਂ ਕਰਕੇ।

-ਰੇਸ਼ਮ ਚਿੱਤਰਕਾਰ

---

### ਗਜ਼ਲ

ਹੈ ਇਸ਼ਕ ਧਰਮ ਮੇਰਾ, ਉਲਫਤ ਈਮਾਨ ਮੇਰਾ।
ਜੀਵਨ ਹੈ ਇਸ ਦੇ ਲੇਖੇ ਐ ਮੇਰੀ ਜਾਨ! ਮੇਰਾ।
ਹੋਇਆ ਕੀ ਹੋ ਗਏ ਨੇ ਜੇ ਸਿਰ ਦੇ ਵਾਲ ਚਿੱਟੇ,
ਚੜ੍ਹਦੀ ਕਲਾ ’ਚ ਹਾਂ ਮੈਂ ਹੈ ਦਿਲ ਜਵਾਨ ਮੇਰਾ।
ਕਰ ਕੇ ਕਦੇ ਵੀ ਵਾਅਦਾ ਆਉਂਦੈ ਨਾ ਵਕਤ ਸਿਰ ਉਹ,
ਸ਼ਾਇਦ ਉਹ ਲੈ ਰਿਹਾ ਹੈ ਇੰਜ ਇਮਤਿਹਾਨ ਮੇਰਾ।
ਉਜਲੇ ਭਵਿੱਖ ਲਈ ਮੈਂ ਲੜਦਾ ਰਹਾਂਗਾ ਹਰ ਦਮ,
ਕਾਲਾ ਸਿਆਹ ਭਾਵੇਂ ਹੈ ਵਰਤਮਾਨ ਮੇਰਾ।
ਰਖਿਆ ਜਿਨ੍ਹਾਂ ਬਣਾ ਕੇ ਇਸ ਨੂੰ ਕਬਾੜ-ਖਾਨਾ,
ਹੁਬ-ਹੁਬ ਕੇ ਆਖਦੇ ਨੇ, ਭਾਰਤ ਮਹਾਨ ਮੇਰਾ।
ਵਾਹਗੇ ਦੀ ਹੱਦ ਵੀ ਮੈਨੂੰ ਟੱਪਣ ਦੀ ਆਗਿਆ ਨਹੀਂ,
ਫਿਰ ਕਿਸ ਤਰ੍ਹਾਂ ਕਹਾਂ ਮੈਂ, ਸਾਰਾ ਜਹਾਨ ਮੇਰਾ।
ਇਕ ਦਿਨ ਮੈਂ ਰਾਜਿਆਂ ਦੇ ਸਿਰ ਤੋਂ ਸੀ ਤਾਜ ਲਾਹੇ,
ਅੱਜ-ਕੱਲ੍ਹ ਦੇ ‘ਰਾਜਿਆਂ’ ਵਲ ਹੁਣ ਹੈ ਧਿਆਨ ਮੇਰਾ।
ਆਊ ਜ਼ਰੂਰ ਐਸਾ ਇਕ ਵਕਤ ਧਰਤ ਉਤੇ,
ਹੋਵੇਗਾ ਐ ‘ਪੰਜਾਬੀ’! ਸਾਰਾ ਜਹਾਨ ਮੇਰਾ।

-ਗੁਰਦਿਆਲ ਪੰਜਾਬੀ

# ਦਿਲੀਪ ਕੁਮਾਰ ਦਾ ਅੰਦਾਜ਼-ਏ-ਬਯਾਂ


**ਆਵਾਜ਼ ਦੇ ਕਹਾਂ ਹੈ... -9-**



ਕੁਲਦੀਪ ਕੌਰ
ਫੋਨ: +91-98554-04330


ਅਦਾਕਾਰ ਦਲੀਪ ਕੁਮਾਰ ਜਿਸ ਦਾ ਅਸਲ ਨਾਂ ਯੂਸਫ ਖਾਨ ਸੀ, ਪੇਸ਼ਾਵਰ ਤੋਂ ਸੀ। ਉਹਦੇ ਪੁਰਖੇ ਹਿੰਦਕੋ ਬੋਲਣ ਵਾਲੇ ਕਬਾਇਲੀ ਸਨ। ਜਦੋਂ ਉਹਦਾ ਅੱਬਾ ਆਪਣੇ ਬਾਰਾਂ ਬੱਚਿਆਂ ਸਮੇਤ ਰੋਜ਼ੀ-ਰੋਟੀ ਦੀ ਤਲਾਸ਼ ਵਿਚ ਮੁੰਬਈ ਆਇਆ ਤਾਂ ਉਹਨੇ ਪਰਿਵਾਰ ਦੇ ਗੁਜ਼ਾਰੇ ਲਈ ਵੱਖ ਵੱਖ ਸ਼ਹਿਰਾਂ ਵਿਚ ਫਲਾਂ ਦੀ ਸਪਲਾਈ ਸ਼ੁਰੂ ਕੀਤੀ। ਸੁਰਤ ਸੰਭਾਲਣ 'ਤੇ ਜਦੋਂ ਯੂਸਫ ਨੇ ਫਿਲਮਾਂ ਨਾਲ ਜੁੜਨ ਦੀ ਇੱਛਾ ਪ੍ਰਗਟ ਕੀਤੀ ਤਾਂ ਅੱਬਾ ਨੇ ਸਿਨੇਮਾ ਨੂੰ ਘਟੀਆ ਦਰਜੇ ਦੀ ਕਲਾ ਅਤੇ ਬੇਗੈਰਤੀ ਵਾਲਾ ਕੰਮ ਗਿਣਦਿਆਂ ਮਨ੍ਹਾਂ ਕਰ ਦਿੱਤਾ। ਹਤਾਸ਼ ਹੋ ਕੇ ਯੂਸਫ ਨੇ ਆਰਮੀ ਕੰਨਟੀਨ ਵਿਚ ਨੌਕਰੀ ਕਰ ਲਈ।

ਯੂਸਫ ਦੀ ਜ਼ਿੰਦਗੀ ਵਿਚ ਵੱਡਾ ਮੋੜ ਉਦੋਂ ਆਇਆ ਜਦੋਂ ਉਹਦੀ ਮੁਲਾਕਾਤ ਬੰਬੇ ਟਾਕੀਜ਼ ਦੇ ਸੰਸਥਾਪਕ ਹਿੰਮਾਸ਼ੂ ਰਾਏ ਅਤੇ ਦੇਵਿਕਾ ਰਾਣੀ ਨਾਲ ਹੋਈ। ਦੇਵਿਕਾ ਨੇ ਉਹਨੂੰ 'ਜਵਾਰਭਾਟਾ' ਵਿਚ ਮੁੱਖ ਭੂਮਿਕਾ ਲਈ ਸਾਈਨ ਕਰ ਲਿਆ। ਉਹਦਾ ਨਾਮ ਦਲੀਪ ਕੁਮਾਰ ਹਿੰਦੀ ਦੇ ਪ੍ਰਸਿੱਧ ਲੇਖਕ ਭਗਵਤੀ ਚਰਨ ਵਰਮਾ ਨੇ ਰੱਖਿਆ। 'ਜਵਾਰਭਾਟਾ' ਬੰਗਾਲ ਦੇ ਨੌਜਵਾਨ ਨਿਰਦੇਸ਼ਕ ਅਮੀਆਂ ਚੱਕਰਵਰਤੀ ਨੇ ਨਿਰਦੇਸ਼ਤ ਕੀਤੀ ਸੀ ਅਤੇ ਫਿਲਮ ਪੈਸੇ ਵਸੂਲਣ ਵਿਚ ਨਾਕਾਮਯਾਬ ਰਹੀ, ਪਰ ਬਾਅਦ ਵਿਚ ਆਈ ਫਿਲਮ 'ਜੁਗਨੂੰ' ਨੇ ਦਲੀਪ ਕੁਮਾਰ ਨੂੰ ਸਟਾਰ ਬਣਾ ਦਿੱਤਾ। ਇਸ ਫਿਲਮ ਵਿਚ ਦਲੀਪ ਕੁਮਾਰ ਨਾਲ ਮੁੱਖ ਭੂਮਿਕਾ ਨੂਰਜਹਾਂ ਦੀ ਸੀ। ਦਲੀਪ ਕੁਮਾਰ ਦਾ ਚਿਹਰਾ ਜਿਵੇਂ ਕਿਰਦਾਰ ਦੀਆਂ ਰੂਹ ਵਿਚਲੀਆਂ ਤਿਸ਼ਨਗੀਆਂ ਅਤੇ ਪੇਚਦਗੀਆਂ ਨੂੰ ਜ਼ੁਬਾਨ ਦੇ ਦਿੰਦਾ ਸੀ। ਉਹਦੀ ਅਦਾਕਾਰੀ ਵਿਚ ਨਾਟਕੀਅਤਾ ਦੀ ਥਾਂ ਸੁਭਾਵਿਕਤਾ ਸੀ। ਲੱਗਦਾ ਸੀ ਜਿਵੇਂ ਉਹ ਅਦਾਕਾਰੀ ਨਹੀਂ ਕਰ ਰਿਹਾ, ਸਗੋਂ ਪਾਤਰ ਨੂੰ ਜੀਅ ਰਿਹਾ ਹੈ।





*ਮਸ਼ਹੂਰ ਫਿਲਮ 'ਮੁਗਲ-ਏ-ਆਜ਼ਮ' ਵਿਚ ਦਿਲੀਪ ਕੁਮਾਰ ਤੇ ਅਦਾਕਾਰਾ ਮਧੂਬਾਲਾ, (ਵਿਚਕਾਰ) ਚੜ੍ਹਦੀ ਵਰੇਸੇ ਦਿਲੀਪ ਕੁਮਾਰ ਅਤੇ (ਐਨ ਸੱਜੇ) ਆਪਣੀ ਬੇਗਮ ਸਾਇਰਾ ਬਾਨੋ ਨਾਲ ਦਿਲੀਪ ਕੁਮਾਰ।*

1949 ਵਿਚ ਬਣੀ ਫਿਲਮ 'ਅੰਦਾਜ਼' ਵਿਚ ਪਹਿਲੀ ਵਾਰ ਰਾਜਕਪੂਰ, ਨਰਗਿਸ ਅਤੇ ਦਲੀਪ ਕੁਮਾਰ ਨੇ ਇਕੱਠੇ ਆਏ। ਮਹਿਬੂਬ ਖਾਨ ਦੇ ਨਿਰਦੇਸ਼ਨ ਵਿਚ ਬਣੀ ਇਸ ਫਿਲਮ ਦਾ ਵੱਖਰਾ ਹੀ ਰੰਗ ਸੀ। ਪਹਿਲੀ ਵਾਰ ਮੁਲਕ ਦੀ ਆਜ਼ਾਦੀ ਤੋਂ ਬਾਅਦ ਪੱਛਮੀ ਪ੍ਰਭਾਵ ਹੇਠ ਆਏ ਉਚ ਵਰਗ ਦੇ ਕਿਰਦਾਰਾਂ ਨੂੰ ਪੇਸ਼ ਕੀਤਾ ਗਿਆ ਸੀ। ਫਿਲਮ ਸਫਲ ਰਹੀ ਪਰ ਰਾਜਕਪੂਰ ਅਤੇ ਦਲੀਪ ਕੁਮਾਰ ਨੇ ਫਿਰ ਕਦੇ ਇਕੱਠਿਆਂ ਕੰਮ ਨਹੀਂ ਕੀਤਾ। ਦਲੀਪ ਕੁਮਾਰ ਦੇ ਫਿਲਮੀ ਗਰਾਫ ਵਿਚ ਦੂਜਾ ਵੱਡਾ ਯੋਗਦਾਨ ਸੀ ਫਿਲਮ 'ਦੇਵਦਾਸ' ਦਾ ਜਿਸ ਨੇ ਸਿਨਮੇ ਵਿਚ ਮੁਹੱਬਤ ਨੂੰ ਵੱਖਰੇ ਤੇ ਨਵੇਂ ਤਰੀਕੇ ਨਾਲ ਪੇਸ਼ ਕਰਨ ਦੀ ਪਿਰਤ ਪਾਈ। ਇਸ ਫਿਲਮ ਨੇ ਹੀ ਦਲੀਪ ਕੁਮਾਰ ਨੂੰ 'ਟਰੈਜਿਡੀ ਕਿੰਗ' ਦਾ

> ***ਫਿਲਮਾਂ ਦੇ ਕਿਰਦਾਰਾਂ ਨਾਲ ਭਾਵਕਤਾ ਦਾ ਅਸਰ ਸੀ, ਜਾਂ ਦਲੀਪ ਕੁਮਾਰ ਦੀਆਂ ਆਪਣੀਆਂ ਮਾਨਿਸਕ ਗੁੰਝਲਾਂ; ਉਸ ਨੂੰ ਮਨੋਵਿਗਿਆਨੀ ਦੀ ਮੱਦਦ ਲੈਣੀ ਪਈ। ਮਨੋਵਿਗਿਆਨੀ ਨੇ ਉਹਨੂੰ ਅਜਿਹੀਆਂ ਭੂਮਿਕਾਵਾਂ ਤੋਂ ਕੁਝ ਸਮੇਂ ਲਈ ਕਿਨਾਰਾ ਕਰਨ ਲਈ ਕਿਹਾ।***

ਰੁਤਬਾ ਦਿਵਾਇਆ। ਆਖਿਰ ਇਸ ਨਾਵਲ ਵਿਚ ਅਜਿਹਾ ਕੀ ਸੀ ਕਿ ਹਿੰਦੀ ਸਮੇਤ ਤਮਿਲ, ਤੈਲਗੂ, ਬੰਗਲਾ ਆਦਿ ਭਾਸ਼ਾਵਾਂ ਵਿਚ ਇਸ 'ਤੇ ਵੀਹ ਤੋਂ ਵੀ ਜ਼ਿਆਦਾ ਫਿਲਮਾਂ ਬਣੀਆਂ? ਇਨ੍ਹਾਂ ਫਿਲਮਾਂ ਨੇ ਜਿਥੇ ਕੁੰਦਨ ਲਾਲ ਸਹਿਗਲ, ਦਲੀਪ ਕੁਮਾਰ ਅਤੇ ਸ਼ਾਹਰੁਖ ਖਾਨ ਨੂੰ ਮਣਾਂਮੂੰਹੀ ਸ਼ੋਹਰਤ ਦਿੱਤੀ, ਉਥੇ ਇਨ੍ਹਾਂ ਫਿਲਮਾਂ ਨੇ ਆਪੋ-ਆਪਣੇ ਸਮੇਂ ਦੀ ਨੌਜਵਾਨੀ ਨੂੰ ਇਸ ਹੱਦ ਤੱਕ ਨਿਰਾਸ਼ਤਾ ਅਤੇ ਬੇਗਾਨਗੀ ਵੱਲ ਜਾਣ ਲਈ ਪ੍ਰੇਰਿਆ ਕਿ ਸ਼ਰਤ ਚੰਦਰ ਚੈਟਰਜੀ ਨੂੰ ਦਲੀਪ ਕੁਮਾਰ ਵਾਲੀ ਫਿਲਮ ਤੋਂ ਬਾਅਦ ਕਹਿਣਾ ਪਿਆ- "ਜੇ ਮੈਨੂੰ ਪਤਾ ਹੁੰਦਾ ਕਿ ਇਹ ਨਾਵਲ ਇੱਦਾਂ ਸ਼ਰਾਬ ਬਣ ਕੇ ਨੌਜਵਾਨੀ ਦੀਆਂ ਰਗਾਂ ਵਿਚ ਵਹੇਗਾ, ਮੈਂ ਫਿਲਮ ਬਣਾਉਣ ਦੀ ਕਦੇ ਇਜਾਜ਼ਤ ਨਾ ਦਿੰਦਾ।

'ਦੇਵਦਾਸ' ਤੋਂ ਪਹਿਲਾਂ ਦਲੀਪ ਕੁਮਾਰ ਨੂੰ ਫਿਲਮ 'ਦਾਗ' ਲਈ ਸਰਬੋਤਮ ਅਦਾਕਾਰ ਦਾ ਕੌਮੀ ਪੁਰਸਕਾਰ ਮਿਲ ਚੁੱਕਾ ਸੀ। ਕਿਸੇ ਅਦਾਕਾਰ ਨੂੰ ਮਿਲਣ ਵਾਲਾ ਇਹ ਪਹਿਲਾ ਪੁਰਸਕਾਰ ਸੀ। 'ਦਾਗ' ਤੋਂ ਹੀ ਉਸ ਦੀ ਆਵਾਜ਼ ਵਿਚਲੀ ਗਹਿਰਾਈ, ਡਾਇਲਾਗ ਬੋਲਣ ਦਾ ਢੰਗ, ਸਾਹਮਣੇ ਵਾਲੇ ਨੂੰ ਬੇਚੈਨ ਕਰ ਦੇਣ ਵਾਲੀ ਨਜ਼ਰ ਉਹਦਾ ਖਾਸ ਅੰਦਾਜ਼ ਬਣ ਗਏ। 1955 ਤੱਕ ਉਹ 'ਜੋਗਨ', 'ਯਹੂਦੀ' ਅਤੇ 'ਉਡਨ ਖਟੋਲਾ' ਵਰਗੀਆਂ ਅਨੇਕਾਂ ਫਿਲਮਾਂ ਕਰ ਚੁੱਕੇ ਸਨ ਜਿਨ੍ਹਾਂ ਵਿਚੋਂ ਜ਼ਿਆਦਾਤਰ ਵਿਚ ਉਹ ਨਿਰਾਸ਼ ਪ੍ਰੇਮੀ ਜਾਂ ਉਦਾਸ ਇਨਸਾਨ ਦੀ ਭੂਮਿਕਾ ਵਿਚ ਸਨ। ਫਿਲਮ 'ਫੁੱਟਪਾਥ', 'ਮੁਸਾਫਿਰ' ਅਤੇ 'ਪੈਗਾਮ' ਰਾਹੀਂ ਉਹਨੇ ਸਮਾਜਕ ਤੇ ਯਥਾਰਥਵਾਦੀ ਸਿਨੇਮਾ ਵਿਚ ਵੀ ਨਾਮ ਕਮਾਇਆ ਸੀ। ਸ਼ਾਇਦ ਇਨ੍ਹਾਂ ਫਿਲਮਾਂ ਦੇ ਕਿਰਦਾਰਾਂ ਨਾਲ ਭਾਵਕਤਾ ਦਾ ਅਸਰ ਸੀ, ਜਾਂ ਦਲੀਪ ਕੁਮਾਰ ਦੀਆਂ ਆਪਣੀਆਂ ਮਾਨਿਸਕ ਗੁੰਝਲਾਂ; ਉਸ ਨੂੰ ਮਨੋਵਿਗਿਆਨੀ ਦੀ ਮੱਦਦ ਲੈਣੀ ਪਈ। ਮਨੋਵਿਗਿਆਨੀ ਨੇ ਉਹਨੂੰ ਅਜਿਹੀਆਂ ਭੂਮਿਕਾਵਾਂ ਤੋਂ ਕੁਝ ਸਮੇਂ ਲਈ ਕਿਨਾਰਾ ਕਰਨ ਲਈ ਕਿਹਾ। ਨਤੀਜੇ ਵਜੋਂ ਦਰਸ਼ਕਾਂ ਨੂੰ ਦਲੀਪ ਕੁਮਾਰ ਦਾ ਵੱਖਰਾ ਰੂਪ ਦੇਖਣ ਨੂੰ ਮਿਲਿਆ। ਉਹ 'ਕੋਹਿਨੂਰ' ਅਤੇ 'ਆਜ਼ਾਦ' ਵਿਚ ਕਾਮੇਡੀ ਭੂਮਿਕਾਵਾਂ ਵਿਚ ਨਜ਼ਰ ਆਇਆ।

(ਚਲਦਾ)

# 'ਮਸਾਣ' ਨੂੰ ਫਰਾਂਸੀਸੀ ਹੁਲਾਰਾ

## ਆਸਕਰ ਇਨਾਮ ਜੇਤੂ ਅਦਾਕਾਰਾ ਮੇਰੀਅਨ ਨੇ ਬੰਨ੍ਹੇ ਤਾਰੀਫਾਂ ਦੇ ਪੁਲ



ਮੇਰੀਅਨ ਕੋਟਲਰ

ਹਿੰਦੀ ਫਿਲਮ 'ਮਸਾਣ' ਫਰਾਂਸ ਵਿਚ ਜੂਨ ਮਹੀਨੇ ਰਿਲੀਜ਼ ਕਰ ਦਿੱਤੀ ਗਈ। ਇਸ ਫਿਲਮ ਨੇ ਹਾਲ ਹੀ ਵਿਚ ਪੈਰਿਸ ਦੇ ਸੰਸਾਰ ਪ੍ਰਸਿੱਧ ਕਾਨ ਫਿਲਮ ਮੇਲੇ ਵਿਚ ਧੁੰਮਾਂ ਪਾ ਦਿੱਤੀਆਂ ਸਨ। ਇਸ ਫਿਲਮ ਨੇ ਦੋ ਪੁਰਸਕਾਰ ਤਾਂ ਜਿੱਤੇ ਹੀ ਸਨ, ਦਰਸ਼ਕਾਂ ਤੇ ਆਲੋਚਕਾਂ ਨੇ ਫਿਲਮ ਨੂੰ ਭਰਵਾਂ ਹੁੰਗਾਰਾ ਭਰਿਆ ਸੀ। ਮੇਲੇ ਵਿਚ ਫਿਲਮ ਦੇ ਸ਼ੋਅ ਤੋਂ ਬਾਅਦ ਥੀਏਟਰ ਵਿਚ ਬੈਠੇ ਦਰਸ਼ਕ ਪੰਜ ਮਿੰਟ ਤੱਕ ਤਾੜੀਆਂ ਵਜਾਉਂਦੇ ਰਹੇ ਸਨ। ਉਦੋਂ ਸੰਸਾਰ ਭਰ ਦੇ ਮੀਡੀਆ ਵਿਚ ਭਾਰਤ ਦੇ ਸ਼ਹਿਰ ਵਾਰਾਣਸੀ ਦੇ ਪਿਛੋਕੜ ਵਿਚ ਬਣਾਈ ਇਸ ਫਿਲਮ ਦੀ ਚਰਚਾ ਹੋਈ। ਹੁਣ ਇਹ ਫਿਲਮ ਇਕ ਵਾਰ ਫਿਰ ਚਰਚਾ ਵਿਚ ਹੈ। ਫਰਾਂਸ ਦੀ ਆਸਕਰ ਪੁਰਸਕਾਰ ਜੇਤੂ ਮੇਰੀਅਨ ਕੋਟਲਰ ਨੇ ਇਸ ਫਿਲਮ ਦੀ ਖੂਬ ਪ੍ਰਸ਼ੰਸਾ ਕੀਤੀ ਹੈ। ਜਿਸ ਦਿਨ ਇਹ ਫਿਲਮ ਫਰਾਂਸ ਵਿਚ ਰਿਲੀਜ਼ ਹੋਈ, ਮੇਰੀਅਨ ਨੇ ਉਸੇ ਦਿਨ ਇਸ ਫਿਲਮ ਦਾ ਪੋਸਟਰ ਆਪਣੇ ਇੰਸਟਾਗ੍ਰਾਮ ਪੇਜ ਉਤੇ ਚਾੜ੍ਹ ਦਿੱਤਾ। 'ਮਸਾਣ' ਦੀ ਫਰਾਂਸੀਸੀ ਪ੍ਰੋਡਿਊਸਰ ਮੇਰੀਅਨ ਦੇ ਇਸ ਵਿਹਾਰ ਤੋਂ ਬਾਗੋਬਾਗ ਹਨ। ਫਿਲਮ ਦੀ ਪ੍ਰੋਡਿਊਸਰ ਮਲੀਤਾ ਹੁੱਬ ਕੇ ਦੱਸਦੀ ਹੈ, "ਮੇਰੀਅਨ ਨੂੰ ਮੈਂ 19 ਵਰ੍ਹਿਆਂ ਤੋਂ ਜਾਣਦੀ ਹਾਂ, ਮੇਲੇ ਵਿਚ 'ਮਸਾਣ' ਦੇਖ ਕੇ ਉਸ ਨੇ ਜੋ ਉਤਸ਼ਾਹ ਦਿਖਾਇਆ, ਉਹ ਸਾਡੇ ਲਈ ਕਿਸੇ ਐਵਾਰਡ ਤੋਂ ਘੱਟ ਨਹੀਂ ਸੀ।" ਫਿਲਮ ਵਿਚ ਰਿਚਾ ਚੱਢਾ ਦੀ ਮੁੱਖ ਭੂਮਿਕਾ ਹੈ। ਇਸ ਵਿਚ ਸੰਜੇ ਮਿਸ਼ਰਾ, ਵਿੱਕੀ ਕੌਸ਼ਲ ਅਤੇ ਸ਼ਵੇਤਾ ਤ੍ਰਿਪਾਠੀ ਵਰਗੇ ਦਮਦਾਰ ਕਲਾਕਾਰਾਂ ਨੇ ਵੱਖ-ਵੱਖ ਕਿਰਦਾਰ ਨਿਭਾਏ ਹਨ। ਫਿਲਮ ਵਿਚ ਦਲਿਤਾਂ ਅਤੇ ਔਰਤਾਂ ਨਾਲ ਹੁੰਦੀਆਂ ਵਧੀਕੀਆਂ ਨੂੰ ਪੂਰੇ ਜ਼ੋਰ ਨਾਲ ਉਠਾਇਆ ਗਿਆ ਹੈ। ਇਸ ਵਿਚ ਭਾਰਤੀ ਸਮਾਜ ਦੇ ਕੁਝ ਅਣਛੋਹੇ ਪੱਖਾਂ ਨੂੰ ਪੇਸ਼ ਕੀਤਾ ਗਿਆ ਹੈ। ਫਿਲਮ ਨੌਜਵਾਨ ਫਿਲਮਸਾਜ਼ ਨੀਰਜ ਗੇਵਨ ਨੇ ਬਣਾਈ ਹੈ ਅਤੇ ਭਾਰਤ ਵਿਚ ਇਹ ਫਿਲਮ 24 ਜੁਲਾਈ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਫਿਲਮ ਦਾ ਟਰੇਲਰ ਭਾਰਤ ਵਿਚ ਰਿਲੀਜ਼ ਕਰ ਦਿੱਤਾ ਗਿਆ ਹੈ।



ਰਿਚਾ ਚੱਢਾ



ਰਣਦੀਪ ਹੁੱਡਾ

# ਸਰਬਜੀਤ ਦੀ ਕਹਾਣੀ ਦਾ ਕਹਾਣਾ

ਮਨੀਪੁਰ ਦੀ ਮੁੱਕੇਬਾਜ਼ ਮੁਟਿਆਰ ਮੇਰੀ ਕੋਮ ਦੀ ਜ਼ਿੰਦਗੀ ਅਤੇ ਸੰਘਰਸ਼ ਉਤੇ ਆਧਾਰਿਤ ਫਿਲਮ 'ਮੇਰੀ ਕੋਮ' ਬਣਾਉਣ ਵਾਲੇ ਉਮੰਗ ਕੁਮਾਰ ਨੇ ਅਗਲੀ ਫਿਲਮ ਦੀਆਂ ਤਿਆਰੀਆਂ ਖਿੱਚ ਦਿੱਤੀਆਂ ਹਨ। ਫਿਲਮ ਦਾ ਨਾਂ 'ਸਰਬਜੀਤ' ਹੈ ਅਤੇ ਇਹ ਪਾਕਿਸਤਾਨੀ ਜੇਲ੍ਹ ਵਿਚ ਮਾਰੇ ਗਏ ਭਾਰਤੀ ਕੈਦੀ ਸਰਬਜੀਤ ਸਿੰਘ ਦੇ ਜੀਵਨ 'ਤੇ ਆਧਾਰਿਤ ਹੋਵੇਗੀ। ਫਿਲਮ ਲਈ ਐਸ਼ਵਰਿਆ ਰਾਏ ਨੂੰ ਪਹਿਲਾਂ ਹੀ ਚੁਣ ਲਿਆ ਸੀ ਜੋ ਫਿਲਮ ਵਿਚ ਸਰਬਜੀਤ ਸਿੰਘ ਦੀ ਭੈਣ ਦਲਬੀਰ ਕੌਰ ਦਾ ਕਿਰਦਾਰ ਨਿਭਾਏਗੀ। ਯਾਦ ਰਹੇ ਦਲਬੀਰ ਕੌਰ ਨੇ ਸਰਬਜੀਤ ਸਿੰਘ ਦੀ ਰਿਹਾਈ ਲਈ ਪੁੱਜ ਕੇ ਤਰੱਦਦ ਕੀਤਾ ਸੀ। ਇਸ ਫਿਲਮ ਵਿਚ ਹੁਣ ਸਰਬਜੀਤ ਸਿੰਘ ਦੇ ਕਿਰਦਾਰ ਲਈ ਰਣਦੀਪ ਹੁੱਡਾ ਨੂੰ ਸਾਈਨ ਕੀਤਾ ਗਿਆ ਹੈ। ਇਸ ਕਿਰਦਾਰ ਲਈ ਪਹਿਲਾਂ ਇਰਫ਼ਾਨ ਖਾਨ ਦੇ ਨਾਂ ਦੀ ਚਰਚਾ ਵੀ ਚੱਲੀ ਸੀ, ਪਰ ਉਸ ਨੂੰ ਅਜਿਹੀ ਕਿਸੇ ਸੰਭਾਵਨਾ ਤੋਂ ਇਨਕਾਰ ਕੀਤਾ ਸੀ। ਰਣਦੀਪ ਹੁੱਡਾ ਨੇ ਰੰਗਰਸੀਆ, ਹਾਈਵੇ, ਕਿੱਕ ਆਦਿ ਫਿਲਮਾਂ ਵਿਚ ਆਪਣੀ ਅਦਾਕਾਰੀ ਦਾ ਲੋਹਾ ਮਨਵਾਇਆ ਹੈ। ਇਸ ਸਾਲ ਉਸ ਦੀਆਂ ਦੋ ਹੋਰ ਫਿਲਮਾਂ ਰਿਲੀਜ਼ ਹੋ ਰਹੀਆਂ ਹਨ। ਇਨ੍ਹਾਂ ਵਿਚ ਚਾਰਲਸ ਸੋਭਰਾਜ ਦੀ ਜ਼ਿੰਦਗੀ ਉਤੇ ਆਧਾਰਿਤ ਫਿਲਮ 'ਮੈਂ ਔਰ ਸੋਭਰਾਜ' ਵੀ ਸ਼ਾਮਲ ਹੈ। ਅੱਜ ਕੱਲ੍ਹ ਉਹ 'ਦੋ ਲਫ਼ਜ਼ੋ ਕੀ ਕਹਾਨੀ' ਦੀ ਸ਼ੂਟਿੰਗ ਵਿਚ ਰੁਝਿਆ ਹੋਇਆ ਹੈ। ਉਸ ਨੇ 2001 ਵਿਚ 'ਮੌਨਸੂਨ ਵੈਡਿੰਗ' ਨਾਲ ਆਪਣੇ ਫਿਲਮ ਕਰੀਅਰ ਦੀ ਸ਼ੁਰੂਆਤ ਕੀਤੀ ਸੀ।




ਉਮੰਗ ਕੁਮਾਰ



ਐਸ਼ਵਰਿਆ ਰਾਏ


REGULAR
2.09 9/10
Diesel
EC Unleaded
8.88 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC SIGN COMPANY
Call For More Info:
1-661-586-5080


Surveillance Camera
Surveillance Camera
Vista
Now Sell & Install ONLY
HIGH DEFINITION
Systems
Fully Trained Technical Staff.
Serving Since 1999.
We Install any where in California.
Commercial Grade Equipment.
Solution for Gas stations,Liquor Stores,
Hotel/Motel,warehouse & Homes
2 Year Warranty
Call
Sukhpal
1-661-586-5080
Email: commvision@sbcglobal.net


Dhillon Truck Stop
Dhillon Road Service
Interstate 40, exit 356, San Jon, NM
ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ
24 ਘੰਟੇ ਖੁੱਲ੍ਹਾ
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 575-815-8536


H K TRANSPORT INC
Division of HK Incorporated
1401 West Ray St, Indianapolis, IN 46221
Ph: 317-408-3211, web: www.hktransportinc.com
HK Trans
ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ
ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ
ਓਨਰ ਅਪਰੇਟਰਾਂ ਲਈ
*92% ਫਲੈਟ ਡਿਸਪੈਚ
*30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ
*ਬਰੈਂਡ ਨਿਊ ਟਰੇਲਰ
*ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ
ਡਰਾਈਵਰਾਂ ਲਈ
*48 ਸੈਂਟ ਤੱਕ ਪ੍ਰਤੀ ਮੀਲ
*95% ਲੋਡ ਯਾਰਡ 'ਚ ਹੁੱਕ ਐਂਡ ਡਰਾਪ
*ਵਧੀਆ ਅਤੇ ਸਾਫ ਸੁਥਰੇ ਟਰੱਕ
ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ
ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।
ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ
ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 27 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**

**Call us before visiting any model homes to save big time.**



105 Machado Court,
Tracy, CA 95376
3 Bedrooms, 2.5 Bathrooms,
2 Car Garage
Living Area: 1812 Sq. Ft
Lot: 4948 Sq. Ft.
**Asking: $379,000**



2728 Jackson Ave.,
Tracy, CA 95377
6 Bedrooms, 4.5 Baths,
2 Car Garage
Area: 3128 Sq. Ft
Lot: 6534 Sq Ft
**** Coming Soon ****




1849 Girard Drive,
Milpitas CA 95035
3 Bedrooms, 2 Baths,
2 Car Garage
Area 1163 Sq. Ft
Lot 5663 Sq. Ft.
**Asking: $699,000**



541 Micheletos Way,
Manteca, CA 95336
5 Bedrooms, 3 Bathrooms,
3 Car Garage
Living Area: 3305 Sq. Ft
Lot: 6408 Sq. Ft.
**Asking: $420,000**



2781 Determine Drive,
Atwater, CA 95301
4-Plex - 3 Bedrooms
2 Bathrooms each unit
Living Area: 3890 Sq. Ft
Lot: 10890 Sq. Ft
**Asking: $265,000**

**JUST SOLD**

1. 2622 Daniel Hansen Way, Tracy, CA 95377
2. 29180 Marshbrook Dr., Hayward CA 94545
3. 240 Lloyd Ave., Fremont, CA 94536
4. 1337 Gentry Ln., Tracy, CA 95377
5. 1643 Orleans Dr., San Jose CA 95122
6. 4902 Miramare, Stockton, CA 95206
7. 3268 Jonathen Street, Stockton CA 95206
8. 2535 Karen Ct. Union City, CA 94587
9. 1253 Henry Long Blvd., Stockton CA 95206
10. 2506 Dry Creek Way Stockton, CA 95206

**Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA BRE# 00966763
Broker/Owner/Notary

Grand Master Award Winner
2012, 2013 & 2014

**Commercial Unit**
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill**
DHMS, Loan Broker
**@ 510-207-9067**
CA BRE Lic.#01180969
NMLS# 352095